

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication    ਨਿਊਯਾਰਕ ਐਡੀਸ਼ਨ    Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼

Punjab Times, Vol 24, Issue 43; October 28, 2023    20451 N. Plum Grove Rd., Palatine, IL 60074    Ph:847-359-0746, Fax:847-705-9388


## ਮੁੱਖ ਮੰਤਰੀ ਅਤੇ ਰਾਜਪਾਲ ਦਾ ਰੁਖ ਫਿਰ ਅਦਾਲਤ ਵੱਲ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਵਿਚਾਲੇ ਟਕਰਾਅ ਮੁੜ ਸਿਖਰਾਂ ਉਤੇ ਹੈ। 'ਆਪ' ਸਰਕਾਰ ਨੇ ਹੁਣ ਰਾਜ ਭਵਨ ਨਾਲ ਟਕਰਾਅ ਦਰਮਿਆਨ ਕਾਨੂੰਨੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਰਾਜਪਾਲ ਵੱਲੋਂ ਵਿਧਾਨ ਸਭਾ ਦੇ ਤਾਜ਼ਾ ਸੱਦੇ ਸੈਸ਼ਨ ਨੂੰ ਗੈਰ-ਕਾਨੂੰਨੀ ਦੱਸਣ ਦੇ ਮਾਮਲੇ ਉਤੇ ਮਾਨ ਸਰਕਾਰ ਨੇ ਇਕ ਵਾਰ ਸੁਪਰੀਮ ਕੋਰਟ ਜਾਣ ਦੀ ਤਿਆਰੀ ਕਰ ਲਈ ਹੈ। ਦੱਸ ਦਈਏ ਕਿ ਬਜਟ ਸੈਸ਼ਨ ਸਮੇਂ ਵੀ ਪੰਜਾਬ ਸਰਕਾਰ ਨੇ ਰਾਜਪਾਲ ਦੇ ਫੈਸਲੇ ਦੇ ਖ਼ਿਲਾਫ਼ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।





ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ 'ਚ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ 'ਤੇ ਰਾਜਪਾਲ ਵੱਲੋਂ ਜਤਾਏ ਇਤਰਾਜ਼ 'ਤੇ ਸਖ਼ਤ ਪੈਂਤੜਾ ਲੈਂਦਿਆਂ ਕਿਹਾ ਕਿ 'ਆਪ' ਸਰਕਾਰ ਰਾਜਪਾਲ ਦੇ ਵਿਧਾਨ ਸਭਾ ਦੇ ਮੌਜੂਦਾ ਸੈਸ਼ਨ ਨੂੰ ਗੈਰ-ਕਾਨੂੰਨੀ ਦੱਸਣ ਵਾਲੇ ਪੱਤਰ ਖ਼ਿਲਾਫ਼ ਸੁਪਰੀਮ ਕੋਰਟ ਦਾ ਰੁਖ਼ ਕਰੇਗੀ। ਦੱਸ ਦਈਏ ਕਿ ਰਾਜਪਾਲ ਵੱਲੋਂ ਗੈਰ-ਕਾਨੂੰਨੀ ਕਰਾਰ ਦੇਣ ਦੇ ਬਾਵਜੂਦ ਸਰਕਾਰ ਨੇ ਇਹ ਸੈਸ਼ਨ ਸੱਦਿਆ ਸੀ ਪਰ ਬਿਨਾਂ ਕਿਸੇ ਚਰਚਾ ਦੇ ਰੱਦ ਕਰ ਦਿੱਤਾ ਗਿਆ। ਰਾਜਪਾਲ ਨੇ ਸੈਸ਼ਨ ਵਿਚ ਪੇਸ਼ ਕੀਤੇ ਜਾਣ ਵਾਲੇ ਤਿੰਨ ਮਨੀ ਬਿੱਲ ਰੋਕ ਕੇ ਰਾਸ਼ਟਰਪਤੀ ਕੋਲ ਸ਼ਿਕਾਇਤ ਕਰਨ ਦੀ ਚਿਤਾਵਨੀ ਵੀ ਦੇ ਦਿੱਤੀ ਸੀ। ਚਰਚਾ ਹੈ ਕਿ ਇਸ ਦਬਕੇ ਪਿੱਛੋਂ ਮਾਨ ਸਰਕਾਰ ਨੇ ਪਿੱਛੇ ਹਟਣ ਵਿਚ ਹੀ ਭਲਾਈ ਸਮਝੀ। ਉਧਰ, ਰਾਜਪਾਲ ਵੱਲੋਂ ਸੈਸ਼ਨ ਨੂੰ ਗੈਰ-ਕਾਨੂੰਨੀ ਕਰਾਰ ਦੇਣ ਦੇ ਬਾਵਜੂਦ ਸੈਸ਼ਨ ਬੁਲਾਉਣ ਤੇ ਫਿਰ ਬਿਨਾਂ ਚਰਚਾ ਕੀਤੇ ਰੱਦ ਕਰਨ ਉਤੇ ਵਿਰੋਧੀ ਧਿਰਾਂ ਸਵਾਲ ਚੁੱਕ ਰਹੀਆਂ ਹਨ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵਿਧਾਨ ਸਭਾ ਦੇ ਇਕ ਦਿਨ ਦੇ ਇਜਲਾਸ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਅਸਤੀਫ਼ੇ ਦੀ ਮੰਗ ਕੀਤੀ ਹੈ। ਵਿਰੋਧੀ ਧਿਰ ਦੇ ਆਗੂ ਨੇ ਸਵਾਲ ਕੀਤਾ ਹੈ ਕਿ ਨਾ ਤਾਂ ਆਮ ਆਦਮੀ ਪਾਰਟੀ ਨੇ ਕੋਈ ਬਿੱਲ ਪੇਸ਼ ਕੀਤਾ ਤੇ ਨਾ ਹੀ ਇਜਲਾਸ ਦੌਰਾਨ ਪੰਜਾਬ ਦੇ ਮੁੱਦਿਆਂ 'ਤੇ ਕੋਈ ਚਰਚਾ ਕੀਤੀ, ਫਿਰ ਇਜਲਾਸ ਸੱਦਣ ਦਾ ਕੀ ਮਤਲਬ ਸੀ? ਇਕ ਦਿਨ ਲਈ ਵਿਧਾਨ ਸਭਾ ਸੈਸ਼ਨ ਸੱਦਣ ਦਾ ਤਕਰੀਬਨ 75 ਲੱਖ ਰੁਪਏ ਖਰਚਾ ਆਉਂਦਾ ਹੈ।

ਯਾਦ ਰਹੇ ਕਿ ਰਾਜਪਾਲ ਅਤੇ ਮਾਨ ਸਰਕਾਰ ਵਿਚਾਲੇ ਟਕਰਾਅ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਸਰਕਾਰ ਬਣਨ ਤੋਂ ਬਾਅਦ ਰਾਜ ਭਵਨ ਨਾਲ ਟਕਰਾਅ ਲਗਾਤਾਰ ਵਧ ਰਿਹਾ ਹੈ। ਇਸ ਟਕਰਾਅ ਕਾਰਨ ਕਈ ਅਹਿਮ ਬਿੱਲ ਰਾਜਪਾਲ ਕੋਲ ਫਸੇ ਪਏ ਹਨ। ਵਿਰੋਧੀ ਧਿਰਾਂ ਰਾਜਪਾਲ ਨਾਲ ਇਸ ਟਕਰਾਅ ਨੂੰ ਮਾਨ ਸਰਕਾਰ ਦਾ ਅਨਾੜੀ ਰਵੱਈਆ ਦੱਸ ਰਹੀਆਂ ਹਨ। 'ਆਪ' ਸਰਕਾਰ ਪੰਜਾਬੀਆਂ ਨਾਲ ਵੱਡੇ ਵਾਅਦੇ ਕਰ ਕੇ ਸੱਤਾ ਵਿਚ ਆਈ ਸੀ ਪਰ ਇਸ ਨੇ ਆਪਣੇ ਰਾਜਭਾਗ ਦਾ ਜ਼ਿਆਦਾ ਸਮਾਂ ਰਾਜਪਾਲ, ਅਫ਼ਸਰਸ਼ਾਹੀ ਨਾਲ ਆਢਾ ਲਾਉਣ ਵਿਚ ਹੀ ਲੰਘਾ ਦਿੱਤਾ ਹੈ। ਇਸ ਸਮੇਂ ਹਾਲਾਤ ਹਨ ਕਿ ਪਟਵਾਰੀ ਪੱਕੀ ਹੜਤਾਲ ਕਰੀ ਬੈਠੇ ਹਨ। ਕਿਸਾਨ ਅਤੇ ਮੁਲਾਜ਼ਮ ਜਥੇਬੰਦੀਆਂ ਨੇ ਸਰਕਾਰ ਨੂੰ ਚੁਫੇਰਿਓਂ ਘੇਰਿਆ ਹੋਇਆ ਹੈ। ਸ਼ੈਲਰ ਮਾਲਕ ਹੜਤਾਲ 'ਤੇ ਜਾਣ ਕਾਰਨ ਮੰਡੀਆਂ 'ਚ ਝੋਨੇ ਦੇ ਢੇਰ ਲੱਗੇ ਹੋਏ ਹਨ। ਨਸ਼ੇ ਦੇ ਮੁੱਦੇ ਉਤੇ ਵੀ ਮਾਨ ਸਰਕਾਰ ਕੋਈ ਚੰਗੀ ਕਾਰਗੁਜ਼ਾਰੀ ਵਿਖਾਉਣ

*(ਬਾਕੀ ਸਫਾ 6 'ਤੇ)*

## ਸ਼੍ਰੋਮਣੀ ਕਮੇਟੀ: ਬਾਦਲਾਂ ਨੂੰ ਟੱਕਰ ਦੇਣ ਦੀ ਤਿਆਰੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਾਸਤੇ 8 ਨਵੰਬਰ ਨੂੰ ਹੋਣ ਵਾਲੇ ਇਜਲਾਸ ਵਿਚ ਬਾਦਲ ਧਿਰ ਨੂੰ ਚੁਣੌਤੀ ਦੇਣ ਲਈ ਵਿਰੋਧੀ ਧਿਰਾਂ ਨੇ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵੀ ਇਸ ਸਾਲ ਦੇ ਅੰਤ ਵਿਚ ਜਾਂ ਅਗਲੇ ਵਰ੍ਹੇ ਵਿਚ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ।



ਮਿਲੇ ਵੇਰਵਿਆਂ ਮੁਤਾਬਕ ਬਾਦਲ ਵਿਰੋਧੀ ਧੜਿਆਂ ਵੱਲੋਂ 8 ਨਵੰਬਰ ਨੂੰ ਹੋਣ ਵਾਲੇ ਜਨਰਲ ਇਜਲਾਸ ਵਿਚ ਪ੍ਰਧਾਨ ਤੇ ਹੋਰ ਅਹੁਦਿਆਂ ਵਾਸਤੇ ਆਪਣੇ ਸਾਂਝੇ ਉਮੀਦਵਾਰ ਖੜ੍ਹੇ ਕਰਨ ਲਈ ਵਿਚਾਰ ਚਰਚਾ ਕੀਤੀ ਜਾ ਰਹੀ ਹੈ। ਇਨ੍ਹਾਂ ਵਿਰੋਧੀ ਧਿਰਾਂ ਵੱਲੋਂ ਇਸ ਵਾਰ ਵੀ ਸਾਬਕਾ ਪ੍ਰਧਾਨ ਜਗੀਰ ਕੌਰ ਨੂੰ ਆਪਣਾ ਉਮੀਦਵਾਰ ਬਣਾਇਆ ਜਾ ਸਕਦਾ। ਪਿਛਲੇ ਸਾਲ ਵੀ ਅਹੁਦੇਦਾਰਾਂ ਦੀ ਹੋਈ ਚੋਣ ਵਿਚ ਵਿਰੋਧੀ ਧਿਰਾਂ ਵੱਲੋਂ ਜਗੀਰ ਕੌਰ ਨੂੰ ਪ੍ਰਧਾਨ ਦਾ ਉਮੀਦਵਾਰ ਬਣਾਇਆ ਗਿਆ ਸੀ ਅਤੇ ਉਨ੍ਹਾਂ ਨੇ ਮੌਜੂਦਾ ਹਾਊਸ ਵਿਚੋਂ 42 ਵੋਟਾਂ ਹਾਸਲ ਕੀਤੀਆਂ ਸਨ। ਵਿਰੋਧੀ ਧਿਰਾਂ ਕੋਲ ਮੌਜੂਦਾ ਹਾਊਸ ਵਿਚ 20 ਤੋਂ ਵੱਧ ਵੋਟਾਂ ਨਹੀਂ ਸਨ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਜੋ ਇਸ ਵੇਲੇ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਦੋਵੇਂ ਪਾਸਿਓਂ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ, ਦੇ ਏਕਾਅਧਿਕਾਰ ਨੂੰ ਵਿਰੋਧੀ ਧਿਰਾਂ ਖਤਮ ਕਰਨ ਵਾਸਤੇ ਯਤਨਸ਼ੀਲ ਹਨ। ਇਹ ਸਾਰੀਆਂ ਧਿਰਾਂ ਆਉਣ ਵਾਲੀਆਂ ਆਗਾਮੀ ਚੋਣਾਂ ਅਤੇ ਮੌਜੂਦਾ ਇਜਲਾਸ ਦੌਰਾਨ ਵੀ ਬਾਦਲ ਧੜੇ ਨੂੰ ਚੁਣੌਤੀ ਦੇਣਗੀਆਂ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਵੇਲੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿਚ ਕੁੱਲ 185 ਮੈਂਬਰਾਂ ਵਿਚੋਂ 29 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਮੈਂਬਰ ਅਸਤੀਫਾ ਦੇ ਚੁੱਕੇ ਹਨ। ਇਸ ਵੇਲੇ ਮੌਜੂਦਾ 153 ਮੈਂਬਰ 8 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਨਗੇ। ਸਿੱਖ ਗੁਰਦੁਆਰਾ ਐਕਟ 1925 ਦੇ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿਚੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਸਮੇਤ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਹਰ ਸਾਲ ਚੋਣ ਕੀਤੀ ਜਾਂਦੀ ਹੈ।

ਸਾਬਕਾ ਪ੍ਰਧਾਨ ਜਗੀਰ ਕੌਰ ਨੇ ਕਿਹਾ ਕਿ ਉਹ ਆਗਾਮੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਨਾਲ ਨਾਲ 8 ਨਵੰਬਰ ਨੂੰ ਹੋਣ ਵਾਲੇ ਜਨਰਲ ਇਜਲਾਸ 'ਤੇ ਵੀ ਆਪਣਾ ਧਿਆਨ ਕੇਂਦਰਿਤ ਕਰ ਰਹੇ ਹਨ। ਪਿਛਲੇ ਸਾਲ ਵਾਂਗ ਇਸ ਵਾਰ ਵੀ ਵਿਰੋਧੀ ਧਿਰਾਂ ਵੱਲੋਂ ਪ੍ਰਧਾਨ ਅਤੇ ਹੋਰ ਅਹੁਦਿਆਂ ਲਈ ਸਾਂਝੇ ਉਮੀਦਵਾਰ ਖੜ੍ਹੇ ਹੋਣਗੇ। ਉਨ੍ਹਾਂ ਕਿਹਾ ਕਿ ਸਾਂਝੇ ਉਮੀਦਵਾਰ ਖੜ੍ਹੇ ਕਰਨ ਬਾਰੇ ਸਹਿਯੋਗੀ ਪਾਰਟੀਆਂ ਵੱਲੋਂ ਸਰਬਸੰਮਤੀ ਨਾਲ ਫੈਸਲਾ ਕੀਤਾ ਜਾਵੇਗਾ।


# One stop shop for all your taxi needs

The Friendly Group Ltd.
Chelsea Taxi Brokers
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*


*Ask us about Purchase or new buyer and financing.

# ਗਾਖਲ ਗਰੁੱਪ ਯੂ.ਐੱਸ.ਏ. ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਦੇਵੇਗਾ 5.50 ਲੱਖ ਰੁਪਏ ਦਾ ਪਹਿਲਾ ਇਨਾਮ

## *ਨਵੀਂ ਪੀੜ੍ਹੀ ਨੂੰ ਖੇਡਾਂ ਨਾਲ ਜੋੜਨਾ ਹੀ ਸਾਡਾ ਮਕਸਦ: ਅਮੋਲਕ ਸਿੰਘ ਗਾਖਲ*

ਵਾਟਸਨਵਿੱਲ (ਬਿਊਰੋ): ਸੁਰਜੀਤ ਹਾਕੀ ਸੁਸਾਇਟੀ ਜਲੰਧਰ ਵਲੋਂ ਸੀ.ਈ.ਓ. ਸ. ਇਕਬਾਲ ਸਿੰਘ ਸੰਧੂ ਦੀ ਅਗਵਾਈ ਹੇਠ 25 ਅਕਤੂਬਰ ਤੋਂ 3 ਨਵੰਬਰ, 2023 ਤੱਕ ਕਰਵਾਏ ਜਾ ਰਹੇ 40ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਗਾਖਲ ਗਰੁੱਪ ਯੂ.ਐੱਸ.ਏ. ਅਤੇ ਗਾਖਲ ਪਰਿਵਾਰ ਵਲੋਂ ਹਮੇਸ਼ਾ ਵਾਂਗ 5.50 ਲੱਖ ਦਾ ਪਹਿਲਾ ਇਨਾਮ ਦਿੱਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗਾਖਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਹ ਇਨਾਮ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ) ਵਲੋਂ ਆਪਣੇ ਪਿਤਾ ਸ. ਨਸੀਬ ਸਿੰਘ ਗਾਖਲ ਅਤੇ ਮਾਤਾ ਬੀਬੀ ਗੁਰਦੇਵ ਕੌਰ ਗਾਖਲ ਦੀ ਯਾਦ ਵਿਚ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਗਾਖਲ ਪਰਿਵਾਰ ਵਲੋਂ ਹਮੇਸ਼ਾ ਹੀ ਖੇਡ ਗਤੀਵਿਧੀਆਂ ਵਿਚ ਸਹਿਯੋਗ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਉਦੇਸ਼ ਨਵੀਂ ਪੀੜ੍ਹੀ ਨੂੰ ਖੇਡਾਂ ਨਾਲ ਜੋੜਨਾ ਹੈ। ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਖੇਡਾਂ ਨਾਲ ਵੀ ਜੋੜਨ ਕਿਉਂਕਿ ਇਕ ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਦਿਮਾਗ਼ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਬੱਚਾ ਖੇਡ ਵਿਚ ਵੱਡੀ ਪ੍ਰਾਪਤੀ ਨਹੀਂ ਵੀ ਕਰ ਸਕਦਾ ਤਾਂ ਉਸਨੂੰ ਚੰਗਾ ਸਰੀਰ ਜ਼ਰੂਰ ਮਿਲ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਅੱਗੇ ਤੋਂ ਵੀ ਇਸ ਟੂਰਨਾਮੈਂਟ ਲਈ ਪਹਿਲਾ ਇਨਾਮ ਦਿੰਦੇ ਰਹਿਣਗੇ।



*ਸ. ਨਸੀਬ ਸਿੰਘ ਗਾਖਲ, ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ*

# ਸੁਰਜੀਤ ਹਾਕੀ ਟੂਰਨਾਮੈਂਟ ਨੂੰ ਸਮਰਪਿਤ ਗਾਖਲ ਗਰੁੱਪ ਪ੍ਰੋਡਕਸ਼ਨ ਦਾ ਗੀਤ 'ਹਾਕੀ ਵਰਸੇਜ਼ ਗੋਲਡ' ਰਿਲੀਜ਼

**ਸਾਨ ਫਰਾਂਸਿਸਕੋ:** ਪੰਜਾਬ ਦੇ ਵਿਸ਼ਵ ਪ੍ਰਸਿੱਧ ਮਰਹੂਮ ਹਾਕੀ ਖਿਡਾਰੀ ਸਵ. ਸੁਰਜੀਤ ਸਿੰਘ ਰੰਧਾਵਾ ਦੀ ਯਾਦ ਨੂੰ ਸਮਰਪਿਤ 25 ਅਕਤੂਬਰ ਤੋਂ 3 ਨਵੰਬਰ ਤੱਕ ਸੁਰਜੀਤ ਹਾਕੀ ਸੁਸਾਇਟੀ ਵਲੋਂ ਸੀ.ਈ.ਓ. ਸ. ਇਕਬਾਲ ਸਿੰਘ ਸੰਧੂ ਦੀ ਅਗਵਾਈ ਹੇਠ ਜਲੰਧਰ ਦੇ ਬਰਲਟਨ ਪਾਰਕ ਵਿਚ ਕਰਵਾਏ ਜਾ ਰਹੇ ਹਾਕੀ ਟੂਰਨਾਮੈਂਟ ਨੂੰ ਸਮਰਪਿਤ ਸੰਗੀਤ ਕੰਪਨੀ ਗਾਖਲ ਗਰੁੱਪ ਪ੍ਰੋਡਕਸ਼ਨ ਵਲੋਂ ਤਿਆਰ ਗੀਤ 'ਹਾਕੀ ਵਰਸੇਜ਼ ਗੋਲਡ' ਟੂਰਨਾਮੈਂਟ ਦੇ ਉਦਘਾਟਨ ਮੌਕੇ ਰਿਲੀਜ਼ ਕੀਤਾ ਗਿਆ।



*ਅਮੋਲਕ ਸਿੰਘ ਗਾਖਲ ਤੇ ਇਕਬਾਲ ਸਿੰਘ ਸੰਧੂ*

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗਾਖਲ ਗਰੁੱਪ ਪ੍ਰੋਡਕਸ਼ਨ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਜਿੱਥੇ ਗਾਖਲ ਗਰੁੱਪ ਪ੍ਰੋਡਕਸ਼ਨ ਅਤੇ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ) ਵਲੋਂ ਇਸ ਟੂਰਨਾਮੈਂਟ ਦੀ ਜੇਤੂ ਟੀਮ ਨੂੰ 5 ਲੱਖ 50 ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ ਉੱਥੇ ਹੀ ਇਸ ਟੂਰਨਾਮੈਂਟ ਨੂੰ ਸੰਗੀਤਕ ਰੰਗਤ ਦੇਣ ਲਈ ਇਕ ਗੀਤ ਵੀ ਤਿਆਰ ਕੀਤਾ ਗਿਆ ਹੈ ਜਿਸ ਨੂੰ ਨੌਜਵਾਨ ਗਾਇਕ ਵਰਿੰਦਰ ਮਾਨ ਨੇ ਗਾਇਆ ਹੈ ਅਤੇ ਗੀਤ ਦੇ ਬੋਲ ਗੀਤਕਾਰ ਕਟਾਣੇ ਵਾਲੇ ਚਾਨੇ ਨੇ ਲਿਖੇ ਹਨ ਜਦਕਿ ਸੰਗੀਤ ਯਾਰਓਂਕਾਰ ਨੇ ਤਿਆਰ ਕੀਤਾ ਅਤੇ ਵੀਡੀਓ ਹਰਸ਼ਦੀਪ ਬੰਗਾ ਨੇ ਬਣਾਈ ਹੈ।

ਉਨ੍ਹਾਂ ਆਖਿਆ ਕਿ ਆਸ ਹੈ ਕਿ ਖੇਡ ਦਰਸ਼ਕ ਹਾਕੀ ਖੇਡ ਨਾਲ ਜੁੜੇ ਇਸ ਗੀਤ ਨੂੰ ਜ਼ਰੂਰ ਪਸੰਦ ਕਰਨਗੇ।

***-ਐੱਸ.ਅਸ਼ੋਕ ਭੌਰਾ***

# ਕੈਲਗਰੀ ਦੇ ਆਖਰੀ ਪੁਸਤਕ ਮੇਲੇ ਵਿਚ ਪਾਠਕਾਂ ਨੇ ਦਿਖਾਇਆ ਭਾਰੀ ਉਤਸ਼ਾਹ!

ਕੈਲਗਰੀ (ਹਰਚਰਨ ਸਿੰਘ ਪਰਹਾਰ): ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਆਖਰੀ ਇਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਇਸ ਮੌਕੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਹੁਣ ਠੰਢ ਦਾ ਮੌਸਮ ਸ਼ੁਰੂ ਹੋ ਰਿਹਾ ਹੈ ਤੇ ਬਾਹਰ ਦੀਆਂ ਸਰਗਰਮੀਆਂ ਘਟ ਜਾਂਦੀਆਂ ਹਨ, ਇਸ ਮੌਕੇ ਘਰ ਬੈਠ ਕੇ ਕਿਤਾਬਾਂ ਪੜ੍ਹਨ ਦਾ ਵਧੀਆ ਮੌਕਾ ਹੈ। ਉਨ੍ਹਾਂ ਸਮੁੱਚੇ ਮੀਡੀਆ ਦਾ ਹਮੇਸ਼ਾਂ ਸਹਿਯੋਗ ਲਈ ਧੰਨਵਾਦ ਕੀਤਾ।

ਪੁਸਤਕ ਮੇਲੇ ਦੀ ਸ਼ੁਰੂਆਤ ਰੇਡੀਓ ਰੈੱਡ ਐਫ ਐਮ ਦੇ ਨਿਊਜ਼ ਹੋਸਟ ਰਿਸ਼ੀ ਨਾਗਰ ਵਲੋਂ ਰਿਬਨ ਕੱਟ ਕੇ ਕੀਤੀ ਗਈ। ਉਨ੍ਹਾਂ ਪਾਠਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਕਿਤਾਬਾਂ ਦਾ ਸਾਡੇ ਜੀਵਨ ਵਿਚ ਬਹੁਤ ਵੱਡਾ ਰੋਲ ਹੈ। ਜਿਹੜੇ ਲੋਕ ਕਿਤਾਬਾਂ ਨਹੀਂ ਪੜ੍ਹਦੇ, ਉਨ੍ਹਾਂ ਦਾ ਬੌਧਿਕ ਵਿਕਾਸ ਰੁਕ ਜਾਂਦਾ ਹੈ। ਪੰਜਾਬੀਆਂ ਵਿਚ ਕਿਤਾਬਾਂ ਦੇ ਘਟਦੇ ਰੁਝਾਨ 'ਤੇ ਉਨ੍ਹਾਂ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਕਿਤਾਬਾਂ ਦਾ ਸੈੱਟ ਵੀ ਭੇਟ ਕੀਤਾ ਗਿਆ।




ਪ੍ਰਬੰਧਕਾਂ ਨੇ ਪਾਠਕਾਂ ਵਲੋਂ ਦਿਖਾਏ ਉਤਸ਼ਾਹ 'ਤੇ ਖੁਸ਼ੀ ਅਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਹਰ ਵਾਰ ਵਾਂਗ ਇਸ ਪੁਸਤਕ ਮੇਲੇ ਵਿਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰ ਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਬੇਸ਼ਕ ਇਹ ਪੁਸਤਕ ਮੇਲਾ ਤਾਂ ਉਸੇ ਦਿਨ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ।

ਤੁਸੀਂ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕਰ ਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜ਼ੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ।

# ਕੈਨੇਡੀਅਨਾਂ ਨਾਗਰਿਕਾਂ ਲਈ ਈ-ਵੀਜ਼ਾ 'ਤੇ ਲਾਈਆਂ ਪਾਬੰਦੀਆਂ ਹਟਾਉਣ ਦੀ ਮੰਗ

**ਸਰੀ:** ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ ਅਤੇ ਬ੍ਰਿਟਿਸ਼ ਕੋਲੰਬੀਆ ਦੀਆਂ 22 ਹੋਰ ਸਿੱਖ ਸੋਸਾਇਟੀਆਂ ਨੇ ਵੈਨਕੂਵਰ ਸਥਿਤ ਭਾਰਤ ਦੇ ਕੌਂਸਲੇਟ ਜਨਰਲ ਰਾਹੀਂ ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਭੇਜੀ ਇਕ ਮੇਲ ਰਾਹੀਂ ਮੰਗ ਕੀਤੀ ਹੈ ਕਿ ਕੈਨੇਡੀਅਨ ਨਾਗਰਿਕਾਂ ਲਈ ਭਾਰਤ ਦੀ ਯਾਤਰਾ ਲਈ ਈ-ਵੀਜ਼ਾ ਜਾਰੀ ਕਰਨ ਅਤੇ ਭ੍ਹੂੰ ਦੁਆਰਾ ਜਾਰੀ ਕੀਤੇ ਜਾਂਦੇ ਵਿਅਕਤੀਗਤ ਅਰਜ਼ੀ ਵੀਜ਼ਾ 'ਤੇ ਲਾਈਆਂ ਪਾਬੰਦੀਆਂ ਹਟਾਈਆਂ ਜਾਣ।

ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ ਦੇ ਪ੍ਰਧਾਨ ਕੁਲਦੀਪ ਸਿੰਘ ਥਾਂਦੀ ਦੇ ਦਸਤਖਤਾਂ ਹੇਠ ਲਿਖੇ ਇਸ ਪੱਤਰ ਰਾਹੀਂ ਸਿੱਖ ਸੋਸਾਇਟੀਆਂ ਨੇ ਕਿਹਾ ਹੈ ਕਿ ਭਾਰਤ ਸਰਕਾਰ ਵੱਲੋਂ ਵੀਜ਼ਾ ਅਰਜ਼ੀਆਂ ਅਤੇ ਨਾਗਰਿਕਾਂ ਲਈ ਪ੍ਰਵਾਨਗੀ ਵਿਚ ਕੀਤੀਆਂ ਕੁਝ ਤਬਦੀਲੀਆਂ ਸੈਰ-ਸਪਾਟਾ ਸੀਜ਼ਨ ਦੌਰਾਨ ਭਾਰਤ ਦੀ ਯਾਤਰਾ ਕਰਨ ਵਾਲੇ ਕੈਨੇਡੀਅਨ ਨਾਗਰਿਕਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਰਹੀਆਂ ਹਨ। ਸਿੱਖ ਸੋਸਾਇਟੀਆਂ ਨੇ ਕਿਹਾ ਹੈ ਕਿ ਜੇ ਭਾਰਤ ਸਰਕਾਰ ਲੋਕਾਂ ਦੀ ਚਿੰਤਾ ਅਤੇ ਛੋਟੇ ਕਾਰੋਬਾਰੀਆਂ ਦੇ ਹਿਤ ਸਮਝ ਕੇ ਵੀਜ਼ਾ ਅਰਜ਼ੀ ਅਤੇ ਮਨਜ਼ੂਰੀ ਕਾਰਵਾਈ ਬਹਾਲ ਕਰ ਦੇਵੇ ਤਾਂ ਸਾਰੀਆਂ ਸੰਸਥਾਵਾਂ ਭਾਰਤ ਸਰਕਾਰ ਦੀਆਂ ਧੰਨਵਾਦੀ ਹੋਣਗੀਆਂ।

ਇਹ ਅਪੀਲ ਕਰਨ ਵਾਲੀਆਂ ਸਿੱਖ ਸੋਸਾਇਟੀਆਂ ਵਿਚ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ, ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ, ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ, ਗੁਰਦੁਆਰਾ ਸਾਹਿਬ ਬਰੁਕਸਾਈਡ ਸਰੀ, ਸ੍ਰੀ ਗੁਰੂ ਰਵਿਦਾਸ ਸਭਾ ਬਰਨਬੀ, ਗੁਰਦੁਆਰਾ ਨਾਨਕ ਨਿਵਾਸ ਰਿਚਮੰਡ, ਖਾਲਸਾ ਦੀਵਾਨ ਸੋਸਾਇਟੀ ਯਾਰਕ ਸੈਂਟਰ ਸਰੀ, ਬੀਅਰ ਕਰੀਕ ਹਾਲ ਗੁਰਦੁਆਰਾ ਸਰੀ, ਗੁਰੂ ਗੋਬਿੰਦ ਸਿੰਘ ਟੈਂਪਲ ਪ੍ਰਿੰਸ ਜਾਰਜ, ਗੁਰੂ ਨਾਨਕ ਸਿੱਖ ਟੈਂਪਲ ਵਿਲੀਅਮਜ਼ ਲੇਕ, ਕਰੀਬੂ ਗੁਰਸਿੱਖ ਟੈਂਪਲ ਕਿਊਜ਼ਨੇਲ, ਵੈਨਕੂਵਰ ਆਈਲੈਂਡ ਸਿੱਖ ਕਲਚਰਲ ਸੁਸਾਇਟੀ ਡੰਕਨ, ਓਕਾਨਾਗਨ ਸਿੱਖ ਟੈਂਪਲ ਕੇਲੋਨਾ, ਮਿਸ਼ਨ ਸਿੱਖ ਟੈਂਪਲ ਮਿਸ਼ਨ, ਗੁਰਦੁਆਰਾ ਸਾਹਿਬ ਮੀਰੀ-ਪੀਰੀ ਖਾਲਸਾ ਦਰਬਾਰ ਟੈਰੇਸ, ਖਾਲਸਾ ਦੀਵਾਨ ਸੋਸਾਇਟੀ ਸਿੱਖ ਟੈਂਪਲ ਵਿਕਟੋਰੀਆ, ਖਾਲਸਾ ਦੀਵਾਨ ਸੋਸਾਇਟੀ ਨੇਨਾਇਮੋ, ਗੁਰੂ ਨਾਨਕ ਸਿੱਖ ਸੋਸਾਇਟੀ ਕੈਂਪਬੈਲ ਰਿਵਰ, ਸਿੱਖ ਟੈਂਪਲ ਸੁਕਾਮਿਸ਼, ਸਿੱਖ ਕਲਚਰਲ ਸੁਸਾਇਟੀ ਕੈਮਲੂਪਸ, ਮੈਰਿਟ ਸਿੱਖ ਟੈਂਪਲ ਮੈਰਿਟ, ਅਲਬਰਨੀ ਵੈਲੀ ਗੁਰਦੁਆਰਾ ਸੁਸਾਇਟੀ ਪੋਰਟ ਅਲਬਰਨੀ, ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਸਰੀ ਸ਼ਾਮਲ ਹਨ।

***-ਹਰਦਮ ਮਾਨ***

# 'ਜੀਵੇ ਪੰਜਾਬ ਅਦਬੀ ਸੰਗਤ' ਵੱਲੋਂ ਭਗਤ ਸਿੰਘ ਤੇ ਅਜੋਕੀ ਰਾਜਨੀਤੀ ਬਾਰੇ ਵਿਚਾਰ ਚਰਚਾ

**ਸਰੀ:** 'ਜੀਵੇ ਪੰਜਾਬ ਅਦਬੀ ਸੰਗਤ' ਅਤੇ 'ਸਾਊਥ ਏਸ਼ੀਅਨ ਰੀਵਿਊ ਕੈਨੇਡਾ' ਵੱਲੋਂ ਬੀਤੇ ਦਿਨੀਂ ਭਗਤ ਸਿੰਘ, ਉਸ ਦੀ ਸੋਚ ਤੇ ਅਜੋਕੀ ਰਾਜਨੀਤੀ ਬਾਰੇ ਆਨ-ਲਾਈਨ ਵਿਚਾਰ ਚਰਚਾ ਕਰਵਾਈ ਗਈ ਜਿਸ ਵਿਚ ਮੁੱਖ ਬੁਲਾਰੇ ਐਡਵੋਕੇਟ ਸਰਬਜੀਤ ਸਿੰਘ ਵਿਰਕ ਨੇ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਜ਼ਿੰਦਗੀ, ਬੌਧਿਕਤਾ, ਸੋਚ, ਭਾਸ਼ਾ, ਸਾਹਿਤ, ਸਮਾਜ, ਮਨੁੱਖਤਾ, ਆਜ਼ਾਦੀ ਬਾਰੇ ਸਮਝ ਦੇ ਵੱਖ-ਵੱਖ ਪਹਿਲੂਆਂ ਨੂੰ ਵਿਸਥਾਰ ਵਿਚ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਅੰਗਰੇਜ਼ਾਂ ਤੋਂ ਸਿਰਫ ਕੁਝ ਸਿਆਸੀ ਸਹੂਲਤਾਂ ਹੀ ਚਾਹੁੰਦੀ ਸੀ ਪਰ ਭਗਤ ਸਿੰਘ ਹੋਰਾਂ ਵੱਲੋਂ 1924 ਤੋਂ 1929 ਤੱਕ ਚਲਾਏ ਆਜ਼ਾਦੀ ਅੰਦੋਲਨ ਨੇ ਕਾਂਗਰਸ ਦੇ ਪੈਰ ਨਹੀਂ ਲੱਗਣ ਦਿੱਤੇ ਅਤੇ ਇਨ੍ਹਾਂ ਨੌਜਵਾਨਾਂ ਨੇ ਕਾਂਗਰਸ ਨੂੰ 1929 ਵਿਚ ਆਜ਼ਾਦੀ ਦਾ ਮਤਾ ਪਾਉਣ ਲਈ ਮਜਬੂਰ ਕਰ ਦਿੱਤਾ।

ਐਡਵੋਕੇਟ ਵਿਰਕ ਨੇ ਦੱਸਿਆ ਕਿ ਭਗਤ ਸਿੰਘ ਨੇ ਨੌਜਵਾਨਾਂ ਨੂੰ ਆਪਣਾ ਜੋਸ਼, ਜਜ਼ਬਾ ਤੇ ਹੌਸਲਾ, ਦੇਸ਼, ਦੇਸ਼ ਦੀ ਕਿਸਮਤ ਬਦਲਣ ਲਈ ਲਾਉਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਮਨੁੱਖ ਜੇ ਚਾਹਵੇ ਤਾਂ ਇਸੇ ਉਮਰ ਤਿਆਗੀ ਵੀ ਬਣ ਸਕਦਾ ਤੇ ਭੋਗ ਬਿਲਾਸੀ ਵੀ, ਉਹ ਦੇਵਤਾ ਵੀ ਬਣ ਸਕਦਾ ਹੈ ਤੇ ਰਾਖਸ਼ ਵੀ, ਉਹ ਸੰਸਾਰ ਨੂੰ ਨਸ਼ਟ ਵੀ ਕਰ ਸਕਦਾ ਤੇ ਲੋਕਾਂ ਦਾ ਰੱਖਿਅਕ ਵੀ ਬਣ ਸਕਦਾ ਹੈ।

ਇਨਸਾਨੀਅਤ ਬਾਰੇ ਤੇ ਜਾਤ ਪਾਤ ਨੂੰ ਖਤਮ ਕਰਨ ਬਾਰੇ ਭਗਤ ਸਿੰਘ ਦੇ ਵਿਚਾਰ ਸਨ ਕਿ ਸਾਰੀ ਦੁਨੀਆਂ ਵਿਚੋਂ ਹੀ ਮਨੁੱਖ ਨਾਲ ਭੇਦਭਾਵ ਮਿਟਣਾ ਚਾਹੀਦਾ ਹੈ। ਹਰੇਕ ਨੂੰ ਰੋਟੀ ਤੇ ਘਰ ਮਿਲਣਾ ਚਾਹੀਦਾ ਹੈ, ਉਨ੍ਹਾਂ ਵਿਚ ਵਿਸ਼ਵਾਸ ਤੇ ਵਿਗਿਆਨਕ ਤਰਕ ਦੀ ਰੋਸ਼ਨੀ ਜਾਣੀ ਚਾਹੀਦੀ ਹੈ ਤਾਂ ਹੀ ਉਨ੍ਹਾਂ ਵਿਚ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਦੀ ਸ਼ਕਤੀ ਆ ਸਕਦੀ ਹੈ। ਉਹ ਇਸ ਤਰ੍ਹਾਂ ਦੀ ਆਜ਼ਾਦੀ ਤੇ ਇਨਕਲਾਬ ਚਾਹੁੰਦੇ ਸਨ ਕਿ ਦੁਨੀਆਂ ਵਿਚ ਕਿਤੇ ਵੀ ਲੋਕਾਂ ਦੀ ਲੁੱਟ-ਖਸੁੱਟ ਨਾ ਹੋਵੇ।




ਇਸ ਵਿਚਾਰ ਚਰਚਾ ਵਿਚ ਭੁਪਿੰਦਰ ਮੱਲ੍ਹੀ, ਡਾ. ਸੁਖਵਿੰਦਰ ਵਿਰਕ, ਡਾ. ਗੋਪਾਲ ਸਿੰਘ ਬੁੱਟਰ, ਨਵਰੂਪ ਸਿੰਘ, ਬਲਜਿੰਦਰ ਮੁਠੱਡਾ, ਬਚਨ ਸਿੰਘ ਖੁੱਡੇਵਾਲੀਆ, ਜਸਵਿੰਦਰ, ਡਾ. ਪ੍ਰਭਜੋਤ ਪਰਮਾਰ, ਵਕਾਰ ਸਿਪਰਾ ਨੇ ਵੀ ਵਿਚਾਰ ਪੇਸ਼ ਕੀਤੇ। ਅੰਤ ਵਿਚ ਸੁੱਚਾ ਦੀਪਕ ਨੇ ਸਭ ਦਾ ਧੰਨਵਾਦ ਕੀਤਾ ਅਤੇ ਐਡਵੋਕੇਟ ਸਰਬਜੀਤ ਸਿੰਘ ਵਿਰਕ ਦਾ ਸ਼ੁਕਰੀਆ ਅਦਾ ਕੀਤਾ ਜਿਨ੍ਹਾਂ ਆਪਣੀ ਜ਼ਿੰਦਗੀ ਦੇ 12 ਸਾਲ ਲਾ ਕੇ ਸ਼ਹੀਦੇ-ਆਜ਼ਮ ਭਗਤ ਸਿੰਘ ਬਾਰੇ ਜਗ੍ਹਾ-ਜਗ੍ਹਾ ਤੋਂ ਸਾਰਾ ਕੁਝ ਇਕੱਠਾ ਕਰ ਕੇ ਅਤੇ ਉਹਨੂੰ ਇਕ ਮਾਲਾ ਵਿਚ ਪਰੋ ਕੇ ਵਿਚਾਰ ਚਰਚਾ ਵਿਚ ਪੇਸ਼ ਕੀਤਾ। ਵਿਚਾਰ ਚਰਚਾ ਦਾ ਸੰਚਾਲਨ ਨਵਰੂਪ ਸਿੰਘ ਨੇ ਕੀਤਾ।

***-ਰਿਪੋਰਟ: ਹਰਦਮ ਮਾਨ***

# MEDICARE ਸੇਵਾਵਾਂ

New to Medicare?
Let's talk




**ਜੇਕਰ ਤੁਸੀਂ 65 ਸਾਲ ਦੇ ਹੋਣ ਵਾਲੇ ਹੋ ਅਤੇ ਮੈਡੀਕੇਅਰ ਬਾਰੇ ਵਧੇਰੇ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਮੇਰੇ ਨਾਲ ਸੰਪਰਕ ਕਰੋ**

* ਪੈਨਲਟੀ ਤੋਂ ਬਚਣ ਲਈ ਤੁਸੀਂ 65 ਸਾਲ ਦੇ ਹੋਣ ਤੋਂ 3 ਮਹੀਨੇ ਪਹਿਲਾਂ ਅਪਲਾਈ ਕਰ ਸਕਦੇ ਹੋ
* ਤੁਹਾਡੇ ਕੋਲ ਮੈਡੀਕੇਅਰ/ਮੈਡੀਕੇਡ ਉਪਲਬਧ ਹੈ
* ਤੁਸੀਂ 65 ਸਾਲ ਦੇ ਹੋ ਅਤੇ ਆਪਣੇ ਐਂਪਲਾਇਰ ਬੈਨੇਫਿਟਸ ਛੱਡ ਰਹੇ ਹੋ।

ਅਗਰ ਤੁਸੀਂ ਆਪਣੇ ਪਲੈਨ ਵਿਚ ਕੋਈ ਵੀ ਤਬਦੀਲੀ ਕਰਨਾ ਚਾਹੁੰਦੇ ਹੋ ਤਾਂ ਸਾਲਾਨਾ
**Enrollment Period**
15 ਅਕਤੂਬਰ ਤੋਂ 7 ਦਸੰਬਰ ਤੱਕ ਹੈ

**Sukhvir Toor**
**(Licensed Independent Agent)**
**E-mail: medicarehelp9@gmail.com**
**Phone: (510) 709-5128**


# ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਰਾਸ਼ਟਰੀ ਸੈਮੀਨਾਰ 28 ਅਕਤੂਬਰ ਨੂੰ

## 'ਸਮਕਾਲ ਵਿਚ ਲੇਖਕ ਦੀ ਸਮਾਜਕ ਜਵਾਬਦੇਹੀ' ਵਿਸ਼ੇ 'ਤੇ ਹੋਣਗੇ ਭਾਸ਼ਣ

**ਸਿਰਸਾ:** ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪੰਜਾਬੀ ਲੇਖਕ ਸਭਾ, ਸਿਰਸਾ ਦੇ ਸਹਿਯੋਗ ਨਾਲ 28 ਅਕਤੂਬਰ ਨੂੰ ਪੰਚਾਇਤ ਭਵਨ, ਸਿਰਸਾ (ਹਰਿਆਣਾ) ਵਿਖੇ ਕੌਮੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਹ ਫ਼ੈਸਲਾ ਪੰਜਾਬੀ ਲੇਖਕ ਸਭਾ, ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ ਅਤੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ



ਮੀਤ ਪ੍ਰਧਾਨ ਡਾ. ਹਰਵਿੰਦਰ ਸਿੰਘ ਸਿਰਸਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਲਿਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਮੀਨਾਰ ਦੇ ਕਨਵੀਨਰ ਡਾ: ਹਰਵਿੰਦਰ ਸਿੰਘ ਸਿਰਸਾ ਤੇ ਪੰਜਾਬੀ ਲੇਖਕ ਸਭਾ, ਸਿਰਸਾ ਦੇ ਸਕੱਤਰ ਸੁਰਜੀਤ ਸਿਰੜੀ ਨੇ ਦੱਸਿਆ ਕਿ 'ਸਮਕਾਲ ਅਤੇ ਪੰਜਾਬੀ ਸਾਹਿਤ' ਨਾਲ ਸਬੰਧਤ ਇਸ ਕੌਮੀ ਸੈਮੀਨਾਰ ਵਿਚ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ 'ਸਮਕਾਲ ਵਿਚ ਲੇਖਕ ਦੀ ਸਮਾਜਕ ਜਵਾਬਦੇਹੀ' ਵਿਸ਼ੇ 'ਤੇ ਸੈਮੀਨਾਰ ਦਾ ਮੁੱਖ ਭਾਸ਼ਣ ਦੇਣਗੇ।

ਇਸ ਸੈਮੀਨਾਰ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰੋ. ਸਰਬਜੀਤ ਸਿੰਘ 'ਪੰਜਾਬੀ ਸਮਾਜ, ਇਤਿਹਾਸਕ ਵੰਗਾਰਾਂ ਅਤੇ ਸਾਹਿਤ' ਵਿਸ਼ੇ 'ਤੇ, ਗੁਰੂ ਹਰਗੋਬਿੰਦ ਪੀ.ਜੀ.ਕਾਲਜ, ਸ੍ਰੀ ਗੰਗਾਨਗਰ ਦੇ ਪ੍ਰਿੰਸੀਪਲ ਡਾ. ਸੰਦੀਪ ਸਿੰਘ ਮੁੰਡੇ 'ਰਾਜਸਥਾਨ: ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰਕ ਸੰਦ੍ਰਿਸ਼' ਵਿਸ਼ੇ 'ਤੇ, ਪ੍ਰਸਿੱਧ ਸ਼ਾਇਰ ਅਤੇ ਪ੍ਰਬੁੱਧ ਚਿੰਤਕ ਡਾ. ਰਤਨ ਸਿੰਘ ਢਿੱਲੋਂ 'ਹਰਿਆਣਾ: ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰਕ ਸੰਦ੍ਰਿਸ਼' ਵਿਸ਼ੇ 'ਤੇ ਅਤੇ ਹਰਿਆਣਾ ਪ੍ਰਗਤੀਸ਼ੀਲ ਲੇਖਕ ਸੰਘ ਦੇ ਪ੍ਰਧਾਨ ਡਾ. ਸੁਭਾਸ਼ ਮਾਨਸਾ 'ਸਭਿਆਚਾਰਕ ਅੰਤਰ ਸੰਵਾਦ ਅਤੇ ਹਰਿਆਣੇ ਦਾ ਪੰਜਾਬੀ ਸਾਹਿਤ' ਵਿਸ਼ੇ 'ਤੇ ਵਿਚਾਰ ਪੇਸ਼ ਕਰਨਗੇ।

ਇਸ ਕੌਮੀ ਸੈਮੀਨਾਰ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ ਅਤੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਕਰਨਗੇ। ਸੈਮੀਨਾਰ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ, ਖੋਜ-ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਾਧਿਆਪਕਾਂ ਨੂੰ ਭਾਗੀਦਾਰੀ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਜਾਣਗੇ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸੀਨੀਅਰ ਮੀਤ-ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ, ਮੀਤ-ਪ੍ਰਧਾਨ ਡਾ. ਹਰਵਿੰਦਰ ਸਿੰਘ ਸਿਰਸਾ, ਪੰਜਾਬੀ ਲੇਖਕ ਸਭਾ, ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ ਅਤੇ ਸਕੱਤਰ ਸੁਰਜੀਤ ਸਿਰੜੀ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਨੂੰ ਪੰਚਾਇਤ ਭਵਨ, ਸਿਰਸਾ ਵਿਖੇ 28 ਅਕਤੂਬਰ ਨੂੰ ਸਵੇਰੇ 10 ਵਜੇ ਸ਼ੁਰੂ ਹੋਣ ਵਾਲੇ ਇਸ ਕੌਮੀ ਸੈਮੀਨਾਰ ਵਿਚ ਹਾਜ਼ਰੀ ਲਾਉਣ ਲਈ ਬੇਨਤੀ ਕੀਤੀ ਹੈ।

*– ਸਤੀਸ਼ ਬਾਂਸਲ*

# Matrimonials

## ਲੜਕੀ ਦੀ ਲੋੜ ਹੈ

Gursikh family seeks a suitable match for their Amritdhari son, 36 years, 5'-11", vegetarian, Software Manager in San Francisco, CA, USA, owns a house in San Francisco Bay-area, innocent divorcee (short marriage of 4 months). The girl should be well qualified, amritdhari, vegetarian and keski/dastar wearing (or willing to wear). Preference to girl living in USA or Canada. Caste no bar. Please send your biodata & recent picture to singhmat001@gmail.com or Call: +1-510-281-7065 or +91-98993-79442 (WhatsApp). 40-43

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613. 36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028 36-39

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269 35-38

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com 34-37

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949 39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744 39-42

Sikh family belongs to Ludhiana Punjab, looking for a US or Canadian Citizen match for their daughter, 35, 5'9" divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only. 34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com 32-35

# ਭਗਵੰਤ ਮਾਨ ਵੱਲੋਂ ਅੰਤਰਰਾਜੀ ਵਪਾਰ ਨੂੰ ਹੁਲਾਰੇ ਦਾ ਸੱਦਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਅੰਤਰਰਾਜੀ ਵਪਾਰ ਵਾਸਤੇ ਵੱਖ-ਵੱਖ ਸੂਬਿਆਂ ਨੂੰ ਖੇਤੀ ਵਸਤਾਂ ਦੀ ਖ਼ਰੀਦੋ-ਫ਼ਰੋਖ਼ਤ ਲਈ ਸਾਂਝਾ ਪਲੇਟਫਾਰਮ ਤਿਆਰ ਕਰਨ ਦਾ ਸੱਦਾ ਦਿੱਤਾ ਹੈ ਤਾਂ ਜੋ ਕਿਸਾਨਾਂ ਨੂੰ ਉਪਜ ਦੇ ਲਾਹੇਵੰਦ ਭਾਅ ਅਤੇ ਲੋਕਾਂ ਨੂੰ ਸਸਤੇ ਭਾਅ 'ਤੇ ਮਿਆਰੀ ਵਸਤਾਂ ਦੀ ਸਪਲਾਈ ਲਈ ਦੇਸ਼ ਅੰਦਰ ਅੰਤਰਰਾਜੀ ਵਪਾਰ ਦਾ ਢਾਂਚਾ ਖੜ੍ਹਾ ਹੋ ਸਕੇ। ਉਨ੍ਹਾਂ ਨੇ ਇਹ ਗੱਲ ਇੱਥੇ ਪੰਜਾਬ ਭਵਨ ਵਿਚ ਵੱਖ-ਵੱਖ ਰਾਜਾਂ ਦੇ ਮੰਡੀ ਬੋਰਡਾਂ ਦੇ ਚੇਅਰਮੈਨਾਂ ਅਤੇ ਪ੍ਰਬੰਧ ਨਿਰਦੇਸ਼ਕਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਆਖੀ।



ਮੁੱਖ ਮੰਤਰੀ ਨੇ ਮਿਸਾਲ ਦਿੱਤੀ ਕਿ ਪੰਜਾਬ ਵਿਚ ਮੁੱਖ ਤੌਰ 'ਤੇ ਬਾਸਮਤੀ, ਕਿੰਨੂ, ਲੀਚੀ ਤੇ ਖ਼ਰਬੂਜ਼ਾ ਦੀ ਮਾਰਕੀਟ ਸਰਪਲੱਸ ਹੈ ਅਤੇ ਇਨ੍ਹਾਂ ਜਿਨਸਾਂ ਦਾ ਮੰਡੀਕਰਨ ਦੂਸਰੇ ਸੂਬਿਆਂ ਵਿਚ ਕੀਤਾ ਜਾ ਸਕਦਾ ਹੈ। ਖ਼ਰਬੂਜ਼ੇ ਦੀ ਮਾਰਕੀਟਿੰਗ ਜੰਮੂ ਕਸ਼ਮੀਰ ਵਿਚ ਕੀਤੀ ਜਾ ਸਕਦੀ ਹੈ। ਗੋਆ ਵਿਚ ਕਾਜੂ 150 ਰੁਪਏ ਕਿੱਲੋ ਹੈ ਜਿਸ ਦਾ ਪੰਜਾਬ ਵਿਚ ਮੰਡੀਕਰਨ ਕੀਤਾ ਜਾ ਸਕਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਨਾਲ ਉਤਪਾਦਕਾਂ ਅਤੇ ਖਪਤਕਾਰਾਂ ਨੂੰ ਸਿੱਧਾ ਫ਼ਾਇਦਾ ਪੁੱਜੇਗਾ, ਜਿਸ ਲਈ ਹਰ ਸੂਬੇ ਨੂੰ ਦੂਸਰੇ ਸੂਬੇ ਦੇ ਕਿਸਾਨਾਂ ਵਾਸਤੇ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਵਸਤਾਂ ਦੀ ਖ਼ਰੀਦੋ-ਫ਼ਰੋਖ਼ਤ ਲਈ ਸਾਂਝਾ ਪਲੇਟਫਾਰਮ ਤਿਆਰ ਕਰਨ ਵਾਸਤੇ ਸਾਰੇ ਸੂਬਿਆਂ ਨੂੰ ਹੱਥ ਮਿਲਾਉਣੇ ਚਾਹੀਦੇ ਹਨ ਕਿਉਂਕਿ ਅਜਿਹਾ ਕਰਨਾ ਖਪਤਕਾਰਾਂ ਅਤੇ ਕਿਸਾਨਾਂ ਦੋਵਾਂ ਦੇ ਹਿਤਾਂ ਦੀ ਰਾਖੀ ਲਈ ਸਮੇਂ ਦੀ ਅਹਿਮ ਲੋੜ ਹੈ। ਇਸ ਨਾਲ ਲੋਕਾਂ ਨੂੰ ਮਿਆਰੀ ਉਤਪਾਦਾਂ ਦੀ ਉਪਲਬਧਤਾ ਅਤੇ ਕਿਸਾਨਾਂ ਨੂੰ ਉਪਜ ਦਾ ਲਾਹੇਵੰਦ ਭਾਅ ਮਿਲਣਾ ਯਕੀਨੀ ਬਣੇਗਾ।

ਚੇਤੇ ਰਹੇ ਕਿ ਵੱਖ-ਵੱਖ ਸੂਬਿਆਂ ਦੇ ਮੰਡੀ ਬੋਰਡਾਂ ਦੇ ਚੇਅਰਮੈਨਾਂ ਦੀ ਪੰਚਕੂਲਾ ਵਿੱਚ ਹਾਲ ਹੀ 'ਚ ਕਾਨਫ਼ਰੰਸ ਹੋਈ ਹੈ। ਮੁੱਖ ਮੰਤਰੀ ਮਾਨ ਮੁਤਾਬਕ, "ਹੁਣ ਜਦੋਂ ਸਮੁੱਚਾ ਵਿਸ਼ਵ ਇਕ ਮੰਡੀ ਵਜੋਂ ਉੱਭਰਿਆ ਹੈ ਤਾਂ ਪੈਦਾਵਾਰ ਅਤੇ ਮੰਡੀਕਰਨ ਸਬੰਧੀ ਸੂਬਿਆਂ ਵਿਚਕਾਰ ਬੰਦਸ਼ਾਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਸਾਰੇ ਸੂਬਿਆਂ ਵਿਚ ਮਾਲ ਦੀ ਉਪਲਬਧਤਾ ਨਾਲ ਖਪਤਕਾਰਾਂ ਤੇ ਕਿਸਾਨਾਂ ਨੂੰ ਬਹੁਤ ਵੱਡਾ ਲਾਭ ਹੋਵੇਗਾ।"

ਭਗਵੰਤ ਮਾਨ ਨੇ ਕਿਹਾ ਕਿ ਖੇਤੀ ਲਾਗਤਾਂ ਲਗਾਤਾਰ ਵਧ ਰਹੀਆਂ ਹਨ ਅਤੇ ਘੱਟ ਮੁਨਾਫ਼ੇ ਕਾਰਨ ਖੇਤੀ ਹੁਣ ਲਾਹੇਵੰਦ ਧੰਦਾ ਨਹੀਂ ਰਹੀ। ਜੇਕਰ ਉਤਪਾਦ ਦੇ ਮੰਡੀਕਰਨ ਲਈ ਸਾਂਝੇ ਪਲੇਟਫਾਰਮ ਦਾ ਵਿਚਾਰ ਵਿਕਸਤ ਹੁੰਦਾ ਹੈ ਤਾਂ ਇਸ ਨਾਲ ਕਿਸਾਨਾਂ ਨੂੰ ਵੱਡੀ ਮਦਦ ਮਿਲੇਗੀ।

### ਫੰਡ ਰੋਕਣ ਉਤੇ ਕੇਂਦਰ ਸਰਕਾਰ ਨਾਲ ਗਿਲਾ...

**ਚੰਡੀਗੜ੍ਹ:** ਮੁੱਖ ਮੰਤਰੀ ਨੇ ਦੌਰੇ 'ਤੇ ਆਏ ਵਫ਼ਦਾਂ ਨੂੰ ਸੂਬੇ ਵੱਲੋਂ ਲੋਕ ਭਲਾਈ ਲਈ ਪੇਂਡੂ ਵਿਕਾਸ ਫ਼ੰਡ (ਆਰ.ਡੀ.ਐਫ.) ਦੀ ਸਫਲਤਾਪੂਰਵਕ ਵਰਤੋਂ ਬਾਰੇ ਵੀ ਦੱਸਿਆ। ਹਾਲਾਂਕਿ ਉਨ੍ਹਾਂ ਨੇ ਅਫ਼ਸੋਸ ਜਤਾਇਆ ਕਿ ਸੂਬੇ ਦੇ ਆਰ.ਡੀ.ਐਫ. ਦੀ 5637.4 ਕਰੋੜ ਰੁਪਏ ਦੀ ਵੱਡੀ ਰਕਮ ਅਜੇ ਵੀ ਕੇਂਦਰ ਸਰਕਾਰ ਕੋਲ ਬਕਾਇਆ ਹੈ। ਉਨ੍ਹਾਂ ਕਿਹਾ ਕਿ ਕਈ ਯਤਨਾਂ ਦੇ ਬਾਵਜੂਦ ਕੇਂਦਰ ਸਰਕਾਰ ਇਹ ਫ਼ੰਡ ਜਾਰੀ ਨਹੀਂ ਕਰ ਰਹੀ, ਜੋ ਪੰਜਾਬ ਨਾਲ ਸਰਾਸਰ ਬੇਇਨਸਾਫ਼ੀ ਹੈ।

## ਭਾਜਪਾ 'ਚ ਸ਼ਾਮਲ ਹੋਏ ਕਈ ਵੱਡੇ ਆਗੂਆਂ ਦੀ ਕਾਂਗਰਸ 'ਚ ਵਾਪਸੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੰਤਰੀਆਂ ਸਣੇ ਕਈ ਆਗੂ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਜਿਨ੍ਹਾਂ ਨੂੰ ਸੂਬਾ ਪ੍ਰਧਾਨ ਤੇ ਸੀਨੀਅਰ ਆਗੂਆਂ ਨੇ ਰਸਮੀ ਤੌਰ 'ਤੇ ਪਾਰਟੀ ਵਿਚ ਸ਼ਾਮਲ ਕੀਤਾ। ਭਾਜਪਾ ਵਿਚੋਂ ਘਰ ਵਾਪਸੀ ਕਰਨ ਵਾਲੇ ਸੀਨੀਅਰ ਆਗੂਆਂ ਵਿਚ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਅਤੇ ਰਾਜ ਕੁਮਾਰ ਵੇਰਕਾ ਪ੍ਰਮੁੱਖ ਹਨ। ਸ਼੍ਰੋਮਣੀ ਅਕਾਲੀ ਦਲ ਵਿਚੋਂ ਸੀਨੀਅਰ ਆਗੂ ਜੀਤ ਮਹਿੰਦਰ ਸਿੰਘ ਸਿੱਧੂ, ਹੰਸ ਰਾਜ ਜੋਸਨ ਅਤੇ ਮਹਿੰਦਰ ਰਿਣਵਾਂ ਪ੍ਰਮੁੱਖ ਹਨ। ਚੰਡੀਗੜ੍ਹ ਦੇ ਕਾਂਗਰਸ ਭਵਨ ਵਿਚ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਆਦਿ ਨੇ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਆਗੂਆਂ ਦਾ ਸਵਾਗਤ ਕੀਤਾ।

# ਪਰਾਲੀ ਕਾਰਨ ਦਿੱਲੀ 'ਚ ਫੈਲੇ ਪ੍ਰਦੂਸ਼ਣ 'ਤੇ ਪੰਜਾਬ ਦੇ ਮੁੱਖ ਸਕੱਤਰ ਨੂੰ ਨੋਟਿਸ

**ਨਵੀਂ ਦਿੱਲੀ:** ਪਰਾਲੀ ਸਾੜੇ ਜਾਣ ਕਾਰਨ ਕੌਮੀ ਰਾਜਧਾਨੀ 'ਚ ਫੈਲ ਰਹੇ ਹਵਾ ਪ੍ਰਦੂਸ਼ਣ ਉਤੇ ਚਿੰਤਾ ਜ਼ਾਹਿਰ ਕਰਦਿਆਂ ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਪੰਜਾਬ ਦੇ ਮੁੱਖ ਸਕੱਤਰ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਦੇ ਮੈਂਬਰ ਸਕੱਤਰ ਨੂੰ ਨੋਟਿਸ ਜਾਰੀ ਕੀਤੇ ਹਨ।

ਪੰਜਾਬ 'ਚ ਪਰਾਲੀ ਸਾੜੇ ਜਾਣ ਦੀਆਂ ਘਟਨਾਵਾਂ 'ਚ ਵਾਧੇ ਨੂੰ ਲੈ ਕੇ ਮੀਡੀਆ 'ਚ ਆਈ ਰਿਪੋਰਟ ਦਾ ਖ਼ੁਦ ਹੀ ਨੋਟਿਸ ਲੈਂਦਿਆਂ ਐਨ.ਜੀ.ਟੀ. ਨੇ ਇਸ ਮੁੱਦੇ ਉਤੇ ਸੁਣਵਾਈ ਕੀਤੀ। ਰਿਪੋਰਟ 'ਚ ਕਿਹਾ ਗਿਆ ਕਿ ਸਰਦੀ ਦੀ ਸ਼ੁਰੂਆਤ 'ਚ ਪੰਜਾਬ 'ਚ ਪਰਾਲੀ ਸਾੜੇ ਜਾਣਾ ਕੌਮੀ ਰਾਜਧਾਨੀ ਖੇਤਰ 'ਚ ਪ੍ਰਦੂਸ਼ਣ ਦੇ ਸਭ ਤੋਂ ਵੱਡੇ ਕਾਰਨਾਂ 'ਚੋਂ ਇਕ ਹੈ। ਐਨ.ਜੀ.ਟੀ. ਚੇਅਰਪਰਸਨ ਜਸਟਿਸ ਪ੍ਰਕਾਸ਼ ਸ਼੍ਰੀਵਾਸਤਵ ਅਤੇ ਮਾਹਿਰ ਮੈਂਬਰ ਏ ਸੈਂਥਿਲ ਵੇਲ ਦੇ ਬੈਂਚ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਦੀ ਇਕ ਰਿਪੋਰਟ ਦਾ ਨੋਟਿਸ ਲਿਆ ਜਿਸ 'ਚ ਖੇਤਾਂ 'ਚ ਪਰਾਲੀ ਸਾੜੇ ਜਾਣ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਜ਼ਿਲ੍ਹਿਆਂ ਦੇ ਨਾਮ ਅਤੇ ਤਿੰਨ ਸਾਲਾਂ ਦੇ ਤੁਲਨਾਤਮਕ ਅੰਕੜਿਆਂ ਦਾ ਬਿਓਰਾ ਦਿੱਤਾ ਗਿਆ ਹੈ। ਬੈਂਚ ਨੇ ਕਿਹਾ, "ਪੰਜਾਬ 'ਚ ਪਰਾਲੀ ਸਾੜਨ 'ਤੇ ਕੰਟਰੋਲ ਲਈ ਵੱਖ-ਵੱਖ ਕਦਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨਾ ਅਹਿਮ ਹੈ। ਪੀ.ਪੀ.ਸੀ.ਬੀ. ਸਣੇ ਸੂਬੇ ਦੇ ਅਧਿਕਾਰੀਆਂ ਨੂੰ ਸੰਵੇਦਨਸ਼ੀਲ ਜ਼ਿਲ੍ਹਿਆਂ ਅੰਦਰ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਦੀ ਪਛਾਣ ਕਰਨ ਦੀ ਲੋੜ ਹੈ ਜਿਥੇ ਸੁਧਾਰ ਵਾਲੇ ਕਦਮ ਚੁੱਕੇ ਜਾਣ 'ਤੇ ਧਿਆਨ ਕੇਂਦਰਤ ਕੀਤਾ ਜਾਣਾ ਚਾਹੀਦਾ ਹੈ।" ਬੈਂਚ ਨੇ ਕਿਹਾ ਕਿ ਜਿਸ ਸਮੇਂ ਪਰਾਲੀ ਸਾੜੀ ਜਾਂਦੀ ਹੈ, ਉਹ ਮੁੱਖ ਤੌਰ 'ਤੇ 15 ਸਤੰਬਰ ਤੋਂ 30 ਨਵੰਬਰ ਦਾ ਸਮਾਂ ਹੁੰਦਾ ਹੈ। ਇਸ ਲਈ ਇਸੇ ਸਮੇਂ ਦੌਰਾਨ ਸਬੰਧਤ ਅਧਿਕਾਰੀਆਂ ਨੂੰ ਹੁਕਮ ਅਦੂਲੀ ਕਰਨ ਵਾਲਿਆਂ ਦੀ ਪਛਾਣ ਕਰਨ ਅਤੇ ਜੁਰਮਾਨਾ ਲਾਉਣ ਸਮੇਤ ਹੋਰ ਕਦਮ ਚੁੱਕਣ ਲਈ ਚੌਕਸ ਰਹਿਣ ਦੀ ਲੋੜ ਹੁੰਦੀ ਹੈ। ਬੈਂਚ ਨੇ ਪੰਜਾਬ ਦੇ ਮੁੱਖ ਸਕੱਤਰ ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਨੋਟਿਸ ਜਾਰੀ ਕਰਨ ਮਗਰੋਂ ਮਾਮਲੇ ਦੀ ਸੁਣਵਾਈ 8 ਨਵੰਬਰ ਤੱਕ ਲਈ ਮੁਲਤਵੀ ਕਰ ਦਿੱਤੀ। ਟ੍ਰਿਬਿਊਨਲ ਨੇ ਪੀ.ਪੀ.ਸੀ.ਬੀ. ਅਤੇ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ ਤੋਂ ਵੀ ਕਾਰਵਾਈ ਰਿਪੋਰਟ ਮੰਗੀ ਹੈ।



# ਪਰਲਜ਼ ਗਰੁੱਪ ਦੀ ਜ਼ਮੀਨ ਵੇਚਣ ਵਾਲੇ ਤਿੰਨ ਮੁਲਜ਼ਮ ਗ੍ਰਿਫਤਾਰ

**ਬਠਿੰਡਾ:** ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਇਥੇ ਸੌ ਫੁੱਟੀ ਰੋਡ 'ਤੇ ਘੋੜੇ ਵਾਲਾ ਚੌਕ ਨੇੜੇ ਸਥਿਤ ਪਰਲਜ਼ ਗਰੁੱਪ ਦੀ ਕਰੋੜਾਂ ਰੁਪਏ ਦੀ ਜ਼ਮੀਨ ਵੇਚਣ ਦੇ ਦੋਸ਼ ਹੇਠ ਦੋ ਸਕੇ ਭਰਾਵਾਂ ਸਣੇ ਚਾਰ ਜਣਿਆਂ ਖ਼ਿਲਾਫ਼ ਕੇਸ ਦਰਜ ਕਰਕੇ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਉੱਧਰ, ਨਗਰ ਨਿਗਮ ਬਠਿੰਡਾ ਨੇ ਜਾਅਲੀ ਰਜਿਸਟਰੀ ਕਰਵਾ ਕੇ 205 ਗਜ਼ ਜ਼ਮੀਨ 'ਤੇ ਬਣਾਏ ਤਿੰਨ ਸ਼ੋਅਰੂਮਾਂ ਨੂੰ ਜੇ.ਸੀ.ਬੀ. ਮਸ਼ੀਨਾਂ ਨਾਲ ਢਾਹ ਦਿੱਤਾ ਹੈ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਇਸ ਸਬੰਧੀ ਪੁਸ਼ਟੀ ਕਰਦਿਆਂ ਕਿਹਾ ਕਿ ਮੁਢਲੀ ਪੜਤਾਲ ਮਗਰੋਂ ਕੇਸ ਦਰਜ ਕਰ ਕੇ ਸ਼ੋਅਰੂਮ ਢਾਹ ਦਿੱਤੇ ਗਏ ਹਨ ਅਤੇ ਜੇਕਰ ਅਗਲੀ ਪੜਤਾਲ 'ਚ ਕਿਸੇ ਹੋਰ ਵਿਅਕਤੀ ਦੀ ਭੂਮਿਕਾ ਵੀ ਸਾਹਮਣੇ ਆਉਂਦੀ ਹੈ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਜ਼ਿਕਰਯੋਗ ਹੈ ਕਿ ਸਾਲ 2020-21 ਵਿਚ ਨਰਿੰਦਰ ਸਿੰਘ ਅਤੇ ਮਨਜੀਤ ਸਿੰਘ ਨੇ ਸੜਕ 'ਤੇ ਲੱਗਦੀ ਪਰਲਜ਼ ਗਰੁੱਪ ਦੀ 205 ਗਜ਼ ਜ਼ਮੀਨ ਦੀਆਂ ਗਲਤ ਸਾਈਡਾਂ ਦਿਖਾ ਕੇ ਇਸ ਦੀ ਧੋਖੇ ਨਾਲ ਰਜਿਸਟਰੀ ਕਰਵਾ ਲਈ ਸੀ। ਲੋਕਾਂ ਵਿਚ ਚਰਚਾ ਹੈ ਕਿ ਮਾਮਲੇ ਦੀ ਜਾਂਚ ਹੋਣ 'ਤੇ ਰਸੂਖ਼ ਰੱਖਣ ਵਾਲੀਆਂ ਸ਼ਖ਼ਸੀਅਤਾਂ ਸਣੇ ਪੁਲਿਸ ਦਾ ਇਕ ਵੱਡਾ ਅਧਿਕਾਰੀ ਕੁੜਿੱਕੀ 'ਚ ਫਸ ਸਕਦਾ ਹੈ।



ਥਾਣਾ ਸਿਵਲ ਲਾਈਨ ਦੇ ਮੁੱਖ ਅਫਸਰ ਇੰਸਪੈਕਟਰ ਯਾਦਵਿੰਦਰ ਸਿੰਘ ਮੁਤਾਬਕ ਡਿਪਟੀ ਕਮਿਸ਼ਨਰ ਦੇ ਹੁਕਮਾਂ ਤਹਿਤ ਪਰਲਜ਼ ਗਰੁੱਪ ਦੀ ਜਗ੍ਹਾ ਧੋਖੇ ਨਾਲ ਵੇਚਣ ਵਾਲੇ ਦੋ ਸਕੇ ਭਰਾਵਾਂ ਨਰਿੰਦਰ ਪਾਲ ਸਿੰਘ ਤੇ ਮਨਜੀਤ ਸਿੰਘ ਤੋਂ ਇਲਾਵਾ ਬਲਰਾਜ ਸਿੰਘ ਤੇ ਫ਼ਤਹਿਪਾਲ ਸਿੰਘ ਖ਼ਿਲਾਫ਼ ਧਾਰਾ 420, 447, 120-ਬੀ ਅਤੇ ਧਾਰਾ 82 ਰਜਿਸਟਰੇਸ਼ਨ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਨਸ਼ਿਆਂ ਦੀ ਤਸਕਰੀ ਵਿਚ ਹੁਣ ਔਰਤਾਂ ਵੀ ਸ਼ਾਮਲ

**ਕਪੂਰਥਲਾ:** ਕਪੂਰਥਲਾ ਜ਼ਿਲ੍ਹੇ ਦੇ ਸੁਭਾਨਪੁਰ ਥਾਣੇ ਵਿਚ ਪਿਛਲੇ ਇਕ ਸਾਲ ਦੌਰਾਨ ਔਰਤਾਂ ਖ਼ਿਲਾਫ਼ ਨਸ਼ਿਆਂ ਨਾਲ ਸਬੰਧਤ ਦਰਜ ਹੋਈਆਂ 25 ਐਫ.ਆਈ.ਆਰਜ਼. ਇਸ ਵਪਾਰ ਵਿਚ ਮਹਿਲਾਵਾਂ ਦੀ ਵਧਦੀ ਭੂਮਿਕਾ ਨੂੰ ਦਰਸਾਉਂਦੀਆਂ ਹਨ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਸੁਭਾਨਪੁਰ ਵਿਚ ਕਰੀਬ 50 ਐਫ.ਆਈ.ਆਰਜ਼. ਹੋਈਆਂ ਹਨ, ਪਿੰਡ ਦੇ ਕੁੱਲ ਨਸ਼ਾ ਤਸਕਰਾਂ 'ਚੋਂ ਕਰੀਬ 40 ਫੀਸਦ ਔਰਤਾਂ ਹਨ। ਹਾਲਾਂਕਿ ਜ਼ਿਲ੍ਹੇ 'ਚ ਇਸ ਦੇ ਕੁੱਲ ਅੰਕੜੇ ਕਿਤੇ ਵੱਧ ਹਨ, ਤੇ ਇਨ੍ਹਾਂ ਦੀ ਜਾਣਕਾਰੀ ਬਾਅਦ ਵਿਚ ਹੀ ਦਿੱਤੀ ਜਾ ਸਕੇਗੀ। ਸੁਭਾਨਪੁਰ ਦੇ ਐਸ.ਐਚ.ਓ. ਹਰਦੀਪ ਸਿੰਘ ਨੇ ਕਿਹਾ, 'ਔਰਤਾਂ ਇਸ ਵਪਾਰ ਵਿਚ ਲੰਮੇ ਸਮੇਂ ਤੋਂ ਸਰਗਰਮ ਹਨ, ਪਰ ਹਾਲ ਦੇ ਸਮਿਆਂ ਵਿਚ ਜ਼ਿਆਦਾ ਕੇਸ ਸਾਹਮਣੇ ਆਉਣੇ ਸ਼ੁਰੂ ਹੋਏ ਹਨ ਕਿਉਂਕਿ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਏ ਹਨ।

ਜ਼ਿਕਰਯੋਗ ਹੈ ਕਿ ਸਤੰਬਰ ਵਿਚ ਕਪੂਰਥਲਾ ਦੇ ਬਾਦਸ਼ਾਹਪੁਰ ਦੀ ਇਕ ਵੀਡੀਓ ਵਾਇਰਲ ਹੋਈ ਸੀ ਜਿਸ ਵਿਚ ਇਕ ਲੜਕੀ ਨਸ਼ਾ ਵੇਚ ਰਹੀ ਸੀ। ਉਸ ਦੇ ਪਿਤਾ ਖ਼ਿਲਾਫ਼ ਨਸ਼ਿਆਂ ਦੇ ਪੰਜ ਕੇਸ ਦਰਜ ਹਨ, ਜਦਕਿ ਮਾਂ ਤੇ ਭਰਾ ਨਸ਼ੇ ਵੇਚਣ ਲਈ ਜੇਲ੍ਹ ਵਿਚ ਹਨ। ਪੁਲਿਸ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਇਨ੍ਹਾਂ ਪਿੰਡਾਂ 'ਚ ਪਿਛਲੇ ਛੇ ਸਾਲਾਂ ਵਿਚ ਕਰੀਬ 50 ਔਰਤਾਂ 'ਤੇ ਐਨ.ਡੀ.ਪੀ.ਐਸ. ਤਹਿਤ ਕੇਸ ਦਰਜ ਹੋ ਚੁੱਕੇ ਹਨ। ਇਕ ਪੁਲਿਸ ਅਧਿਕਾਰੀ ਨੇ ਕਿਹਾ ਕਿ ਪਰੇਸ਼ਾਨ ਕਰਨ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਕੇਸਾਂ ਵਿਚ, ਜਿੱਥੇ ਪਤੀ ਨਸ਼ਾ ਵੇਚਦਾ ਫੜਿਆ ਜਾਂਦਾ ਹੈ, ਉਨ੍ਹਾਂ ਕੁਝ ਕੇਸਾਂ ਵਿਚ ਪਤਨੀਆਂ ਤੇ ਧੀਆਂ ਵੀ ਨਸ਼ਾ ਤਸਕਰੀ ਵਿਚ ਸ਼ਾਮਲ ਹੁੰਦੀਆਂ ਹਨ।

# ਮੁੱਖ ਮੰਤਰੀ ਭਗਵੰਤ ਮਾਨ ਨੇ ਟਾਟਾ ਸਟੀਲ ਪਲਾਂਟ ਦਾ ਨੀਂਹ ਪੱਥਰ ਰੱਖਿਆ

**ਲੁਧਿਆਣਾ:** ਸਨਅਤੀ ਸ਼ਹਿਰ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਟਾਟਾ ਗਰੁੱਪ ਦੇ ਗਰੀਨ ਸਟੀਲ ਪਲਾਂਟ ਦਾ ਨੀਂਹ ਪੱਥਰ ਰੱਖਿਆ। ਇੱਥੇ ਚੰਡੀਗੜ੍ਹ ਰੋਡ ਸਥਿਤ ਹਾਈ-ਟੈਕ ਵੈਲੀ ਵਿਚ 2600 ਕਰੋੜ ਰੁਪਏ ਦੀ ਲਾਗਤ ਨਾਲ 115 ਏਕੜ ਵਿਚ ਸਥਾਪਤ ਹੋ ਰਹੇ ਪਲਾਂਟ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਉਸਾਰੀ ਕਰਨ ਵਾਲੀਆਂ ਮਸ਼ੀਨਾਂ ਨੇ ਕੰਮ ਸ਼ੁਰੂ ਕਰ ਦਿੱਤਾ।

ਉਨ੍ਹਾਂ ਕਿਹਾ ਕਿ ਪਲਾਂਟ ਵਿਚ 3000 ਤੋਂ ਵੱਧ ਨੌਜਵਾਨਾਂ ਨੂੰ ਨੌਕਰੀ ਮਿਲੇਗੀ ਅਤੇ ਨੇੜਲੇ ਨੌਜਵਾਨਾਂ ਨੂੰ ਪਹਿਲ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਟਾਟਾ ਸਟੀਲ ਨੂੰ ਆਉਣ ਵਾਲੇ ਸਮੇਂ ਵਿਚ ਸਰਕਾਰ ਵੱਲੋਂ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸ੍ਰੀ ਮਾਨ ਨੇ ਕਿਹਾ ਕਿ ਟਾਟਾ ਕੰਪਨੀ ਨੇ ਪੰਜਾਬ 'ਤੇ ਭਰੋਸਾ ਕਰਦਿਆਂ ਇੱਥੇ ਦੇਸ਼ ਦਾ ਸਭ ਤੋਂ ਵੱਡਾ ਸਟੀਲ ਦਾ ਗਰੀਨ ਪਲਾਂਟ ਲਗਾਉਣ ਦੀ ਸ਼ੁਰੂਆਤ ਕੀਤੀ ਹੈ। ਇਹ ਪਲਾਂਟ ਪ੍ਰਦੂਸ਼ਣ ਰਹਿਤ ਗਰੀਨ ਪ੍ਰੋਜੈਕਟ ਹੋਵੇਗਾ, ਜਿੱਥੇ ਬਿਨਾ ਪ੍ਰਦੂਸ਼ਣ ਤੋਂ ਸਕਰੈਪ ਤੋਂ ਸਟੀਲ ਬਣਾਈ ਜਾਵੇਗੀ। ਇਸ ਪ੍ਰੋਜੈਕਟ ਨੂੰ ਹਾਈਵੇਅ ਨਾਲ ਜੋੜਨ ਲਈ ਸਰਕਾਰ ਆਪ ਸੜਕ ਬਣਾ ਕੇ ਦੇਵੇਗੀ। ਇਸ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਹੁਣ ਪੰਜਾਬ ਵਿਚ ਏਅਰ ਇੰਡੀਆ ਨੂੰ ਟਾਟਾ ਚਲਾਏਗੀ।

ਪੰਜਾਬ ਵਿਚ ਟਾਟਾ ਕੰਪਨੀ ਦੇ ਜਹਾਜ਼ ਉੱਡਣਗੇ। ਇਸ ਵਿਚ ਸਭ ਤੋਂ ਪਹਿਲਾਂ ਅੰਮ੍ਰਿਤਸਰ ਤੇ ਮੁਹਾਲੀ ਤੋਂ ਟੋਰਾਂਟੋ ਦੀ ਫਲਾਈਟ ਸ਼ੁਰੂ ਕੀਤੀ ਜਾਵੇਗੀ।

# ਸਿੱਖਿਆ ਮੰਤਰੀ ਦੀ ਰਿਹਾਇਸ਼ ਅੱਗੇ ਧਰਨੇ 'ਤੇ ਬੈਠੀ ਮਹਿਲਾ ਸਹਾਇਕ ਪ੍ਰੋਫੈਸਰ ਵੱਲੋਂ ਖ਼ੁਦਕੁਸ਼ੀ

**ਰੂਪਨਗਰ:** ਸ਼ਹਿਰ ਦੀ ਵਸਨੀਕ 35 ਸਾਲਾ ਮਹਿਲਾ ਨੇ ਸਰਹਿੰਦ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕਾ ਦੀ ਸ਼ਨਾਖਤ ਬਲਵਿੰਦਰ ਕੌਰ ਵਜੋਂ ਹੋਈ ਹੈ। ਉਹ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਗੰਭੀਰਪੁਰ ਪਿੰਡ ਵਿਚ ਸਥਿਤ ਰਿਹਾਇਸ਼ ਨੇੜੇ ਦੋ ਮਹੀਨੇ ਤੋਂ ਧਰਨਾ ਦੇ ਰਹੇ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਫਰੰਟ ਜਥੇਬੰਦੀ ਦੇ 483 ਮੈਂਬਰਾਂ ਵਿਚ ਸ਼ਾਮਲ ਸੀ। ਪੀੜਤ ਬਲਵਿੰਦਰ ਕੌਰ ਦਾ ਖ਼ੁਦਕੁਸ਼ੀ ਪੱਤਰ ਵੀ ਬਰਾਮਦ ਹੋਇਆ ਹੈ, ਜਿਸ ਵਿਚ ਉਸ ਨੇ ਦੋਸ਼ ਲਗਾਇਆ ਹੈ ਕਿ ਸਿੱਖਿਆ ਮੰਤਰੀ ਉਸ ਦੀ ਮੌਤ ਲਈ ਜ਼ਿੰਮੇਵਾਰ ਹੈ। ਉਹ 3 ਦਸੰਬਰ 2021 ਨੂੰ ਸਹਾਇਕ ਪ੍ਰੋਫੈਸਰ ਵਜੋਂ ਨਿਯੁਕਤ ਹੋਣ ਤੋਂ ਬਾਅਦ ਲਗਾਤਾਰ ਔਕੜਾਂ ਦਾ ਸਾਹਮਣਾ ਕਰ ਰਹੀ ਸੀ।

ਜਾਣਕਾਰੀ ਅਨੁਸਾਰ ਅਕਤੂਬਰ 2021 ਵਿਚ 1158 ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਦਸੰਬਰ ਵਿਚ ਇਨ੍ਹਾਂ ਵਿਚੋਂ 607 ਨੂੰ ਨਿਯੁਕਤੀ ਪੱਤਰ ਮਿਲ ਗਏ ਸਨ ਜਿਨ੍ਹਾਂ ਵਿਚੋਂ 124 ਨੇ ਆਪਣੀ ਡਿਊਟੀ ਜੁਆਇਨ ਕਰ ਲਈ ਸੀ। ਬਾਕੀ 483 ਨੂੰ ਹੈੱਡਕੁਆਰਟਰ ਵਿਚ ਜੁਆਇਨ ਕਰਵਾਉਣ ਦੇ ਬਾਵਜੂਦ ਕੰਮ ਨਹੀਂ ਸੀ ਦਿੱਤਾ ਗਿਆ ਕਿਉਂਕਿ ਭਰਤੀ ਵਿਰੁੱਧ ਅਦਾਲਤ ਵਿਚ ਵੱਡੀ ਗਿਣਤੀ ਪਟੀਸ਼ਨਾਂ ਦਾਇਰ ਹੋ ਗਈਆਂ ਸਨ। ਉੱਧਰ, ਪੁਲਿਸ ਨੇ ਮ੍ਰਿਤਕਾ ਦੇ ਭਰਾ ਹਰਦੇਵ ਸਿੰਘ ਦੇ ਬਿਆਨਾਂ 'ਤੇ ਉਸ ਦੇ ਪਤੀ ਸੁਪ੍ਰੀਤ ਸਿੰਘ ਅਤੇ ਉਸ ਦੇ ਪਿਤਾ ਬਾਗ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਹਰਦੇਵ ਸਿੰਘ ਨੇ ਦੋਸ਼ ਲਗਾਇਆ ਹੈ ਕਿ ਉਸ ਦੀ ਭੈਣ ਵੱਲੋਂ ਪੰਜ ਸਾਲ ਪਹਿਲਾਂ ਲੜਕੀ ਨੂੰ ਜਨਮ ਦਿੱਤੇ ਜਾਣ ਦੇ ਬਾਅਦ ਤੋਂ ਉਸ ਦਾ ਪਤੀ ਉਸ ਨੂੰ ਪਰੇਸ਼ਾਨ ਕਰ ਰਿਹਾ ਸੀ। ਸੁਪ੍ਰੀਤ ਸਿੰਘ ਕਾਰਨ ਉਸ ਦੀ ਭੈਣ ਨੂੰ ਦੋ ਵਾਰ ਗਰਭਪਾਤ ਵੀ ਕਰਵਾਉਣਾ ਪਿਆ ਸੀ।



### ਮ੍ਰਿਤਕਾ ਨਾਲ ਕੋਈ ਸਿੱਧਾ ਸੰਪਰਕ ਨਹੀਂ: ਹਰਜੋਤ ਬੈਂਸ

**ਰੂਪਨਗਰ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਪੰਜਾਬ ਸਰਕਾਰ ਇਸ ਮੁੱਦੇ ਨੂੰ ਹੱਲ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਵੱਲੋਂ ਪ੍ਰਦਰਸ਼ਨਕਾਰੀਆਂ ਨਾਲ ਕਈ ਮੀਟਿੰਗਾਂ ਵੀ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਮ੍ਰਿਤਕਾ ਨਾਲ ਉਨ੍ਹਾਂ ਦਾ ਕੋਈ ਸਿੱਧਾ ਸੰਪਰਕ ਨਹੀਂ, ਇਸ ਕਰ ਕੇ ਮ੍ਰਿਤਕਾ ਵੱਲੋਂ ਚੁੱਕੇ ਗਏ ਕਦਮ ਬਾਰੇ ਕੋਈ ਟਿੱਪਣੀ ਕਰਨਾ ਠੀਕ ਨਹੀਂ ਹੈ।

# ਸ਼੍ਰੋਮਣੀ ਕਮੇਟੀ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਡਟੀ

**ਅੰਮ੍ਰਿਤਸਰ:** ਐਸ.ਵਾਈ.ਐਲ. ਦੇ ਮਾਮਲੇ 'ਤੇ ਪੰਜਾਬ ਦੇ ਹੱਕ 'ਚ ਗੱਲ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਵਿਸ਼ੇਸ਼ ਮਤਾ ਪਾਸ ਕਰਕੇ ਕਿਹਾ ਕਿ ਪੰਜਾਬ ਦੇ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ ਹੈ ਅਤੇ ਇਸ ਹੱਕ 'ਤੇ ਕਿਸੇ ਨੂੰ ਵੀ ਡਾਕਾ ਨਹੀਂ ਮਾਰਨ ਦਿੱਤਾ ਜਾਵੇਗਾ। ਅੰਤ੍ਰਿੰਗ ਕਮੇਟੀ ਨੇ ਏਸ਼ੀਅਨ ਖੇਡਾਂ ਵਿਚ ਭਾਰਤੀ ਹਾਕੀ ਟੀਮ ਦੇ ਸਾਬਤ ਸੂਰਤ ਗੁਰਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਨੂੰ 2 ਲੱਖ ਰੁਪਏ ਅਤੇ ਪੰਜਾਬ ਤੋਂ ਖੇਡਣ ਵਾਲੇ ਬਾਕੀ ਹਾਕੀ ਖਿਡਾਰੀਆਂ ਨੂੰ 50-50 ਹਜ਼ਾਰ ਰੁਪਏ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਸ੍ਰੀ ਧਾਮੀ ਨੇ ਦੱਸਿਆ ਕਿ ਪੰਜਾਬ ਦੇ ਪਾਣੀਆਂ ਦੇ ਮਸਲੇ 'ਤੇ ਕੋਈ ਵੀ ਜ਼ਬਰਦਸਤੀ ਸਹਿਣ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਅਦਾਲਤ ਵਿਚ ਸਹੀ ਪੱਖ ਨਾ ਰੱਖਣ ਕਰਕੇ ਹੀ ਅਜਿਹੀ ਸਥਿਤੀ ਬਣੀ ਹੈ। ਅੰਤ੍ਰਿੰਗ ਕਮੇਟੀ ਨੇ ਮਤਾ ਪਾਸ ਕਰਕੇ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਪਾਣੀਆਂ ਦੇ ਮਾਮਲੇ 'ਤੇ ਪੰਜਾਬ ਨਾਲ ਕੋਈ ਧੱਕਾ ਹੋਇਆ ਤਾਂ ਸ਼੍ਰੋਮਣੀ ਕਮੇਟੀ ਪੰਜਾਬ ਦੇ ਹੱਕ ਵਿਚ ਡੱਟ ਕੇ ਖੜ੍ਹੇਗੀ। ਇਸ ਮਾਮਲੇ ਵਿਚ ਜਿੱਥੇ ਵੀ ਲੋੜ ਪਵੇਗੀ, ਸਿੱਖ ਸੰਸਥਾ ਸਭ ਤੋਂ ਮੋਹਰੀ ਭੂਮਿਕਾ ਅਦਾ ਕਰੇਗੀ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਦੀ ਉਲੰਘਣਾ ਕਰਕੇ ਪੰਜਾਬ ਦੇ ਹਿੱਸੇ ਦਾ ਬਹੁਤਾ ਪਾਣੀ ਹਰਿਆਣਾ, ਰਾਜਸਥਾਨ ਅਤੇ ਦਿੱਲੀ ਆਦਿ ਨੂੰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਅਤੇ ਮਾਨਵੀ ਸਰੋਕਾਰਾਂ ਦੇ ਮੱਦੇਨਜ਼ਰ ਇਹ ਯਕੀਨੀ ਬਣਾਵੇ ਕਿ ਪੰਜਾਬ ਨਾਲ ਬੇਇਨਸਾਫ਼ੀ ਨਾ ਹੋਵੇ।

### ਇੱਕ ਬੂੰਦ ਵੀ ਬਾਹਰ ਨਹੀਂ ਜਾਣ ਦਿਆਂਗੇ: ਸੁਖਬੀਰ

**ਕੁਰਾਲੀ:** ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਆਮ ਆਦਮੀ ਪਾਰਟੀ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣ ਲਈ ਤਿਆਰ ਬੈਠੀ ਹੈ ਜਦਕਿ ਅਕਾਲੀ ਦਲ ਪਾਣੀ ਦੀ ਇਕ ਵੀ ਬੂੰਦ ਪੰਜਾਬ ਤੋਂ ਬਾਹਰ ਨਹੀਂ ਜਾਣ ਦੇਵੇਗਾ। ਸ੍ਰੀ ਬਾਦਲ ਇੱਥੋਂ ਦੀ ਅਨਾਜ ਮੰਡੀ ਵਿਚ ਆਏ ਸਨ। ਉਨ੍ਹਾਂ ਝੋਨੇ ਦੀ ਖਰੀਦ ਨਾ ਹੋਣ ਕਾਰਨ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ।

## ਸ਼੍ਰੋਮਣੀ ਕਮੇਟੀ ਚੋਣਾਂ ਲਈ ਬਾਦਲ ਵਿਰੋਧੀ ਧਿਰਾਂ ਇਕਜੁੱਟ ਹੋਣ: ਢੀਂਡਸਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਬਾਦਲ ਵਿਰੋਧੀ ਸਿੱਖ ਧਿਰਾਂ ਨੂੰ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਲਈ ਉਹ ਇਕ ਮੰਚ 'ਤੇ ਇਕੱਠੇ ਹੋਣ ਅਤੇ ਗੁਰੂ ਘਰਾਂ ਨੂੰ ਬਾਦਲ ਪਰਿਵਾਰ ਦੇ ਕਬਜ਼ੇ ਤੋਂ ਮੁਕਤ ਕਰਵਾਇਆ ਜਾਵੇ। ਉਨ੍ਹਾਂ ਇੱਥੇ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਪਾਰਟੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕੀਤੀ। ਸ੍ਰੀ ਢੀਂਡਸਾ ਨੇ ਕਿਹਾ ਕਿ ਇਹ ਸਾਰੀਆਂ ਧਿਰਾਂ ਇਕ ਮੰਚ 'ਤੇ ਇਕੱਠੀਆਂ ਹੋਣ ਤਾਂ ਕਿ ਗੁਰੂਧਾਮਾਂ ਨੂੰ ਇਕ ਪਰਿਵਾਰ ਦੇ ਕਬਜ਼ੇ ਤੋਂ ਮੁਕਤ ਕਰਾਇਆ ਜਾ ਸਕੇ। ਉਨ੍ਹਾਂ ਪਾਰਟੀ ਆਗੂਆਂ ਨੂੰ ਆਖਿਆ ਕਿ ਉਹ ਗੁਰਸਿੱਖ ਪਰਿਵਾਰਾਂ ਦੀਆਂ ਵੋਟਾਂ ਬਣਾਉਣ ਵਿਚ ਸਹਿਯੋਗ ਦੇਣ।



# ਲੇਖਕਾਂ ਨੇ ਪਾਣੀਆਂ ਦੇ ਮੁੱਦੇ 'ਤੇ ਇਕਜੁਟਤਾ ਦਾ ਹੋਕਾ ਦਿੱਤਾ

**ਚੰਡੀਗੜ੍ਹ:** ਸਤਲੁਜ ਯਮੁਨਾ ਲਿੰਕ ਨਹਿਰ ਦਾ ਮਸਲਾ ਇਸ ਸਮੇਂ ਸਾਰੇ ਪੰਜਾਬੀਆਂ ਦੇ ਧਿਆਨ ਦੇ ਕੇਂਦਰ ਵਿਚ ਹੈ। ਪੰਜਾਬ ਦੇ ਲੇਖਕਾਂ, ਚਿੰਤਕਾਂ, ਵਿਦਵਾਨਾਂ, ਅਰਥ-ਸ਼ਾਸਤਰੀਆਂ, ਸਮਾਜਿਕ ਕਾਰਕੁਨਾਂ, ਸਿੱਖਿਆ ਮਾਹਿਰਾਂ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦਾ ਕਹਿਣਾ ਹੈ ਕਿ ਪੰਜਾਬ ਦੇ ਪਾਣੀਆਂ ਬਾਰੇ ਵੱਖ-ਵੱਖ ਫੈਸਲੇ ਉਨ੍ਹਾਂ ਸਮਿਆਂ ਦੀਆਂ ਇਤਿਹਾਸਿਕ ਸਥਿਤੀਆਂ ਅਨੁਸਾਰ ਕੀਤੇ ਗਏ ਸਨ। ਉਨ੍ਹਾਂ ਫੈਸਲਿਆਂ ਵਿਚ ਪੰਜਾਬ ਨਾਲ ਨਿਆਂ ਨਹੀਂ ਕੀਤਾ ਗਿਆ। ਸਾਲ 1981 ਵਿਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਵਿਚਕਾਰ ਕਰਾਇਆ ਗਿਆ ਸਮਝੌਤਾ ਅਤੇ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਦੀ ਤਜਵੀਜ਼ ਨੂੰ ਪੰਜਾਬੀਆਂ ਨੇ ਪ੍ਰਵਾਨ ਨਹੀਂ ਕੀਤਾ। ਇਸ ਤੋਂ ਪੈਦਾ ਹੋਈ ਸਮੱਸਿਆ ਨੇ ਪੰਜਾਬ ਨੂੰ 1980ਵਿਆਂ ਦੇ ਦੁਖਾਂਤਕ ਸਮਿਆਂ ਵਿਚ ਧੱਕ ਕੇ ਪੰਜਾਬ ਨੂੰ ਲਹੂ-ਲੁਹਾਣ ਕੀਤਾ। ਇਸ ਤਰ੍ਹਾਂ ਇਹ ਮਸਲਾ ਪੰਜਾਬ ਦੇ ਪਾਣੀਆਂ ਦੀ ਵੰਡ ਦੇ ਇਤਿਹਾਸਿਕ ਦੁਖਾਂਤ ਨਾਲ ਜੁੜਿਆ ਹੋਇਆ ਹੈ। ਉਸ ਦੁਖਾਂਤ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਇਸ ਸਬੰਧ ਵਿਚ ਤਕਨੀਕੀ ਅਤੇ ਕਾਨੂੰਨੀ ਪੱਖ ਵੀ ਪੰਜਾਬ ਦੇ ਹੱਕ ਵਿਚ ਹਨ। ਪੰਜਾਬ ਵਿਚ ਜ਼ਮੀਨੀ ਪਾਣੀ ਦਾ ਸੰਕਟ ਕਾਫੀ



ਗਹਿਰਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਬੰਜਰ ਬਣਨ ਵੱਲ ਵਧ ਰਿਹਾ ਹੈ। 2022 ਦੀ ਗਰਾਊਂਡ ਵਾਟਰ ਅਸੈੱਸਮੈਂਟ ਰਿਪੋਰਟ ਅਨੁਸਾਰ ਪੰਜਾਬ ਦੇ 153 ਬਲਾਕਾਂ ਵਿਚੋਂ 117 ਦੀ ਸਥਿਤੀ ਅਤਿ ਸੰਵੇਦਨਸ਼ੀਲ ਹੈ। ਇਨ੍ਹਾਂ ਸਥਿਤੀਆਂ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਦੇ ਵਿਸ਼ੇ ਨੂੰ ਦੁਬਾਰਾ ਛੇੜਨਾ ਗਲਤ ਹੋਵੇਗਾ। ਲੇਖਕਾਂ ਨੇ ਕਿਹਾ ਕਿ ਉਹ ਪੰਜਾਬ ਦੇ ਸਮੂਹ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਉਹ ਇਸ ਮਾਮਲੇ ਵਿਚ ਇਕਜੁੱਟਤਾ ਦਿਖਾਉਣ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਖੇਤਰ ਦੇ ਮਾਹਿਰਾਂ, ਅਰਥ-ਸ਼ਾਸਤਰੀਆਂ, ਵਕੀਲਾਂ ਅਤੇ ਹੋਰ ਵਿਦਵਾਨਾਂ ਦੀ ਸਹਾਇਤਾ ਨਾਲ ਮਾਮਲਾ ਕੇਂਦਰ ਸਰਕਾਰ, ਗੁਆਂਢੀ ਸੂਬਿਆਂ ਤੇ ਅਦਾਲਤਾਂ ਸਾਹਮਣੇ ਸਪੱਸ਼ਟ ਕਰਨ।

# ਸਿੱਖ ਨੌਜਵਾਨ 'ਤੇ ਹਮਲਾ ਕਰਨ ਵਾਲਾ ਗ੍ਰਿਫਤਾਰ

**ਨਿਊ ਯਾਰਕ:** ਨਿਊ ਯਾਰਕ ਸਿਟੀ ਵਿਚ ਪਿਛਲੇ ਹਫਤੇ ਮੈਟਰੋਪੋਲੀਟਨ ਟਰਾਂਸਪੋਰਟੇਸਨ ਅਥਾਰਟੀ (ਐਮ.ਟੀ.ਏ) ਦੀ ਬੱਸ ਵਿਚ ਸਵਾਰ ਸਿੱਖ ਨੌਜਵਾਨ ਉਤੇ ਹਮਲਾ ਕਰਨ ਦੇ ਦੋਸ਼ ਵਿਚ 26 ਸਾਲਾ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਸ ਉਤੇ ਨਫਰਤੀ ਅਪਰਾਧ ਦੇ ਹਮਲੇ ਦਾ ਦੋਸ਼ ਲਗਾਇਆ ਗਿਆ ਹੈ। ਈਸਟ ਹਾਰਲੇਮ ਦੇ ਰਹਿਣ ਵਾਲੇ ਕ੍ਰਿਸਟੋਫਰ ਫਿਲੀਪੀਓਕਸ ਨੇ 19 ਸਾਲਾ ਮਨੀ ਸੰਧੂ ਨੂੰ ਕਈ ਵਾਰ ਮੁੱਕੇ ਮਾਰੇ ਅਤੇ ਉਸ ਨੇ ਇਸ ਦੌਰਾਨ ਉਸ ਦੀ ਪੱਗ ਲਾਹੁਣ ਦੀ ਵੀ ਲਗਾਤਾਰ ਕੋਸ਼ਿਸ਼ ਕੀਤੀ ਸੀ।

ਨਿਊ ਯਾਰਕ ਸਿਟੀ ਵਿਚ ਮੈਟਰੋਪੋਲੀਟਨ ਟਰਾਂਸਪੋਰਟੇਸਨ ਅਥਾਰਟੀ (ਐਮ.ਟੀ.ਏ.) ਦੀ ਬੱਸ ਵਿਚ ਹਮਲੇ ਤੋਂ ਬਾਅਦ ਸਿੱਖ ਨੌਜਵਾਨ ਨੇ ਕਿਹਾ ਸੀ ਕਿ ਉਹ ਇਸ ਘਟਨਾ ਕਾਰਨ ਨਾਰਾਜ਼ ਹੈ ਅਤੇ ਅੰਦਰੋਂ ਵੀ ਬੁਰੀ ਤਰ੍ਹਾਂ ਹਿੱਲ ਗਿਆ ਹੈ ਕਿ ਕਿਸੇ ਨਾਲ ਇਸ ਤਰ੍ਹਾਂ ਵੀ ਵਾਪਰ ਸਕਦਾ ਹੈ।

ਰਿਚਮੰਡ ਹਿੱਲ ਵਿਚ 118ਵੀਂ ਸਟਰੀਟ ਅਤੇ ਲਬਿਰਟੀ ਐਵੇਨਿਊ ਨੇੜੇ 19 ਸਾਲਾ ਸਿੱਖ ਨੌਜਵਾਨ ਜਦੋਂ ਸਫਰ ਕਰ ਰਿਹਾ ਸੀ ਤਾਂ ਬੱਸ ਵਿਚ ਇਕ ਵਿਅਕਤੀ ਨੇ ਉਸ ਦੇ ਕਈ ਵਾਰ ਮੁੱਕੇ ਮਾਰੇ ਤੇ ਪੱਗ ਲਾਹੁਣ ਦੀ ਕੋਸ਼ਿਸ਼ ਕੀਤੀ। ਪੀੜਤ ਨੇ ਕਿਹਾ,'ਮੇਰਾ ਮੰਨਣਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਸਿਰਫ ਇਸ ਲਈ



ਕੁੱਟਿਆ ਜਾਂ ਤੰਗ ਨਹੀਂ ਕੀਤਾ ਜਾ ਸਕਦਾ ਕਿ ਉਹ ਦਿਸਦਾ ਕਿਵੇਂ ਹੈ। ਹਰ ਕਿਸੇ ਨੂੰ ਸ਼ਾਂਤੀ ਨਾਲ ਰਹਿਣ ਦਾ ਹੱਕ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਊ ਯਾਰਕ ਵਿਚ ਇਕ ਸਿੱਖ ਨੌਜਵਾਨ 'ਤੇ ਹੋਏ ਨਸਲੀ ਹਮਲੇ ਦੀ ਨਿਖੇਧੀ ਕਰਦਿਆਂ ਇਸ ਘਟਨਾ ਦੇ ਮੁਲਜ਼ਮਾਂ ਖਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਿੱਖ ਜਿਸ ਵੀ ਖਿੱਤੇ ਵਿਚ ਵਸੇ ਹਨ, ਉਨ੍ਹਾਂ ਨੇ ਉਥੋਂ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ ਹੈ। ਅੱਜ ਵੱਖ-ਵੱਖ ਦੇਸ਼ਾਂ ਅੰਦਰ ਸਿੱਖ ਵੱਖ-ਵੱਖ ਪਦਵੀਆਂ 'ਤੇ ਕਾਰਜ ਕਰ ਰਹੇ ਹਨ ਪਰ ਜਦੋਂ ਸਿੱਖਾਂ ਵਿਰੁੱਧ ਅਜਿਹੀਆਂ ਨਫ਼ਰਤੀ ਘਟਨਾਵਾਂ ਵਾਪਰਦੀਆਂ ਹਨ ਤਾਂ ਕੌਮ ਅੰਦਰ ਰੋਸ ਪੈਦਾ ਹੁੰਦਾ ਹੈ।

## ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਲਈ ਜਨਰਲ ਇਜਲਾਸ 8 ਨੂੰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ 8 ਨਵੰਬਰ ਨੂੰ ਜਨਰਲ ਇਜਲਾਸ ਸੱਦਿਆ ਗਿਆ ਹੈ ਜਿਸ ਵਿਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਸਾਲਾਨਾ ਚੋਣ ਹੋਵੇਗੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖ਼ਤੀ ਮੁਹਿੰਮ ਤਹਿਤ ਭਰਵਾਏ 26 ਲੱਖ ਪ੍ਰੋਫਾਰਮੇ ਰਾਸ਼ਟਰਪਤੀ ਕੋਲ ਭੇਜਣ ਵਾਸਤੇ ਪੰਜਾਬ ਦੇ ਰਾਜਪਾਲ ਕੋਲੋਂ ਮੁਲਾਕਾਤ ਵਾਸਤੇ ਮੁੜ ਸਮਾਂ ਮੰਗਿਆ ਹੈ।

# ਨਿਊ ਜਰਸੀ 'ਚ ਸਿੱਖ ਮੇਅਰ ਨੂੰ ਪਰਿਵਾਰ ਸਣੇ ਜਾਨੋਂ ਮਾਰਨ ਦੀ ਧਮਕੀ

**ਨਿਊ ਯਾਰਕ:** ਨਿਊ ਜਰਸੀ ਸੂਬੇ ਵਿਚ ਹੋਬੋਕੇਨ ਸਿਟੀ ਦੇ ਭਾਰਤੀ ਮੂਲ ਦੇ ਸਿੱਖ ਮੇਅਰ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਕਈ ਧਮਕੀ ਪੱਤਰ ਮਿਲੇ ਸਨ ਜਿਨ੍ਹਾਂ ਵਿਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਸੀ। ਸੀ.ਬੀ.ਐਸ. ਨਿਊਜ ਨੇ ਦੱਸਿਆ ਕਿ ਪਿਛਲੇ ਵਰ੍ਹੇ ਰਵੀ ਭੱਲਾ ਨੂੰ ਜੋ ਪੱਤਰ ਮਿਲੇ, ਉਨ੍ਹਾਂ ਵਿਚ ਪਹਿਲਾਂ ਭੱਲਾ ਨੂੰ ਅਸਤੀਫਾ ਦੇਣ ਲਈ ਕਿਹਾ ਗਿਆ ਪਰ ਫਿਰ ਸਿੱਖ ਧਰਮ ਨੂੰ ਲੈ ਕੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਨੂੰ ਪਰਿਵਾਰ ਸਣੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ।

ਰਵੀ ਭੱਲਾ ਨੇ ਸੀ.ਬੀ.ਐਸ. ਨਿਊਜ ਨਾਲ ਇੰਟਰਵਿਊ 'ਚ ਇਹ ਵੀ ਆਖਿਆ ਕਿ ਉਹ ਅਤੇ ਉਨ੍ਹਾਂ ਦਾ ਪਰਿਵਾਰ ਮਜ਼ਬੂਤੀ ਨਾਲ ਡਟੇ ਹਨ ਅਤੇ ਉਨ੍ਹਾਂ ਦੇ ਸ਼ਹਿਰ ਵਿਚ ਨਫਰਤ ਲਈ ਕੋਈ ਥਾਂ ਨਹੀਂ ਹੈ। ਰਵੀ ਭੱਲਾ, ਜਿਹੜੇ ਕਿ ਪਹਿਲੀ ਵਾਰ 2017 'ਚ ਹੋਬੋਕੇਨ ਦੇ ਮੇਅਰ ਚੁਣੇ ਗਏ ਸਨ, ਨੇ ਕਿਹਾ, "ਮੈਨੂੰ ਸਿੱਖ ਪਿਛੋਕੜ ਵਾਲੇ ਅਮਰੀਕੀ ਵਜੋਂ ਇਸ ਸ਼ਹਿਰ ਦਾ ਅਗਵਾਈ




ਕਰਨ ਦਾ ਮਾਣ ਹੈ।" ਉਹ 2021 'ਚ ਫਿਰ ਨਿਰਵਿਰੋਧ ਮੇਅਰ ਚੁਣੇ ਗਏ ਸਨ। ਭੱਲਾ ਨੇ ਕਿਹਾ ਕਿ ਹਮੇਸ਼ਾ ਮਾਣ ਨਾਲ ਦਸਤਾਰ ਸਜਾਉਣ ਵਾਲੇ ਵਿਅਕਤੀ ਨੂੰ ਧਮਕੀ ਭਰੇ ਪੱਤਰਾਂ ਨਾਲ ਨਿਸ਼ਾਨਾ ਬਣਾਇਆ ਗਿਆ।

ਉਨ੍ਹਾਂ ਮੁਤਾਬਕ, "ਸਾਡੇ ਪਰਿਵਾਰ ਨੂੰ ਈਮੇਲ ਰਾਹੀਂ ਧਮਕੀਆਂ ਮਿਲਣੀਆਂ ਸ਼ੁਰੂ ਹੋਈਆਂ।" ਪਹਿਲਾਂ ਪੱਤਰ ਇਕ ਸਾਲ ਤੋਂ ਵੱਧ ਸਮਾਂ ਪਹਿਲਾਂ ਆਇਆ ਜਿਸ 'ਚ ਉਨ੍ਹਾਂ ਨੂੰ ਅਸਤੀਫੇ ਲਈ ਕਿਹਾ ਗਿਆ ਸੀ ਅਤੇ ਦੂਜੇ ਪੱਤਰ ਵਿਚ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਸੀ। ਭੱਲਾ ਨੇ ਦੱਸਿਆ, "ਇਸ ਤੋਂ ਤੁਰਤ ਬਾਅਦ ਤੀਜੀ ਧਮਕੀ, ਜਿਹੜੀ ਸਭ ਤੋਂ ਵੱਧ ਹਿਲਾ ਦੇਣ ਵਾਲੀ ਸੀ, 'ਚ ਕਿਹਾ ਗਿਆ ਕਿ "ਇਹ ਤੁਹਾਡੇ ਲਈ ਆਖਰੀ ਚਿਤਾਵਨੀ ਹੈ। ਜੇ ਤੁਸੀਂ ਤੁਰਤ ਅਸਤੀਫਾ ਨਾ ਦਿੱਤਾ, ਅਸੀਂ ਤੁਹਾਨੂੰ, ਤੁਹਾਡੀ ਪਤਨੀ ਤੇ ਤੁਹਾਡੇ ਬੱਚਿਆਂ ਨੂੰ ਮਾਰ ਦੇਵਾਂਗੇ।" ਉਨ੍ਹਾਂ ਦੱਸਿਆ ਕਿ ਇਸ ਲਈ ਜ਼ਿੰਮੇਵਾਰ ਵਿਅਕਤੀ ਨੂੰ ਫੜ ਲਿਆ ਗਿਆ ਅਤੇ ਉਸ 'ਤੇ ਦੋਸ਼ ਲਾਏ ਗਏ ਪਰ ਇਸ ਪਿੱਛੇ ਜਿਸ ਵਿਅਕਤੀ ਦਾ ਹੱਥ ਸੀ, ਉਹ ਹਾਲੇ ਵੀ ਬਾਹਰ ਹੈ।

# ਪੰਜਾਬ ਭਾਜਪਾ ਨੇ ਵੀ ਐਸ.ਵਾਈ.ਐਲ. ਖਿਲਾਫ ਮਤਾ ਪਾਸ ਕੀਤਾ

**ਚੰਡੀਗੜ੍ਹ:** ਪੰਜਾਬ ਭਾਜਪਾ ਨੇ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਖ਼ਿਲਾਫ਼ ਡਟਣ ਦਾ ਫੈਸਲਾ ਅਤੇ ਇਸ ਨਹਿਰ ਦੇ ਨਿਰਮਾਣ ਵਿਰੁੱਧ ਹਰ ਕੁਰਬਾਨੀ ਦੇਣ ਦਾ ਐਲਾਨ ਵੀ ਕੀਤਾ ਹੈ। ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਪ੍ਰਧਾਨਗੀ ਹੇਠ ਇੱਥੇ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਪੰਜਾਬ ਇਕਾਈ ਨੇ ਐਸ.ਵਾਈ.ਐਲ. 'ਤੇ ਆਪਣਾ ਸਟੈਂਡ ਸਪੱਸ਼ਟ ਕਰ ਦਿੱਤਾ ਹੈ। ਕੋਰ ਕਮੇਟੀ ਦੀ ਮੀਟਿੰਗ ਵਿਚ ਮਤਾ ਪਾਸ ਕੀਤਾ ਗਿਆ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ, ਜ਼ਮੀਨ ਹੇਠ ਵੀ ਪਾਣੀ ਦੀ ਭਾਰੀ ਘਾਟ ਹੈ ਅਤੇ ਦਰਿਆਈ ਪਾਣੀਆਂ ਨੂੰ



ਗੈਰ-ਬੇਸਿਨ ਵਿਚ ਤਬਦੀਲ ਕਰਨ ਨਾਲ ਜ਼ਮੀਨੀ ਪਾਣੀ ਦੀ ਦੁਰਵਰਤੋਂ ਵੀ ਵਧੀ ਹੈ।

ਪੰਜਾਬ ਭਾਜਪਾ ਨੇ ਮੁੱਖ ਮੰਤਰੀ ਦੀ ਪਹਿਲੀ ਨਵੰਬਰ ਦੀ 'ਖੁੱਲ੍ਹੀ ਬਹਿਸ' ਤੋਂ ਪਹਿਲਾਂ ਗੈਰ-ਸਿਆਸੀ ਕਾਨਫਰੰਸ ਕਰਨ ਦਾ ਫੈਸਲਾ ਵੀ ਕੀਤਾ ਹੈ ਜਿਸ ਵਿਚ ਪਾਣੀਆਂ ਦੇ ਮਸਲੇ 'ਤੇ ਚਰਚਾ ਕੀਤੀ ਜਾਵੇਗੀ ਅਤੇ ਸਾਂਝੀ ਲੜਾਈ ਵਿੱਢੀ ਜਾਵੇਗੀ। ਭਾਜਪਾ ਨੇ ਇਸ ਕਾਨਫਰੰਸ ਵਿਚ ਸ਼ਮੂਲੀਅਤ ਲਈ ਕਿਸਾਨ ਧਿਰਾਂ ਅਤੇ ਪੰਜਾਬ ਹਿਤੈਸ਼ੀਆਂ ਨੂੰ ਸੱਦਾ ਦਿੱਤਾ ਹੈ। ਭਾਜਪਾ ਨੇ ਮਤੇ ਵਿਚ ਕਿਹਾ ਕਿ ਆਮ ਆਦਮੀ ਪਾਰਟੀ ਦੂਜੇ ਸੂਬਿਆਂ ਨੂੰ ਪਾਣੀ ਦੇਣ ਦੀ ਤਾਕ ਵਿਚ ਹੈ ਅਤੇ 'ਆਪ' ਦੇ ਗੈਰ-ਪੰਜਾਬੀ ਆਗੂ ਹੁਣ ਦੂਸਰੇ ਸੂਬਿਆਂ ਨਾਲ ਸੌਦਾ ਕਰ ਰਹੇ ਹਨ ਜਦੋਂ ਕਿ ਪੰਜਾਬੀਆਂ ਨੇ 'ਆਪ' ਨੂੰ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਭਾਰੀ ਚੋਣ ਫਤਵਾ ਦਿੱਤਾ ਸੀ। ਸੁਨੀਲ ਜਾਖੜ ਨੇ ਕਿਹਾ ਕਿ ਦੂਜੇ ਸੂਬਿਆਂ ਵਿਚ ਸਿਆਸੀ ਪ੍ਰਭਾਵ ਵਧਾਉਣ ਖਾਤਰ ਪੰਜਾਬ ਦੇ ਕੁਦਰਤੀ ਸਰੋਤ ਦਾਅ 'ਤੇ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਜਾਂ ਫਿਰ ਅਸਤੀਫਾ ਦੇਣ।

### ਰਾਜ ਸਭਾ ਮੈਂਬਰ ਸੰਦੀਪ ਪਾਠਕ ਦਾ ਪੁਤਲਾ ਸਾੜਿਆ

**ਚੰਡੀਗੜ੍ਹ:** ਯੂਥ ਅਕਾਲੀ ਦਲ ਨੇ ਪੰਜਾਬ ਵਿਧਾਨ ਸਭਾ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਰਾਜ ਸਭਾ ਮੈਂਬਰ ਸੰਦੀਪ ਪਾਠਕ ਦਾ ਪੁਤਲਾ ਸਾੜਿਆ। ਉਨ੍ਹਾਂ ਦੀ ਪੁਲਿਸ ਨਾਲ ਹੱਥੋਪਾਈ ਵੀ ਹੋਈ। ਕਈ ਵਰਕਰਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਸੰਦੀਪ ਪਾਠਕ ਪੰਜਾਬ ਤੋਂ ਰਾਜ ਸਭਾ ਮੈਂਬਰ ਮੈਂਬਰ ਬਣੇ ਹਨ ਪਰ ਉਹ ਪਾਣੀ ਦੇ ਮਾਮਲੇ 'ਤੇ ਹਰਿਆਣਾ ਦੀ ਹਮਾਇਤ ਕਰ ਰਹੇ ਹਨ।

# ਵਿਛੜੇ ਭੈਣ-ਭਰਾ ਦਾ ਕਰਤਾਰਪੁਰ 'ਚ ਮੇਲ

**ਲਾਹੌਰ:** ਦੇਸ ਦੀ ਵੰਡ ਦੌਰਾਨ 76 ਸਾਲ ਪਹਿਲਾਂ ਵੱਖ ਹੋਏ ਭੈਣ ਅਤੇ ਭਰਾ ਦਾ ਇਤਿਹਾਸਕ ਕਰਤਾਰਪੁਰ ਸਾਹਿਬ ਲਾਂਘੇ 'ਤੇ ਮੁੜ ਮੇਲ ਹੋ ਗਿਆ। ਇਕ ਪਾਕਿਸਤਾਨੀ ਅਧਿਕਾਰੀ ਨੇ ਕਿਹਾ ਕਿ ਦੋਹਾਂ ਦੀ ਭਾਵੁਕ ਮਿਲਣੀ ਸੋਸ਼ਲ ਮੀਡੀਆ ਰਾਹੀਂ ਸੰਭਵ ਹੋਈ। ਮੁਹੰਮਦ ਇਸਮਾਈਲ ਅਤੇ ਉਸ ਦੀ ਭੈਣ ਸੁਰਿੰਦਰ ਕੌਰ ਕਰਤਾਰਪੁਰ ਦੇ ਗੁਰਦੁਆਰਾ ਦਰਬਾਰ ਸਾਹਿਬ ਪਹੁੰਚੇ ਜਿਥੇ ਦੋਹਾਂ ਨੇ ਇਕ-ਦੂਜੇ ਨੂੰ ਗਲਵਕੜੀ 'ਚ ਲੈ ਕੇ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ।

ਔਕਾਫ ਬੋਰਡ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕਰਤਾਰਪੁਰ ਸਾਹਿਬ ਦੇ ਪ੍ਰਸ਼ਾਸਨ ਨੇ ਦੋਹਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਮਠਿਆਈਆਂ ਤੇ ਲੰਗਰ ਭੇਟ ਕੀਤਾ। ਇਸਮਾਈਲ ਲਾਹੌਰ ਤੋਂ ਲਗਭਗ 200 ਕਿਲੋਮੀਟਰ ਦੂਰ ਪੰਜਾਬ ਸੂਬੇ ਦੇ ਸਾਹੀਵਾਲ ਜ਼ਿਲ੍ਹੇ ਨਾਲ ਸਬੰਧਤ ਹੈ ਅਤੇ ਸੁਰਿੰਦਰ ਕੌਰ ਜਲੰਧਰ ਤੋਂ ਹੈ। ਦੋਹਾਂ ਦੇ ਪਰਿਵਾਰ ਵੰਡ ਤੋਂ ਪਹਿਲਾਂ ਜਲੰਧਰ ਜ਼ਿਲ੍ਹੇ ਦੇ ਸ਼ਾਹਕੋਟ ਕਸਬੇ ਵਿਚ ਰਹਿੰਦੇ ਸਨ ਪਰ ਦੰਗਿਆਂ ਨੇ ਉਨ੍ਹਾਂ ਨੂੰ ਵੱਖ ਕਰ ਦਿੱਤਾ ਸੀ। ਇਕ ਪਾਕਿਸਤਾਨੀ ਪੰਜਾਬੀ ਯੂਟਿਊਬ ਚੈਨਲ ਨੇ ਇਸਮਾਈਲ ਦੀ ਕਹਾਣੀ ਪੋਸਟ ਕੀਤੀ ਸੀ, ਜਿਸ ਮਗਰੋਂ ਆਸਟਰੇਲੀਆ ਤੋਂ ਇਕ ਸਰਦਾਰ ਮਿਸ਼ਨ ਸਿੰਘ ਨੇ ਉਸ ਨਾਲ ਸੰਪਰਕ ਕੀਤਾ ਅਤੇ ਇਸਮਾਈਲ ਨੂੰ ਭਾਰਤ ਵਿਚ ਆਪਣੇ ਲਾਪਤਾ ਪਰਿਵਾਰਕ ਮੈਂਬਰਾਂ ਬਾਰੇ ਜਾਣਕਾਰੀ ਦਿੱਤੀ। ਉਸ ਨੇ ਇਸਮਾਈਲ ਨੂੰ ਸੁਰਿੰਦਰ ਕੌਰ ਦਾ ਟੈਲੀਫੋਨ ਨੰਬਰ ਦਿੱਤਾ ਜਿਸ ਤੋਂ ਬਾਅਦ ਦੋਵੇਂ ਚਚੇਰੇ ਭੈਣ-ਭਰਾ ਨੇ ਗੱਲਬਾਤ ਕੀਤੀ ਅਤੇ ਕਰਤਾਰਪੁਰ ਲਾਂਘੇ ਰਾਹੀਂ ਗੁਰਦੁਆਰਾ ਦਰਬਾਰ ਸਾਹਿਬ ਵਿਖੇ ਮਿਲਣ ਦਾ ਫੈਸਲਾ ਕੀਤਾ। ਭਾਰਤ ਤੋਂ ਆਈ ਸੁਰਿੰਦਰ ਕੌਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਧਾਰਮਿਕ ਰਸਮਾਂ ਵੀ ਨਿਭਾਈਆਂ।



## ਵਿਜੀਲੈਂਸ ਅੱਗੇ ਪੇਸ਼ ਨਹੀਂ ਹੋਏ ਮਨਪ੍ਰੀਤ ਬਾਦਲ

**ਬਠਿੰਡਾ:** ਪਲਾਟ ਖਰੀਦ ਮਾਮਲੇ 'ਚ ਕਥਿਤ ਬੇਨੇਮੀਆਂ ਦੇ ਦੋਸ਼ਾਂ ਵਾਲੇ ਕੇਸ ਦਾ ਸਾਹਮਣਾ ਕਰ ਰਹੇ ਭਾਜਪਾ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਸਾਹਮਣੇ ਪੇਸ਼ ਨਹੀਂ ਹੋਏ। ਜਾਣਕਾਰੀ ਅਨੁਸਾਰ ਆਪਣੀ ਪਿੱਠ 'ਚ ਦਰਦ ਦੇ ਹਵਾਲੇ ਨਾਲ ਉਨ੍ਹਾਂ 10 ਦਿਨਾਂ ਲਈ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਹੈ। ਇਸ ਸਬੰਧੀ ਮਨਪ੍ਰੀਤ ਬਾਦਲ ਦੇ ਵਕੀਲ ਸੁਖਦੀਪ ਸਿੰਘ ਭਿੰਡਰ ਨੇ ਪੀ.ਜੀ.ਆਈ. ਦੇ ਡਾਕਟਰਾਂ ਵੱਲੋਂ ਇਕ ਹਫਤੇ ਲਈ ਦਿੱਤੀ ਆਰਾਮ ਦੀ ਸਲਾਹ ਦਾ ਮੈਡੀਕਲ ਸਰਟੀਫਿਕੇਟ ਅਤੇ ਉਨ੍ਹਾਂ ਦਾ ਪਾਸਪੋਰਟ ਵਿਜੀਲੈਂਸ ਨੂੰ ਸੌਂਪਿਆ ਹੈ। ਐਡਵੋਕੇਟ ਭਿੰਡਰ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਬਾਦਲ ਦੀ ਪਿੱਠ ਵਿਚ ਦਰਦ ਰਹਿਣ ਕਾਰਨ ਉਹ ਤੁਰ-ਫਿਰ ਨਹੀਂ ਸਕਦੇ, ਇਸੇ ਲਈ ਉਨ੍ਹਾਂ ਨੂੰ ਨਿੱਜੀ ਪੇਸ਼ੀ 'ਚ ਛੋਟ ਦੇਣ ਲਈ ਵਿਜੀਲੈਂਸ ਅਧਿਕਾਰੀਆਂ ਨੂੰ ਮੈਡੀਕਲ ਰਿਕਾਰਡ ਦਿੱਤਾ ਗਿਆ ਹੈ।

## ਭਾਰਤ ਦੇ ਸਾਬਕਾ ਕ੍ਰਿਕਟਰ ਬਿਸ਼ਨ ਸਿੰਘ ਬੇਦੀ ਦਾ ਦੇਹਾਂਤ

**ਨਵੀਂ ਦਿੱਲੀ:** ਭਾਰਤ ਦੇ ਸਾਬਕਾ ਕ੍ਰਿਕਟਰ ਬਿਸ਼ਨ ਸਿੰਘ ਬੇਦੀ ਦਾ 77 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ 12 ਸਾਲਾ ਦੇ ਆਪਣੇ ਕੌਮਾਂਤਰੀ ਕਰੀਅਰ ਵਿਚ 67 ਟੈਸਟ ਤੇ 266 ਵਿਕਟਾਂ ਲਈਆਂ ।

ਉਨ੍ਹਾਂ 10 ਇਕ ਦਿਨਾਂ ਮੈਚ ਖੇਡੇ ਤੇ 7 ਵਿਕਟਾਂ ਲਈਆਂ। ਬਿਸ਼ਨ ਸਿੰਘ ਬੇਦੀ, ਇਰਾਪੱਲੀ ਪ੍ਰਸੰਨਾ, ਬੀ.ਐਸ. ਚੰਦਰਸ਼ੇਖਰ ਅਤੇ ਐੱਸ ਵੈਂਕਟਰਾਘਵਨ ਕਦੇ ਭਾਰਤੀ ਸਪਿੰਨ ਦੀ ਮਹਾਨ ਕੜੀ ਸਨ। ਅੰਮ੍ਰਿਤਸਰ ਦੇ ਜੰਮਪਲ ਸਪਿੰਨਰ ਬੇਦੀ ਨੇ ਘਰੇਲੂ ਸਰਕਟ 'ਤੇ ਦਿੱਲੀ ਦੀ ਨੁਮਾਇੰਦਗੀ ਕੀਤੀ। ਘਰੇਲੂ ਕ੍ਰਿਕਟ ਵਿਚ 370 ਮੈਚਾਂ ਵਿਚ 1,560 ਵਿਕਟਾਂ ਲਈਆਂ। ਬਿਸ਼ਨ ਸਿੰਘ ਬੇਦੀ ਨੇ ਆਪਣੇ ਟੈਸਟ ਕਰੀਅਰ ਦੀ ਸ਼ੁਰੂਆਤ 31 ਦਸੰਬਰ 1966 ਨੂੰ ਕੋਲਕਾਤਾ ਦੇ ਇਤਿਹਾਸਕ ਸਟੇਡੀਅਮ ਈਡਨ ਗਾਰਡਨ ਵਿਖੇ ਕੀਤੀ, ਜਦੋਂ ਕਿ ਅਗਸਤ-ਸਤੰਬਰ 1979 ਵਿਚ ਓਵਲ ਵਿਖੇ ਇੰਗਲੈਂਡ ਵਿਰੁੱਧ ਆਪਣਾ ਆਖਰੀ ਟੈਸਟ ਖੇਡਿਆ।

ਦੂਜੇ ਪਾਸੇ ਪਹਿਲਾ ਇਕ ਦਿਨਾਂ ਇੰਗਲੈਂਡ ਖ਼ਿਲਾਫ਼ 13 ਜੁਲਾਈ 1974 ਨੂੰ ਲਾਰਡਜ ਵਿਖੇ ਖੇਡਿਆ ਗਿਆ ਸੀ, ਜਦਕਿ ਆਖਰੀ ਇਕ ਦਿਨਾਂ ਸ੍ਰੀਲੰਕਾ ਖ਼ਿਲਾਫ਼ 16 ਜੂਨ 1979 ਨੂੰ ਮੈਨਚੈਸਟਰ ਵਿਖੇ ਖੇਡਿਆ ਗਿਆ ਸੀ।

## ਕੈਨੇਡਾ: ਵੀਜ਼ਾ ਔਕੜਾਂ ਦੇ ਹੱਲ ਲਈ ਭਾਰਤੀ ਵਿਦੇਸ਼ ਮੰਤਰੀ ਨੂੰ ਪੱਤਰ

**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਦੀਆਂ ਕੁਝ ਗੁਰਦੁਆਰਾ ਕਮੇਟੀਆਂ ਨੇ ਭਾਰਤ ਦੇ ਵਿਦੇਸ਼ ਮੰਤਰੀ ਨੂੰ ਲਿਖੇ ਪੱਤਰ ਵਿਚ ਕੈਨੇਡਾ ਤੋਂ ਭਾਰਤ ਲਈ ਮੁਅੱਤਲ ਕੀਤੀਆਂ ਵੀਜ਼ਾ ਸੇਵਾਵਾਂ ਤੁਰਤ ਚਾਲੂ ਕਰਨ ਦੀ ਮੰਗ ਕੀਤੀ ਹੈ। ਪੱਤਰ ਵਿਚ ਵਤਨ ਗੇੜੀ ਮਾਰਨ ਵਾਲਿਆਂ ਨੂੰ ਦਰਪੇਸ਼ ਔਕੜਾਂ ਬਾਰੇ ਜਾਣੂ ਕਰਾਇਆ ਗਿਆ ਹੈ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਕੁਲਦੀਪ ਸਿੰਘ ਥਾਂਦੀ ਦੇ ਦਸਤਖਤਾਂ ਹੇਠ ਜਾਰੀ ਪੱਤਰ ਨਾਲ ਸੂਬੇ ਦੀਆਂ 15 ਹੋਰ ਗੁਰਦੁਆਰਾ ਕਮੇਟੀਆਂ ਦੀ ਸੂਚੀ ਨੱਥੀ ਕਰ ਕੇ ਸਾਂਝੀ ਮੰਗ ਹੋਣ ਦਾ ਦਾਅਵਾ ਕੀਤਾ ਹੈ।

ਮੰਗ ਪੱਤਰ ਦੀ ਕਾਪੀ ਵੈਨਕੂਵਰ ਸਥਿਤ ਭਾਰਤੀ ਕੌਂਸਲੇਟ ਮੁਨੀਸ਼ ਕੁਮਾਰ ਨੂੰ ਵੀ ਭੇਜੀ ਗਈ ਹੈ। ਪੱਤਰ ਵਿਚ ਈ-ਵੀਜ਼ਾ ਸੇਵਾ ਅਤੇ ਆਊਟ ਸੋਰਸ (ਬੀ.ਐਲ.ਐਸ.) ਏਜੰਸੀ ਰਾਹੀਂ ਦਿੱਤੀਆਂ ਜਾਂਦੀਆਂ ਸੇਵਾਵਾਂ ਤੁਰਤ ਚਾਲੂ ਕਰਕੇ ਭਾਰਤ ਯਾਤਰਾ ਅਤੇ ਵਪਾਰਕ ਰੁਕਾਵਟਾਂ ਦੂਰ ਕਰਨ ਦੀ ਮੰਗ ਦੁਹਰਾ ਕੇ ਵਿਦੇਸ਼ ਮੰਤਰੀ ਵੱਲੋਂ ਗੌਰ ਕਰਨ ਦਾ ਭਰੋਸਾ ਪ੍ਰਗਟ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਰੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਸੂਈ ਭਾਰਤੀ ਖੁਫੀਆ ਏਜੰਸੀਆਂ ਵਲ ਸੇਧਤ ਹੋਣ ਮਗਰੋਂ ਕੈਨੇਡਾ-ਭਾਰਤ ਸਬੰਧਾਂ ਵਿਚ ਪੈਦਾ ਹੋਏ ਤਣਾਅ ਕਰਕੇ ਭਾਰਤ ਸਰਕਾਰ ਨੇ ਕੈਨੇਡਾ ਤੋਂ ਭਾਰਤ ਲਈ ਵੀਜ਼ਾ ਸੇਵਾਵਾਂ ਮੁਅੱਤਲ ਕੀਤੀਆਂ ਹੋਈਆਂ ਹਨ, ਜਿਸ ਕਾਰਨ ਭਾਰਤ ਜਾਣ ਵਾਲੇ ਲੋਕ ਕਾਫੀ ਦਿੱਕਤ ਮਹਿਸੂਸ ਕਰ ਰਹੇ ਹਨ।

## 7 ਮੁਲਕਾਂ ਦੇ ਲੋਕਾਂ ਨੂੰ ਸ੍ਰੀਲੰਕਾ ਜਾਣ ਲਈ ਵੀਜ਼ੇ ਦੀ ਜ਼ਰੂਰਤ ਨਹੀਂ

**ਕੋਲੰਬੋ:** ਸ੍ਰੀਲੰਕਾ ਦੀ ਕੈਬਨਿਟ ਨੇ ਭਾਰਤ ਅਤੇ ਛੇ ਹੋਰ ਦੇਸਾਂ ਦੇ ਨਾਗਰਿਕਾਂ ਲਈ ਵੀਜ਼ਾ ਮੁਕਤ ਦਾਖਲੇ ਦੀ ਪੇਸ਼ਕਸ਼ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸੈਰ-ਸਪਾਟਾ ਮੰਤਰੀ ਹਰੀਨ ਫਰਨਾਂਡੋ ਨੇ ਕਿਹਾ ਕਿ ਮੰਤਰੀ ਮੰਡਲ ਨੇ ਭਾਰਤ, ਚੀਨ, ਰੂਸ, ਮਲੇਸ਼ੀਆ, ਜਾਪਾਨ, ਇੰਡੋਨੇਸ਼ੀਆ ਅਤੇ ਥਾਈਲੈਂਡ ਦੇ ਯਾਤਰੀਆਂ ਲਈ 31 ਮਾਰਚ 2024 ਤੱਕ ਪਾਇਲਟ ਪ੍ਰੋਜੈਕਟ ਦੇ ਤੌਰ ਉਤੇ ਵੀਜ਼ਾ-ਮੁਕਤ ਦਾਖਲੇ ਨੂੰ ਮਨਜ਼ੂਰੀ ਦਿੱਤੀ। ਲੰਕਾ ਦੇ ਸੈਰ-ਸਪਾਟਾ ਉਦਯੋਗ ਦਾ ਟੀਚਾ 2023 ਵਿਚ 22 ਲੱਖ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਦਾ ਹੈ।

## ਮੁੱਖ ਮੰਤਰੀ ਅਤੇ ਰਾਜਪਾਲ ਦਾ ਰੁਖ ਫਿਰ ਅਦਾਲਤ ਵੱਲ

*(ਪਹਿਲੇ ਸਫੇ ਦੀ ਬਾਕੀ)*

ਵਿਚ ਨਾਕਾਮ ਰਹੀ ਹੈ। ਨਸ਼ੇ ਦੀ ਓਵਰਡੋਜ਼ ਨਾਲ ਮੌਤਾਂ ਦੀ ਗਿਣਤੀ ਵਿਚ ਇਕਦਮ ਵਾਧਾ ਸਰਕਾਰ ਦੀਆਂ ਨੀਤੀਆਂ ਉਤੇ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਕੋਟਕਪੂਰਾ-ਬਹਿਬਲ ਗੋਲੀਕਾਂਡ ਮਾਮਲੇ ਉਤੇ ਇਨਸਾਫ ਦਿਵਾਉਣ ਦਾ ਦਮ ਭਰਨ ਵਾਲੀ ਮਾਨ ਸਰਕਾਰ ਨੂੰ ਇਸ ਦੇ ਆਪਣੇ ਹੀ ਵਿਧਾਇਕ ਤੇ ਆਗੂ ਇਸ ਮਸਲੇ ਉਤੇ ਘਰੇ ਰਹੇ ਹਨ। ਗੈਰ-ਕਾਨੂੰਨੀ ਖਣਨ ਵਰਗੇ ਗੰਭੀਰ ਮਸਲੇ ਉਤੇ ਇਸ ਦੇ ਆਪਣੇ ਆਗੂਆਂ ਦੀ ਮਿਲੀਭੁਗਤ ਸਾਹਮਣੇ ਆਉਣ ਪਿੱਛੋਂ ਸਰਕਾਰ ਚੁਫੇਰਿਉਂ ਘਿਰੀ ਹੋਈ ਹੈ।

ਐਸ.ਵਾਈ.ਐਲ. ਇਸ ਸਮੇਂ ਸਰਕਾਰ ਲਈ ਸਭ ਤੋਂ ਵੱਡਾ ਮਸਲਾ ਬਣਿਆ ਹੋਇਆ ਹੈ। ਸੁਪਰੀਮ ਕੋਰਟ ਦੇ ਤਾਜ਼ਾ ਹੁਕਮ ਤੋਂ ਸਾਫ ਹੋ ਗਿਆ ਹੈ ਕਿ ਪੰਜਾਬ ਕਾਨੂੰਨੀ ਪੱਖੋਂ ਲੜਾਈ ਹਾਰ ਗਿਆ ਹੈ ਅਤੇ ਇਹ ਸਮਾਂ ਵਿਰੋਧੀ ਧਿਰਾਂ ਨੂੰ ਨਾਲ ਲੈ ਕੇ ਚੱਲਣ ਦਾ ਹੈ ਪਰ ਮੁੱਖ ਮੰਤਰੀ ਇਸ ਸਮੇਂ ਪਿਛਲੀਆਂ ਸਰਕਾਰਾਂ ਸਿਰ ਸਾਰੀ ਜ਼ਿੰਮੇਵਾਰੀ ਸੁੱਟ ਕੇ ਉਨ੍ਹਾਂ ਨੂੰ ਬਹਿਸ ਲਈ ਵੰਗਾਰ ਰਹੇ ਹਨ। ਹਾਲਾਤ ਇਹ ਹਨ ਕਿ ਰੰਗਲੇ ਪੰਜਾਬ ਦੇ ਵਾਅਦੇ ਨਾਲ ਸੱਤਾ ਵਿਚ ਆਈ ਸਰਕਾਰ ਦੇ ਮੰਤਰੀ ਹੁਣ ਆਖਣ ਲੱਗ ਪਏ ਹਨ ਕਿ ਇਸ ਵਿਚ ਹਾਲੇ ਸਮਾਂ ਲੱਗੇਗਾ।

## ਕਿਸਾਨਾਂ ਮਜ਼ਦੂਰਾਂ ਨੇ ਕਾਰਪੋਰੇਟ ਘਰਾਣਿਆਂ ਅਤੇ ਕੇਂਦਰ ਦੇ ਪੁਤਲੇ ਫੂਕੇ

**ਚੰਡੀਗੜ੍ਹ:** ਪੰਜਾਬ ਵਿਚ ਉੱਤਰੀ ਭਾਰਤ ਦੀਆਂ 18 ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਫਿਰੋਜ਼ਪੁਰ, ਮੁਕਤਸਰ, ਲੁਧਿਆਣਾ, ਬਠਿੰਡਾ, ਮੋਗਾ, ਗੁਰਦਾਸਪੁਰ, ਤਰਨ ਤਾਰਨ, ਅੰਮ੍ਰਿਤਸਰ, ਹੁਸ਼ਿਆਰਪੁਰ, ਕਪੂਰਥਲਾ, ਜਲੰਧਰ ਅਤੇ ਫਾਜ਼ਿਲਕਾ ਵਿਚ ਕੇਂਦਰ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੇ ਪੁਤਲੇ ਫੂਕ ਕੇ ਦਸਹਿਰਾ ਮਨਾਇਆ ਗਿਆ। ਇਕੱਠਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਕਾਰਪੋਰੇਟ ਪੱਖੀ ਅਤੇ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ ਉਤੇ ਕੰਮ ਕਰਨ ਦੇ ਕਾਰਨ ਉਹ ਬੁਰੇ ਦੌਰ ਤੋਂ ਲੰਘ ਰਹੇ ਹਨ। ਇਸ ਲਈ ਅਜੋਕੇ ਸਮੇਂ ਵਿਚ ਇਹ ਬਦੀ ਦਾ ਅਸਲੀ ਪ੍ਰਤੀਕ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਫਸਲਾਂ ਦੀ ਖਰੀਦ 'ਤੇ ਐਮ.ਐਸ.ਪੀ. ਗਾਰੰਟੀ ਨੂੰ ਕਾਨੂੰਨ ਬਣਾ ਕੇ ਸਾਰੀਆਂ ਫਸਲਾਂ ਦਾ ਭਾਅ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਕ ਦਿੱਤਾ ਜਾਵੇ, ਮਨਰੇਗਾ ਤਹਿਤ ਮਜ਼ਦੂਰਾਂ ਨੂੰ ਹਰ ਸਾਲ 200 ਦਿਨ ਰੁਜ਼ਗਾਰ ਦਿੱਤਾ ਜਾਵੇ, ਕਿਸਾਨਾਂ ਅਤੇ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕੀਤਾ ਜਾਵੇ, ਦਿੱਲੀ ਮੋਰਚੇ ਦੌਰਾਨ ਪੁਲਿਸ ਕੇਸ ਰੱਦ ਕੀਤੇ ਜਾਣ, ਲਖੀਮਪੁਰ ਖੀਰੀ ਕਤਲ ਕਾਂਡ ਦਾ ਇਨਸਾਫ ਕੀਤਾ ਜਾਵੇ, ਕਿਸਾਨ ਅੰਦੋਲਨਾਂ ਦੌਰਾਨ ਸ਼ਹੀਦ ਹੋਏ ਕਿਸਾਨ ਮਜ਼ਦੂਰਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਅਤੇ ਹਰ ਪਰਿਵਾਰ ਵਿਚ ਇਕ ਸਰਕਾਰੀ ਨੌਕਰੀ ਦਿੱਤੀ ਜਾਵੇ, ਭਾਰਤਮਾਲਾ ਯੋਜਨਾ ਵਿਚ ਕਿਸਾਨਾਂ ਨੂੰ ਜ਼ਮੀਨਾਂ ਦਾ ਭਾਅ ਮਾਰਕੀਟ ਰੇਟ ਨਾਲੋਂ ਛੇ ਗੁਣਾਂ ਦਿੱਤਾ ਜਾਵੇ, ਪੰਜਾਬ ਸਣੇ ਪੂਰੇ ਉੱਤਰੀ ਭਾਰਤ ਵਿਚ ਨਸ਼ਿਆਂ 'ਤੇ ਸਖਤੀ ਨਾਲ ਰੋਕ ਲਗਾਈ ਜਾਵੇ।

## 'ਆਪ' ਤੇ ਭਾਜਪਾ ਵੱਲੋਂ ਗੁਰੂ ਘਰਾਂ 'ਤੇ ਕਬਜ਼ੇ ਦੀ ਸਾਜ਼ਿਸ਼: ਮਜੀਠੀਆ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਦਖਲਅੰਦਾਜੀ ਕਰ ਕੇ ਗੁਰੂਧਾਮਾਂ 'ਤੇ ਕਬਜ਼ਾ ਕਰਨ ਦੀ ਸਾਜ਼ਿਸ਼ ਤਹਿਤ ਡੇਰਾ ਸਿਰਸਾ ਦੀਆਂ ਵੋਟਾਂ ਵੱਡੀ ਗਿਣਤੀ ਵਿਚ ਬਣਾਈਆਂ ਜਾ ਰਹੀਆਂ ਹਨ ਜੋ ਕਿ ਆਮ ਆਦਮੀ ਪਾਰਟੀ ਅਤੇ ਭਾਜਪਾ ਦੀ ਸਾਜ਼ਿਸ਼ ਦਾ ਹਿੱਸਾ ਹੈ। ਇਸ ਗੱਲ ਦਾ ਪ੍ਰਗਟਾਵਾ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਇਕ ਮਹੰਤ ਨੂੰ ਹਰਿਆਣਾ ਕਮੇਟੀ 'ਤੇ ਕਾਬਜ਼ ਕਰਵਾਇਆ ਗਿਆ ਅਤੇ ਜੋ ਦਿੱਲੀ ਗੁਰਦੁਆਰਾ ਕਮੇਟੀ ਪੰਥ ਵਿਰੋਧੀ ਕਾਰਵਾਈਆਂ ਕਰ ਰਹੀ ਹੈ, ਉਸ ਨੂੰ ਲੋਕ ਬਾਖੂਬੀ ਜਾਣਦੇ ਹਨ, ਲੋਕ ਇਨ੍ਹਾਂ ਨੂੰ ਮੂੰਹ ਨਹੀਂ ਲਾਉਣਗੇ। ਉਨ੍ਹਾਂ ਸਿੱਖ ਸੰਗਤ ਨੂੰ ਇਸ ਪ੍ਰਤੀ ਚੌਕਸ ਰਹਿਣ ਲਈ ਕਿਹਾ। ਇਸ ਮੌਕੇ ਉਨ੍ਹਾਂ ਸ੍ਰੀ ਕੇਸਗੜ੍ਹ ਸਾਹਿਬ ਵਿਚ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਕੁਝ ਸਮਾਂ ਕੀਰਤਨ ਸਰਵਣ ਕੀਤਾ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |



**Punjab Times**

**Established in 2000**
**24nd Year in Publication**

Published every Saturday
by **A B Publication Inc.**


20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com


**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395


Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**


**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਇਜ਼ਰਾਇਲੀ ਹਮਲਿਆਂ ਕਾਰਨ ਗਾਜ਼ਾ 'ਚ ਹਰ ਪਾਸੇ ਤਬਾਹੀ

**ਖਾਨ ਯੂਨਿਸ:** ਇਜ਼ਰਾਈਲ ਨੇ ਗਾਜ਼ਾ ਪੱਟੀ ਦੇ ਲੋਕਾਂ ਨੂੰ ਦੱਖਣ ਵੱਲ ਜਾਣ ਦੇ ਭਾਵੇਂ ਹੁਕਮ ਦਿੱਤੇ ਹਨ ਪਰ ਉਹ ਕਿਤੇ ਵੀ ਸੁਰੱਖਿਅਤ ਦਿਖਾਈ ਨਹੀਂ ਦੇ ਰਹੇ ਹਨ। ਇਜ਼ਰਾਈਲ ਨੇ ਦੱਖਣ ਸਮੇਤ ਗਾਜ਼ਾ ਪੱਟੀ 'ਚ ਕਈ ਥਾਵਾਂ ਉਤੇ ਹਵਾਈ ਹਮਲੇ ਕੀਤੇ ਜਿਸ 'ਚ ਕਈ ਜਾਨਾਂ ਜਾਣ ਦਾ ਖਦਸ਼ਾ ਹੈ। ਹਮਾਸ ਵੱਲੋਂ ਦੱਖਣੀ ਇਜ਼ਰਾਈਲ 'ਚ ਕੀਤੇ ਹਮਲੇ ਮਗਰੋਂ ਇਜ਼ਰਾਇਲੀ ਫੌਜ ਗਾਜ਼ਾ 'ਚ ਲਗਾਤਾਰ ਹਮਲੇ ਕਰ ਰਹੀ ਹੈ। ਦੱਖਣੀ ਗਾਜ਼ਾ ਦੇ ਸ਼ਹਿਰ ਖਾਨ ਯੂਨਿਸ ਦੀ ਇਕ ਰਿਹਾਇਸ਼ੀ ਇਮਾਰਤ ਸਮੇਤ ਹੋਰ ਥਾਵਾਂ 'ਤੇ ਇਜ਼ਰਾਈਲ ਨੇ ਬੰਬਾਰੀ ਕੀਤੀ। ਨਾਸਿਰ ਹਸਪਤਾਲ ਦੇ ਡਾਕਟਰਾਂ ਦਾ ਦਾਅਵਾ ਹੈ ਕਿ ਉਥੇ ਘੱਟੋ ਘੱਟ 12 ਲਾਸ਼ਾਂ ਅਤੇ ਜ਼ਖ਼ਮੀ ਹਾਲਤ 'ਚ 40 ਵਿਅਕਤੀ ਪਹੁੰਚੇ ਹਨ।



ਇਹ ਬੰਬਾਰੀ ਉਸ ਸਮੇਂ ਹੋਈ ਹੈ ਜਦੋਂ ਇਜ਼ਰਾਈਲ ਨੇ ਮਿਸਰ ਨੂੰ ਗਾਜ਼ਾ 'ਚ ਸੀਮਤ ਮਾਨਵੀ ਸਹਾਇਤਾ ਭੇਜਣ ਦੀ ਇਜਾਜ਼ਤ ਦਿੱਤੀ ਹੈ। ਗਾਜ਼ਾ ਦੇ 23 ਲੱਖ ਲੋਕਾਂ 'ਚੋਂ ਬਹੁਤੇ ਦਿਨ 'ਚ ਇਕ ਸਮੇਂ ਦਾ ਖਾਣਾ ਖਾ ਰਹੇ ਹਨ ਅਤੇ ਗੰਦਾ ਪਾਣੀ ਪੀਣ ਲਈ ਮਜਬੂਰ ਹਨ। ਗਾਜ਼ਾ ਸਿਟੀ 'ਚ 10 ਲੱਖ ਤੋਂ ਜ਼ਿਆਦਾ ਫਲਸਤੀਨੀ ਆਪਣਾ ਘਰ-ਬਾਰ ਛੱਡ ਕੇ ਹੋਰ ਥਾਵਾਂ 'ਤੇ ਚਲੇ ਗਏ ਹਨ। ਬਹੁਤੇ ਲੋਕ ਸੰਯੁਕਤ ਰਾਸ਼ਟਰ ਵੱਲੋਂ ਚਲਾਏ ਜਾ ਰਹੇ ਸਕੂਲਾਂ ਜਾਂ ਰਿਸ਼ਤੇਦਾਰਾਂ ਦੇ ਘਰਾਂ 'ਚ ਰਹਿਣ ਲੱਗ ਪਏ ਹਨ। ਖਾਨ ਯੂਨਿਸ 'ਚ ਇਮਾਰਤ ਦੇ ਮਲਬੇ 'ਚੋਂ ਲੋਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਜਾਰੀ ਸਨ। ਮਲਬੇ ਹੇਠਾਂ ਕਈ ਲੋਕਾਂ ਦੇ ਫਸਣ ਦਾ ਖਦਸ਼ਾ ਜਤਾਇਆ ਗਿਆ ਹੈ।

ਗਾਜ਼ਾ 'ਚ ਹਮਾਸ ਦੀ ਅਗਵਾਈ ਹੇਠਲੀ ਸਰਕਾਰ ਨੇ ਕਿਹਾ ਕਿ ਇਲਾਕੇ 'ਚ ਹਮਲੇ ਨਾਲ ਕਈ ਬੇਕਰੀਆਂ ਵੀ ਤਬਾਹ ਹੋ ਗਈਆਂ ਹਨ। ਇਜ਼ਰਾਇਲੀ ਫੌਜ ਨੇ ਕਿਹਾ ਕਿ ਮਿਸਰ ਦੀ ਸਰਹੱਦ ਨੇੜੇ ਰਾਫਾ 'ਚ ਫਲਸਤੀਨ ਦਾ ਇਕ ਚੋਟੀ ਦਾ ਦਹਿਸ਼ਤਗਰਦ ਮਾਰਿਆ ਗਿਆ ਜਦਕਿ ਗਾਜ਼ਾ 'ਚ ਸੈਂਕੜੇ ਨਿਸ਼ਾਨੇ ਫੁੰਡੇ ਗਏ ਹਨ। ਇਜ਼ਰਾਈਲ ਮੁਤਾਬਕ ਉਹ ਸਿਰਫ ਹਮਾਸ ਦਹਿਸ਼ਤਗਰਦਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਜਦਕਿ ਧੜੇ ਦੇ ਆਗੂ ਅਤੇ ਲੜਾਕੇ ਆਮ ਆਬਾਦੀ 'ਚ ਪਨਾਹ ਲੈ ਰਹੇ ਹਨ। ਮੂਸਾ ਪਰਿਵਾਰ ਨੇ ਗਾਜ਼ਾ ਦੇ ਕਸਬੇ ਦੀਰ ਅਲ-ਬਾਲਾਹ ਨੂੰ ਛੱਡ ਕੇ ਸਥਾਨਕ ਹਸਪਤਾਲ ਨੇੜੇ ਆਪਣੇ ਰਿਸ਼ਤੇਦਾਰ ਦੇ ਤਿੰਨ ਮੰਜ਼ਿਲਾ ਘਰ 'ਚ ਪਨਾਹ ਲਈ ਸੀ ਪਰ ਹਵਾਈ ਹਮਲੇ 'ਚ ਘਰ ਮਲਬੇ 'ਚ ਤਬਦੀਲ ਹੋ ਗਿਆ ਅਤੇ 20 ਔਰਤਾਂ ਤੇ ਬੱਚੇ ਉਸ ਹੇਠਾਂ ਦਬ ਗਏ। ਅਲ-ਜਾਹਰਾ 'ਚ ਤਿੰਨ ਰਿਹਾਇਸ਼ੀ ਟਾਵਰ ਵੀ ਹਵਾਈ ਹਮਲੇ ਦੀ ਮਾਰ ਹੇਠ ਆਏ ਹਨ।

ਗਾਜ਼ਾ ਸਿਹਤ ਮੰਤਰਾਲੇ ਮੁਤਾਬਕ ਜੰਗ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਗਾਜ਼ਾ 'ਚ 3785 ਵਿਅਕਤੀ ਮਾਰੇ ਜਾ ਚੁੱਕੇ ਹਨ ਜਿਨ੍ਹਾਂ 'ਚ ਜ਼ਿਆਦਾਤਰ ਔਰਤਾਂ, ਬੱਚੇ ਅਤੇ ਬਜ਼ੁਰਗ ਸ਼ਾਮਲ ਹਨ। ਇਜ਼ਰਾਈਲ ਦੇ ਰੱਖਿਆ ਮੰਤਰੀ ਯੋਏਵ ਗੈਲੈਂਟ ਨੇ ਸਰਹੱਦ 'ਤੇ ਫੌਜੀ ਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਗਾਜ਼ਾ ਪੱਟੀ ਵਿਚ ਦਾਖਲ ਹੋਣ ਲਈ ਤਿਆਰ ਰਹਿਣ। ਉਂਝ, ਉਨ੍ਹਾਂ ਇਹ ਨਹੀਂ ਦੱਸਿਆ ਕਿ ਜ਼ਮੀਨੀ ਹਮਲਾ ਕਦੋਂ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਜਵਾਨਾਂ ਨਾਲ ਵਾਅਦਾ ਕੀਤਾ ਕਿ ਉਹ ਹੁਣ ਗਾਜ਼ਾ ਅੰਦਰ ਦਾਖਲ ਹੋ ਕੇ ਹੀ ਸ਼ਹਿਰ ਨੂੰ ਦੇਖਣਗੇ। ਅਧਿਕਾਰੀਆਂ ਨੇ ਕਿਹਾ ਕਿ ਕਰੀਬ 12500 ਵਿਅਕਤੀ ਜ਼ਖ਼ਮੀ ਹੋਏ ਹਨ ਅਤੇ 1300 ਹੋਰ ਦੇ ਮਲਬੇ ਹੇਠਾਂ ਦਬੇ ਹੋਣ ਦਾ ਸ਼ੱਕ ਹੈ।

## ਭਾਰਤ ਨੇ ਮੈਡੀਕਲ ਸਹਾਇਤਾ ਤੇ ਹੋਰ ਸਮੱਗਰੀ ਭੇਜੀ

**ਨਵੀਂ ਦਿੱਲੀ:** ਭਾਰਤ ਨੇ ਫਲਸਤੀਨ ਦੇ ਜੰਗ ਪੀੜਤ ਲੋਕਾਂ ਲਈ ਤਕਰੀਬਨ 6.5 ਟਨ ਮੈਡੀਕਲ ਸਹਾਇਤਾ ਅਤੇ 32 ਟਨ ਹੋਰ ਰਾਹਤ ਸਮੱਗਰੀ ਭੇਜੀ ਹੈ। ਇਹ ਸਮੱਗਰੀ ਭਾਰਤੀ ਹਵਾਈ ਸੈਨਾ ਦੇ ਸੀ-17 ਦੇ ਢੋਆ-ਢੁਆਈ ਵਾਲੇ ਜਹਾਜ਼ ਵਿਚ ਭੇਜੀ ਗਈ ਹੈ। ਇਹ ਜਾਣਕਾਰੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ 'ਐਕਸ' ਉਤੇ ਸਾਂਝੀ ਕੀਤੀ ਹੈ। ਉਧਰ, ਸੰਯੁਕਤ ਰਾਸ਼ਟਰ ਦੇ ਆਗੂਆਂ ਅਤੇ ਏਜੰਸੀਆਂ ਨੇ ਮਿਸਰ ਤੋਂ ਰਾਫਾ ਸਰਹੱਦ ਪਾਰ ਕਰ ਕੇ ਗਾਜ਼ਾ ਵਿਚ ਸਹਾਇਤਾ ਭੇਜਣ ਦਾ ਸਵਾਗਤ ਕੀਤਾ ਹੈ।

## ਫਲਸਤੀਨੀਆਂ ਦੇ ਹੱਕ 'ਚ ਮੁਜ਼ਾਹਰਾ

**ਜਲੰਧਰ:** ਇਨਕਲਾਬੀ ਧਿਰਾਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਫਲਸਤੀਨੀ ਲੋਕਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਅਤੇ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਬੰਬਾਰੀ ਖ਼ਿਲਾਫ਼ ਮਾਝਾ-ਦੋਆਬਾ ਜ਼ੋਨ ਪੱਧਰੀ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਤੋਂ ਪਹਿਲਾਂ ਸੈਂਕੜੇ ਲੋਕਾਂ ਨੇ ਦੇਸ ਭਗਤ ਯਾਦਗਾਰ ਹਾਲ ਵਿਚ ਇਕੱਠੇ ਹੋ ਕੇ ਰੈਲੀ ਕੀਤੀ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕਾਮਰੇਡ ਕੰਵਲਜੀਤ ਖੰਨਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਦੇਸ ਫਲਸਤੀਨ ਦੀ ਪ੍ਰਭੂਸੱਤਾ ਲਈ ਲੜ ਰਹੇ ਲੋਕਾਂ ਨਾਲ ਖੜ੍ਹਨ, ਉਨ੍ਹਾਂ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਉਠਾਉਣ ਅਤੇ ਇਜ਼ਰਾਈਲੀ ਬੰਬਾਰੀ ਖ਼ਿਲਾਫ਼ ਵਿਸ਼ਾਲ ਲਾਮਬੰਦੀ ਕਰਨ ਦੀ ਅੱਜ ਜ਼ਰੂਰਤ ਹੈ।

# ਮਿਸਰ ਨੇ ਗਾਜ਼ਾ 'ਚ ਜ਼ਰੂਰੀ ਸਹਾਇਤਾ ਲਈ ਆਪਣੀ ਸਰਹੱਦ ਖੋਲ੍ਹੀ

**ਰਾਫਾਹ:** ਮਿਸਰ ਨੇ ਗਾਜ਼ਾ ਨਾਲ ਲੱਗਦੀ ਆਪਣੀ ਸਰਹੱਦ ਖੋਲ੍ਹ ਦਿੱਤੀ ਹੈ ਤਾਂ ਜੋ ਉਥੇ ਲੋਕਾਂ ਨੂੰ ਜ਼ਰੂਰੀ ਸਹਾਇਤਾ ਪਹੁੰਚਾਈ ਜਾ ਸਕੇ। ਰਾਹਤ ਸਮੱਗਰੀ 'ਚ ਭੋਜਨ, ਪਾਣੀ ਅਤੇ ਦਵਾਈਆਂ ਸ਼ਾਮਲ ਹਨ ਜੋ ਅਜੇ ਦੱਖਣੀ ਗਾਜ਼ਾ 'ਚ ਪਹੁੰਚਾਈਆਂ ਜਾ ਰਹੀਆਂ ਹਨ। ਇਜ਼ਰਾਈਲ ਵੱਲੋਂ ਕੀਤੀ ਗਈ ਘੇਰਾਬੰਦੀ ਦਰਮਿਆਨ ਪਹਿਲੀ ਵਾਰ ਹੈ ਜਦੋਂ ਗਾਜ਼ਾ 'ਚ ਕੋਈ ਮਦਦ ਭੇਜਣੀ ਸ਼ੁਰੂ ਹੋਈ ਹੈ। ਮਿਸਰ ਤੋਂ ਗਾਜ਼ਾ ਲਈ ਜ਼ਰੂਰੀ ਵਸਤਾਂ ਨਾਲ ਭਰੇ 20 ਟਰੱਕ ਰਵਾਨਾ ਹੋਏ। ਸਹਾਇਤਾ ਵਰਕਰਾਂ ਮੁਤਾਬਕ ਗਾਜ਼ਾ ਦੇ ਮਾਨਵੀ ਸੰਕਟ ਨੂੰ ਦੇਖਦਿਆਂ ਇਹ ਮਦਦ ਬਹੁਤ ਥੋੜ੍ਹੀ ਹੈ। ਉਂਜ ਪਿਛਲੇ ਕਈ ਦਿਨਾਂ ਤੋਂ 3 ਹਜ਼ਾਰ ਟਨ ਦੇ ਕਰੀਬ ਸਹਾਇਤਾ ਨਾਲ ਭਰੇ 200 ਤੋਂ ਜ਼ਿਆਦਾ ਟਰੱਕ ਸਰਹੱਦ ਨੇੜੇ ਖੜ੍ਹੇ ਹਨ। ਗਾਜ਼ਾ ਦੇ 23 ਲੱਖ ਫਲਸਤੀਨੀਆਂ, ਜਿਨ੍ਹਾਂ 'ਚੋਂ ਅੱਧੇ ਆਪਣਾ



ਘਰ-ਬਾਰ ਛੱਡ ਚੁੱਕੇ ਹਨ, ਨੂੰ ਖਾਣ ਲਈ ਬਹੁਤ ਘੱਟ ਭੋਜਨ ਅਤੇ ਗੰਦਾ ਪਾਣੀ ਪੀਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਹਸਪਤਾਲਾਂ 'ਚ ਮੈਡੀਕਲ ਸਪਲਾਈ ਨਾ ਦੇ ਬਰਾਬਰ ਹੈ ਅਤੇ ਜਨਰੇਟਰ ਚਲਾਉਣ ਲਈ ਈਂਧਣ ਨਹੀਂ ਮਿਲ ਰਿਹਾ ਹੈ। ਇਜ਼ਰਾਈਲ ਵੱਲੋਂ ਗਾਜ਼ਾ 'ਤੇ ਲਗਾਤਾਰ ਹਵਾਈ ਹਮਲੇ ਕੀਤੇ ਜਾ ਰਹੇ ਹਨ। ਮਿਸਰ ਨੇ ਰਾਹਤ ਸਮੱਗਰੀ ਲਈ ਸਰਹੱਦ ਉਸ ਸਮੇਂ ਖੋਲ੍ਹੀ ਹੈ ਜਦੋਂ ਇਕ ਹਫਤੇ ਤੋਂ ਵੱਧ ਸਮੇਂ ਤੱਕ ਵੱਖ-ਵੱਖ ਵਿਚੋਲਿਆਂ ਨੇ ਉੱਚ ਪੱਧਰ 'ਤੇ ਕੂਟਨੀਤੀ ਰਾਹੀਂ ਇਜ਼ਰਾਈਲ ਉਪਰ ਦਬਾਅ ਬਣਾਇਆ। ਇਨ੍ਹਾਂ ਕੂਟਨੀਤਕਾਂ 'ਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਸ਼ਾਮਲ ਹਨ। ਇਜ਼ਰਾਈਲ ਇਸ ਗੱਲ ਦਾ ਦਬਾਅ ਬਣਾ ਰਿਹਾ ਸੀ ਕਿ ਜਦੋਂ ਤੱਕ ਹਮਾਸ ਬੰਦੀ ਬਣਾਏ ਗਏ ਸਾਰੇ ਲੋਕਾਂ ਨੂੰ ਰਿਹਾਅ ਨਹੀਂ ਕਰਦਾ, ਉਹ ਗਾਜ਼ਾ ਅੰਦਰ ਕੋਈ ਵੀ ਸਾਮਾਨ ਦਾਖਲ ਨਹੀਂ ਹੋਣ ਦੇਵੇਗਾ। ਸੰਯੁਕਤ ਰਾਸ਼ਟਰ ਦੀ ਵਿਸ਼ਵ ਫੂਡ ਪ੍ਰੋਗਰਾਮ ਦੀ ਮੁਖੀ ਸਿੰਡੀ ਮੈਕੇਨ ਨੇ ਖ਼ਬਰ ਏਜੰਸੀ ਨੂੰ ਕਿਹਾ,''ਗਾਜ਼ਾ 'ਚ ਹਾਲਾਤ ਬਹੁਤ ਹੀ ਮਾੜੇ ਹਨ। ਸਾਨੂੰ ਰਾਹਤ ਸਮੱਗਰੀ ਨਾਲ ਭਰੇ ਬਹੁਤ ਹੀ ਜ਼ਿਆਦਾ ਟਰੱਕਾਂ ਦੀ ਲੋੜ ਹੈ।'' ਉਨ੍ਹਾਂ ਕਿਹਾ ਕਿ ਜੰਗ ਤੋਂ ਪਹਿਲਾਂ ਗਾਜ਼ਾ ਅੰਦਰ ਰੋਜ਼ਾਨਾ 400 ਦੇ ਕਰੀਬ ਟਰੱਕ ਦਾਖਲ ਹੋ ਰਹੇ ਸਨ। ਇਜ਼ਰਾਇਲੀ ਫੌਜ ਦੇ ਤਰਜਮਾਨ ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਕਿਹਾ ਕਿ ਗਾਜ਼ਾ 'ਚ ਮਾਨਵੀ ਹਾਲਾਤ ਅਜੇ ਕੰਟਰੋਲ ਹੇਠ ਹਨ। ਉਨ੍ਹਾਂ ਕਿਹਾ ਕਿ ਰਾਹਤ ਸਮੱਗਰੀ ਸਿਰਫ ਦੱਖਣੀ ਗਾਜ਼ਾ 'ਚ ਪਹੁੰਚਾਈ ਜਾ ਰਹੀ ਹੈ, ਇਸ ਦੌਰਾਨ ਇਜ਼ਰਾਈਲ ਨੇ ਆਪਣੇ ਨਾਗਰਿਕਾਂ ਨੂੰ ਮਿਸਰ ਅਤੇ ਜਾਰਡਨ ਛੱਡ ਦੇਣ ਲਈ ਕਿਹਾ ਹੈ।

## ਹਮਾਸ-ਇਜ਼ਰਾਈਲ ਜੰਗ 'ਚ 22 ਪੱਤਰਕਾਰ ਹਲਾਕ

**ਨਿਊ ਯਾਰਕ:** ਪੱਤਰਕਾਰਾਂ ਦੀ ਰਾਖੀ ਸਬੰਧੀ ਨਿਊ ਯਾਰਕ ਆਧਾਰਿਤ ਕਮੇਟੀ ਨੇ ਕਿਹਾ ਹੈ ਕਿ ਹਮਲਿਆਂ ਦੌਰਾਨ ਤੋਂ ਬਾਅਦ ਉਥੇ 22 ਪੱਤਰਕਾਰ ਮਾਰੇ ਗਏ ਹਨ। ਕਮੇਟੀ ਵੱਲੋਂ ਜਾਰੀ ਰਿਪੋਰਟ 'ਚ ਕਿਹਾ ਗਿਆ ਕਿ 20 ਅਕਤੂਬਰ ਤੱਕ ਮਾਰੇ ਗਏ 4 ਹਜ਼ਾਰ ਤੋਂ ਵੱਧ ਲੋਕਾਂ 'ਚ 22 ਪੱਤਰਕਾਰ ਸ਼ਾਮਲ ਹਨ। ਗਾਜ਼ਾ 'ਚ ਤਾਇਨਾਤ ਪੱਤਰਕਾਰਾਂ ਨੂੰ ਵਧੇਰੇ ਜੋਖ਼ਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਇਜ਼ਰਾਈਲ ਵੱਲੋਂ ਉਥੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਮਾਰੇ ਗਏ 22 ਪੱਤਰਕਾਰਾਂ 'ਚੋਂ 18 ਫਲਸਤੀਨੀ, ਇਕ ਇਜ਼ਰਾਇਲੀ ਅਤੇ ਇਕ ਲਬਿਨਾਨੀ ਸ਼ਾਮਲ ਹਨ।

# ਨੋਕੀਆ ਵੱਲੋਂ 14 ਹਜ਼ਾਰ ਮੁਲਾਜ਼ਮਾਂ ਦੀ ਛਾਂਟੀ ਦੀ ਯੋਜਨਾ

**ਹੈਲਿੰਸਕੀ:** ਟੈਲੀਕਾਮ ਉਪਕਰਨ ਬਣਾਉਣ ਵਾਲੀ ਕੰਪਨੀ ਨੋਕੀਆ ਨੇ ਕਿਹਾ ਹੈ ਕਿ ਉਹ ਤੀਜੀ ਤਿਮਾਹੀ 'ਚ ਵਿਕਰੀ ਅਤੇ ਮੁਨਾਫੇ 'ਚ ਗਿਰਾਵਟ ਮਗਰੋਂ ਲਾਗਤ ਘਟਾਉਣ ਲਈ ਦੁਨੀਆ ਭਰ 'ਚ ਆਪਣੇ 14,000 ਮੁਲਾਜ਼ਮਾਂ ਜਾਂ ਅਮਲੇ ਦੀ 16 ਫੀਸਦੀ ਤੱਕ ਕਟੌਤੀ ਕਰਨ ਦੀ ਯੋਜਨਾ ਬਣਾ ਰਹੀ ਹੈ।

ਫਿਨਲੈਂਡ ਦੀ ਕੰਪਨੀ ਨੇ ਕਿਹਾ ਕਿ ਇਸ ਕਦਮ ਦਾ ਮਕਸਦ 'ਮਾਰਕੀਟ ਦੀ ਮੌਜੂਦਾ ਬੇਯਕੀਨੀ ਨਾਲ ਨਜਿੱਠਣ ਲਈ' ਲਾਗਤ ਘਟਾਉਣਾ ਅਤੇ ਪ੍ਰਬੰਧਾਂ ਨੂੰ ਸੁਧਾਰਨਾ ਹੈ। ਨੋਕੀਆ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਕੰਪਨੀ ਦਾ ਉਦੇਸ਼ 2026 ਦੇ ਅੰਤ ਤੱਕ ਆਪਣੇ ਲਾਗਤ ਆਧਾਰ 'ਚ 80 ਕਰੋੜ ਯੂਰੋ (843 ਅਰਬ ਡਾਲਰ) ਤੋਂ 1.2 ਅਰਬ ਯੂਰੋ ਵਿਚਾਲੇ ਕਮੀ ਲਿਆਉਣਾ ਹੈ। ਇਸ ਕਦਮ ਨਾਲ ਕੰਪਨੀ ਦੇ ਕਰਮਚਾਰੀਆਂ ਦੀ ਗਿਣਤੀ ਘਟ ਕੇ 72,000 ਤੋਂ 77,000 ਦੇ ਵਿਚਾਲੇ ਰਹਿ ਜਾਵੇਗੀ, ਜਿਹੜੀ ਹੁਣ 86,000 ਹਜ਼ਾਰ ਹੈ। ਮਾਲੀਏ ਦੇ ਹਿਸਾਬ ਨਾਲ ਕੰਪਨੀ ਦੀ ਸਭ ਤੋਂ ਵੱਡੀ ਯੂਨਿਟ ਮੋਬਾਈਲ ਨੈੱਟਵਰਕ ਕਾਰੋਬਾਰ ਦੀ ਆਮਦਨ 24% ਘਟ ਕੇ 2.16 ਅਰਬ ਯੂਰੋ ਰਹਿ ਗਈ। ਇਸ ਯੂਨਿਟ ਦੇ ਸੰਚਾਲਨ ਲਾਭ 'ਚ 64 ਫੀਸਦ ਗਿਰਾਵਟ ਆਈ ਹੈ। ਇਸ ਦਾ ਮੁੱਖ ਕਾਰਨ ਉੱਤਰੀ ਅਮਰੀਕੀ ਬਾਜ਼ਾਰ ਦਾ ਕਮਜ਼ੋਰ ਰੁਖ ਰਿਹਾ।

# ਕੈਨੇਡੀਅਨ ਡਿਪਲੋਮੈਟ ਮਾਮਲਾ: ਬ੍ਰਿਟੇਨ ਅਤੇ ਅਮਰੀਕਾ ਭਾਰਤ ਨਾਲ ਅਸਹਿਮਤ

**ਵਾਸ਼ਿੰਗਟਨ:** ਬਰਤਾਨੀਆ ਅਤੇ ਅਮਰੀਕਾ ਨੇ 41 ਕੈਨੇਡੀਅਨ ਡਿਪਲੋਮੈਟਾਂ ਦੇ ਭਾਰਤ ਵਿਚੋਂ ਚਲੇ ਜਾਣ 'ਤੇ ਫਿਕਰ ਜ਼ਾਹਿਰ ਕੀਤਾ ਹੈ। ਬਰਤਾਨੀਆ ਨੇ ਕਿਹਾ ਕਿ ਉਹ ਭਾਰਤ ਸਰਕਾਰ ਦੇ ਇਸ ਫੈਸਲੇ ਨਾਲ ਅਸਹਿਮਤ ਹੈ ਜਿਸ ਕਾਰਨ ਇਕ ਸਿੱਖ ਵੱਖਵਾਦੀ ਆਗੂ ਦੀ ਹੱਤਿਆ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਦਰਮਿਆਨ ਜਾਰੀ ਖਿੱਚੋਤਾਣ ਦੇ ਮੱਦੇਨਜ਼ਰ ਕੈਨੇਡਿਆਈ ਡਿਪਲੋਮੈਟਾਂ ਨੂੰ ਨਵੀਂ ਦਿੱਲੀ ਛੱਡਣੀ ਪਈ ਹੈ। ਬਰਤਾਨੀਆ ਦੇ ਵਿਦੇਸ਼, ਰਾਸ਼ਟਰ ਮੰਡਲ ਅਤੇ ਵਿਕਾਸ ਦਫਤਰ (ਐਫ.ਸੀ.ਡੀ.ਓ.) ਦੇ ਇਕ ਬਿਆਨ ਵਿਚ ਕਿਹਾ ਗਿਆ ਕਿ ਇਸ ਕਦਮ ਨਾਲ ਸਿਆਸੀ ਸਬੰਧਾਂ ਨੂੰ ਲੈ ਕੇ ਵੀਏਨਾ ਕਨਵੈਨਸ਼ਨ ਦੇ ਪ੍ਰਭਾਵਸ਼ਾਲੀ ਕੰਮ-ਕਾਜ 'ਤੇ ਅਸਰ ਪਿਆ ਹੈ। ਇਸ ਤੋਂ ਪਹਿਲਾਂ ਕੈਨੇਡਾ ਨੇ ਕਿਹਾ ਕਿ ਉਸ ਨੇ ਮੁਲਕ ਵਿਚ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਜੂਨ ਮਹੀਨੇ ਹੋਈ ਹੱਤਿਆ ਵਿਚ ਭਾਰਤੀ ਏਜੰਟਾਂ ਦੇ ਸ਼ਾਮਲ ਹੋਣ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦਾਅਵਿਆਂ ਉਤੇ ਤਣਾਅਪੂਰਨ ਦੁਵੱਲੇ ਸਬੰਧਾਂ ਦਰਮਿਆਨ ਡਿਪਲੋਮੈਟਾਂ ਦਾ ਇਕਪਾਸੜ ਦਰਜਾ ਵਾਪਸ ਲੈਣ ਸਬੰਧੀ ਭਾਰਤ ਦੀ ਚਿਤਾਵਨੀ ਮਗਰੋਂ 41 ਡਿਪਲੋਮੈਟਾਂ ਨੂੰ ਵਾਪਸ ਬੁਲਾ ਲਿਆ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਨਿੱਝਰ ਦੀ ਹੱਤਿਆ ਵਿਚ ਭਾਰਤੀ ਏਜੰਟਾਂ ਦੇ ਸ਼ਾਮਲ ਹੋਣ ਦੇ ਦੋਸ਼ ਨੂੰ ਖਾਰਜ ਕੀਤਾ ਹੈ ਤੇ ਡਿਪਲੋਮੈਟਾਂ ਦੀ ਵਾਪਸੀ ਸਬੰਧੀ ਵੀਏਨਾ ਕਨਵੈਨਸ਼ਨ ਦੀ ਕਿਸੇ ਉਲੰਘਣਾ ਤੋਂ ਵੀ ਇਨਕਾਰ ਕੀਤਾ ਹੈ।

ਲੰਡਨ ਵਿਚ ਐਫ.ਸੀ.ਡੀ.ਓ. ਦੇ ਇਕ ਬਿਆਨ ਵਿਚ ਕਿਹਾ ਗਿਆ, ''ਮੱਤਭੇਦਾਂ ਨੂੰ ਸੁਲਝਾਉਣ ਲਈ ਸਬੰਧਤ ਰਾਜਧਾਨੀਆਂ ਵਿਚ ਸੰਵਾਦ ਅਤੇ ਡਿਪਲੋਮੈਟਾਂ ਦੀ ਲੋੜ ਹੁੰਦੀ ਹੈ। ਅਸੀਂ ਭਾਰਤ ਸਰਕਾਰ ਤਰਫੋਂ ਲਏ ਗਏ ਫੈਸਲਿਆਂ ਨਾਲ ਸਹਿਮਤ ਨਹੀਂ ਹਾਂ, ਜਿਸ ਦੇ ਸਿੱਟੇ ਵਜੋਂ ਕਈ ਕੈਨੇਡਿਆਈ ਡਿਪਲੋਮੈਟਾਂ ਨੂੰ ਭਾਰਤ ਛੱਡਣਾ ਪਿਆ।'' ਬਿਆਨ ਵਿਚ ਕਿਹਾ ਗਿਆ, ''ਅਸੀਂ ਉਮੀਦ ਕਰਦੇ ਹਾਂ ਕਿ ਸਾਰੇ ਰਾਸ਼ਟਰ ਕੂਟਨੀਤਕ ਸਬੰਧਾਂ 'ਤੇ 1961 ਦੀ ਵੀਏਨਾ ਕਨਵੈਨਸ਼ਨ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਨੂੰ ਬਰਕਰਾਰ ਰੱਖਣਗੇ। ਡਿਪਲੋਮੈਟਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਵਾਲੇ ਵਿਸ਼ੇਸ਼ ਅਧਿਕਾਰਾਂ ਅਤੇ ਛੋਟਾਂ ਨੂੰ ਇਕਤਰਫਾ ਹਟਾਉਣਾ ਵੀਏਨਾ ਕਨਵੈਨਸ਼ਨ ਦੇ ਸਿਧਾਂਤਾਂ ਜਾਂ ਪ੍ਰਭਾਵੀ ਕੰਮ-ਕਾਜ ਦੇ ਅਨੁਕੂਲ ਨਹੀਂ ਹੈ। ਅਸੀਂ ਹਰਦੀਪ ਸਿੰਘ



ਨਿੱਝਰ ਦੀ ਮੌਤ ਦੀ ਸੁਤੰਤਰ ਜਾਂਚ ਲਈ ਭਾਰਤ ਨੂੰ ਕੈਨੇਡਾ ਨਾਲ ਜੁੜਨ ਵਾਸਤੇ ਉਤਸ਼ਾਹਿਤ ਕਰਦੇ ਰਹਾਂਗੇ।'' ਅਮਰੀਕਾ ਨੇ ਵੀ ਇਸ ਮੁੱਦੇ 'ਤੇ ਕੈਨੇਡਾ ਦਾ ਸਮਰਥਨ ਕੀਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਉਹ ਭਾਰਤ ਵਿਚੋਂ ਕੈਨੇਡਿਆਈ ਡਿਪਲੋਮੈਟਾਂ ਦੀ ਵਾਪਸੀ ਤੋਂ ਫਿਕਰਮੰਦ ਹੈ। ਉਨ੍ਹਾਂ ਉਮੀਦ ਜਤਾਈ ਕਿ ਭਾਰਤ ਡਿਪਲੋਮੈਟ ਸਬੰਧਾਂ 'ਤੇ 1961 ਦੀ ਵੀਏਨਾ ਕਨਵੈਨਸ਼ਨ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਦਾ ਪਾਲਣ ਕਰੇਗਾ। ਭਾਰਤ ਨੇ ਕੈਨੇਡਾ ਦੇ 41 ਡਿਪਲੋਮੈਟਾਂ ਦੀ ਦੇਸ਼ ਵਾਪਸੀ ਨੂੰ ਕੌਮਾਂਤਰੀ ਮਾਪਦੰਡਾਂ ਦੀ ਉਲੰਘਣਾ ਵਜੋਂ ਪੇਸ਼ ਕਰਨ ਦੀਆਂ ਕੈਨੇਡਾ ਦੀਆਂ ਕੋਸ਼ਿਸ਼ਾਂ ਨੂੰ ਖਾਰਜ ਕੀਤਾ ਸੀ।

## ਭਾਰਤ ਦਾ ਰਵੱਈਆ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰੇਗਾ: ਟਰੂਡੋ

**ਓਨਟਾਰਿਓ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਓਂਟਾਰਿਓ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਰਤ ਸਰਕਾਰ ਵੱਲੋਂ ਕੈਨੇਡਾ ਦੇ ਡਿਪਲੋਮੈਟਾਂ ਤੋਂ ਕੂਟਨੀਤਕ ਛੋਟਾਂ ਵਾਪਸ ਲਏ ਜਾਣ ਕਾਰਨ ਪੈਦਾ ਹੋਈ ਸਥਿਤੀ ਨਾਲ ਦੋਹਾਂ ਦੇਸ਼ਾਂ ਦੇ ਲੱਖਾਂ ਲੋਕਾਂ ਦੀ ਆਮ ਜ਼ਿੰਦਗੀ ਮੁਸ਼ਕਿਲ ਹੋ ਗਈ ਹੈ। ਟਰੂਡੋ ਨੇ ਕਿਹਾ ਕਿ ਇਹ ਉਨ੍ਹਾਂ ਲਈ ਕਾਫੀ ਚਿੰਤਾ ਵਾਲੀ ਗੱਲ ਹੈ ਕਿਉਂਕਿ ਇਸ ਕਦਮ ਨਾਲ ਲੱਖਾਂ ਲੋਕਾਂ ਦੀ ਜ਼ਿੰਦਗੀ 'ਤੇ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਭਾਰਤ 'ਚੋਂ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢਣ ਨਾਲ ਸੈਰ-ਸਪਾਟੇ ਅਤੇ ਕਾਰੋਬਾਰ ਵੀ ਪ੍ਰਭਾਵਿਤ ਹੋਵੇਗਾ ਅਤੇ ਕੈਨੇਡਾ ਵਿਚ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਵਧਣਗੀਆਂ।

## ਕੌਮਾਂਤਰੀ ਨੇਮਾਂ ਦੀ ਉਲੰਘਣਾ ਨਹੀਂ ਕੀਤੀ: ਭਾਰਤ

**ਨਵੀਂ ਦਿੱਲੀ:** ਕੈਨੇਡਾ ਵੱਲੋਂ ਦੇਸ਼ 'ਚੋਂ ਆਪਣੇ 41 ਡਿਪਲੋਮੈਟਾਂ ਨੂੰ ਵਾਪਸ ਸੱਦੇ ਜਾਣ ਪਿੱਛੋਂ ਭਾਰਤ 'ਤੇ ਕੌਮਾਂਤਰੀ ਨੇਮਾਂ ਦੀ ਉਲੰਘਣਾ ਦੇ ਲਾਏ ਦੋਸ਼ਾਂ ਨੂੰ ਵਿਦੇਸ਼ ਮੰਤਰਾਲੇ ਨੇ ਖਾਰਜ ਕੀਤਾ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਉਸ ਦਾ ਮਕਸਦ ਕੂਟਨੀਤਕ ਸਬੰਧਾਂ ਬਾਰੇ ਵੀਏਨਾ ਸਮਝੌਤੇ ਦੇ ਪ੍ਰਬੰਧਾਂ ਮੁਤਾਬਕ ਦੋਪਾਸੜ ਕੂਟਨੀਤਕ ਸਮਾਨਤਾ ਯਕੀਨੀ ਬਣਾਉਣਾ ਹੈ। ਭਾਰਤ ਦੀ ਇਹ ਟਿੱਪਣੀ ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਵੱਲੋਂ ਦੇਸ਼ 'ਚੋਂ ਕੈਨੇਡੀਅਨ ਡਿਪਲੋਮੈਟਾਂ ਨੂੰ ਸੱਦਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਆਈ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ, "ਅਸੀਂ ਸਮਾਨਤਾ ਲਾਗੂ ਕਰਨ ਨੂੰ ਕੌਮਾਂਤਰੀ ਨੇਮਾਂ ਦੀ ਉਲੰਘਣਾ ਦਰਸਾਉਣ ਦੀ ਕਿਸੇ ਵੀ ਤਰ੍ਹਾਂ ਦੀ ਕੋਸ਼ਿਸ਼ ਨੂੰ ਖਾਰਜ ਕਰਦੇ ਹਾਂ।"

# ਅਦਾਲਤੀ ਲੜਾਈਆਂ ਨੇ ਪੰਜਾਬ ਦੇ ਖਜ਼ਾਨੇ ਨੂੰ ਰਗੜਾ ਲਾਇਆ

**ਚੰਡੀਗੜ੍ਹ:** ਅਦਾਲਤੀ ਲੜਾਈਆਂ ਨੇ ਪੰਜਾਬ ਦੇ ਖ਼ਜ਼ਾਨੇ ਨੂੰ ਵੱਡਾ ਖੋਰਾ ਲਾਇਆ ਹੈ। ਇਕੱਲੀ ਸਤਲੁਜ ਯਮੁਨਾ ਲਿੰਕ ਨਹਿਰ ਦੀ ਲੜਾਈ ਹੀ ਸਰਕਾਰ ਨੂੰ 23 ਕਰੋੜ 'ਚ ਪਈ ਹੈ। ਇਸ ਤੋਂ ਬਾਅਦ ਕੋਟਕਪੂਰਾ ਗੋਲੀ ਕਾਂਡ ਅਤੇ ਬੇਅਦਬੀ ਮਾਮਲਿਆਂ ਨਾਲ ਸਬੰਧਤ ਕੇਸਾਂ ਵਿਚ ਇਕ ਅਹਿਮਦਾਬਾਦੀ ਵਕੀਲ ਨੇ ਦੋ ਕੇਸਾਂ ਦੇ ਪੰਜਾਬ ਸਰਕਾਰ ਨੂੰ 5.25 ਕਰੋੜ ਦੇ ਬਿੱਲ ਭੇਜੇ ਹਨ। ਇਸ ਵਕੀਲ ਨੇ ਪ੍ਰਤੀ ਵਰਚੁਅਲ ਪੇਸ਼ੀ ਦਾ 25 ਲੱਖ ਰੁਪਏ ਕਲੇਮ ਕੀਤਾ ਸੀ। ਜਦੋਂ ਪੰਜਾਬ ਸਰਕਾਰ ਨੇ ਇਸ 'ਤੇ ਇਤਰਾਜ਼ ਲਗਾ ਦਿੱਤਾ ਤਾਂ ਉਸ ਵਕੀਲ ਨੇ ਪ੍ਰਤੀ ਪੇਸ਼ੀ ਦਾ ਬਿੱਲ ਘਟਾ ਕੇ 17.50 ਲੱਖ ਰੁਪਏ ਬਣਾ ਕੇ ਭੇਜ ਦਿੱਤਾ ਸੀ ਹਾਲਾਂਕਿ ਸਰਕਾਰ ਨੇ ਪ੍ਰਤੀ ਪੇਸ਼ੀ 10 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਸੀ।

ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਕੇਸ ਸਰਕਾਰੀ ਖ਼ਜ਼ਾਨੇ ਨੂੰ ਡੇਢ ਕਰੋੜ 'ਚ ਪਿਆ ਸੀ। ਵਿਧਾਨ ਸਭਾ ਦੇ ਖ਼ਜ਼ਾਨੇ 'ਚੋਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲਾਂ ਨੂੰ ਅਮਰਿੰਦਰ ਸਿੰਘ ਖ਼ਿਲਾਫ਼ ਕੇਸ ਲੜਨ ਬਦਲੇ 1,50,30,815 ਰੁਪਏ ਅਦਾ ਕੀਤੇ ਗਏ ਸਨ। ਆਡਿਟ ਵਿਭਾਗ ਨੇ ਇਸ ਅਦਾਇਗੀ 'ਤੇ ਉਂਗਲ ਧਰੀ ਸੀ। ਇਸੇ ਤਰ੍ਹਾਂ ਹੀ ਮੁਖਤਾਰ ਅੰਸਾਰੀ ਮਾਮਲੇ ਵਿਚ ਕੈਪਟਨ ਸਰਕਾਰ ਨੇ ਫ਼ੀਸ ਵਜੋਂ ਵਕੀਲਾਂ ਨੂੰ 55 ਲੱਖ ਰੁਪਏ ਤਾਰੇ ਸਨ।

ਉਂਜ ਸਤਲੁਜ ਯਮੁਨਾ ਲਿੰਕ ਨਹਿਰ ਦੀ ਕਾਨੂੰਨੀ ਲੜਾਈ ਸਰਕਾਰੀ ਖ਼ਜ਼ਾਨੇ 'ਤੇ ਸਭ ਤੋਂ ਭਾਰੀ ਪਈ। ਅਹਿਮ ਤੱਥ ਸਾਹਮਣੇ ਆਏ ਹਨ ਕਿ ਸਰਕਾਰੀ ਖ਼ਜ਼ਾਨੇ 'ਚੋਂ ਸਾਬਕਾ ਐਡਵੋਕੇਟ ਜਨਰਲਾਂ ਨੂੰ ਵੀ ਭਾਰੀ ਫ਼ੀਸਾਂ ਤਾਰੀਆਂ ਗਈਆਂ ਹਨ। ਸੂਬਾ ਸਰਕਾਰ ਪਾਣੀਆਂ ਦੇ ਅਹਿਮ ਮਸਲੇ ਅੱਗੇ ਵਕੀਲਾਂ ਦੀਆਂ ਫੀਸਾਂ ਨੂੰ ਨਿਗੂਣੀਆਂ ਮੰਨ ਰਹੀ ਹੈ। ਐਸ.ਵਾਈ.ਐਲ. ਦੇ ਮਾਮਲੇ ਉਤੇ ਪੰਜਾਬ 'ਕਰੋ ਜਾਂ ਮਰੋ' ਦੀ ਲੜਾਈ ਲੜ ਰਿਹਾ ਹੈ ਹਾਲਾਂਕਿ ਇਹ ਮਾਮਲਾ ਦਹਾਕਿਆਂ ਤੋਂ ਲਟਕਦਾ ਆ ਰਿਹਾ ਹੈ।




ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੂੰ ਲੰਘੇ ਸਾਢੇ ਸੱਤ ਵਰ੍ਹਿਆਂ ਦੌਰਾਨ ਸਤਲੁਜ ਯਮੁਨਾ ਲਿੰਕ ਨਹਿਰ ਦੀ ਸੁਪਰੀਮ ਕੋਰਟ ਵਿਚ ਕਾਨੂੰਨੀ ਲੜਾਈ ਲੜਨ ਵਾਸਤੇ ਵਕੀਲਾਂ ਦੀ ਫੀਸ ਵਜੋਂ 23.29 ਕਰੋੜ ਅਦਾ ਕਰਨੇ ਪਏ ਹਨ। ਪਹਿਲੀ ਜਨਵਰੀ 2016 ਤੋਂ 31 ਮਈ 2023 ਤੱਕ ਸਿਰਫ਼ 13 ਵਕੀਲਾਂ ਦੇ ਬਿੱਲਾਂ ਦੀ ਰਾਸ਼ੀ ਹੀ 23.29 ਕਰੋੜ ਰੁਪਏ ਬਣ ਗਈ ਹੈ। ਸਰਕਾਰ ਵੱਲੋਂ ਬਹੁਤੇ ਬਿੱਲ ਤਾਰ ਦਿੱਤੇ ਗਏ ਹਨ ਜਦੋਂਕਿ ਬਾਕੀ ਪ੍ਰਕਿਰਿਆ ਅਧੀਨ ਹਨ। 'ਆਪ' ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ 1.21 ਕਰੋੜ ਦੀ ਅਦਾਇਗੀ ਕੀਤੀ ਹੈ। ਪਿਛਲੀ ਕਾਂਗਰਸ ਸਰਕਾਰ ਸਮੇਂ ਐਸ.ਵਾਈ.ਐਲ. ਦਾ ਕੇਸ ਲੜਨ ਵਾਲੇ ਵਕੀਲਾਂ ਨੂੰ 6.28 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਬਾਕੀ ਅਦਾਇਗੀ ਕਾਂਗਰਸ ਅਤੇ ਅਕਾਲੀ ਸਰਕਾਰ ਦੇ ਸਮੇਂ ਦੌਰਾਨ ਹੋਈ ਹੈ।

ਖ਼ਾਸ ਗੱਲ ਇਹ ਹੈ ਕਿ ਕੈਪਟਨ ਸਰਕਾਰ ਸਮੇਂ ਤਾਇਨਾਤ ਰਹੇ ਐਡਵੋਕੇਟ ਜਨਰਲ ਅਤੁਲ ਨੰਦਾ ਦਾ ਤਿੰਨ ਵਰ੍ਹਿਆਂ ਦਾ ਬਿੱਲ 60.39 ਲੱਖ ਰੁਪਏ ਦਾ ਬਣਿਆ ਸੀ ਜਦੋਂਕਿ ਮੌਜੂਦਾ ਸਰਕਾਰ ਦੇ ਐਡਵੋਕੇਟ ਜਨਰਲ ਵਿਨੋਦ ਘਈ (ਹੁਣ ਸਾਬਕਾ) ਦਾ ਸੱਤ ਮਹੀਨਿਆਂ ਦਾ ਬਿੱਲ 41 ਲੱਖ ਰੁਪਏ ਦਾ ਬਣਿਆ ਹੈ। ਲੰਘੇ ਸਾਢੇ ਸੱਤ ਸਾਲਾਂ ਦੌਰਾਨ ਸਭ ਤੋਂ ਵੱਧ ਫ਼ੀਸ ਸੀਨੀਅਰ ਐਡਵੋਕੇਟ ਆਰ.ਐਸ. ਸੂਰੀ ਨੂੰ 5.16 ਕਰੋੜ ਦਿੱਤੀ ਗਈ ਹੈ ਜਦੋਂ ਕਿ ਸੀਨੀਅਰ ਵਕੀਲ ਰਾਮ ਜੇਠ ਮਲਾਨੀ ਨੂੰ ਫ਼ੀਸ ਵਜੋਂ 4.08 ਕਰੋੜ ਰੁਪਏ ਦਿੱਤੇ ਗਏ ਹਨ।

'ਆਪ' ਸਰਕਾਰ ਦੇ ਪੌਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਐਸ.ਵਾਈ.ਐਲ. ਦੇ ਮਾਮਲੇ 'ਤੇ ਸੁਪਰੀਮ ਕੋਰਟ ਵਿਚ ਤਿੰਨ ਦਫ਼ਾ ਸੁਣਵਾਈ ਹੋਈ ਹੈ। ਆਖ਼ਰੀ ਸੁਣਵਾਈ ਮੌਕੇ 4 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਐਸ.ਵਾਈ.ਐਲ. ਨਹਿਰ ਦੇ ਸਰਵੇਖਣ ਦੇ ਹੁਕਮ ਜਾਰੀ ਕੀਤੇ ਸਨ ਜਿਸ ਨੂੰ ਲੈ ਕੇ ਪੰਜਾਬ ਵਿਚ ਸਿਆਸਤ ਕਾਫ਼ੀ ਭਖੀ ਹੋਈ ਹੈ। ਇਸ ਮੁੱਦੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਨਵੰਬਰ ਨੂੰ 'ਖੁੱਲ੍ਹੀ ਬਹਿਸ' ਵੀ ਲੁਧਿਆਣਾ ਵਿਚ ਰੱਖੀ ਹੋਈ ਹੈ।

ਪੰਜਾਬ ਸਰਕਾਰ ਵੱਲੋਂ ਜਿਨ੍ਹਾਂ ਹੋਰਨਾਂ ਵਕੀਲਾਂ ਨੂੰ ਭਾਰੀ ਫ਼ੀਸ ਤਾਰੀ ਗਈ ਹੈ, ਉਨ੍ਹਾਂ ਵਿਚ ਸੀਨੀਅਰ ਐਡਵੋਕੇਟ ਆਰ.ਕੇ. ਗਾਂਗੁਲੀ ਦਾ 3.25 ਕਰੋੜ ਰੁਪਏ, ਐਡਵੋਕੇਟ ਆਨ ਰਿਕਾਰਡ ਜੇ.ਐਸ. ਛਾਬੜਾ ਦਾ 3.50 ਕਰੋੜ, ਐਡਵੋਕੇਟ ਵਿਨੇ.ਕੇ. ਸ਼ੈਲੇਂਦਰਾ ਦਾ 2.18 ਕਰੋੜ ਅਤੇ ਐਡਵੋਕੇਟ ਮੋਹਨ ਬੀ. ਕਟਰਕੀ ਦਾ ਬਿੱਲ 1.05 ਕਰੋੜ ਰੁਪਏ ਬਣਿਆ ਸੀ। ਇਸੇ ਤਰ੍ਹਾਂ ਹੀ ਸੀਨੀਅਰ ਵਕੀਲ ਹਰੀਸ਼ ਐਨ ਸਾਲਵੇ ਨੂੰ 94.64 ਲੱਖ ਰੁਪਏ, ਸੀਨੀਅਰ ਵਕੀਲ ਡਾ. ਰਾਜੀਵ ਧਵਨ ਨੂੰ 89.10 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ ਹੈ।

### ਸੁਪਰੀਮ ਕੋਰਟ 'ਚ ਕਾਨੂੰਨੀ ਲੜਾਈ ਵਾਸਤੇ 23.29 ਕਰੋੜ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਲੰਘੇ ਸਾਢੇ ਸੱਤ ਵਰ੍ਹਿਆਂ ਦੌਰਾਨ ਸਤਲੁਜ ਯਮੁਨਾ ਲਿੰਕ ਨਹਿਰ ਦੀ ਸੁਪਰੀਮ ਕੋਰਟ ਵਿਚ ਕਾਨੂੰਨੀ ਲੜਾਈ ਲੜਨ ਵਾਸਤੇ ਵਕੀਲਾਂ ਦੀ ਫੀਸ ਵਜੋਂ 23.29 ਕਰੋੜ ਅਦਾ ਕਰਨੇ ਪਏ ਹਨ। ਪਹਿਲੀ ਜਨਵਰੀ 2016 ਤੋਂ 31 ਮਈ 2023 ਤੱਕ ਸਿਰਫ਼ 13 ਵਕੀਲਾਂ ਦੇ ਬਿੱਲਾਂ ਦੀ ਰਾਸ਼ੀ ਹੀ 23.29 ਕਰੋੜ ਰੁਪਏ ਬਣ ਗਈ ਹੈ। ਸਰਕਾਰ ਵੱਲੋਂ ਬਹੁਤੇ ਬਿੱਲ ਤਾਰ ਦਿੱਤੇ ਗਏ ਹਨ ਜਦੋਂਕਿ ਬਾਕੀ ਪ੍ਰਕਿਰਿਆ ਅਧੀਨ ਹਨ।

# ਕੌਮਾਂਤਰੀ ਕਬੱਡੀ ਖਿਡਾਰੀਆਂ ਵੱਲੋਂ ਹੌਲਦਾਰ ਦੀ ਹੱਤਿਆ

**ਬਰਨਾਲਾ:** ਬਰਨਾਲਾ ਸ਼ਹਿਰ ਵਿਚ ਪੁਲਿਸ ਮੁਲਾਜ਼ਮ ਦਾ ਕਤਲ ਕਰ ਦਿੱਤਾ ਗਿਆ। ਇਹ ਘਟਨਾ ਸ਼ਹਿਰ ਦੇ 25 ਏਕੜ ਏਰੀਏ ਦੀ ਹੈ, ਜਿਥੇ ਰੈਸਟੋਰੈਂਟ ਵਿਚ ਕਬੱਡੀ ਖਿਡਾਰੀਆਂ ਅਤੇ ਰੈਸਟੋਰੈਂਟ ਦੇ ਵਰਕਰਾਂ ਵਿਚ ਝਗੜਾ ਹੋ ਗਿਆ। ਇਸ ਤੋਂ ਬਾਅਦ ਸਿਟੀ ਵਨ ਦੀ ਪੁਲਿਸ ਮੌਕੇ ਉਤੇ ਪੁੱਜੀ ਤਾਂ ਰੈਸਟੋਰੈਂਟ 'ਚ ਲੜਾਈ ਕਰਨ ਵਾਲੇ ਕਬੱਡੀ ਖਿਡਾਰੀਆਂ ਨੂੰ ਕਾਰ 'ਚ ਬੈਠਣ ਲਈ ਕਿਹਾ ਗਿਆ ਅਤੇ ਪੁਲਿਸ ਮੁਲਾਜ਼ਮਾਂ ਨਾਲ ਉਨ੍ਹਾਂ ਦੀ ਬਹਿਸ ਵੀ ਹੋਈ। ਮੁਲਜ਼ਮਾਂ ਨੇ ਹੌਲਦਾਰ ਦਰਸ਼ਨ ਸਿੰਘ ਦੀ ਕੁੱਟਮਾਰ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਸ ਨੂੰ ਸਿਵਲ ਹਸਪਤਾਲ ਬਰਨਾਲਾ ਵਿਖੇ ਦਾਖ਼ਲ ਕਰਵਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਘਟਨਾ ਦੇ ਚਸ਼ਮਦੀਦਾਂ ਅਨੁਸਾਰ ਮੁਲਜ਼ਮ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸਨ। ਪੁਲਿਸ ਮੁਲਾਜ਼ਮ ਨਾਲ ਕੁੱਟਮਾਰ ਕਰਨ ਤੋਂ ਬਾਅਦ ਮੁਲਜ਼ਮਾਂ ਨੇ ਰੈਸਟੋਰੈਂਟ ਦੀ ਭੰਨਤੋੜ ਵੀ ਕੀਤੀ। ਘਟਨਾ ਤੋਂ ਬਾਅਦ ਮੁਲਜ਼ਮ ਫਰਾਰ ਹੋ ਗਏ। ਦਰਸ਼ਨ ਸਿੰਘ ਕਾਫੀ ਸਮੇਂ ਤੋਂ ਥਾਣਾ ਸਿਟੀ ਇਕ ਵਿਚ ਹੌਲਦਾਰ ਵਜੋਂ ਤਾਇਨਾਤ। ਚਸ਼ਮਦੀਦ ਗਵਾਹ ਸਰਬਜੀਤ ਸਿੰਘ ਨੇ ਦੱਸਿਆ ਕਿ ਰਾਤ ਸਮੇਂ 25 ਏਕੜ ਦੇ ਇਲਾਕੇ ਵਿਚ ਰੈਸਟੋਰੈਂਟ ਵਿਚ ਕੁਝ ਕਬੱਡੀ ਖਿਡਾਰੀ ਬੈਠੇ ਸਨ। ਬਿੱਲ ਨੂੰ ਲੈ ਕੇ ਰੈਸਟੋਰੈਂਟ ਮਾਲਕ ਅਤੇ ਕਬੱਡੀ ਖਿਡਾਰੀਆਂ ਵਿਚਾਲੇ ਝਗੜਾ ਹੋ ਜਾਵੇਗਾ। ਇਸ ਤੋਂ ਬਾਅਦ ਰੈਸਟੋਰੈਂਟ ਮਾਲਕਾਂ ਨੇ ਮੌਕੇ ਉਤੇ ਪੁਲਿਸ ਨੂੰ ਬੁਲਾਇਆ। ਮੌਕੇ 'ਤੇ ਪੁੱਜੇ ਪੁਲਿਸ ਮੁਲਾਜ਼ਮਾਂ ਨਾਲ ਬਹਿਸ ਮਗਰੋਂ ਮੁਲਜ਼ਮਾਂ ਨੇ ਪੁਲਿਸ ਮੁਲਾਜ਼ਮ ਦਰਸ਼ਨ ਸਿੰਘ ਦੀ ਕੁੱਟਮਾਰ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਉਸ ਨੂੰ ਉਸ ਦੇ ਸਾਥੀ ਨੇ ਮੁਲਾਜ਼ਮਾਂ ਵੱਲੋਂ ਸਿਵਲ ਹਸਪਤਾਲ ਬਰਨਾਲਾ ਵਿਖੇ ਲਿਆਂਦਾ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਿਸ ਮੁਲਾਜ਼ਮ ਨੂੰ ਮੁਲਜ਼ਮਾਂ ਨੇ ਸੜਕ 'ਤੇ ਸੁੱਟੇ ਜਾਣ ਕਾਰਨ ਉਸ ਦਾ ਸਿਰ ਸੜਕ 'ਤੇ ਵੱਜ ਗਿਆ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਉਸ ਦੀ ਮੌਤ ਹੋ ਗਈ।

# ਝਗੜੇ ਵਿਚ ਜ਼ਖ਼ਮੀ ਹੋਏ ਸਿੱਖ ਬਜ਼ੁਰਗ ਦੀ ਮੌਤ

**ਨਿਊ ਯਾਰਕ:** ਅਮਰੀਕਾ ਦੇ ਨਿਊ ਯਾਰਕ ਸ਼ਹਿਰ ਵਿਚ ਕਾਰ ਹਾਦਸੇ ਤੋਂ ਬਾਅਦ ਹੋਈ ਲੜਾਈ ਵਿਚ ਜ਼ਖ਼ਮੀ ਹੋਏ 66 ਸਾਲਾ ਸਿੱਖ ਬਜ਼ੁਰਗ ਦੀ ਸਿਰ ਵਿਚ ਗੰਭੀਰ ਸੱਟ ਲੱਗਣ ਕਾਰਨ ਮੌਤ ਹੋ ਗਈ। 30 ਸਾਲਾ ਗਿਲਬਰਟ ਆਗਸਟਿਨ ਨੇ ਕਵੀਂਸ ਵਿਚ ਵਾਹਨ ਨਾਲ ਮਾਮੂਲੀ ਟੱਕਰ ਤੋਂ ਬਾਅਦ ਜਸਮੇਰ ਸਿੰਘ ਉਤੇ ਹਮਲਾ ਕਰ ਦਿੱਤਾ। ਪਿਛਲੇ ਹਫਤੇ ਵਿਚ ਨਿਊ ਯਾਰਕ ਵਿਚ ਕਿਸੇ ਸਿੱਖ ਉੱਤੇ ਹਮਲੇ ਦੀ ਇਹ ਦੂਜੀ ਘਟਨਾ ਸੀ। ਪਿਛਲੇ ਹਫਤੇ ਨਿਊ ਯਾਰਕ ਵਿਚ 19 ਸਾਲਾ ਸਿੱਖ ਨੌਜਵਾਨ ਉੱਤੇ ਉਸ ਸਮੇਂ ਹਮਲਾ ਕੀਤਾ ਗਿਆ ਸੀ, ਜਦੋਂ ਉਹ ਬੱਸ ਰਾਹੀਂ ਰਿਚਮੰਡ ਹਿੱਲ ਵਿਚ ਗੁਰਦੁਆਰੇ ਜਾ ਰਿਹਾ ਸੀ। ਕ੍ਰਿਸਟੋਫਰ ਫਿਲਿਪੋ (26) ਨੇ ਨੌਜਵਾਨ ਦੇ ਸਿਰ ਦੇ ਪਿਛਲੇ ਹਿੱਸੇ ਵਿਚ ਮੁੱਕਾ ਮਾਰਿਆ, ਉਸ ਦੀ ਪੱਗ ਉਤਾਰਨ ਦੀ ਕੋਸ਼ਿਸ਼ ਕੀਤੀ ਅਤੇ ਉਸ



ਨੂੰ ਕਿਹਾ, 'ਅਸੀਂ ਇਸ ਦੇਸ ਵਿਚ ਇਹ (ਪੱਗ) ਨਹੀਂ ਬੰਨ੍ਹਦੇ।' ਨਿਊ ਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਜਸਮੇਰ ਸਿੰਘ 'ਤੇ ਹਮਲੇ ਦੀ ਨਿੰਦਾ ਕੀਤੀ ਤੇ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧਤਾ ਪ੍ਰਗਟਾਈ।

ਇਸੇ ਦੌਰਾਨ ਨਿਊ ਯਾਰਕ ਅਤੇ ਅਮਰੀਕਾ ਦੇ ਹੋਰ ਹਿੱਸਿਆਂ ਵਿਚ ਸਿੱਖਾਂ ਵਿਰੁੱਧ ਨਫਰਤੀ ਅਪਰਾਧਾਂ ਦੀਆਂ ਹਾਲ ਹੀ ਦੀਆਂ ਘਟਨਾਵਾਂ ਨੂੰ 'ਨਿੰਦਾਯੋਗ' ਕਾਰਵਾਈਆਂ ਕਰਾਰ ਦਿੰਦਿਆਂ ਅਮਰੀਕੀ ਸੂਬੇ ਨਿਊ ਜਰਸੀ ਦੇ ਹੋਬੋਕਨ ਸ਼ਹਿਰ ਦੇ ਮੇਅਰ ਨੇ ਸਿੱਖਾਂ ਖ਼ਿਲਾਫ਼ ਵੱਧ ਰਹੀ ਨਫਰਤ 'ਤੇ ਚਿੰਤਾ ਪ੍ਰਗਟਾਈ ਹੈ।

ਮੇਅਰ ਰਵੀ ਐੱਸ ਭੱਲਾ ਨੇ ਕਿਹਾ ਕਿ ਦੇਸ 'ਚ ਘੱਟ ਗਿਣਤੀ ਭਾਈਚਾਰੇ ਖ਼ਿਲਾਫ਼ ਅਪਰਾਧ ਹੋ ਰਹੇ ਹਨ ਤੇ ਚਿੰਤਾ ਵਾਲੀ ਗੱਲ ਹੈ। ਮੇਅਰ ਨੇ ਕੁਝ ਦਿਨ ਪਹਿਲਾਂ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਨੂੰ ਕਈ ਚਿੱਠੀਆਂ ਮਿਲੀਆਂ ਹਨ, ਜਿਸ ਵਿਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ।

# ਬਾਇਡਨ ਪ੍ਰਸ਼ਾਸਨ ਵੱਲੋਂ ਐਚ1ਬੀ ਵੀਜ਼ਾ ਪ੍ਰੋਗਰਾਮ 'ਚ ਤਬਦੀਲੀ ਦੀ ਤਜਵੀਜ਼

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਨੇ ਐਚ1ਬੀ ਵਿਦੇਸ਼ੀ ਕਰਮਚਾਰੀ ਪ੍ਰੋਗਰਾਮ ਵਿਚ ਬਦਲਾਅ ਦੀ ਤਜਵੀਜ਼ ਰੱਖੀ ਹੈ ਜਿਸ ਦਾ ਮਕਸਦ ਯੋਗਤਾਵਾਂ ਨੂੰ ਸਟਰੀਮਲਾਈਨ ਕਰਨਾ ਤੇ ਅਸਰਦਾਰ ਬਣਾਉਣਾ, ਐਫ-1 ਵਿਦਿਆਰਥੀਆਂ, ਉੱਦਮਾਂ ਤੇ ਗੈਰ-ਲਾਭਕਾਰੀ ਇਕਾਈਆਂ ਲਈ ਕੰਮ ਕਰਨ ਵਾਲੇ ਲੋਕਾਂ ਨੂੰ ਵੱਧ ਲਚੀਲਾਪਨ ਉਪਲਬਧ ਕਰਾਉਣਾ ਤੇ ਹੋਰ ਪ੍ਰਵਾਸੀ ਕਰਮਚਾਰੀਆਂ ਲਈ ਬਿਹਤਰ ਸਥਿਤੀ ਯਕੀਨੀ ਬਣਾਉਣਾ ਹੈ।

ਇਨ੍ਹਾਂ ਨਿਯਮਾਂ ਨੂੰ ਸੰਸਦ ਵੱਲੋਂ ਤੈਅ ਕੀਤੀ ਗਈ ਇਨ੍ਹਾਂ ਵੀਜ਼ਿਆਂ ਦੀ 60 ਹਜ਼ਾਰ ਦੀ ਗਿਣਤੀ ਵਿਚ ਬਦਲਾਅ ਕੀਤੇ ਬਿਨਾ ਲਿਆਂਦਾ ਜਾ ਰਿਹਾ ਹੈ। ਇਕ ਬਿਆਨ ਵਿਚ ਹੋਮਲੈਂਡ ਸਿਕਿਉਰਿਟੀ ਦੇ ਸਕੱਤਰ ਨੇ ਕਿਹਾ ਕਿ ਬਾਇਡਨ-ਹੈਰਿਸ ਪ੍ਰਸ਼ਾਸਨ ਦਾ ਮੰਤਵ ਆਲਮੀ ਪੱਧਰ ਦੇ ਮਾਹਿਰਾਂ ਨੂੰ ਖਿੱਚਣਾ, ਰੁਜ਼ਗਾਰਦਾਤੇ ਤੋਂ ਬੋਝ ਨੂੰ ਘਟਾਉਣਾ, ਆਵਾਸ ਢਾਂਚੇ ਵਿਚ ਧੋਖਾਧੜੀ ਤੇ ਦੁਰਵਰਤੋਂ ਨੂੰ ਰੋਕਣਾ ਹੈ। ਉਨ੍ਹਾਂ ਕਿਹਾ ਕਿ ਤਜਵੀਜ਼ਾਂ ਨੇਮ ਐਚ1ਬੀ ਰਜਿਸਟਰੇਸ਼ਨ ਦੀ ਚੋਣ ਪ੍ਰਕਿਰਿਆ ਨੂੰ ਬਦਲਣਗੇ ਤਾਂ ਕਿ ਦੁਰਵਰਤੋਂ ਤੇ ਧੋਖਾਧੜੀ ਰੁਕੇ। ਵਰਤਮਾਨ ਪ੍ਰਕਿਰਿਆ ਮੁਤਾਬਕ ਇਕ ਵਿਅਕਤੀ ਦੇ ਨਾਂ 'ਤੇ ਜਿੰਨੀਆਂ ਵੱਧ ਤੋਂ ਵੱਧ ਰਜਿਸਟਰੇਸ਼ਨਾਂ ਆਉਂਦੀਆਂ ਹਨ, ਲਾਟਰੀ ਵਿਚ ਉਸ ਦੇ ਚੁਣੇ




ਜਾਣ ਦੀ ਸੰਭਾਵਨਾ ਵੱਧ ਜਾਂਦੀ ਹੈ। ਜਦਕਿ ਨਵੀਂ ਤਜਵੀਜ਼ ਮੁਤਾਬਕ ਹਰ ਉਹ ਵਿਅਕਤੀ ਜਿਸ ਨੇ ਆਪਣੇ ਵੱਲੋਂ ਰਜਿਸਟਰੇਸ਼ਨ ਕੀਤੀ ਹੈ, ਉਹ ਇਕ ਵਾਰ ਹੀ ਚੋਣ ਪ੍ਰਕਿਰਿਆ ਵਿਚ ਦਾਖ਼ਲ ਹੋਵੇਗਾ, ਉਸ ਦੇ ਨਾਂ ਉਤੇ ਕਿੰਨੀਆਂ ਰਜਿਸਟਰੇਸ਼ਨਾਂ ਹੋਈਆਂ ਹਨ, ਇਸ ਗੱਲ ਨਾਲ ਕੋਈ ਫਰਕ ਨਹੀਂ ਪਏਗਾ। ਇਸ ਨਾਲ ਜਾਇਜ਼ ਰਜਿਸਟਰੇਸ਼ਨ ਦੇ ਚੁਣੇ ਜਾਣ ਦੀ ਸੰਭਾਵਨਾ ਵਧੇਗੀ। ਜ਼ਿਕਰਯੋਗ ਹੈ ਕਿ ਗੈਰ-ਆਵਾਸੀ ਐਚ1ਬੀ ਵੀਜ਼ਾ ਅਮਰੀਕੀ ਕੰਪਨੀਆਂ ਦੀ ਵਿਦੇਸ਼ੀ ਵਰਕਰਾਂ ਨੂੰ ਨਿਯੁਕਤ ਕਰਨ ਵਿਚ ਮਦਦ ਕਰਦਾ ਹੈ। ਇਸ ਦੀ ਮਿਆਦ ਤਿੰਨ ਤੋਂ ਛੇ ਸਾਲਾਂ ਤੱਕ ਹੁੰਦੀ ਹੈ। ਪਰ ਉਹ ਐਚ1ਬੀ ਧਾਰਕ ਜਿਨ੍ਹਾਂ ਗਰੀਨ ਕਾਰਡ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੁੰਦੀ ਹੈ, ਆਪਣੇ ਵਰਕ ਵੀਜ਼ੇ ਨੂੰ ਅਣਮਿੱਥੇ ਸਮੇਂ ਲਈ ਨਵਿਆ ਸਕਦੇ ਹਨ। ਤਕਨੀਕੀ ਕੰਪਨੀਆਂ ਭਾਰਤ ਤੇ ਚੀਨ ਵਰਗੇ ਮੁਲਕਾਂ ਵਿਚੋਂ ਹਰ ਸਾਲ ਹਜ਼ਾਰਾਂ ਮੁਲਾਜ਼ਮਾਂ ਨੂੰ ਅਮਰੀਕਾ ਬੁਲਾਉਂਦੀਆਂ ਹਨ। ਗ੍ਰਹਿ ਮੰਤਰਾਲੇ ਨੇ ਇਨ੍ਹਾਂ ਤਜਵੀਜ਼ਾਂ ਨਿਯਮਾਂ ਨੂੰ ਜਨਤਕ ਕੀਤਾ ਹੈ ਤਾਂ ਕਿ ਹਿੱਤਧਾਰਕ ਇਸ ਉਤੇ ਆਪਣੀਆਂ ਟਿੱਪਣੀਆਂ ਕਰ ਸਕਣ ਤੇ ਪ੍ਰਤੀਕਿਰਿਆ ਦੇ ਸਕਣ। ਮੰਤਰਾਲੇ ਨੇ ਕਿਹਾ ਕਿ ਨਿਯਮਾਂ ਵਿਚ ਤਜਵੀਜ਼ਾਂ ਬਦਲਾਅ ਦਾ ਮੰਤਵ ਯੋਗਤਾਵਾਂ ਦੀ ਲੋੜ ਨੂੰ ਤਰਕਸੰਗਤ ਕਰਨਾ, ਪ੍ਰੋਗਰਾਮ ਨੂੰ ਹੋਰ ਅਸਰਦਾਰ ਬਣਾਉਣਾ, ਰੁਜ਼ਗਾਰਦਾਤੇ ਤੇ ਵਰਕਰਾਂ ਨੂੰ ਵੱਧ ਲਾਭ ਤੇ ਲਚੀਲਾਪਨ ਪ੍ਰਦਾਨ ਕਰਨਾ ਹੈ। ਜ਼ਿਕਰਯੋਗ ਹੈ ਕਿ ਐਚ1ਬੀ ਪ੍ਰੋਗਰਾਮ ਅਮਰੀਕੀ ਰੁਜ਼ਗਾਰਦਾਤਾ ਦੀ ਕਾਨੂੰਨ ਤਹਿਤ ਤੈਅ ਸਾਰੇ ਵਰਕਰ ਸੁਰੱਖਿਆ ਮਾਪਦੰਡਾਂ ਦਾ ਪਾਲਣ ਕਰਦਿਆਂ ਲੋੜੀਂਦੇ ਕਰਮਚਾਰੀਆਂ ਦੀ ਨਿਯੁਕਤੀ ਕਰਨ ਵਿਚ ਮਦਦ ਕਰਦਾ ਹੈ। ਉਹ ਇਹ ਨਿਯੁਕਤੀਆਂ ਆਪਣੀਆਂ ਕਾਰੋਬਾਰੀ ਲੋੜਾਂ ਨੂੰ ਪੂਰੀਆਂ ਕਰਨ ਤੇ ਆਲਮੀ ਬਾਜ਼ਾਰ ਵਿਚ ਮੁਕਾਬਲੇ 'ਚ ਬਣੇ ਰਹਿਣ ਲਈ ਕਰਦੇ ਹਨ।

### ਪਾੜ੍ਹਿਆਂ ਲਈ ਸਿਖਲਾਈ ਪ੍ਰੋਗਰਾਮ 'ਚ ਤਬਦੀਲੀ ਮੰਗੀ

**ਵਾਸ਼ਿੰਗਟਨ:** ਗ੍ਰੈਜੂਏਸ਼ਨ ਕਰ ਰਹੇ ਵਿਦਿਆਰਥੀਆਂ ਤੇ ਉਪਲਬਧ ਐਚ-1ਬੀ ਵੀਜ਼ਿਆਂ ਵਿਚਾਲੇ ਫਰਕ ਬਹੁਤ ਵੱਧ ਹੋਣ ਦਾ ਪੱਖ ਉਭਾਰਦਿਆਂ ਭਾਰਤੀ ਭਾਈਚਾਰੇ ਦੀ ਇਕ ਇਕਾਈ ਨੇ ਬਾਇਡਨ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਵਿਦੇਸ਼ੀ ਵਿਦਿਆਰਥੀਆਂ ਦੇ 'ਆਪਸ਼ਨਲ ਪ੍ਰੈਕਟੀਕਲ ਟਰੇਨਿੰਗ' (ਓ.ਪੀ.ਟੀ.) ਪ੍ਰੋਗਰਾਮ ਵਿਚ ਬਦਲਾਅ ਕੀਤਾ ਜਾਵੇ। 'ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼' ਨੇ ਅਮਰੀਕੀ ਗ੍ਰਹਿ ਮੰਤਰੀ ਅਲੇਜਾਂਦਰੋ ਮਯੋਰਕਾਸ ਨੂੰ ਲਿਖੇ ਇਕ ਪੱਤਰ ਵਿਚ ਕਿਹਾ ਕਿ ਇਸ ਵੱਡੇ ਫਰਕ ਕਾਰਨ ਭਾਰਤੀ ਵਿਦਿਆਰਥੀ ਅਮਰੀਕੀ ਉਦਯੋਗ 'ਚ ਯੋਗਦਾਨ ਦੇ ਮੌਕਿਆਂ ਤੋਂ ਖੁੰਝ ਰਹੇ ਹਨ। ਉਨ੍ਹਾਂ ਵਿਗਿਆਨ, ਤਕਨੀਕ, ਇੰਜੀਨੀਅਰਿੰਗ ਤੇ ਗਣਿਤ ਦੇ ਵਿਸ਼ਿਆਂ ਵਿਚ ਡਿਗਰੀ ਵਾਲੇ ਵਿਦਿਆਰਥੀਆਂ ਲਈ ਓ.ਪੀ.ਟੀ. 24 ਤੋਂ ਵਧਾ ਕੇ 48 ਮਹੀਨੇ ਕਰਨ ਦੀ ਮੰਗ ਕੀਤੀ ਹੈ। ਹੋਰ ਬਦਲਾਅ ਵੀ ਸੁਝਾਏ ਗਏ ਹਨ।

# ਬਹਿਬਲ ਗੋਲੀ ਕਾਂਡ: ਕੁੰਵਰ ਵਿਜੈ ਪ੍ਰਤਾਪ ਨੇ ਘੇਰੀ ਆਪਣੀ ਹੀ ਸਰਕਾਰ

**ਅੰਮ੍ਰਿਤਸਰ:** 'ਆਪ' ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਮੁੜ ਦੋਸ਼ ਲਾਇਆ ਕਿ ਬਹਿਬਲ ਕਲਾਂ ਗੋਲੀ ਕਾਂਡ ਵਿਚ ਮੌਜੂਦਾ ਐਸ.ਆਈ.ਟੀ. ਗਵਾਹਾਂ ਦੇ ਬਿਆਨ ਦੁਬਾਰਾ ਲੈ ਰਹੀ ਹੈ ਅਤੇ ਇਸ ਨਾਲ ਮੁਲਜ਼ਮਾਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਉਨ੍ਹਾਂ ਨੂੰ ਵਿਰੋਧ ਕਰਨ ਲਈ ਮਜਬੂਰ ਕੀਤਾ ਗਿਆ ਹੈ। ਉਨ੍ਹਾਂ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਇਸ ਸਬੰਧੀ ਇਕ ਪੋਸਟ ਵੀ ਪਾਈ ਹੈ ਜਿਸ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਇਕ ਪੁਰਾਣੀ ਵੀਡੀਓ ਵੀ ਅਪਲੋਡ ਕੀਤੀ ਗਈ ਹੈ।

ਵਿਧਾਇਕ ਨੇ ਮੁੱਖ ਮੰਤਰੀ ਦਾ ਨਾਂ ਲਏ ਬਿਨਾ ਉਨ੍ਹਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ "ਹੁਣ ਇਹ ਤੁਹਾਡੀ ਐਸ.ਆਈ.ਟੀ. ਹੈ ਅਤੇ ਤੁਸੀਂ ਗ੍ਰਹਿ ਮੰਤਰੀ ਹੋ। ਐਸ.ਆਈ.ਟੀ. ਗਵਾਹਾਂ ਨੂੰ ਮੁੱਕਰਨ ਲਈ ਮਜਬੂਰ ਕਰ ਰਹੀ ਹੈ ਅਤੇ ਉਨ੍ਹਾਂ ਦੇ ਬਿਆਨ ਦੁਬਾਰਾ ਦਰਜ ਕੀਤੇ ਜਾ ਰਹੇ



ਹਨ ਜਿਸ ਨਾਲ ਮੁਲਜ਼ਮਾਂ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਭਗਵੰਤ ਮਾਨ ਦੀ ਪੁਰਾਣੀ ਵੀਡੀਓ ਵੀ ਅਪਲੋਡ ਕੀਤੀ ਜਿਸ ਵਿਚ ਉਹ ਕਹਿ ਰਹੇ ਹਨ ਕਿ ਉਹ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਜਾਂਚ ਰਿਪੋਰਟ 'ਤੇ ਤੁਰਤ ਕਾਰਵਾਈ ਕਰਨਗੇ।

ਵਿਧਾਇਕ ਨੇ ਪੋਸਟ ਹੁਣ ਉਸ ਵੇਲੇ ਅਪਲੋਡ ਕੀਤੀ ਹੈ ਜਦੋਂ ਬਹਿਬਲ ਕਲਾਂ ਗੋਲੀ ਕਾਂਡ ਦੇ ਪੀੜਤ ਦੇ ਪਰਿਵਾਰਕ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ 'ਤੇ ਕੇਸ ਦੀ ਜਾਂਚ ਦੌਰਾਨ ਕਥਿਤ ਫਰਜ਼ੀ ਗਵਾਹ ਪੇਸ਼ ਕਰਨ ਦਾ ਦੋਸ਼ ਲਾਉਂਦਿਆਂ ਅਦਾਲਤ ਵਿਚ ਪਹੁੰਚ ਕੀਤੀ ਹੈ। ਅਦਾਲਤ ਨੇ ਨਵੀਂ ਐਸ.ਆਈ.ਟੀ. ਨੂੰ ਉਸ ਦੇ ਦੋਸ਼ਾਂ 'ਤੇ ਵਿਚਾਰ ਕਰਨ ਲਈ ਕਿਹਾ ਹੈ।

### ਪੀੜਤ ਵੱਲੋਂ ਕੁੰਵਰ ਖਿਲਾਫ ਹਾਈ ਕੋਰਟ 'ਚ ਸ਼ਿਕਾਇਤ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਦੇ ਮੁੱਖ ਸ਼ਿਕਾਇਤਕਰਤਾ ਸੁਖਰਾਜ ਸਿੰਘ ਨਿਆਮੀਵਾਲਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਲਿਖਤੀ ਸ਼ਿਕਾਇਤ ਕਰਕੇ ਇਲਜ਼ਾਮ ਲਾਏ ਹਨ ਕਿ ਜਾਂਚ ਟੀਮ ਦੇ ਸਾਬਕਾ ਅਧਿਕਾਰੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸਾਜ਼ਿਸ਼ ਤਹਿਤ ਜਾਂਚ ਦੀ ਸੂਚਨਾ ਲੀਕ ਕਰਕੇ ਕੇਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਇਸ ਸ਼ਿਕਾਇਤਕਰਤਾ ਨੇ ਫਰੀਦਕੋਟ ਦੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਵੀ ਸਾਬਕਾ ਜਾਂਚ ਅਧਿਕਾਰੀ ਉੱਪਰ ਗੰਭੀਰ ਇਲਜ਼ਾਮ ਲਾਏ ਸਨ। ਸੁਖਰਾਜ ਸਿੰਘ ਨੇ ਨਿਆਮੀਵਾਲਾ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਦੌਰਾਨ ਕੁਝ ਗਵਾਹਾਂ ਨੂੰ ਜਾਣਬੁੱਝ ਕੇ ਮੁਲਜ਼ਮ ਬਣਾ ਲਿਆ ਅਤੇ ਇਸ ਕਾਂਡ ਦੇ ਇਕ ਮੁੱਖ ਮੁਲਜ਼ਮ ਨੂੰ ਵਾਅਦਾ ਮੁਆਫ ਗਵਾਹ ਬਣਾ ਕੇ ਕੇਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ। ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿਚ ਸਾਬਕਾ ਜਾਂਚ ਅਧਿਕਾਰੀ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

# ਪੰਜਾਬੀ ਗਾਇਕ ਸਿੱਪੀ ਗਿੱਲ ਤੇ ਸਾਥੀਆਂ ਖਿਲਾਫ ਕੇਸ ਦਰਜ

**ਮੁਹਾਲੀ:** ਮੁਹਾਲੀ ਪੁਲਿਸ ਨੇ ਪੰਜਾਬੀ ਗਾਇਕ ਸੰਦੀਪ ਸਿੰਘ ਗਿੱਲ ਉਰਫ ਸਿੱਪੀ ਗਿੱਲ ਅਤੇ ਉਸ ਦੇ ਸਾਥੀਆਂ ਖਿਲਾਫ ਆਈ.ਪੀ.ਸੀ. ਦੀ ਧਾਰਾ 323, 341, 148 ਅਤੇ ਅਸਲਾ ਐਕਟ ਤਹਿਤ ਅਪਰਾਧਿਕ ਕੇਸ ਦਰਜ ਕੀਤਾ ਹੈ। ਇਹ ਕਾਰਵਾਈ ਇਥੋਂ ਦੇ ਸੈਕਟਰ-85 ਦੇ ਵਸਨੀਕ ਅਤੇ ਪ੍ਰਾਪਰਟੀ ਡੀਲਰ ਕਮਲਜੀਤ ਸਿੰਘ ਸ਼ੇਰਗਿੱਲ ਦੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ।

ਗਾਇਕ ਸਿੱਪੀ ਗਿੱਲ ਅਤੇ ਉਸ ਦੇ ਸਾਥੀਆਂ 'ਤੇ ਪਿਸਤੌਲ ਦਿਖਾ ਕੇ ਸ਼ਿਕਾਇਤਕਰਤਾ ਦੀ ਕੁੱਟਮਾਰ ਕਰਨ ਦਾ ਦੋਸ਼ ਹੈ। ਪੀੜਤ ਕਮਲਜੀਤ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਉਹ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਹੈ। ਬੀਤੇ ਦਿਨੀਂ ਉਹ ਹੋਮਲੈਂਡ ਕੌਫ਼ੀ ਸ਼ੌਪ 'ਚੋਂ ਨਿਕਲ ਕੇ ਆਪਣੀ ਗੱਡੀ ਵਿਚ ਬੈਠਣ ਲੱਗਾ ਤਾਂ ਹਨੀ ਖਾਨ ਅਤੇ ਸਨੀ ਸੇਖੋਂ ਨੇ ਉਸ ਨੂੰ ਪਿੱਛੋਂ ਆਵਾਜ਼ ਦੇ ਕੇ ਰੋਕ ਲਿਆ। ਇਸ ਦੌਰਾਨ ਉਥੇ ਪੰਜਾਬੀ ਗਾਇਕ ਸਿੱਪੀ ਗਿੱਲ ਵੀ ਆ ਗਿਆ।

ਸ਼ਿਕਾਇਤਕਰਤਾ ਅਨੁਸਾਰ ਉਕਤ ਵਿਅਕਤੀਆਂ ਨੇ ਉਸ ਦੀ ਛਾਤੀ 'ਤੇ ਪਿਸਤੌਲ ਰੱਖ ਕੇ ਉਸ ਨੂੰ ਧਮਕਾਇਆ ਅਤੇ ਕੁਝ ਹੋਰ ਵਿਅਕਤੀਆਂ ਨੂੰ ਵੀ ਉਥੇ ਸੱਦ ਲਿਆ। ਮਗਰੋਂ ਇਨ੍ਹਾਂ ਸਾਰਿਆਂ ਨੇ ਉਸ ਦੀ ਕੁੱਟਮਾਰ ਕੀਤੀ। ਕਮਲਜੀਤ ਸ਼ੇਰਗਿੱਲ ਅਨੁਸਾਰ ਇਸ ਦੌਰਾਨ ਉਸ ਦਾ ਦੋਸਤ ਤਨਿਸ਼ਕ ਵੀ ਮੌਕੇ 'ਤੇ ਆ ਗਿਆ ਅਤੇ ਇਨ੍ਹਾਂ ਵਿਅਕਤੀਆਂ ਨੇ ਉਸ ਦੇ ਦੋਸਤ ਦੀ ਵੀ ਕੁੱਟਮਾਰ ਕੀਤੀ। ਪੀੜਤ ਪ੍ਰਾਪਰਟੀ ਡੀਲਰ ਅਨੁਸਾਰ ਸਿੱਪੀ ਗਿੱਲ ਨੇ ਸਨੀ ਸੇਖੋਂ ਨੂੰ ਉਸ 'ਤੇ ਫਾਇਰ ਕਰਨ ਲਈ ਵੀ ਕਿਹਾ ਪਰ ਪਿਸਤੌਲ ਲਾਕ ਹੋਣ ਕਾਰਨ ਫਾਇਰ ਨਹੀਂ ਹੋਇਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਕਿਸਾਨਾਂ ਟੌਲ ਪਲਾਜ਼ਿਆਂ 'ਤੇ ਧਰਨੇ ਦੇਣਗੇ

**ਚੰਡੀਗੜ੍ਹ:** ਉੱਤਰ ਭਾਰਤ ਦੀਆਂ 20 ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਦੌਰਾਨ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਵਾਉਣ ਲਈ ਮੁੜ ਤੋਂ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ। ਉਨ੍ਹਾਂ 15 ਨਵੰਬਰ ਤੋਂ ਬਾਅਦ ਸੂਬੇ ਦੇ ਟੌਲ ਪਲਾਜ਼ਿਆਂ ਨੂੰ ਬੰਦ ਕਰ ਕੇ ਧਰਨੇ ਦੇਣ ਦਾ ਐਲਾਨ ਕੀਤਾ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸਾਰੀਆਂ ਫਸਲਾਂ ਦੀ ਖਰੀਦ ਐਮ.ਐਸ.ਪੀ. ਉਤੇ ਯਕੀਨੀ ਕਰਵਾਉਣ ਲਈ ਗਾਰੰਟੀ ਦਾ ਕਾਨੂੰਨ ਬਣਾਇਆ ਜਾਵੇ ਅਤੇ ਸਾਰੀਆਂ ਫਸਲਾਂ ਦਾ ਭਾਅ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਕ ਤੈਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮਨਰੇਗਾ ਤਹਿਤ ਮਜ਼ਦੂਰਾਂ ਨੂੰ 200 ਦਿਨ ਦਾ ਰੁਜ਼ਗਾਰ ਦਿੱਤਾ ਜਾਵੇ, ਨਸ਼ਿਆਂ 'ਤੇ ਰੋਕ ਲਗਾਈ ਜਾਵੇ।

ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਲਈ 50 ਹਜ਼ਾਰ ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ ਜਾਰੀ



ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਦਿੱਲੀ ਮੋਰਚੇ ਦੌਰਾਨ ਦਰਜ ਕੀਤੇ ਪੁਲਿਸ ਕੇਸ ਰੱਦ ਕੀਤੇ ਜਾਣ, ਲਖੀਮਪੁਰ ਖੀਰੀ ਕਤਲਕਾਂਡ ਵਿਚ ਇਨਸਾਫ ਦਿੱਤਾ ਜਾਵੇ। ਇਸ ਦੌਰਾਨ ਉਨ੍ਹਾਂ ਹੋਰ ਮੰਗਾਂ ਦੀ ਮੰਗ ਕੀਤੀ। ਆਗੂਆਂ ਨੇ ਕਿਹਾ ਕਿ ਕਿਸਾਨੀ ਮੰਗਾਂ ਨੂੰ ਮਨਵਾਉਣ ਲਈ ਸਮੂਹ ਕਿਸਾਨ ਜਥੇਬੰਦੀਆਂ ਵਿਚ ਏਕਾ ਜ਼ਰੂਰੀ ਹੈ। ਇਸ ਲਈ ਬਣਾਈ ਚਾਰ ਮੈਂਬਰੀ ਕਮੇਟੀ ਵੱਲੋਂ ਜਗਜੀਤ ਸਿੰਘ ਡੱਲੇਵਾਲ ਦੇ ਐਸ.ਕੇ.ਐਮ. ਗੈਰ ਰਾਜਨੀਤਿਕ ਫਰੰਟ ਅਤੇ 32 ਕਿਸਾਨ ਜਥੇਬੰਦੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ। ਇਸ ਦਾ ਹਾਂ-ਪੱਖੀ ਹੁੰਗਾਰਾ ਮਿਲਿਆ ਹੈ।

# ਹਲਵਾਰਾ ਦੇ ਕੌਮਾਂਤਰੀ ਹਵਾਈ ਅੱਡੇ ਦਾ ਕੰਮ ਹਾਲੇ ਵੀ ਅਧੂਰਾ

**ਗੁਰੂਸਰ ਸੁਧਾਰ:** ਸੱਤਾਧਾਰੀ ਧਿਰ ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਵੱਲੋਂ ਹਵਾਈ ਅੱਡੇ ਦੇ ਨਿਰਮਾਣ ਦਾ ਰੁਕਿਆ ਕੰਮ ਮੁੜ ਸ਼ੁਰੂ ਕਰਨ ਦਾ ਦਾਅਵਾ ਹਕੀਕਤ ਨਾਲ ਮੇਲ ਨਹੀਂ ਖਾਂਦਾ। ਨਿਰਮਾਣ ਅਧੀਨ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਇਕ ਵਾਰ ਫਿਰ ਤੋਂ ਲਾਵਾਰਸ ਪਸ਼ੂਆਂ ਦੀ ਚਰਾਂਦ ਨਜ਼ਰ ਆਉਣ ਲੱਗਾ ਹੈ। ਸਾਲ 2019 ਤੋਂ ਨਿਰਮਾਣ ਅਧੀਨ ਕੌਮਾਂਤਰੀ ਸਿਵਲ ਟਰਮੀਨਲ ਦੀ ਉਸਾਰੀ ਦੀ ਹਕੀਕਤ ਮੁੱਖ ਗੇਟ ਤੋਂ ਹੀ ਕਾਫ਼ੀ ਹੱਦ ਤੱਕ ਨਜ਼ਰ ਆਉਂਦੀ ਹੈ।

ਮੁੱਖ ਗੇਟ ਤੋਂ ਟਰਮੀਨਲ ਬਿਲਡਿੰਗ ਤੱਕ ਸੜਕ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਹੋਰ




ਅੰਦਰੂਨੀ ਸੜਕਾਂ ਵੀ ਤਕਰੀਬਨ ਤਿਆਰ ਹੋ ਚੁੱਕੀਆਂ ਹਨ ਪਰ ਮੁੱਖ ਗੇਟ ਨੂੰ ਪਹੁੰਚ ਮਾਰਗ ਨਾਲ ਜੋੜਦੀ ਸੜਕ ਬਣੀ ਹੀ ਨਹੀਂ ਹੈ ਅਤੇ ਸੇਮ ਨਾਲੇ ਉੱਪਰ ਬਣਨ ਵਾਲੇ ਪੁਲ ਦੀ ਤਾਂ ਹਾਲੇ ਨੀਂਹ ਵੀ ਨਹੀਂ ਪੁੱਟੀ ਗਈ। ਹਵਾਈ ਅੱਡੇ ਦੇ ਟਰਮੀਨਲ ਦੀ ਇਮਾਰਤ ਨੂੰ ਐਪਰਨ ਨਾਲ ਜੋੜਨ ਵਾਲੀ ਮੁੱਖ ਸੜਕ ਅਜੇ ਤੱਕ ਮੁਕੰਮਲ ਨਹੀਂ ਹੋ ਸਕੀ। ਇਸ ਸੜਕ 'ਤੇ ਕੱਚਾ ਮਾਲ ਪਾਏ ਨੂੰ ਕਈ ਮਹੀਨੇ ਬੀਤ ਚੁੱਕੇ ਹਨ ਪਰ ਕੰਕਰੀਟ ਦੀ ਆਖਰੀ ਪਰਤ ਨਹੀਂ ਪਾਈ ਗਈ। ਇਸ ਤੋਂ ਇਲਾਵਾ ਐਪਰਨ ਨੂੰ ਹਵਾਈ ਪੱਟੀ ਨਾਲ ਜੋੜਨ ਵਾਲੇ ਟੈਕਸੀਵੇਅ ਦਾ ਕੰਮ ਵੀ ਅਧੂਰਾ ਹੈ।

ਜਲ ਸਪਲਾਈ ਸਬ ਸਟੇਸ਼ਨ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ। ਹਵਾਈ ਅੱਡੇ ਦੀ ਰੋਸ਼ਨੀ, ਸੀਵਰੇਜ ਨੂੰ ਆਪਸ ਵਿਚ ਜੋੜਨ ਅਤੇ ਸੁੰਦਰੀਕਰਨ ਦਾ ਕੰਮ ਵੀ ਅਧਵਾਟੇ ਹੀ ਲਟਕ ਰਿਹਾ ਹੈ। ਕੁਝ ਜਨਤਕ ਪਖਾਨੇ ਬਣਾਏ ਗਏ ਹਨ, ਪਰ ਇਹ ਕਾਫ਼ੀ ਨਹੀਂ ਹਨ ਅਤੇ ਟਰਮੀਨਲ ਦੇ ਅੰਦਰਲੇ ਪਖਾਨੇ ਵੀ ਅਧੂਰੇ ਪਏ ਹਨ। ਹਵਾਈ ਅੱਡੇ ਦੀ ਪਾਰਕਿੰਗ ਵੀ ਅਜੇ ਤੱਕ ਨਹੀਂ ਬਣੀ ਹੈ। ਟਰਮੀਨਲ ਦੀ ਇਮਾਰਤ ਦਾ ਕਰੀਬ 30 ਫ਼ੀਸਦੀ ਕੰਮ ਬਾਕੀ ਹੈ।

# ਪਟਵਾਰੀਆਂ ਦੀ ਅਸਾਮੀ ਬਾਰੇ ਮਾਨ ਸਰਕਾਰ ਦਾ ਨਵਾਂ ਪੈਂਤੜਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅੰਦਰੋਂ-ਅੰਦਰੀ ਨਵਾਂ ਪੈਂਤੜਾ ਲੈਂਦਿਆਂ ਹੁਣ ਪਟਵਾਰੀ ਦੀ ਅਸਾਮੀ ਨੂੰ ਸਟੇਟ ਕਾਡਰ 'ਚ ਤਬਦੀਲ ਕਰਨ ਦੀ ਤਿਆਰੀ ਵਿੱਢ ਦਿੱਤੀ ਹੈ। ਮਾਲ ਵਿਭਾਗ ਨੇ ਇਸ ਬਾਰੇ ਲੋੜੀਂਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਅਤੇ ਆਉਂਦੇ ਦਿਨਾਂ ਵਿਚ ਪੰਜਾਬ ਸਰਕਾਰ ਵੱਲੋਂ ਇਸ ਦਾ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਹੋਣ ਦੀ ਸੰਭਾਵਨਾ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨਾਂ 'ਚ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਝੋਨੇ ਦੇ ਖਰੀਦ ਪ੍ਰਬੰਧਾਂ ਦੇ ਜਾਇਜ਼ੇ ਲਈ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕੀਤੀ ਸੀ ਤਾਂ ਉਸ ਵੇਲੇ ਪਟਵਾਰੀ ਦੀ ਆਸਾਮੀ ਨੂੰ ਜ਼ਿਲ੍ਹਾ ਕਾਡਰ 'ਚੋਂ ਕੱਢ ਕੇ ਸਟੇਟ ਕਾਡਰ 'ਚ ਤਬਦੀਲ ਕਰਨ ਦਾ ਨੁਕਤਾ ਸਾਹਮਣੇ ਆਇਆ ਸੀ।

ਗੌਰਤਲਬ ਹੈ ਕਿ ਰੈਵੇਨਿਊ ਪਟਵਾਰ ਯੂਨੀਅਨ ਨੇ ਪਹਿਲੀ ਸਤੰਬਰ ਨੂੰ ਕਲਮ ਛੋੜ ਹੜਤਾਲ ਆਰੰਭ ਕੀਤੀ ਸੀ ਜੋ ਹਾਲੇ ਵੀ ਜਾਰੀ ਹੈ। ਪੰਜਾਬ ਭਰ ਦੇ ਪਟਵਾਰੀਆਂ ਨੇ ਵਾਧੂ ਸਰਕਲਾਂ ਵਿਚ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਹੜਤਾਲ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕੀਤਾ ਸੀ। ਉਸ ਮਗਰੋਂ ਪਟਵਾਰ ਯੂਨੀਅਨ ਹਾਈ ਕੋਰਟ ਵੀ ਚਲੀ




ਗਈ ਸੀ ਜਿੱਥੇ ਅਗਲੀ ਸੁਣਵਾਈ ਹੁਣ 31 ਅਕਤੂਬਰ ਨੂੰ ਹੈ। ਮੌਜੂਦਾ ਸਮੇਂ ਪਟਵਾਰੀ ਦਾ ਜ਼ਿਲ੍ਹਾ ਕਾਡਰ ਹੁੰਦਾ ਹੈ ਜਿਸ ਕਰਕੇ ਉਸ ਦੀ ਬਦਲੀ ਜ਼ਿਲ੍ਹੇ ਤੋਂ ਬਾਹਰ ਨਹੀਂ ਹੋ ਸਕਦੀ ਹੈ। ਅਹਿਮ ਸੂਤਰਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਹੁਣ 'ਪੰਜਾਬ ਮਾਲ ਪਟਵਾਰੀ (ਕਲਾਸ ਤਿੰਨ) ਸੇਵਾ ਨਿਯਮ 1966' ਵਿਚ ਸੋਧ ਕਰੇਗੀ ਜਿਸ ਤਹਿਤ ਪਟਵਾਰੀ ਦਾ ਕਾਡਰ ਹੁਣ ਜ਼ਿਲ੍ਹੇ ਤੋਂ ਤਬਦੀਲ ਕਰਕੇ ਸਟੇਟ ਕਾਡਰ ਕੀਤਾ ਜਾਵੇਗਾ। ਸੂਤਰਾਂ ਮੁਤਾਬਕ ਪੰਜਾਬ ਸਰਕਾਰ ਇਸ ਤਰ੍ਹਾਂ ਕਰਕੇ ਪਟਵਾਰੀ ਵਰਗ 'ਤੇ ਨਵਾਂ ਦਬਾਅ ਬਣਾ ਸਕੇਗੀ। ਲੋੜ ਪੈਣ 'ਤੇ ਪਟਵਾਰੀਆਂ ਦੀ ਬਦਲੀ ਦੂਰ-ਦੁਰਾਡੇ ਦੀ ਕਰਨ ਦਾ ਅਖ਼ਤਿਆਰ ਸੂਬਾ ਸਰਕਾਰ ਕੋਲ ਆ ਜਾਵੇਗਾ।

ਮੌਜੂਦਾ ਸਮੇਂ ਪਟਵਾਰੀ ਦੀ ਬਦਲੀ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਜਾਂਦੀ ਹੈ। ਪੰਜਾਬ ਵਿਚ ਇਸ ਵੇਲੇ 4716 ਪਟਵਾਰ ਸਰਕਲ ਹਨ ਜਿਨ੍ਹਾਂ ਵਿਚ 1486 ਰੈਗੂਲਰ ਪਟਵਾਰੀ ਕੰਮ ਕਰ ਰਹੇ ਹਨ ਜਦੋਂ ਕਿ 514 ਸਰਕਲਾਂ ਵਿਚ ਸੇਵਾਮੁਕਤ ਪਟਵਾਰੀ ਤਾਇਨਾਤ ਹਨ। ਜਾਣਕਾਰੀ ਮੁਤਾਬਕ 592 ਪਟਵਾਰੀ ਹੋਰ ਫੀਲਡ ਵਿਚ ਆ ਜਾਣੇ ਹਨ ਜਿਨ੍ਹਾਂ ਨੂੰ ਤਿੰਨ ਮਹੀਨੇ ਦੀ ਫੀਲਡ ਟਰੇਨਿੰਗ ਤੋਂ ਛੋਟ ਦੇ ਦਿੱਤੀ ਗਈ ਹੈ। ਪਹਿਲਾਂ ਸਰਕਾਰ ਨੇ ਨਿਯਮਾਂ ਵਿਚ ਸੋਧ ਕਰਕੇ ਸਿਖਲਾਈ ਦੇ ਸਮੇਂ ਨੂੰ ਵੀ ਸਰਵਿਸ ਦੇ ਸਮੇਂ ਵਿਚ ਸ਼ਾਮਲ ਕੀਤਾ ਸੀ।

ਪੰਜਾਬ ਦੇ ਖ਼ਾਲੀ ਸਰਕਲਾਂ ਵਿਚ ਆਮ ਲੋਕਾਂ ਨੂੰ ਪਰੇਸ਼ਾਨੀਆਂ ਝੱਲਣੀਆਂ ਪੈ ਰਹੀਆਂ ਹਨ। ਹੁਣ ਮਾਲ ਪਟਵਾਰ ਯੂਨੀਅਨ ਨੇ ਫੈਸਲਾ ਕੀਤਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਾਸਤੇ ਵੋਟਾਂ ਬਣਾਉਣ ਦਾ ਕੰਮ ਸਿਰਫ਼ ਤਾਇਨਾਤੀ ਵਾਲੇ ਸਰਕਲਾਂ ਵਿਚ ਹੀ ਕੀਤਾ ਜਾਵੇਗਾ ਜਿਸ ਦੇ ਮਤਲਬ ਹੈ ਕਿ ਵਾਧੂ ਸਰਕਲਾਂ ਵਿਚ ਵੋਟਾਂ ਬਣਾਏ ਜਾਣ ਦਾ ਬਾਈਕਾਟ ਹੀ ਰਹੇਗਾ।

## ਸ਼੍ਰੋਮਣੀ ਕਮੇਟੀ ਚੋਣਾਂ: ਆਧਾਰ ਕਾਰਡ ਸਣੇ ਹੋਰ ਸ਼ਨਾਖ਼ਤੀ ਸਰੋਤਾਂ ਨੂੰ ਵੀ ਮਨਜ਼ੂਰੀ ਮਿਲੇ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਵੋਟਰ ਬਣਾਉਣ ਵਾਸਤੇ ਆਧਾਰ ਕਾਰਡ ਤੋਂ ਇਲਾਵਾ ਹੋਰ ਸ਼ਨਾਖ਼ਤੀ ਸਰੋਤ ਵੀ ਪ੍ਰਕਿਰਿਆ ਵਿਚ ਸ਼ਾਮਲ ਕੀਤੇ ਜਾਣ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਰ ਬਣਨ ਵਾਲੇ ਦੀ ਸ਼ਨਾਖ਼ਤ ਲਈ ਆਧਾਰ ਕਾਰਡ ਤੋਂ ਉਸ ਦੀ ਤਸਦੀਕ ਅਤੇ ਪੁਸ਼ਟੀ ਕਰਨੀ ਲਾਜ਼ਮੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਕਈ ਵਿਅਕਤੀ ਆਧਾਰ ਕਾਰਡ ਦੇਣ ਲੱਗਿਆਂ ਸੰਕੋਚ ਕਰਦਾ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਆਧਾਰ ਕਾਰਡ ਤੋਂ ਇਲਾਵਾ ਹੋਰ ਸ਼ਨਾਖ਼ਤੀ ਸਰੋਤ ਵੀ ਵੋਟਰ ਦੀ ਤਸਦੀਕ ਅਤੇ ਪੁਸ਼ਟੀ ਕਰਨ ਲਈ ਮਨਜ਼ੂਰ ਕੀਤੇ ਜਾਣ।

# ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਦੇ ਮੁੱਦਿਆਂ ਉਤੇ ਏਕੇ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੀਆਂ ਅੱਧੀ ਦਰਜਨ ਤੋਂ ਵੱਧ ਕਿਸਾਨ ਜਥੇਬੰਦੀਆਂ ਨੇ ਵੱਖ-ਵੱਖ ਮੀਟਿੰਗਾਂ ਕਰਕੇ ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਨੂੰ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਕੇਂਦਰ ਅਤੇ ਰਾਜ ਸਰਕਾਰ ਖ਼ਿਲਾਫ਼ ਯੋਜਨਾਬੱਧ ਢੰਗ ਨਾਲ ਕਿਸਾਨੀ ਮੰਗਾਂ ਸਬੰਧੀ ਸੰਘਰਸ਼ ਕਰਨ ਦਾ ਸੱਦਾ ਦਿੱਤਾ ਹੈ। ਕਿਸਾਨ ਜਥੇਬੰਦੀਆਂ ਦੀਆਂ ਮੀਟਿੰਗਾਂ ਬਲਬੀਰ ਸਿੰਘ ਰਾਜੇਵਾਲ, ਨਿਰਭੈ ਸਿੰਘ ਢੁੱਡੀਕੇ ਅਤੇ ਡਾ. ਦਰਸ਼ਨ ਪਾਲ ਦੀ ਪ੍ਰਧਾਨਗੀ ਹੇਠ ਹੋਈਆਂ।



ਕਿਸਾਨ ਜਥੇਬੰਦੀਆਂ ਨੇ ਸਰਬਸੰਮਤੀ ਨਾਲ ਮਤੇ ਰਾਹੀਂ ਪੰਜਾਬ ਤੋਂ 'ਆਪ' ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਵੱਲੋਂ ਹਰਿਆਣਾ ਨਾਲ ਪਾਣੀਆਂ ਦੀ ਵੰਡ ਸਬੰਧੀ ਦਿੱਤੇ ਬਿਆਨ ਦੀ ਨਿਖੇਧੀ ਕਰਦਿਆਂ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ। ਇਕ ਹੋਰ ਮਤੇ ਰਾਹੀਂ ਮੀਟਿੰਗ ਵਿਚ ਪੱਕੇ ਪਟਵਾਰੀਆਂ ਦੀ ਭਰਤੀ, ਕਿਸਾਨਾਂ ਨੂੰ ਡੀ.ਏ.ਪੀ. ਖਾਦ ਦੀ ਸਪਲਾਈ, ਮੰਡੀਆਂ ਵਿਚ ਬਾਇਓਮੀਟਰਿਕ ਪ੍ਰਣਾਲੀ ਦਾ ਵਿਰੋਧ, ਬਿਜਾਈ ਸਮੇਂ ਖਰਾਬ ਹੋਈ ਝੋਨੇ ਦੀ ਫਸਲ ਅਤੇ ਹਾਲ ਹੀ ਵਿਚ ਬੇਮੌਸਮੀ ਮੀਂਹ ਕਾਰਨ ਝੋਨੇ ਦੇ ਖਰਾਬੇ ਦਾ ਮੁਆਵਜ਼ਾ ਜਾਰੀ ਕਰਨ, ਮੰਡੀਆਂ ਵਿਚੋਂ ਝੋਨੇ ਦੀਆਂ ਬੋਰੀਆਂ ਚੁਕਵਾਉਣ ਅਤੇ ਸੂਬੇ ਵਿਚੋਂ ਸਾਇਲੋਜ ਬੰਦ ਕਰਵਾਉਣ ਸਬੰਧੀ ਮਤੇ ਪਾਸ ਕੀਤੇ।

ਆਗੂਆਂ ਨੇ ਏਕਤਾ ਨੂੰ ਸਮੇਂ ਦੀ ਲੋੜ ਦੱਸਦਿਆਂ ਸਮੂਹ ਜਥੇਬੰਦੀਆਂ ਨੂੰ ਸਾਂਝੇ ਪ੍ਰੋਗਰਾਮਾਂ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਪੰਜਾਬ ਦੀਆਂ ਸਮੂਹ ਜਥੇਬੰਦੀਆਂ ਦੇ ਵਿਚਾਰ-ਵਟਾਂਦਰੇ ਅਤੇ ਸਮਝੌਤਿਆਂ ਨਾਲ ਮੋਰਚਾ ਸ਼ੁਰੂ ਕਰਨ ਲਈ ਪਾਣੀਆਂ ਦੇ ਝਗੜੇ, ਫੈਡਰਲ ਸਿਸਟਮ 'ਤੇ ਹਮਲਾ, ਵਾਤਾਵਰਨ ਪ੍ਰਦੂਸ਼ਣ, ਕਿਸਾਨਾਂ ਤੇ ਖੇਤੀ ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ ਅਤੇ ਡਾ. ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਵਰਗੇ ਮੁੱਦੇ ਵਿਚਾਰੇ ਗਏ। ਕਿਸਾਨ ਆਗੂਆਂ ਨੇ ਦੱਸਿਆ ਕਿ ਸਾਰੀਆਂ ਜਥੇਬੰਦੀਆਂ 'ਚ ਏਕਤਾ ਦਾ ਫੈਸਲਾ ਕੀਤਾ ਗਿਆ ਤਾਂ ਜੋ ਕਿਸਾਨਾਂ ਦੇ ਭਖਦੇ ਮਸਲਿਆਂ ਨੂੰ ਸਾਂਝੇ ਮੰਚ ਤੋਂ ਇੱਕਜੁਟ ਹੋ ਕੇ ਹੱਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਜਥੇਬੰਦੀਆਂ ਨੇ ਮੀਟਿੰਗ ਕਰਕੇ ਇਹ ਸਿੱਟਾ ਕੱਢਿਆ ਸੀ ਕਿ ਸੰਘਰਸ਼ ਲਈ ਏਕਤਾ ਅਸੂਲ ਆਧਾਰਿਤ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਜਥੇਬੰਦੀਆਂ ਵਿਚ ਏਕੇ ਲਈ ਤਿੰਨ ਕਮੇਟੀਆਂ ਦਾ ਗਠਨ ਕੀਤਾ ਸੀ, ਜਿਸ ਤਹਿਤ ਵੱਖ ਵੱਖ ਜਥੇਬੰਦੀਆਂ ਨਾਲ ਗੱਲਬਾਤ ਕਰਨ ਲਈ ਬੰਦ ਕਮਰਾ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ।

## ਸਰਕਾਰ ਕਿਸਾਨਾਂ ਦੀ ਆਵਾਜ਼ ਦਬਾ ਨਹੀਂ ਸਕਦੀ: ਟਿਕੈਤ

**ਨੋਇਡਾ:** ਕਿਸਾਨ ਨੇਤਾ ਰਾਕੇਸ਼ ਟਿਕੈਤ ਇਥੇ ਕਿਸਾਨਾਂ ਦੇ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਚੱਲ ਰਹੇ ਰੋਸ ਪ੍ਰਦਰਸ਼ਨ 'ਚ ਸ਼ਾਮਲ ਹੋਏ। ਭਾਰਤੀ ਕਿਸਾਨ ਯੂਨੀਅਨ ਦੇ ਤਰਜਮਾਨ ਟਿਕੈਤ ਟਰੈਕਟਰ 'ਤੇ ਸਵਾਰ ਹੋ ਕੇ ਜ਼ੀਰੋ ਪੁਆਇੰਟ ਪਹੁੰਚੇ ਜਿੱਥੇ ਹਜ਼ਾਰਾਂ ਪ੍ਰਦਰਸ਼ਨਕਾਰੀ ਧਰਨੇ 'ਤੇ ਬੈਠੇ ਹੋਏ ਹਨ। ਰਾਕੇਸ਼ ਟਿਕੈਤ ਨੇ ਐਕਸ 'ਤੇ ਪੋਸਟ 'ਚ ਕਿਹਾ, "ਸਰਕਾਰ ਝੂਠੇ ਕੇਸ ਦਰਜ ਕਰਕੇ ਕਿਸਾਨਾਂ ਦੀ ਆਵਾਜ਼ ਨੂੰ ਦਬਾਅ ਨਹੀਂ ਸਕਦੀ। ਦੇਸ਼ ਦੇ ਕਿਸਾਨਾਂ ਲਈ ਸਾਡਾ ਸੰਘਰਸ਼ ਸਾਡੇ ਆਖਰੀ ਸਾਹ ਤੱਕ ਜਾਰੀ ਰਹੇਗਾ।" ਯੂਨੀਅਨ ਦੇ ਸਥਾਨਕ ਅਹੁਦੇਦਾਰ ਸੁਭਾਸ਼ ਚੌਧਰੀ ਨੇ ਕਿਹਾ ਕਿ ਬੀ.ਕੇ.ਯੂ. ਮੈਂਬਰ ਲੰਘੇ ਸਮੇਂ 'ਚ ਸਰਕਾਰ ਵੱਲੋਂ ਪਿੰਡ ਦੇ ਲੋਕਾਂ ਦੀ ਐਕੁਆਇਰ ਕੀਤੀ ਜ਼ਮੀਨ ਦੇ ਵੱਧ ਮੁਆਵਜ਼ੇ ਸਣੇ ਹੋਰ ਕਿਸਾਨੀ ਮੁੱਦਿਆਂ ਨੂੰ ਲੈ ਕੇ ਗਰੇਟਰ ਨੋਇਡਾ 'ਚ ਅਣਮਿਥੇ ਸਮੇਂ ਲਈ ਧਰਨਾ ਦੇ ਰਹੇ ਹਨ।

# ਅਕਾਲੀ ਆਗੂ ਦੀ ਰਾਈਸ ਮਿੱਲ 'ਤੇ 70 ਲੱਖ ਹੜੱਪਣ ਦਾ ਦੋਸ਼

**ਫਰੀਦਕੋਟ:** ਕਿਰਤੀ ਕਿਸਾਨ ਯੂਨੀਅਨ ਪੰਜਾਬ ਨੇ ਫਿਰੋਜ਼ਪੁਰ ਦੇ ਇਕ ਅਕਾਲੀ ਆਗੂ ਦੀ ਰਾਈਸ ਮਿੱਲ 'ਤੇ ਕਥਿਤ ਤੌਰ ਉੱਤੇ ਕਿਸਾਨਾਂ ਦੀ ਫਸਲ ਦੇ 70 ਲੱਖ ਰੁਪਏ ਹੜੱਪਣ ਦੇ ਦੋਸ਼ ਲਾਏ ਹਨ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਜੇ ਕਿਸਾਨਾਂ ਦੇ ਪੈਸੇ ਤੁਰਤ ਵਾਪਸ ਨਾ ਕੀਤੇ ਗਏ ਤਾਂ ਅਕਾਲੀ ਆਗੂ ਦੀ ਰਾਈਸ ਮਿੱਲ ਅਤੇ ਘਰ ਦਾ ਘਿਰਾਓ ਕੀਤਾ ਜਾਵੇਗਾ।

ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਅਤੇ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਦੱਸਿਆ ਕਿ ਇਲਾਕੇ ਦੇ ਬਹੁਤ ਸਾਰੇ ਕਿਸਾਨਾਂ ਨੇ ਕਮਿਸ਼ਨ ਏਜੰਟ ਮਨਜੀਤ ਸਿੰਘ, ਬਲਤੇਜ ਸਿੰਘ ਦੀ ਫਰਮ ਨੂੰ ਆਪਣੀ ਬਾਸਮਤੀ 1121 ਵੇਚੀ ਸੀ। ਇਸ ਫਰਮ ਵੱਲੋਂ ਇਹ ਬਾਸਮਤੀ ਅਕਾਲੀ ਆਗੂ ਦੀ ਰਾਈਸ ਮਿੱਲ ਨੂੰ 2018-19 ਵਿਚ ਦਿੱਤੀ ਗਈ ਸੀ। ਇਸ ਦੀ ਕੀਮਤ ਲਗਭਗ 70 ਲੱਖ ਰੁਪਏ ਬਣਦੀ ਹੈ। ਫਰਮ ਵੱਲੋਂ ਵਾਰ-ਵਾਰ ਗੇੜੇ ਮਾਰਨ ਦੇ ਬਾਵਜੂਦ ਰਾਈਸ ਮਿੱਲ ਦੇ ਮਾਲਕਾਂ ਨੇ ਆਪਣੇ ਸਿਆਸੀ ਰਸੂਖ ਕਰਕੇ ਪੀੜਤਾਂ ਦੀ ਰਕਮ ਨਾ ਮੋੜੀ। ਇਸ ਸਬੰਧੀ ਜਥੇਬੰਦੀ ਵੱਲੋਂ ਐਸ.ਡੀ.ਐਮ. ਜਲਾਲਾਬਾਦ ਨੂੰ ਲਿਖਤੀ ਸ਼ਿਕਾਇਤ ਅਤੇ ਸਬੂਤ ਪੇਸ਼ ਕੀਤੇ ਗਏ ਸਨ। ਇਸ ਦੇ ਬਾਵਜੂਦ ਅਕਾਲੀ ਆਗੂਆਂ ਨੇ ਪੀੜਤਾਂ ਦੇ ਪੈਸੇ ਵਾਪਸ ਨਹੀਂ ਕੀਤੇ। ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਕਿਸਾਨਾਂ ਦੇ ਪੈਸੇ ਨਾ ਦੇਣ ਵਾਲੇ ਅਕਾਲੀ ਆਗੂਆਂ ਦੇ ਘਰਾਂ ਤੋਂ ਇਲਾਵਾ ਜਨਤਕ ਸਮਾਗਮਾਂ ਵਿਚ ਵੀ ਉਨ੍ਹਾਂ ਦਾ ਘਿਰਾਓ ਕੀਤਾ ਜਾਵੇਗਾ।

# ਵਿਦੇਸ਼ ਭੇਜਣ ਦੇ ਨਾਮ 'ਤੇ 30 ਲੱਖ ਰੁਪਏ ਦੀ ਧੋਖਾਧੜੀ

**ਮਾਛੀਵਾੜਾ:** ਸਥਾਨਕ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਮ 'ਤੇ ਧੋਖਾਧੜੀ ਕਰਨ ਦੇ ਦੋਸ਼ ਹੇਠ ਸਾਹਿਲ ਸ਼ਰਮਾ ਵਾਸੀ ਮੋਰਿੰਡਾ, ਗੁਲਸ਼ਨ ਕੁਮਾਰ ਆੜ੍ਹਤੀ ਵਾਸੀ ਰਾਜਪੁਰਾ, ਪਿੰਡ ਲਾਛੜੂ (ਪਟਿਆਲਾ) ਦੇ ਸਰਪੰਚ ਕੁਲਦੀਪ ਸਿੰਘ ਅਤੇ ਏਜੰਟ ਟੋਨੀ ਸ਼ਰਮਾ ਖਿਲਾਫ਼ ਕੇਸ ਦਰਜ ਕੀਤਾ ਹੈ।




ਮਲਕੀਤ ਸਿੰਘ ਵਾਸੀ ਕੋਟਾਲਾ ਬੇਟ ਨੇ ਪੁਲਿਸ ਜ਼ਿਲ੍ਹਾ ਖੰਨਾ ਦੇ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਕਿ ਉਸ ਦਾ ਭਤੀਜਾ ਜੋਬਨਪ੍ਰੀਤ ਸਿੰਘ ਤੇ ਹਰਪ੍ਰੀਤ ਸਿੰਘ ਸਪੇਨ ਜਾਣਾ ਚਾਹੁੰਦੇ ਸਨ। ਇਸ ਸਬੰਧੀ ਉਨ੍ਹਾਂ ਦੀ ਮੁਲਾਕਾਤ ਏਜੰਟ ਸਾਹਿਲ ਵਾਸੀ ਮੋਰਿੰਡਾ ਨਾਲ ਹੋਈ। ਉਸ ਨੇ ਟੋਨੀ ਨਾਮ ਦੇ ਏਜੰਟ ਨਾਲ ਮਿਲਾਇਆ ਅਤੇ ਦੱਸਿਆ ਕਿ ਉਹ ਗੁਲਸ਼ਨ ਆੜ੍ਹਤੀ ਤੇ ਸਰਪੰਚ ਕੁਲਦੀਪ ਸਿੰਘ ਨਾਲ ਮਿਲ ਕੇ ਵਿਦੇਸ਼ ਭੇਜਣ ਦਾ ਕੰਮ ਕਰਦਾ ਹੈ। ਵਿਦੇਸ਼ ਭੇਜਣ ਲਈ ਉਨ੍ਹਾਂ 15 ਲੱਖ ਰੁਪਏ ਪ੍ਰਤੀ ਵਿਅਕਤੀ ਤੈਅ ਕੀਤੇ। ਸ਼ਿਕਾਇਤਕਰਤਾ ਅਨੁਸਾਰ ਸਾਹਿਲ ਨੇ ਉਨ੍ਹਾਂ ਤੋਂ ਪਾਸਪੋਰਟ ਲੈ ਕੇ ਉਨ੍ਹਾਂ ਦੀ ਮੁਲਾਕਾਤ ਏਜੰਟ ਟੋਨੀ ਸ਼ਰਮਾ ਨਾਲ ਕਰਵਾਈ। ਸਾਹਿਲ ਦੇ ਕਹਿਣ 'ਤੇ ਉਨ੍ਹਾਂ ਟੋਨੀ ਨੂੰ ਲਗਭਗ 30 ਲੱਖ ਰੁਪਏ ਦੇ ਦਿੱਤੇ। ਮਗਰੋਂ ਏਜੰਟ ਉਨ੍ਹਾਂ ਨੂੰ ਵੀਜ਼ੇ ਸਬੰਧੀ ਲਾਰੇ ਲਗਾਉਂਦੇ ਰਹੇ ਅਤੇ ਫਿਰ ਟੋਨੀ ਨੇ ਵਟਸਐਪ ਰਾਹੀਂ ਟਿਕਟ ਭੇਜ ਦਿੱਤੀ ਜੋ ਕਿ ਜਾਅਲੀ ਨਿਕਲੀ। ਸ਼ਿਕਾਇਤਕਰਤਾ ਅਨੁਸਾਰ ਉਨ੍ਹਾਂ ਨੇ ਜਦੋਂ ਸਾਹਿਲ ਨਾਲ ਸੰਪਰਕ ਕੀਤਾ ਤਾਂ ਉਸ ਨੇ ਪੈਸੇ ਤੇ ਪਾਸਪੋਰਟ ਵਾਪਸ ਕਰਵਾਉਣ ਦਾ ਭਰੋਸਾ ਦੇ ਕੇ ਗੁਲਸ਼ਨ ਆੜ੍ਹਤੀ ਰਾਜਪੁਰਾ ਤੇ ਸਰਪੰਚ ਕੁਲਦੀਪ ਸਿੰਘ ਨਾਲ ਮਿਲਵਾਇਆ। ਆੜ੍ਹਤੀ ਤੇ ਸਰਪੰਚ ਨੇ ਦੋ ਲੱਖ ਰੁਪਏ ਹੋਰ ਲੈਣ ਦੇ ਬਾਵਜੂਦ ਏਜੰਟ ਤੋਂ ਪੈਸੇ ਨਾ ਦਿਵਾਏ। ਬਾਅਦ ਵਿਚ ਉਸ ਨੂੰ ਪਤਾ ਲੱਗਾ ਕਿ ਇਨ੍ਹਾਂ ਸਾਰਿਆਂ ਨੇ ਗਰੁੱਪ ਬਣਾਇਆ ਹੈ ਜੋ ਮਿਲੀਭੁਗਤ ਨਾਲ ਲੋਕਾਂ ਤੋਂ ਪੈਸੇ ਠੱਗਦੇ ਹਨ।

# ਕਾਂਗਰਸੀ ਆਗੂ ਜਗਵਿੰਦਰ ਪਾਲ ਸਿੰਘ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਵਿਧਾਨ ਸਭਾ ਹਲਕਾ ਮਜੀਠਾ ਤੋਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੇ ਉਮੀਦਵਾਰ ਰਹੇ ਜਗਵਿੰਦਰ ਪਾਲ ਸਿੰਘ ਜੱਗਾ 'ਆਪ' 'ਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਵਿਖੇ ਸ੍ਰੀ ਜੱਗਾ ਨੂੰ ਸਿਰੋਪਾਓ ਪਾ ਕੇ ਪਾਰਟੀ ਵਿਚ ਸ਼ਾਮਲ ਕੀਤਾ। ਸ੍ਰੀ ਜੱਗਾ 1987 ਤੋਂ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਹਨ। ਉਹ ਸਾਲ 1992 ਵਿਚ ਕੌਂਸਲਰ ਚੁਣੇ ਗਏ ਸਨ ਤੇ ਸਾਲ 1999 ਵਿਚ ਯੂਥ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਬਣੇ। ਫਿਰ ਸਾਲ 2000 'ਚ ਉਨ੍ਹਾਂ ਨੂੰ ਅੰਮ੍ਰਿਤਸਰ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਉਨ੍ਹਾਂ ਸਾਲ 2022 ਵਿੱਚ ਮਜੀਠਾ ਤੋਂ ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਦੀ ਚੋਣ ਲੜੀ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ 'ਆਪ' ਸਰਕਾਰ ਦੇ ਕੰਮਾਂ ਤੇ ਨੀਤੀਆਂ ਤੋਂ ਬਹੁਤ ਖੁਸ਼ ਹਨ। ਉਨ੍ਹਾਂ ਲੋਕਾਂ ਲਈ ਕੰਮ ਕਰਨ ਵਾਲੇ ਆਗੂ ਦਾ ਪਾਰਟੀ 'ਚ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਦਿੱਲੀ ਤੇ ਪੰਜਾਬ ਤੋਂ ਬਾਅਦ ਆਮ ਆਦਮੀ ਪਾਰਟੀ ਦੇਸ਼ ਦੇ ਕੋਨੇ-ਕੋਨੇ ਵਿਚ ਮਜ਼ਬੂਤ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਕਾਂਗਰਸ ਅਤੇ ਅਕਾਲੀ ਦਲ ਨਾਲ ਸਬੰਧਤ ਕੌਂਸਲਰ ਅਤੇ ਯੂਥ ਆਗੂ 'ਆਪ' ਵਿਚ ਸ਼ਾਮਲ ਹੋਏ ਸਨ।

# ਘਾੜ ਇਲਾਕੇ ਦੇ ਦਰਜਨ ਤੋਂ ਵੱਧ ਸਰਪੰਚ 'ਆਪ' ਵਿਚ ਸ਼ਾਮਲ

**ਰੂਪਨਗਰ:** ਹਲਕਾ ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਵੱਲੋਂ ਕੈਨਾਲ ਰੈਸਟ ਹਾਊਸ ਰੂਪਨਗਰ ਵਿਚ ਘਾੜ ਇਲਾਕੇ ਦੇ ਇਕ ਦਰਜਨ ਤੋਂ ਵੱਧ ਸਰਪੰਚਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕੀਤਾ ਗਿਆ। ਸ੍ਰੀ ਚੱਢਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਲਏ ਜਾ ਰਹੇ ਲੋਕ ਪੱਖੀ ਫੈਸਲਿਆਂ ਦੀ ਬਦੌਲਤ ਆਮ ਲੋਕਾਂ ਦਾ ਰੁਝਾਨ 'ਆਪ' ਵੱਲ ਵਧ ਰਿਹਾ ਹੈ।

'ਆਪ' ਵਿਚ ਸ਼ਾਮਲ ਹੋਣ ਵਾਲਿਆਂ ਵਿਚ ਅਵਤਾਰ ਸਿੰਘ ਸਰਪੰਚ ਬਰਦਾਰ, ਸੁਰਜੀਤ ਸਿੰਘ ਰਾਮਪੁਰ, ਬਹਾਦਰ ਸਿੰਘ ਸਿਆਸਤਪੁਰ, ਗੁਰਦੀਪ ਸਿੰਘ ਹਰੀਪੁਰ, ਅਮਰੀਕ ਸਿੰਘ ਬਾਗਵਾਲੀ, ਸੁਖਵਿੰਦਰ ਸਿੰਘ ਭੰਗਾਲਾ, ਜਸਵੰਤ ਸਿੰਘ ਫਤਿਹਪੁਰ, ਨਰਿੰਦਰ ਸਿੰਘ ਸੈਂਫਲਪੁਰ, ਸੁਰਮੁੱਖ ਸਿੰਘ ਬਿੰਦਰਖ, ਮਾਨ ਸਿੰਘ, ਰਵਿੰਦਰ ਸਿੰਘ ਬਿੰਦਰਖ, ਭਗਤ ਰਾਮ ਰਾਮਪੁਰ, ਸੁਖਵਿੰਦਰ ਸਿੰਘ ਹਰੀਪੁਰ, ਨਰਾਇਣ ਸਿੰਘ ਹਰੀਪੁਰ, ਰਿੰਕੂ ਹਰੀਪੁਰ, ਹਰਿੰਦਰ ਤੇਜੀ ਹਰੀਪੁਰ, ਰਣਜੀਤ ਸਿੰਘ ਬਿੰਦਰਖ, ਹਰਮਿੰਦਰ ਸਿੰਘ ਬਿੰਦਰਖ, ਜਥੇਦਾਰ ਬਹਾਦਰ ਸਿੰਘ, ਕਰਨ ਸਿੰਘ, ਸਤਵਿੰਦਰ ਸਿੰਘ ਬਿੰਦਰਖ ਆਦਿ ਦੇ ਨਾਮ ਸ਼ਾਮਲ ਹਨ।

# ਪ੍ਰਾਈਵੇਟ ਬੱਸ ਅਪਰੇਟਰਾਂ ਉਤੇ ਸ਼ਿਕੰਜਾ ਕੱਸਿਆ, 39 ਪਰਮਿਟ ਰੱਦ ਕੀਤੇ

**ਚੰਡੀਗੜ੍ਹ:** ਸੂਬੇ ਦੀ 'ਆਪ' ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਗਲਤ ਢੰਗ ਨਾਲ ਬੱਸਾਂ ਚਲਾਉਣ ਵਾਲੀਆਂ 8 ਪ੍ਰਾਈਵੇਟ ਕੰਪਨੀਆਂ ਦੇ 39 ਪਰਮਿਟ ਰੱਦ ਕਰ ਦਿੱਤੇ ਹਨ। ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਬੱਸ ਪਰਮਿਟ 'ਚ ਪਹੁੰਚ ਸਥਾਨ ਤੋਂ ਅੱਗੇ ਸਿਰਫ ਇਕ ਵਾਰ ਵਾਧਾ ਲਿਆ ਜਾ ਸਕਦਾ ਹੈ ਪਰ ਪ੍ਰਾਈਵੇਟ ਬੱਸ ਅਪਰੇਟਰਾਂ ਵੱਲੋਂ ਗਲਤ ਢੰਗ ਨਾਲ ਇਨ੍ਹਾਂ ਪਰਮਿਟਾਂ 'ਚ ਕਈ ਵਾਰ ਅੱਗੇ ਤੋਂ ਅੱਗੇ ਵਾਧਾ ਲਿਆ ਗਿਆ ਹੈ।



ਭੁੱਲਰ ਨੇ ਕਿਹਾ ਕਿ ਡੱਬਵਾਲੀ ਟਰਾਂਸਪੋਰਟ ਕੰਪਨੀ ਪ੍ਰਾਈਵੇਟ ਲਿਮਟਿਡ ਬਠਿੰਡਾ ਦੇ 13 ਪਰਮਿਟ ਰੱਦ ਕਰ ਦਿੱਤੇ ਗਏ ਹਨ, ਜਦਕਿ ਔਰਬਿਟ ਏਵੀਏਸ਼ਨ ਪ੍ਰਾਈਵੇਟ ਲਿਮਟਿਡ ਬਠਿੰਡਾ ਦੇ 12, ਜੁਝਾਰ ਪੈਸੇਂਜਰ ਬੱਸ ਸਰਵਿਸ ਪ੍ਰਾਈਵੇਟ ਲਿਮਟਿਡ ਲੁਧਿਆਣਾ ਦੇ 7, ਨਿਊ ਦੀਪ ਮੋਟਰਜ਼ ਚੰਨੂ (ਗਿੱਦੜਬਾਹਾ) ਦੇ 2 ਤੇ ਨਿਊ ਦੀਪ ਬੱਸ ਸਰਵਿਸ ਗਿੱਦੜਬਾਹਾ, ਵਿਕਟਰੀ ਟਰਾਂਸਪੋਰਟ ਕੰਪਨੀ ਮੋਗਾ, ਹਰਵਿੰਦਰਾ ਹਾਈਵੇਜ਼ ਬੱਸ ਸਰਵਿਸ ਮੋਗਾ, ਐਕਸ-ਸਰਵਿਸਮੈਨ ਕੋਆਪ੍ਰੇਟਿਵ ਟਰਾਂਸਪੋਰਟ ਕੰਪਨੀ ਲਿਮਟਿਡ ਮੋਗਾ ਅਤੇ ਬਠਿੰਡਾ ਬੱਸ ਕੰਪਨੀ ਬਠਿੰਡਾ ਦਾ ਇਕ-ਇਕ ਪਰਮਿਟ ਰੱਦ ਕੀਤਾ ਹੈ।

ਇਨ੍ਹਾਂ ਅਪਰੇਟਰਾਂ ਨੂੰ ਪੱਤਰ ਭੇਜ ਕੇ ਕਿਹਾ ਗਿਆ ਹੈ ਕਿ ਰੱਦ ਕੀਤੇ ਪਰਮਿਟਾਂ ਨੂੰ ਟਰਾਂਸਪੋਰਟ ਵਿਭਾਗ ਦੇ ਸਬੰਧਤ ਦਫਤਰਾਂ ਵਿਚ ਜਲਦੀ ਤੋਂ ਜਲਦੀ ਜਮ੍ਹਾਂ ਕਰਵਾਇਆ ਜਾਵੇ। ਟਰਾਂਸਪੋਰਟ ਮੰਤਰੀ ਨੇ ਸੂਬੇ ਦੇ ਸਾਰੇ ਰੀਜ਼ਨਲ ਟਰਾਂਸਪੋਰਟ ਅਥਾਰਿਟੀ ਦਫ਼ਤਰਾਂ ਦੇ ਸਕੱਤਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਦਫ਼ਤਰ ਅਧੀਨ ਬਣ ਰਹੇ ਕਿਸੇ ਵੀ ਟਾਈਮ ਟੇਬਲ 'ਚ ਰੱਦ ਕੀਤੇ ਸੀ.ਪੀ. (ਕਲੱਬ ਪਰਮਿਟਾਂ) ਨੂੰ ਨਾ ਵਿਚਾਰੇ। ਜਿਨ੍ਹਾਂ ਟਾਈਮ ਟੇਬਲਾਂ 'ਚ ਅਜਿਹੇ ਪਰਮਿਟ ਸ਼ਾਮਲ ਹਨ, ਉਨ੍ਹਾਂ ਟਾਈਮ ਟੇਬਲਾਂ ਵਿਚੋਂ ਰੱਦ ਪਰਮਿਟ ਕੱਢ ਦਿੱਤੇ ਜਾਣ। ਇਸੇ ਤਰ੍ਹਾਂ ਪੀ.ਆਰ.ਟੀ.ਸੀ. ਫ਼ਰੀਦਕੋਟ, ਬਠਿੰਡਾ, ਬਰਨਾਲਾ ਤੇ ਬੁਢਲਾਡਾ ਦੇ ਜਨਰਲ ਮੈਨੇਜਰਾਂ ਨੂੰ ਕਿਹਾ ਗਿਆ ਹੈ ਕਿ ਰੱਦ ਕੀਤੇ ਪਰਮਿਟਾਂ 'ਤੇ ਚੱਲ ਰਹੀਆਂ ਬੱਸਾਂ ਨੂੰ ਬੱਸ ਅੱਡਿਆਂ ਤੋਂ ਤੁਰਤ ਪ੍ਰਭਾਵ ਨਾਲ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਿਵਲ ਰਿੱਟ ਪਟੀਸ਼ਨ ਨੰਬਰ 15786 ਆਫ 1999 'ਚ ਫੈਸਲਾ ਦਿੱਤਾ ਸੀ ਕਿ ਜਿਨ੍ਹਾਂ ਦੇ ਰੂਟਾਂ 'ਚ ਇਕ ਵਾਰ ਤੋਂ ਵੱਧ ਵਾਧੇ ਹੋਏ ਸਨ, ਉਨ੍ਹਾਂ ਨੂੰ ਕੈਂਸਲ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦਿਆਂ ਕਲੱਬ ਕੀਤੇ ਗਏ ਪਰਮਿਟਾਂ ਨੂੰ ਸੁਣਵਾਈ ਕਰਨ ਉਪਰੰਤ ਰੱਦ ਕਰ ਦਿੱਤਾ ਗਿਆ ਹੈ।

## ਟਰਾਂਸਪੋਰਟ ਮਾਫੀਆ: ਕਾਂਗਰਸ ਨੇ ਸਰਕਾਰ ਘੇਰੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ 'ਚ ਪ੍ਰਸ਼ਨ ਕਾਲ ਦੌਰਾਨ ਟਰਾਂਸਪੋਰਟ ਮਾਫੀਆ ਦਾ ਮੁੱਦਾ ਉਠਿਆ। ਵਿਰੋਧੀ ਧਿਰ ਕਾਂਗਰਸ ਨੇ ਪੰਜਾਬ ਤੋਂ ਦਿੱਲੀ ਹਵਾਈ ਅੱਡੇ ਲਈ ਚੱਲਦੀ ਇੰਡੋ-ਕੈਨੇਡੀਅਨ ਪ੍ਰਾਈਵੇਟ ਬੱਸ ਸੇਵਾ ਦੇ ਮਸਲੇ ਸਬੰਧੀ ਪੰਜਾਬ ਸਰਕਾਰ ਨੂੰ ਘੇਰਿਆ ਜਦਕਿ ਸੱਤਾਧਾਰੀ ਧਿਰ ਨੇ ਜਨਤਕ ਟਰਾਂਸਪੋਰਟ ਦੀ ਕਾਮਯਾਬੀ ਦਾ ਅੰਕੜਾ ਸਦਨ ਵਿਚ ਰੱਖਿਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੁੱਛੇ ਇੱਕ ਸੁਆਲ ਦੇ ਜੁਆਬ ਵਿਚ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਦਿੱਲੀ ਏਅਰਪੋਰਟ ਲਈ 27 ਏਸੀ ਬੱਸਾਂ ਚੱਲ ਰਹੀਆਂ ਹਨ।

# ਐਮ.ਐਸ.ਪੀ: ਚੋਣ ਸੀਜ਼ਨ ਵਿਚ ਕੇਂਦਰ ਨੇ ਕਿਸਾਨਾਂ ਲਈ ਹੱਥ ਖੋਲ੍ਹਿਆ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ 2024-25 ਲਈ ਹਾੜ੍ਹੀ ਦੀਆਂ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਵਿਚ ਵਾਧੇ ਨੂੰ ਮਨਜ਼ੂਰੀ ਦਿੱਤੀ ਹੈ। ਜਦੋਂ ਲੋਕ ਸਭਾ ਚੋਣਾਂ ਵਾਲਾ ਵਰ੍ਹਾ ਹੁੰਦਾ ਹੈ, ਉਦੋਂ ਕਣਕ ਦੇ ਸਰਕਾਰੀ ਭਾਅ ਦਾ ਪੈਮਾਨਾ ਕੁਝ ਹੋਰ ਹੁੰਦਾ ਹੈ ਜਦੋਂ ਕਿ ਆਮ ਵਰ੍ਹਿਆਂ ਵਿਚ ਕਣਕ ਦੇ ਭਾਅ ਘੱਟ ਵਧਦੇ ਹਨ।

ਕੇਂਦਰ ਸਰਕਾਰ ਵੱਲੋਂ ਇਸ ਵਾਰ ਸੰਸਦੀ ਚੋਣਾਂ ਦੀ ਗਿਣਤੀ ਮਿਣਤੀ ਦੇ ਲਿਹਾਜ਼ ਨਾਲ ਕਣਕ ਦੇ ਭਾਅ ਵਧਾਏ ਜਾਪਦੇ ਹਨ। ਕਣਕ ਦੇ ਐਲਾਨੇ ਤਾਜ਼ਾ ਘੱਟੋ-ਘੱਟ ਸਮਰਥਨ ਮੁੱਲ ਤੋਂ ਚੋਣਾਂ ਦਾ ਪਰਛਾਵਾਂ ਸਾਫ਼ ਝਲਕਦਾ ਹੈ। ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵੀ ਕਣਕ ਦੇ ਸਰਕਾਰੀ ਭਾਅ ਵਿਚ ਵਾਧਾ ਕੀਤਾ ਗਿਆ ਹੈ।



ਭਾਰਤ ਸਰਕਾਰ ਵੱਲੋਂ ਕਣਕ ਦੇ ਭਾਅ ਵਿਚ 150 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਐਲਾਨਿਆ ਗਿਆ ਹੈ ਜੋ ਕਿ ਹੁਣ 2125 ਰੁਪਏ ਤੋਂ ਵੱਧ ਕੇ 2275 ਰੁਪਏ ਹੋਵੇਗਾ। ਲੰਘੇ ਡੇਢ ਦਹਾਕੇ ਦਾ ਅੰਕੜਾ ਗਵਾਹ ਹੈ ਕਿ ਲੋਕ ਸਭਾ ਚੋਣਾਂ ਮੌਕੇ ਕਣਕ ਦਾ ਭਾਅ ਆਮ ਵਰ੍ਹਿਆਂ ਨਾਲੋਂ ਜ਼ਿਆਦਾ ਵਧਿਆ ਹੈ। ਆਗਾਮੀ ਲੋਕ ਸਭਾ ਚੋਣਾਂ ਅਗਲੇ ਵਰ੍ਹੇ ਮਈ 'ਚ ਹੋਣ ਦੀ ਸੰਭਾਵਨਾ ਹੈ, ਜਿਸ ਕਰਕੇ ਐਤਕੀਂ ਕਣਕ ਦੇ ਭਾਅ ਵਿਚ ਵਾਧਾ 150 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ।


ਪਿਛਲੇ ਵਰ੍ਹੇ ਇਹ ਵਾਧਾ ਪ੍ਰਤੀ ਕੁਇੰਟਲ 110 ਰੁਪਏ ਦਾ ਸੀ। 2022-23 ਵਿਚ ਕਣਕ ਦੇ ਭਾਅ ਵਿਚ 40 ਰੁਪਏ ਦਾ ਵਾਧਾ ਕੀਤਾ ਗਿਆ ਜਦੋਂ ਕਿ 2021-22 ਵਿਚ 50 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਸੀ। ਇਸੇ ਤਰ੍ਹਾਂ 2020-21 ਵਿਚ 85 ਰੁਪਏ ਪ੍ਰਤੀ ਕੁਇੰਟਲ ਅਤੇ 2019-20 ਵਿਚ 105 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਸੀ। ਮਈ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ 2018-19 ਵਿਚ ਕਣਕ ਦਾ ਭਾਅ 110 ਰੁਪਏ ਵਧਾਇਆ ਗਿਆ ਸੀ।

ਜਦੋਂ ਮਈ 2014 ਵਿਚ ਲੋਕ ਸਭਾ ਚੋਣਾਂ ਹੋਈਆਂ ਸਨ ਤਾਂ ਉਸ ਤੋਂ ਪਹਿਲਾਂ 2012-13 ਵਿਚ ਕਣਕ ਦੇ ਭਾਅ ਵਿਚ 165 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਸੀ। ਡੇਢ ਦਹਾਕੇ ਦੌਰਾਨ ਅੱਠ ਵਰ੍ਹੇ ਅਜਿਹੇ ਵੀ ਹਨ ਜਦੋਂ ਕਣਕ ਦੇ ਭਾਅ ਵਿਚ ਵਾਧੇ ਦਾ ਅੰਕੜਾ 100 ਰੁਪਏ ਨੂੰ ਵੀ ਨਹੀਂ ਛੂਹਿਆ ਹੈ। ਜਦੋਂ ਕੇਂਦਰ ਵਿਚ ਭਾਜਪਾ ਹਕੂਮਤ ਆਈ ਸੀ ਤਾਂ ਉਦੋਂ ਕਣਕ ਦਾ ਭਾਅ ਸਾਲ 2014-15 ਵਿਚ 1400 ਰੁਪਏ ਪ੍ਰਤੀ ਕੁਇੰਟਲ ਸੀ ਅਤੇ ਹੁਣ ਇਹ ਭਾਅ 2275 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਨੌਂ ਵਰ੍ਹਿਆਂ ਦੌਰਾਨ ਭਾਜਪਾ ਸਰਕਾਰ ਨੇ ਕਣਕ ਦੇ ਭਾਅ ਵਿਚ 875 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ। ਲੰਘੇ ਛੇ ਮਹੀਨਿਆਂ ਦੌਰਾਨ ਕਣਕ ਦੀ ਮੰਗ ਲਗਾਤਾਰ ਵਧ ਰਹੀ ਹੈ ਅਤੇ ਇਨ੍ਹਾਂ ਛੇ ਮਹੀਨਿਆਂ ਵਿਚ ਕਰੀਬ 12 ਫ਼ੀਸਦੀ ਭਾਅ ਵੀ ਮਾਰਕੀਟ ਵਿਚ ਵਧਿਆ ਹੈ। ਮਾਰਕੀਟ ਵਿਚ ਪ੍ਰਤੀ ਕੁਇੰਟਲ ਕਣਕ ਦਾ ਭਾਅ 2500 ਰੁਪਏ ਨੂੰ ਪਾਰ ਕਰ ਗਿਆ ਹੈ।

### ਲਾਗਤਾਂ ਦੇ ਹਿਸਾਬ ਨਾਲ ਭਾਅ ਨਹੀਂ ਵਧਾਇਆ: ਖੁੱਡੀਆਂ

**ਚੰਡੀਗੜ੍ਹ:** ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਭਾਰਤ ਸਰਕਾਰ ਵੱਲੋਂ ਹਾੜ੍ਹੀ ਦੀਆਂ ਫਸਲਾਂ ਦੇ ਐਲਾਨੇ ਭਾਅ ਨੂੰ ਰੱਦ ਕੀਤਾ ਹੈ ਅਤੇ ਕਿਹਾ ਹੈ ਕਿ ਕਿਸਾਨਾਂ ਨੂੰ ਪਿਛਲੇ ਸਮੇਂ ਦੌਰਾਨ ਕੁਦਰਤੀ ਮਾਰਾਂ ਝੱਲਣੀਆਂ ਪਈਆਂ ਹਨ। ਉਨ੍ਹਾਂ ਕਿਹਾ ਕਿ ਖੇਤੀ ਲਾਗਤਾਂ ਕਈ ਗੁਣਾ ਵਧ ਗਈਆਂ ਹਨ ਅਤੇ ਕੇਂਦਰ ਨੇ ਇਨ੍ਹਾਂ ਲਾਗਤਾਂ ਦੇ ਲਿਹਾਜ਼ ਨਾਲ ਕਣਕ ਦੀ ਫਸਲ ਦੇ ਭਾਅ ਵਿਚ ਵਾਧਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਨੀਅਤ ਕਿਸਾਨ ਮਾਰੂ ਹੈ।

# ਸਿੱਧੂ ਮੂਸੇਵਾਲਾ ਕਤਲ ਕੇਸ 'ਚ 24 ਮੁਲਜ਼ਮਾਂ ਨੇ ਪੇਸ਼ੀ ਭੁਗਤੀ





**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕੁੱਲ 24 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਦੌਰਾਨ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਪੇਸ਼ ਨਹੀਂ ਕੀਤਾ ਗਿਆ ਕਿਉਂਕਿ ਉਹ ਹੋਰ ਮਾਮਲਿਆਂ ਵਿਚ ਪੁਲਿਸ ਹਿਰਾਸਤ ਵਿਚ ਹੈ।

ਇਸ ਮਾਮਲੇ ਵਿਚ ਅਗਲੀ ਸੁਣਵਾਈ 2 ਨਵੰਬਰ ਨੂੰ ਮਾਨਸਾ ਦੀ ਅਦਾਲਤ ਵਿਚ ਹੋਵੇਗੀ। ਇਸੇ ਦੌਰਾਨ ਹੀ ਇਸਤਗਾਸਾ ਪੱਖ ਨੇ ਅਦਾਲਤ ਨੂੰ ਦੱਸਿਆ ਕਿ ਇਕ ਹੋਰ ਮੁਲਜ਼ਮ ਜੋਗਿੰਦਰ ਸਿੰਘ ਜੋਗਾ ਵਿਰੁੱਧ ਸਪਲੀਮੈਂਟਰੀ ਚਾਰਜਸ਼ੀਟ ਹਾਲੇ ਇਸ ਅਦਾਲਤ ਨੂੰ ਸੌਂਪੀ ਜਾਣੀ ਹੈ। ਇਸ ਤੋਂ ਬਾਅਦ ਸੈਸ਼ਨ ਜੱਜ ਨੇ ਸਪਲੀਮੈਂਟਰੀ ਚਾਰਜਸ਼ੀਟ ਦੀ ਉਡੀਕ ਕਰਦਿਆਂ 2 ਨਵੰਬਰ ਤੱਕ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ। ਮੂਸੇਵਾਲਾ ਦੇ ਕਤਲ ਕੇਸ ਵਿਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਹੇਠਲੀ ਅਦਾਲਤ ਵਿਚ ਦਾਇਰ ਕੀਤੀ ਸਪਲੀਮੈਂਟਰੀ ਚਾਰਜਸ਼ੀਟ ਪ੍ਰਕਿਰਿਆ ਵਿੱਚ ਦੇਰੀ ਹੋਈ ਹੈ। ਪਿਛਲੇ ਮਹੀਨੇ, ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਐਸ.ਆਈ.ਟੀ. ਨੇ ਜੋਗਿੰਦਰ ਸਿੰਘ ਉਰਫ ਜੋਗਾ ਵਿਰੁੱਧ ਦੂਜੀ ਪੂਰਕ ਚਾਰਜਸ਼ੀਟ ਦਾਇਰ ਕੀਤੀ ਸੀ। ਇਸ ਤੋਂ ਬਾਅਦ ਅਦਾਲਤ ਨੇ ਜੋਗਾ ਖ਼ਿਲਾਫ਼ ਕ੍ਰਮਵਾਰ 4 ਅਤੇ 17 ਅਕਤੂਬਰ ਲਈ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਸਨ ਪਰ ਜੇਲ੍ਹ ਪ੍ਰਸ਼ਾਸਨ ਦੋਵਾਂ ਮੌਕਿਆਂ 'ਤੇ ਉਸ ਨੂੰ ਪੇਸ਼ ਨਹੀਂ ਕਰ ਸਕਿਆ।

### ਹੈਰੋਇਨ ਤਸਕਰੀ: ਲਾਰੈਂਸ ਖਿਲਾਫ ਚਾਰਜਸ਼ੀਟ ਦਾਇਰ

**ਨਵੀਂ ਦਿੱਲੀ:** ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਲਗਭਗ 39 ਕਿਲੋ ਹੈਰੋਇਨ ਜ਼ਬਤ ਕਰਨ ਵਾਲੇ ਇਕ ਮਾਮਲੇ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ। ਏਜੰਸੀ ਨੇ ਸੂਚਨਾ ਤਕਨਾਲੋਜੀ ਐਕਟ ਦੀਆਂ ਧਾਰਾਵਾਂ ਤੋਂ ਇਲਾਵਾ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 120-ਬੀ, 201, 465 ਅਤੇ 471 ਤਹਿਤ ਵਿਸ਼ੇਸ਼ ਅਦਾਲਤ ਵਿਚ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕੀਤੀ। ਉਨ੍ਹਾਂ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਅਤੇ ਮਨੋਵਿਗਿਆਨਕ ਪਦਾਰਥਾਂ (ਐਨ.ਡੀ.ਪੀ.ਐਸ) ਐਕਟ ਅਤੇ ਅਤਿਵਾਦ ਵਿਰੋਧੀ ਕਾਨੂੰਨ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਅਹਿਮਦਾਬਾਦ ਦੇ ਅਤਿਵਾਦ ਵਿਰੋਧੀ ਦਸਤੇ (ਏ.ਟੀ.ਐਸ.) ਨੇ ਇਸ ਮਾਮਲੇ 'ਚ 15 ਸਤੰਬਰ, 2022 ਨੂੰ ਸ਼ੁਰੂਆਤ ਵਿਚ ਐਫ.ਆਈ.ਆਰ ਦਰਜ ਕੀਤੀ ਸੀ। ਇਸ ਤੋਂ ਬਾਅਦ ਐਨ.ਆਈ.ਏ. ਨੇ ਇਸ ਮਾਮਲੇ ਦਾ ਚਾਰਜ ਸੰਭਾਲ ਲਿਆ, ਇਸ ਨੂੰ 20 ਅਗਸਤ, 2023 ਨੂੰ ਮੁੜ ਦਰਜ ਕੀਤਾ।

## ਭਗਵੰਤ ਨਸ਼ਿਆਂ ਦਾ ਖਾਤਮਾ ਕਰਨ ਵਿਚ ਨਾਕਾਮ: ਸੁਖਬੀਰ



**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬੇ 'ਚੋਂ ਨਸ਼ਾ ਖਤਮ ਕਰਨ ਵਿਚ ਫੇਲ੍ਹ ਹੋਣ ਮਗਰੋਂ ਹੁਣ ਮੁੱਖ ਮੰਤਰੀ ਭਗਵੰਤ ਮਾਨ ਦਰਬਾਰ ਸਾਹਿਬ 'ਚ ਅਰਦਾਸ ਕਰਨ ਦੀ ਸਰਕਾਰੀ ਖਰਚੇ 'ਤੇ ਇਸ਼ਤਿਹਾਰਬਾਜ਼ੀ ਕਰ ਰਹੇ ਹਨ। ਸੁਖਬੀਰ ਨੇ ਕਿਹਾ ਕਿ ਮੁੱਖ ਮੰਤਰੀ ਇਸ ਤਰ੍ਹਾਂ ਕਰ ਕੇ ਦੋਸ਼ਮੁਕਤ ਨਹੀਂ ਹੋ ਸਕਦੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਸ਼ਾ ਇਸ ਕਰ ਕੇ ਜ਼ਿਆਦਾ ਵਧ ਗਿਆ ਹੈ ਕਿਉਂਕਿ 'ਆਪ' ਵਿਧਾਇਕ ਡਰੱਗ ਮਾਫੀਆ ਤੋਂ ਮਹੀਨਾ ਲੈ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਅਫਸਰਾਂ ਨੂੰ ਨਸ਼ਾ ਕਾਰੋਬਾਰ ਦੇ ਸਰਗਨਿਆਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਨਸ਼ੇ ਦੀ ਹੋਮ ਡਲਿਵਰੀ ਹੋ ਰਹੀ ਹੈ। ਮੁੱਖ ਮੰਤਰੀ ਆਪਣੀਆਂ ਅਸਫਲਤਾਵਾਂ 'ਤੇ ਪਰਦਾ ਪਾਉਣ ਲਈ ਇਸ ਤਰ੍ਹਾਂ ਦੇ ਸਟੰਟ ਕਰ ਰਹੇ ਹਨ।

# ਸਰਕਾਰ ਨੇ 'ਪੰਜਾਬ ਇਨਫਲੂਐਂਸਰ ਇੰਪਾਵਰਮੈਂਟ ਪਾਲਿਸੀ' ਲਿਆਂਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਸੱਭਿਆਚਾਰ ਤੇ ਵਿਰਾਸਤ ਨੂੰ ਲੋਕਾਂ ਤੱਕ ਪਹੁੰਚਾਉਣ ਲਈ 'ਪੰਜਾਬ ਇਨਫਲੂਐਂਸਰ ਇੰਪਾਵਰਮੈਂਟ ਪਾਲਿਸੀ-2023' ਲਿਆਂਦੀ ਹੈ। ਇਸ ਨੀਤੀ ਤਹਿਤ ਸੋਸ਼ਲ ਮੀਡੀਆ ਇਨਫਲੂਐਂਸਰਾਂ ਦੇ ਸਹਿਯੋਗ ਨਾਲ ਸੂਬੇ ਦੇ ਵੰਨ-ਸੁਵੰਨਤਾ ਵਾਲੇ ਸੱਭਿਆਚਾਰ, ਅਮੀਰ ਵਿਰਾਸਤ ਤੇ ਸ਼ਾਸਨ ਪ੍ਰਬੰਧ ਨੂੰ ਬਿਹਤਰ ਢੰਗ ਨਾਲ ਉਭਾਰਿਆ ਜਾਵੇਗਾ। ਸੂਬਾ ਸਰਕਾਰ ਨੇ ਵੱਖ-ਵੱਖ ਡਿਜ਼ੀਟਲ ਪਲੇਟਫਾਰਮਾਂ ਦੇ ਇਨਫਲੂਐਂਸਰਾਂ ਨੂੰ ਵਧ-ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿੱਤਾ ਹੈ। ਸੂਬਾ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਅੱਜ ਦੇ ਜ਼ਮਾਨੇ ਵਿਚ ਲੋਕਾਂ ਤੱਕ ਤਕਨੀਕ ਰਾਹੀਂ ਹੀ ਪਹੁੰਚ ਯਕੀਨੀ ਬਣਾਈ ਜਾਵੇਗੀ। ਸਰਕਾਰ ਨੇ ਇਸ ਸਬੰਧੀ ਪੰਜ ਸ਼੍ਰੇਣੀਆਂ ਬਣਾਈਆਂ ਹਨ। ਇਸ ਤਹਿਤ ਦਸ ਲੱਖ ਤੋਂ ਵੱਧ, ਪੰਜ ਲੱਖ ਤੋਂ ਦਸ ਲੱਖ, ਇਕ ਲੱਖ ਤੋਂ ਪੰਜ ਲੱਖ, 50 ਹਜ਼ਾਰ ਤੋਂ ਇਕ ਲੱਖ ਤੇ ਦਸ ਹਜ਼ਾਰ ਤੋਂ 50 ਹਜ਼ਾਰ ਤੱਕ ਦੀ ਸਬਸਕ੍ਰਿਪਸ਼ਨ ਵਾਲਿਆਂ ਨੂੰ ਸ਼ਾਮਲ ਕੀਤਾ ਜਾਵੇਗਾ। ਸੂਬਾ ਸਰਕਾਰ ਸੋਸ਼ਲ ਮੀਡੀਆ ਇਨਫਲੂਐਂਸਰਾਂ ਨੂੰ ਬਣਦਾ ਮਾਣ-ਭੱਤਾ ਵੀ ਦੇਵੇਗੀ।

### ਅਰਜ਼ੀਆਂ ਮਨਜ਼ੂਰ ਕਰਨ ਵਿਚ ਪੰਜਾਬ ਅੱਵਲ

**ਚੰਡੀਗੜ੍ਹ:** ਬਾਗ਼ਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐਫ) ਤਹਿਤ ਸਭ ਤੋਂ ਵੱਧ ਅਰਜ਼ੀਆਂ ਮਨਜ਼ੂਰ ਕਰਨ ਲਈ ਪੂਰੇ ਦੇਸ਼ ਵਿਚੋਂ ਪੰਜਾਬ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਇਸ ਸਕੀਮ ਤਹਿਤ 6040 ਕਰੋੜ ਰੁਪਏ ਦੇ ਪ੍ਰੋਜੈਕਟਾਂ ਲਈ 11,831 ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦੀ ਕਰਜ਼ਾ ਰਾਸ਼ੀ 3430 ਕਰੋੜ ਰੁਪਏ ਬਣਦੀ ਹੈ।

## ਪਿਛਲੀਆਂ ਸਰਕਾਰਾਂ ਨੇ ਨਸ਼ਿਆਂ ਵੱਲ ਧੱਕਿਆ: ਆਪ

**ਚੰਡੀਗੜ੍ਹ:** 'ਆਪ' ਪੰਜਾਬ ਦੇ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਸੂਬੇ ਵਿਚ ਨਸ਼ਿਆਂ ਦੇ ਮੁੱਦੇ 'ਤੇ ਆਖਿਆ ਕਿ ਪਿਛਲੀਆਂ ਸਰਕਾਰਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਿਆ ਅਤੇ ਨਸ਼ਾ ਤਸਕਰਾਂ ਨੂੰ ਫੜਨ ਦੀ ਥਾਂ ਸਰਕਾਰੀ ਸੁਰੱਖਿਆ ਦਿੱਤੀ ਗਈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ ਮੌਜੂਦਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਜਾਲ ਵਿਚੋਂ ਕੱਢਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪੰਜਾਬ ਵਿਚੋਂ ਨਸ਼ੇ ਨੂੰ ਜੜ੍ਹੋਂ ਖਤਮ ਲਈ ਕਈ ਤਰ੍ਹਾਂ ਦੇ ਅਪਰੇਸ਼ਨ ਚਲਾਏ ਹਨ। ਉਨ੍ਹਾਂ ਕਿਹਾ ਕਿ ਕੁਝ ਵਿਰੋਧੀ ਧਿਰਾਂ ਦੇ ਆਗੂ ਸਰਕਾਰ ਦੇ ਇਸ ਕਦਮ ਦਾ ਵਿਰੋਧ ਕਰ ਰਹੇ ਹਨ ਪਰ ਉਹ ਦੱਸਣ ਕਿ ਦਰਬਾਰ ਸਾਹਿਬ ਤੋਂ ਮੁਹਿੰਮ ਸ਼ੁਰੂ ਕਰਨ ਵਿਚ ਕੀ ਬੁਰਾਈ ਹੈ। ਪੰਜਾਬੀ ਕੋਈ ਵੀ ਕੰਮ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਹੀ ਸ਼ੁਰੂ ਕਰਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਅਜਿਹਾ ਹੀ ਕੀਤਾ।

# ਗੈਸ ਲੀਕ: ਐਨ.ਜੀ.ਟੀ. ਵੱਲੋਂ ਨਵੇਂ ਸਿਰਿਉਂ ਆਜ਼ਾਦਾਨਾ ਜਾਂਚ ਦੇ ਹੁਕਮ

**ਲੁਧਿਆਣਾ:** ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ 30 ਅਪਰੈਲ ਨੂੰ ਵਾਪਰੇ ਲੁਧਿਆਣਾ ਦੇ ਗਿਆਸਪੁਰਾ ਇਲਾਕੇ ਦੇ ਗੈਸ ਲੀਕ ਕਾਂਡ ਸਬੰਧੀ ਪੰਜਾਬ ਪ੍ਰਦੂਸ਼ਣ ਕੰਟਰੋਲ ਬਿਊਰੋ (ਪੀ.ਪੀ.ਸੀ.ਬੀ.) ਦੇ ਚੇਅਰਮੈਨ ਦੀ ਅਗਵਾਈ ਵਾਲੀ ਕਮੇਟੀ ਦੀ ਜਾਂਚ ਰਿਪੋਰਟ ਰੱਦ ਕਰ ਕੇ ਸਖ਼ਤ ਰੁਖ ਅਪਣਾਇਆ ਹੈ। ਟ੍ਰਿਬਿਊਨਲ ਨੇ ਇਸ ਕਾਂਡ ਦੀ ਪੰਜ ਮਹੀਨੇ ਚੱਲੀ ਜਾਂਚ ਤੋਂ ਬਾਅਦ ਤਿਆਰ ਕੀਤੀ ਗਈ 397 ਸਫ਼ਿਆਂ ਦੀ ਰਿਪੋਰਟ ਵਿਚ ਕਈ ਵੱਡੀਆਂ ਖ਼ਾਮੀਆਂ ਦਾ ਹਵਾਲਾ ਦਿੱਤਾ ਹੈ।



ਘਟਨਾ ਦੇ ਕਾਰਨਾਂ ਦਾ ਪਤਾ ਲਾਉਣ ਅਤੇ ਜ਼ਿੰਮੇਵਾਰੀ ਤੈਅ ਕਰਨ ਲਈ ਨਵੇਂ ਸਿਰਿਉਂ ਆਜ਼ਾਦਾਨਾ ਜਾਂਚ ਦੇ ਹੁਕਮ ਦਿੱਤੇ ਗਏ ਹਨ। ਐਨ.ਜੀ.ਟੀ. ਵੱਲੋਂ ਰਿਪੋਰਟ ਨੂੰ ਖ਼ਾਰਜ ਕੀਤੇ ਜਾਣ ਦਾ ਵਡੇਰਾ ਸੁਨੇਹਾ ਇਹ ਹੈ ਕਿ ਜਾਂਚ ਦੀਆਂ ਲੱਭਤਾਂ ਤਸੱਲੀਬਖ਼ਸ਼ ਨਹੀਂ ਅਤੇ ਇਹ ਅਹਿਮ ਸਵਾਲਾਂ ਦੇ ਜਵਾਬ ਦੇਣ ਵਿਚ ਨਾਕਾਮ ਰਹੀਆਂ ਹਨ। ਇਸ ਘਟਨਾ ਵਿਚ ਲੁਧਿਆਣਾ ਦੇ 11 ਵਸਨੀਕਾਂ ਦੀ ਜਾਨ ਜਾਂਦੀ ਰਹੀ ਸੀ ਕਿਉਂਕਿ ਮੈਨਹੋਲ ਤੋਂ ਅਚਾਨਕ ਜ਼ਹਿਰੀਲੀ ਗੈਸ ਹਾਈਡਰੋਜਨ ਸਲਫਾਈਡ ਦਾ ਰਿਸਾਅ ਸ਼ੁਰੂ ਹੋ ਗਿਆ ਸੀ।

ਪੀ.ਪੀ.ਸੀ.ਬੀ. ਚੇਅਰਮੈਨ ਦੀ ਅਗਵਾਈ ਵਾਲੀ ਅੱਠ ਮੈਂਬਰੀ ਕਮੇਟੀ ਨੇ ਆਪਣੀ ਜਾਂਚ ਵਿਚ ਸਿੱਟਾ ਕੱਢਿਆ ਕਿ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਾਉਣਾ ਮੁਸ਼ਕਿਲ ਹੈ। ਰਿਪੋਰਟ ਵਿਚ ਲੀਕੇਜ ਲਈ ਸੀਵਰ ਲਾਈਨ ਵਿਚੋਂ ਨਿਕਲਣ ਵਾਲੀਆਂ ਗੈਸਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਗਿਆ ਹੈ ਕਿ ਇਸ ਲਈ ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਨੂੰ ਜ਼ਿੰਮੇਵਾਰ ਨਹੀਂ ਮੰਨਿਆ ਜਾ ਸਕਦਾ। ਇਸ ਤੋਂ ਪਹਿਲਾਂ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਸੰਕੇਤ ਦਿੱਤਾ ਸੀ ਕਿ ਹਾਈਡਰੋਜਨ ਸਲਫਾਈਡ ਲਈ ਸਨਅਤੀ ਰਿਸਾਅ ਮੁੱਖ ਤੌਰ 'ਤੇ ਜ਼ਿੰਮੇਵਾਰ ਹੋ ਸਕਦਾ ਹੈ। ਇਸ ਨੇ ਇਹ ਵੀ ਦਰਜ ਕੀਤਾ ਸੀ ਕਿ ਮੁੱਖ ਸੀਵਰ ਵਿਚ ਬਹੁਤ ਜ਼ਿਆਦਾ ਤੇਜ਼ਾਬ ਵਾਲੇ ਪਾਣੀ ਦੀ ਮੌਜੂਦਗੀ ਸਨਅਤੀ ਪਦਾਰਥਾਂ ਦੇ ਡਿਸਚਾਰਜ ਵੱਲ ਇਸ਼ਾਰਾ ਕਰਦੀ ਹੈ।

ਜਾਂਚ ਰਿਪੋਰਟ ਉਤੇ ਜ਼ਾਹਿਰ ਕੀਤੇ ਗਏ ਗੰਭੀਰ ਸ਼ੱਕ ਮਾਹਿਰਾਂ ਦੀ ਕਮੇਟੀ ਲਈ ਝਟਕਾ ਹਨ। ਇਹ ਪੰਜਾਬ ਵਿਚ ਪ੍ਰਦੂਸ਼ਣ ਕੰਟਰੋਲ ਸਬੰਧੀ ਢਾਂਚੇ ਉਤੇ ਵੀ ਸਪਸ਼ਟ ਟਿੱਪਣੀ ਹੈ ਜੋ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੀ ਨਿਸ਼ਾਨਦੇਹੀ ਕਰਨ ਵਿਚ ਨਾ-ਕਾਮਯਾਬ ਰਿਹਾ ਹੈ। ਐਨ.ਜੀ.ਟੀ. ਮੁਤਾਬਕ, ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਬਹੁਤ ਸਾਰੀਆਂ ਇਕਾਈਆਂ ਬਿਨਾ ਮਨਜ਼ੂਰੀ ਤੋਂ ਸਨਅਤੀ ਮਕਸਦਾਂ ਲਈ ਤੇਜ਼ਾਬ ਦਾ ਇਸਤੇਮਾਲ ਕਰ ਰਹੀਆਂ ਹਨ। ਇਸ ਲਈ ਸਵਾਲ ਉੱਠਦਾ ਹੈ ਕਿ ਉਨ੍ਹਾਂ ਦੋਸ਼ੀਆਂ ਦੀ ਸ਼ਨਾਖ਼ਤ ਕਿਉਂ ਨਹੀਂ ਕੀਤੀ ਗਈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 28 ਅਕਤੂਬਰ, 2023

# ਗੁਆਂਢ ਦੀ ਸਿਆਸਤ

ਉਹ ਖਬਰ ਆਖਰਕਾਰ ਆ ਗਈ ਹੈ ਜਿਸ ਬਾਰੇ ਚਿਰਾਂ ਤੋਂ ਕਿਆਸਆਰਾਈਆਂ ਚੱਲ ਰਹੀਆਂ ਸਨ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਪਾਕਿਸਤਾਨ ਪਰਤ ਆਏ ਹਨ। ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ 14 ਸਾਲਾਂ ਦੀ ਕੈਦ ਦੀ ਸਜ਼ਾ ਹੋਈ ਸੀ ਤਾਂ 2019 ਵਿਚ ਉਹ ਆਪਣੀ ਬਿਮਾਰੀ ਦੇ ਇਲਾਜ ਲਈ ਲੰਡਨ ਚਲੇ ਗਏ ਸਨ। ਚਾਰ ਸਾਲਾਂ ਬਾਅਦ ਜ਼ਮਾਨਤ ਮਿਲਣ ਤੋਂ ਬਾਅਦ ਉਨ੍ਹਾਂ ਪਾਕਿਸਤਾਨ ਪਰਤ ਕੇ ਅਗਲੀਆਂ ਆਮ ਚੋਣਾਂ ਲਈ ਆਪਣੀਆਂ ਸਿਆਸੀ ਸਰਗਰਮੀਆਂ ਵਿੱਢ ਦਿੱਤੀਆਂ ਹਨ। ਹਾਲਾਂਕਿ ਪਾਕਿਸਤਾਨ ਮੁਸਲਿਮ ਲੀਗ ਦੇ ਇਸ 73 ਸਾਲਾ ਸਿਆਸਤਦਾਨ ਖਿਲਾਫ਼ ਸਜ਼ਾ ਦਾ ਫ਼ੈਸਲਾ ਅਜੇ ਖੜ੍ਹਾ ਹੈ ਪਰ ਉਨ੍ਹਾਂ ਦੀਆਂ ਨਜ਼ਰਾਂ ਇਕ ਵਾਰ ਫਿਰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਹਨ। ਸ਼ਰੀਫ਼ ਦੀ ਵਾਪਸੀ ਦੇ ਢੰਗ-ਤਰੀਕੇ ਤੋਂ ਸੰਕੇਤ ਮਿਲਦਾ ਹੈ ਕਿ ਫ਼ੌਜ ਨਾਲ ਉਨ੍ਹਾਂ ਦੇ ਤਾਅਲੁਕਾਤ ਕਾਫ਼ੀ ਸੁਖਾਵੇਂ ਬਣ ਚੁੱਕੇ ਹਨ। 2018 ਵਿਚ ਉਨ੍ਹਾਂ ਨੇ ਫ਼ੌਜ 'ਤੇ ਆਪਣੇ ਕੱਟੜ ਵਿਰੋਧੀ ਇਮਰਾਨ ਖ਼ਾਨ ਦੀ ਪਿੱਠ ਪੂਰਨ ਦਾ ਦੋਸ਼ ਲਾਇਆ ਸੀ; ਉਹ ਗੱਲ ਹੁਣ ਪੁਰਾਣੀ ਪੈ ਗਈ ਹੈ। ਹੁਣ ਉਸੇ ਫ਼ੌਜ ਨਾਲ ਵਿਗੜਨ ਕਰ ਕੇ ਇਮਰਾਨ ਖ਼ਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਜੇਲ੍ਹ ਵਿਚ ਬੰਦ ਹੈ।

ਪਾਕਿਸਤਾਨ ਵਿਚ ਅਜਿਹਾ ਕਈ ਵਾਰ ਵਾਪਰ ਚੁੱਕਿਆ ਹੈ, ਫਿਰ ਵੀ ਅਜੇ ਕਈ ਗੱਲਾਂ ਸਾਫ਼ ਨਹੀਂ ਹੋ ਸਕੀਆਂ। ਉਨ੍ਹਾਂ ਦੀਆਂ ਅਪੀਲਾਂ 'ਤੇ ਫ਼ੈਸਲਾ ਆਉਣਾ ਬਾਕੀ ਹੈ, ਉਂਝ ਹਾਲ ਦੀ ਘੜੀ ਨਵਾਜ਼ ਸ਼ਰੀਫ਼ ਅਤੇ ਇਮਰਾਨ ਖ਼ਾਨ ਦੋਵੇਂ ਚੋਣਾਂ ਨਹੀਂ ਲੜ ਸਕਦੇ। 2022 ਤੋਂ ਲੈ ਕੇ ਇਸ ਸਾਲ ਦੇ ਸ਼ੁਰੂਆਤੀ ਮਹੀਨਿਆਂ ਤੱਕ ਸ਼ਾਹਬਾਜ਼ ਸ਼ਰੀਫ਼ ਪ੍ਰਧਾਨ ਮੰਤਰੀ ਰਹੇ ਅਤੇ ਹੁਣ ਉਨ੍ਹਾਂ ਦੇ ਵੱਡੇ ਭਰਾ ਦੀ ਵਾਪਸੀ ਨਾਲ ਅਗਲੇ ਸਾਲ ਜਨਵਰੀ ਵਿਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਉਨ੍ਹਾਂ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ (ਐੱਨ) ਨੂੰ ਹੁਲਾਰਾ ਮਿਲਿਆ ਹੈ। ਇਮਰਾਨ ਖ਼ਾਨ ਦੀ ਹਰਮਨ ਪਿਆਰਤਾ ਅਜੇ ਵੀ ਬਰਕਰਾਰ ਹੈ ਅਤੇ ਉਨ੍ਹਾਂ ਦੇ ਲੋਕ ਆਧਾਰ ਨੂੰ ਖੋਰਾ ਲਾਉਣਾ ਸ਼ਰੀਫ਼ ਭਰਾਵਾਂ ਲਈ ਵੱਡੀ ਚੁਣੌਤੀ ਹੋਵੇਗੀ। ਪਾਕਿਸਤਾਨ ਨੂੰ ਸੁਰੱਖਿਆ, ਅਰਥਚਾਰੇ ਅਤੇ ਸਿਆਸਤ ਨਾਲ ਜੁੜੇ ਕਈ ਤਰ੍ਹਾਂ ਦੇ ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫ਼ੌਜ ਭਾਵੇਂ ਉਨ੍ਹਾਂ ਦੀ ਪਿੱਠ 'ਤੇ ਖੜ੍ਹੀ ਹੈ, ਫਿਰ ਵੀ ਆਪਣੇ ਆਪ ਨੂੰ ਪਾਏਦਾਰ ਬਦਲ ਵਜੋਂ ਸਥਾਪਤ ਕਰਨਾ ਉਨ੍ਹਾਂ ਲਈ ਕਾਫ਼ੀ ਔਖਾ ਕਾਰਜ ਹੋਵੇਗਾ। ਪਾਕਿਸਤਾਨ ਸਿਰ ਕਰਜ਼ੇ ਦਾ ਬੋਝ ਵਧ ਰਿਹਾ ਹੈ ਅਤੇ ਅੰਤਾਂ ਦੀ ਮਹਿੰਗਾਈ ਕਰ ਕੇ ਲੋਕਾਂ ਦਾ ਤ੍ਰਾਹ ਨਿਕਲ ਗਿਆ ਹੈ। ਨਵਾਜ਼ ਸ਼ਰੀਫ਼ ਨੇ ਵਾਪਸੀ ਵੇਲੇ ਆਪਣੇ ਭਾਸ਼ਣ ਵਿਚ ਭਾਰਤ ਬਾਰੇ ਬਿਰਤਾਂਤ ਨੂੰ ਨਵੀਂ ਦਿਸ਼ਾ ਦੇਣ ਦੀ ਗੱਲ ਆਖੀ ਹੈ। ਉਨ੍ਹਾਂ ਆਖਿਆ ਕਿ ਆਪਣੇ ਗੁਆਂਢੀਆਂ ਨਾਲ ਝਗੜਾ ਕਰ ਕੇ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਿਆ। ਦੋਵੇਂ ਦੇਸ਼ਾਂ ਵਿਚਕਾਰ ਮੁੜ ਗੱਲਬਾਤ ਲਈ ਸਰਹੱਦ ਪਾਰ ਦਹਿਸ਼ਤਗਰਦੀ ਦਾ ਖ਼ਾਤਮਾ ਸ਼ੁਰੂਆਤੀ ਨੁਕਤਾ ਹੋ ਸਕਦਾ ਹੈ। ਇਸ ਮਾਮਲੇ ਵਿਚ ਪਾਕਿਸਤਾਨ ਦੇ ਸਿਆਸੀ ਆਗੂਆਂ ਤੇ ਫ਼ੌਜ ਦਾ ਰਿਕਾਰਡ ਕਾਫ਼ੀ ਖਰਾਬ ਰਿਹਾ ਹੈ।

ਨਵਾਜ਼ ਸ਼ਰੀਫ਼ ਦੀ ਭਾਰਤ ਨਾਲ ਸਬੰਧਾਂ ਵਾਲੀ ਟਿੱਪਣੀ ਧਿਆਨ ਦੇਣ ਵਾਲੀ ਹੈ। ਇਹ ਦੋਹਾਂ ਮੁਲਕਾਂ ਲਈ ਫਾਇਦੇਮੰਦ ਹੋ ਸਕਦੀ ਹੈ ਕਿਉਂਕਿ ਕਈ ਖੇਤਰਾਂ ਵਿਚ ਭਾਰਤ ਦਾ ਹਾਲ ਵੀ ਬਹੁਤਾ ਚੰਗਾ ਨਹੀਂ। ਭੁੱਖ ਸਬੰਧੀ ਆਲਮੀ ਸੂਚਕ ਅੰਕ ਦੀ 2023 ਦੀ ਦਰਜਾਬੰਦੀ ਵਿਚ ਭਾਰਤ 125 ਮੁਲਕਾਂ ਵਿਚੋਂ 111ਵੇਂ ਸਥਾਨ ਉੱਤੇ ਹੈ। ਭਾਰਤ ਕੁਪੋਸ਼ਣ ਦਾ ਸ਼ਿਕਾਰ ਬੱਚਿਆਂ ਪੱਖੋਂ ਵੀ ਦੁਨੀਆ 'ਚ ਸਭ ਤੋਂ ਵੱਧ ਦਰ 18.7 ਫ਼ੀਸਦੀ ਵਾਲਾ ਮੁਲਕ ਹੈ। ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਇਸ ਰਿਪੋਰਟ ਨੂੰ ਭਾਵੇਂ ਇਸ ਦੀ ਸ਼ੱਕੀ ਕਾਰਜ ਪ੍ਰਣਾਲੀ ਅਤੇ ਬਦਨੀਅਤੀ ਵਾਲੇ ਇਰਾਦੇ ਦਾ ਹਵਾਲਾ ਦੇ ਕੇ ਰੱਦ ਕਰ ਦਿੱਤਾ ਹੈ ਪਰ ਅੰਕੜੇ ਦੱਸਦੇ ਹਨ ਕਿ ਹਾਲਾਤ ਸੱਚਮੁੱਚ ਗੰਭੀਰ ਹਨ। ਬੀਤੇ ਸਾਲ ਦੇ ਪੋਸ਼ਣ ਟਰੈਕਰ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਵਿਚ 43 ਲੱਖ ਤੋਂ ਵੱਧ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਭਾਰਤ ਨਾ ਸਿਰਫ਼ ਅਨਾਜ ਦੀ ਪੈਦਾਵਾਰ ਪੱਖੋਂ ਆਤਮ-ਨਿਰਭਰ ਮੁਲਕ ਹੈ ਸਗੋਂ ਆਪਣੀ ਵਾਧੂ ਉਪਜ ਵਿਦੇਸ਼ਾਂ ਨੂੰ ਬਰਾਮਦ ਵੀ ਕਰਦਾ ਹੈ। ਇਸ ਦੇ ਨਾਲ ਹੀ ਇਹ ਦੁਨੀਆ ਦਾ ਸਭ ਤੋਂ ਵੱਧ ਤੇਜ਼ੀ ਨਾਲ ਵਧਦਾ ਹੋਇਆ ਅਰਥਚਾਰਾ ਵੀ ਹੈ।

ਇਹ ਸੱਚਮੁੱਚ ਵੱਡਾ ਵਿਰੋਧਾਭਾਸ ਹੈ ਕਿ ਭਾਰਤ ਦੀ ਆਬਾਦੀ ਦਾ ਵੱਡਾ ਹਿੱਸਾ ਅਹਿਮ ਪੋਸ਼ਣ ਪੈਮਾਨਿਆਂ ਦੇ ਮਾਮਲੇ ਵਿਚ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਅਤੇ ਅਫਰੀਕਾ ਦੇ ਸਹਾਰਾ ਖਿੱਤੇ ਦੇ ਮੁਲਕਾਂ ਦੇ ਕਰੀਬ ਜਾਂ ਉਨ੍ਹਾਂ ਤੋਂ ਵੀ ਹੇਠਲੇ ਪੱਧਰ ਉੱਤੇ ਹੈ। ਨੀਤੀ ਆਯੋਗ ਦੇ ਕੌਮੀ ਬਹੁ-ਪਸਾਰੀ ਗ਼ਰੀਬੀ ਸੂਚਕ ਅੰਕ ਮੁਤਾਬਿਕ ਅਜਿਹੀ ਗ਼ਰੀਬੀ ਵਿਚ ਰਹਿਣ ਵਾਲੇ ਲੋਕ ਕਰੀਬ 15 ਫ਼ੀਸਦੀ ਹਨ। ਜੁਲਾਈ 2023 ਵਿਚ ਜਾਰੀ ਆਯੋਗ ਦੀ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਕਾਫ਼ੀ ਵੱਡੀ ਗਿਣਤੀ (74 ਫ਼ੀਸਦੀ) ਲੋਕ ਸਿਹਤਮੰਦ ਭੋਜਨ ਦਾ ਖ਼ਰਚਾ ਨਹੀਂ ਉਠਾ ਸਕਦੇ। ਸਾਰਿਆਂ ਦੀ ਪੌਸ਼ਟਿਕ ਖੁਰਾਕ ਤੱਕ ਪਹੁੰਚ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਬਿਹਤਰ ਪੋਸ਼ਣ ਸਿੱਟਿਆਂ ਵਾਸਤੇ ਉਨ੍ਹਾਂ ਲਈ ਸਾਫ਼ ਪਾਣੀ ਵੀ ਉਪਲਬਧ ਹੋਵੇ। ਇਸ ਵੇਲੇ ਹਾਲ ਇਹ ਹੈ ਕਿ ਭਾਰਤ ਟਿਕਾਊ ਵਿਕਾਸ ਟੀਚਿਆਂ ਮੁਤਾਬਕ 2030 ਤੱਕ ਸਿਫ਼ਰ ਭੁੱਖ ਦਾ ਟੀਚਾ (ਭਾਵ ਜਦੋਂ ਕੋਈ ਵੀ ਭੁੱਖਾ ਨਾ ਸੌਂਵੇ) ਹਾਸਲ ਕਰਨ ਦੀ ਦੌੜ ਵਿਚ ਪਛੜ ਰਿਹਾ ਹੈ। ਅਜਿਹੇ ਹਾਲਾਤ ਵਿਚ ਜੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਬੰਧ ਸੁਧਰਦੇ ਹਨ ਤਾਂ ਦੋਹਾਂ ਮੁਲਕਾਂ ਨੂੰ ਫਾਇਦਾ ਪੁੱਜ ਸਕਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਕਤ ਪੂਰੀ ਸਮਰੱਥਾ ਅਤੇ ਊਰਜਾ ਵਿਕਾਸ ਕਾਰਜਾਂ 'ਤੇ ਲੱਗਣੀ ਚਾਹੀਦੀ ਹੈ। ਪਿਛਲੇ ਕੁਝ ਸਮੇਂ ਤੋਂ ਇਹ ਗੱਲ ਪਾਕਿਸਤਾਨ ਦੀ ਫੌਜ ਵੀ ਚੰਗੀ ਤਰ੍ਹਾਂ ਸਮਝ ਚੁੱਕੀ ਹੈ। ਇਸ ਲਈ ਸੰਭਵ ਹੈ ਕਿ ਆਉਣ ਵਾਲੇ ਸਮੇਂ ਵਿਚ ਦੋਹਾਂ ਮੁਲਕਾਂ ਵਿਚਕਾਰ ਰਾਬਤਾ ਵਧਣ ਦੇ ਰਾਹ ਖੁੱਲ੍ਹ ਜਾਣ। ਇਹ ਦੋਹਾਂ ਮੁਲਕਾਂ ਲਈ ਸ਼ੁਭ ਸ਼ਗਨ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੀ.ਐੱਮ ਦਾ ਸੱਲ!

ਭੰਡਣ ਵਾਸਤੇ ਸਾਰੇ ਈ ਹੋ ਜਾਣ 'ਕੱਠੇ, ਪੰਜਾ ਕਮਲ ਤੇ ਨਾ਼ਲ ਹੀ ਦਲ ਹੁੰਦਾ।
ਨਿੱਤ ਨਵੇਂ ਤੋਂ ਨਵੇਂ ਇਲਜ਼ਾਮ ਲਾਉਂਦੇ ਫਿਰ ਵੀ ਕਿਸੇ ਤੋਂ ਨਹੀਂ ਦੱਬਲ ਹੁੰਦਾ।
ਸੱਤਰ ਸਾਲਾਂ ਦੇ ਪਾਏ ਝਮੇਲਿਆਂ ਦਾ ਕਹਿੰਦੇ ਦਿਨਾਂ 'ਚ ਕਿਉਂ ਨੀ ਹੱਲ ਹੁੰਦਾ।
ਰਾਜਪਾਲ ਵੀ ਰਾਜ-ਹਿਤ ਪਾਲਦਾ ਨਾ ਪੰਗੇ ਪਾਉਣ ਲਈ ਮਾਲਕਾਂ ਵੱਲ ਹੁੰਦਾ।
'ਵਿਸ ਘੋਲਦੇ' ਰਹਿੰਦੇ ਐ ਸੱਪ ਵਾਂਗੂੰ ਸੀ.ਐਮ. ਦੇਖ ਕੇ ਸੀਨੇ 'ਚ ਸੱਲ ਹੁੰਦਾ।
ਕੁਰਸੀ 'ਧਨ-ਕੁਬੇਰਾਂ' ਰਜਵਾੜਿਆਂ ਦੀ ਬੈਠਾ ਮਾਸਟਰ ਦਾ ਮੁੰਡਾ ਨੀ ਝੱਲ ਹੁੰਦਾ।

# ਪ੍ਰੋ. ਬਲਵਿੰਦਰ ਕੌਰ ਦੀ ਖੁਦਕੁਸ਼ੀ ਲਈ ਜ਼ਿੰਮੇਵਾਰ ਕੌਣ?

ਸਹਾਇਕ ਪ੍ਰੋਫੈਸਰ ਬਲਵਿੰਦਰ ਕੌਰ (35 ਸਾਲ) ਨੇ ਸਰਹੰਦ ਨਹਿਰ ਵਿਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਖੁਦਕੁਸ਼ੀ ਤੋਂ ਪਹਿਲਾਂ ਮ੍ਰਿਤਕਾ ਦਾ ਲਿਖਿਆ ਖੁਦਕੁਸ਼ੀ ਨੋਟ ਅਤੇ ਛੱਡਿਆ ਵਾਇਸ ਮੈਸੇਜ ਉਸ ਦੇ ਮਰਨ ਸਮੇਂ ਦੀ ਸਥਿਤੀ ਬਿਆਨ ਕਰਦਾ ਹੈ ਕਿ ਉਹ ਉਸ ਸਮੇਂ ਕਿਸ ਕਦਰ ਬੇਰੁਜ਼ਗਾਰੀ ਦੀ ਪੀੜਾ ਦਾ ਸਾਹਮਣਾ ਕਰ ਰਹੀ ਸੀ। ਇਸ ਵਕਤ ਬੇਰੁਜ਼ਗਾਰੀ ਬਹੁਤ ਗੰਭੀਰ ਵਿਸ਼ਾ ਹੈ, ਇਸ ਵਿਸ਼ੇ ਦੀ ਬੁਨਿਆਦ ਤੱਕ ਜਾਵਾਂਗੇ ਤਾਂ ਸਮਝ ਪੈਂਦਾ ਹੈ ਕਿ ਨਸ਼ੇ, ਬੇਲੋੜੇ ਪਰਵਾਸ, ਮਾਨਸਿਕ ਸਮੱਸਿਆਵਾਂ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ।

ਕਿਸੇ ਵੀ ਸੱਭਿਅਕ ਸਮਾਜ ਵਿਚ 'ਯੋਗਤਾ ਅਨੁਸਾਰ ਰੁਜ਼ਗਾਰ ਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ' ਹਰ ਨੌਜਵਾਨ ਦਾ ਹੱਕ ਹੈ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਜਦ ਤੱਕ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਕਰਵਾਉਂਦੀ, ਤਦ ਤੱਕ ਬੇਰੁਜ਼ਗਾਰੀ ਭੱਤਾ ਮੁਹੱਈਆ ਕਰੇ। ਪੰਜਾਬ ਵਿਚ ਵੱਡੀ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਕਾਰਨ ਨੌਜਵਾਨਾਂ ਵਿਚ ਬੇਯਕੀਨੀ ਪੈਦਾ ਹੋ ਚੁੱਕੀ ਹੈ ਜਿਸ ਦਾ ਸਿੱਟਾ ਬੇਲੋੜੇ ਪਰਵਾਸ ਦੇ ਰੂਪ ਵਿਚ ਵੀ ਨਜ਼ਰ ਆ ਰਿਹਾ ਹੈ। ਵੱਖ-ਵੱਖ ਪਾਰਟੀਆਂ ਨੇ ਚੋਣਾਂ ਦੌਰਾਨ ਬੇਰੁਜ਼ਗਾਰੀ ਦੇ ਸੰਵੇਦਨਸ਼ੀਲ ਮਸਲੇ 'ਤੇ ਝੂਠੇ ਲਾਰੇ ਲਾ ਕੇ ਵੋਟਾਂ ਜ਼ਰੂਰ ਹਾਸਲ ਕੀਤੀਆਂ ਪਰ ਇਸ ਨੂੰ ਹੱਲ ਕਰਨ ਦਾ ਯਤਨ ਨਹੀਂ ਕੀਤਾ। ਪਹਿਲਾਂ ਬਾਦਲਾਂ ਨੇ ਰੁਜ਼ਗਾਰ ਦਾ ਝੂਠਾ ਵਾਅਦਾ ਕਰ ਕੇ ਵੋਟਾਂ ਲਈਆਂ, ਫਿਰ ਕੈਪਟਨ ਅਮਰਿੰਦਰ ਸਿੰਘ ਨੇ 'ਘਰ-ਘਰ ਰੁਜ਼ਗਾਰ' ਦਾ ਲਾਰਾ ਲਾ ਕੇ ਸਰਕਾਰ ਬਣਾ ਲਈ ਅਤੇ ਹੁਣ ਆਮ ਆਦਮੀ ਪਾਰਟੀ ਨੇ ਰੁਜ਼ਗਾਰ ਦੇਣ ਦਾ ਜਜ਼ਬਾਤੀ ਮਾਹੌਲ ਪੈਦਾ ਕਰ ਕੇ ਸਰਕਾਰ ਬਣਾਈ ਲੇਕਿਨ ਸਥਿਤੀ ਸਾਡੇ ਸਾਹਮਣੇ ਹੈ। 'ਇੱਥੇ ਅੰਗਰੇਜ਼ ਨੌਕਰੀ ਮੰਗਣ ਆਇਆ ਕਰਨਗੇ' ਵਰਗੇ ਬਿਆਨ ਜਾਰੀ ਕਰਨ ਵਾਲੇ ਮੁੱਖ ਮੰਤਰੀ ਨੂੰ ਸ਼ਾਇਦੀ ਰੁਜ਼ਗਾਰ ਖਾਤਰ ਖੁਦਕੁਸ਼ੀਆਂ ਕਰ ਰਹੇ, ਟੈਂਕੀਆਂ 'ਤੇ ਚੜ੍ਹ ਰਹੇ, ਪੱਕੇ ਧਰਨੇ ਲਾ ਰਹੇ ਬੇਰੁਜ਼ਗਾਰ ਅਧਿਆਪਕ ਦਿਖਾਈ ਨਹੀਂ ਦੇ ਰਹੇ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਬਲਵਿੰਦਰ ਕੌਰ ਦਾ ਖੁਦਕੁਸ਼ੀ ਨੋਟ ਬਿਆਨ ਕਰਦਾ ਹੈ ਕਿ ਉਹ ਬੇਰੁਜ਼ਗਾਰੀ ਕਾਰਨ ਮਾਨਸਿਕ ਤੌਰ 'ਤੇ ਬਹੁਤ ਜ਼ਿਆਦਾ ਦਰਦ ਸਹਿ ਰਹੀ ਸੀ। ਉਸ ਦੇ ਗਰਭਪਾਤ, ਮਾਨਸਿਕ ਤਣਾਅ, ਘਰੇਲੂ ਮਾਹੌਲ ਦਾ ਮੁੱਖ ਕਾਰਨ ਵੀ ਬੇਰੁਜ਼ਗਾਰੀ ਹੈ। ਬਲਵਿੰਦਰ ਕੌਰ ਉਨ੍ਹਾਂ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦਾ ਹਿੱਸਾ ਸੀ ਜਿਨ੍ਹਾਂ ਦੀ ਭਰਤੀ ਪ੍ਰਕਿਰਿਆ ਪਿਛਲੇ ਦੋ ਸਾਲਾਂ ਤੋਂ ਲਟਕ ਰਹੀ ਹੈ। ਪਿਛਲੀ ਸਰਕਾਰ ਨੇ ਅਕਤੂਬਰ 2021 ਵਿਚ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਕਾਂਗਰਸ ਸਰਕਾਰ ਨੇ 2-3 ਦਸੰਬਰ 2021 ਨੂੰ ਇਨ੍ਹਾਂ ਵਿਚੋਂ 607 ਮੁਲਾਜ਼ਮਾਂ ਨੂੰ ਬਗੈਰ ਸਟੇਸ਼ਨ ਅਲਾਟਮੈਂਟ ਕੀਤੇ ਹੈੱਡਕੁਆਰਟਰ 'ਤੇ ਨੌਸ਼ਨਲ ਨਿਯੁਕਤੀ ਪੱਤਰ ਦੇ ਦਿੱਤੇ ਸਨ। ਬਾਅਦ ਵਿਚ 124 ਨੂੰ ਤਾਂ ਸਟੇਸ਼ਨ ਜਾਰੀ ਕਰ ਕੇ ਡਿਊਟੀ ਜੁਆਇਨ ਕਰਵਾ ਲਈ ਸੀ ਲੇਕਿਨ ਉਸੇ ਸਮੇਂ ਅਦਾਲਤ ਵਿਚ ਪਟੀਸ਼ਨ ਦਾਇਰ ਹੋਣ ਕਾਰਨ 483 ਨੂੰ ਅੱਜ ਤੱਕ ਸਟੇਸ਼ਨ ਨਹੀਂ ਦਿੱਤੇ ਗਏ। ਇਹ ਸਾਰੇ ਹੈੱਡਕੁਆਰਟਰ ਵਿਖੇ ਤਾਂ ਜੁਆਇਨ ਕਰਵਾਏ ਹੋਏ ਹਨ ਪਰ ਇਨ੍ਹਾਂ ਨੂੰ ਕੋਈ ਤਨਖਾਹ ਨਹੀਂ ਦਿੱਤੀ ਜਾ ਰਹੀ।

ਸਰਕਾਰਾਂ ਦੀਆਂ ਨੀਤੀਆਂ ਕਾਰਨ ਇਨ੍ਹਾਂ 483 ਸਹਾਇਕ ਪ੍ਰੋਫੈਸਰਾਂ ਦੀ ਹਾਲਤ ਇੰਨੀ ਮਾੜੀ ਹੈ ਕਿ ਉਹ ਬਗੈਰ ਤਨਖਾਹ ਹਵਾ ਵਿਚ ਲਟਕਦੇ ਨਾਮ ਦੇ ਹੀ ਪ੍ਰੋਫੈਸਰ ਹਨ। ਨਿਯੁਕਤੀ ਪੱਤਰ ਲੈਣ ਤੋਂ ਪਹਿਲਾਂ ਇਨ੍ਹਾਂ ਵਿਚੋਂ ਬਹੁਤੇ ਪ੍ਰਾਈਵੇਟ ਕਾਲਜਾਂ ਵਿਚ ਪੜ੍ਹਾਉਂਦੇ ਸਨ ਪਰ ਸਰਕਾਰੀ ਕਾਲਜ ਦਾ ਨਿਯੁਕਤੀ ਪੱਤਰ ਮਿਲਣ 'ਤੇ ਉਨ੍ਹਾਂ ਆਪਣੀ ਪ੍ਰਾਈਵੇਟ ਨੌਕਰੀ ਤੋਂ ਅਸਤੀਫਾ ਦੇ ਦਿੱਤਾ, ਹੈੱਡਕੁਆਰਟਰ ਵਿਖੇ ਜੁਆਇਨ ਕਰਵਾਉਣ ਸਮੇਂ ਵੀ ਉਨ੍ਹਾਂ ਤੋਂ ਹਲਫੀਆ ਬਿਆਨ ਲਿਆ ਗਿਆ ਕਿ 'ਮੈਂ ਹੋਰ ਕਿਤੇ ਕੋਈ ਨੌਕਰੀ ਨਹੀਂ ਕਰਦਾ/ਕਰਦੀ ਹਾਂ'; ਮਤਲਬ ਉਹ ਜੋ ਕਮਾਉਂਦੇ ਸਨ, ਉਸ ਤੋਂ ਵੀ ਸੱਖਣੇ ਕਰ ਦਿੱਤੇ ਗਏ।

ਅਸਲ ਵਿਚ ਬਹੁਤੀਆਂ ਭਰਤੀ ਪ੍ਰਕਿਰਿਆਵਾਂ ਅਦਾਲਤੀ ਗੇੜ ਵਿਚ ਉਲਝਣ ਦਾ



ਕਾਰਨ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਹਨ ਕਿਉਂਕਿ ਇਹ ਲੋਕ ਭਰਤੀ ਪ੍ਰਕਿਰਿਆ ਸਮੇਂ ਜਾਣ-ਬੁੱਝ ਕੇ ਬਹੁਤ ਸਾਰੀਆਂ ਊਣਤਾਈਆਂ ਛੱਡਦੇ ਹਨ; ਦੂਜਾ, ਹਰ ਵਿਭਾਗ ਦੇ ਕੱਚੇ ਮੁਲਾਜ਼ਮਾਂ ਦਾ ਮਸਲਾ ਅੱਧ ਵਿਚਕਾਰ ਲਟਕਾਇਆ ਹੋਇਆ ਹੈ। ਅਦਾਲਤਾਂ ਵਿਚ ਅਜਿਹੇ ਕੇਸਾਂ ਦੀ ਢੁੱਕਵੀਂ ਪੈਰਵਾਈ ਨਹੀਂ ਕੀਤੀ ਜਾਂਦੀ ਜਿਸ ਕਾਰਨ ਉਹ ਸਾਲਾਂ ਬੱਧੀ ਲਟਕਦੇ ਰਹਿੰਦੇ ਹਨ। ਵੈਸੇ ਜੇ ਪਿਛਲੀ ਜਾਂ ਨਵੀਂ ਸਰਕਾਰ ਦੀ ਨੀਅਤ ਸਾਫ ਹੁੰਦੀ ਤਾਂ ਅਦਾਲਤ ਦੀ ਮਨਜ਼ੂਰੀ ਨਾਲ ਅਧੂਰੇ ਨਿਯੁਕਤੀ ਪੱਤਰਾਂ ਵਿਚ ਸਟੇਸ਼ਨ ਮੁਹੱਈਆ ਕਰਵਾਏ ਜਾ ਸਕਦੇ ਸਨ। ਅਗਲੀ ਗੱਲ ਇਹ ਕਿ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਜਦ ਕਿਸੇ ਨੂੰ ਨਿਯੁਕਤੀ ਪੱਤਰ ਹੀ ਦੇ ਦਿੱਤਾ ਤਾਂ ਉਸ ਨੂੰ ਬਣਦੀ ਤਨਖਾਹ ਵੀ ਦੇਣੀ ਚਾਹੀਦੀ ਹੈ। ਤਨਖਾਹ ਦੇਣ 'ਤੇ ਤਾਂ ਅਦਾਲਤ ਨੇ ਕੋਈ ਬੰਦਸ਼ ਨਹੀਂ ਲਾਈ। ਸਰਕਾਰ ਨੂੰ ਪੁੱਛਣਾ ਬਣਦਾ ਹੈ ਕਿ ਕੀ ਕਿਸੇ ਦੀ ਪ੍ਰਾਈਵੇਟ ਨੌਕਰੀ ਛੁਡਵਾ ਕੇ ਸਰਕਾਰੀ ਨਿਯੁਕਤੀ ਪੱਤਰ ਦੇ ਕੇ ਉਸ ਨੂੰ ਲੱਗਭੱਗ ਦੋ ਸਾਲ ਬਗੈਰ ਕੰਮ ਕਰਵਾਏ ਤੇ ਬਗੈਰ ਤਨਖਾਹ ਦਿੱਤੇ ਲਟਕਾ ਕੇ ਰੱਖਣਾ ਉਸ ਨੂੰ ਮੌਤ ਦੇ ਮੂੰਹ ਵਿਚ ਧੱਕਣਾ ਨਹੀਂ ਹੈ?

ਪਿਛਲੇ ਸਮੇਂ ਦੌਰਾਨ ਅਦਾਲਤ ਦੇ ਫੈਸਲੇ ਵਿਚ ਸੂਬਾ ਸਰਕਾਰ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਮੁਲਾਜ਼ਮਾਂ 'ਤੇ 'ਬਰਾਬਰ ਕੰਮ ਬਰਾਬਰ ਤਨਖਾਹ' ਦੀ ਨੀਤੀ ਲਾਗੂ ਕੀਤੀ ਜਾਵੇ ਲੇਕਿਨ ਸਰਕਾਰ ਨੇ ਕੱਚੇ ਮੁਲਾਜ਼ਮਾਂ ਦਾ ਆਰਥਿਕ ਸ਼ੋਸ਼ਣ ਜਾਰੀ ਰੱਖਣ ਲਈ ਅਦਾਲਤ ਦਾ ਇਹ ਫੈਸਲਾ ਅਜੇ ਤੱਕ ਲਾਗੂ ਨਹੀਂ ਕੀਤਾ ਹੈ।

ਅੱਜ ਅਕਾਲੀ ਤੇ ਕਾਂਗਰਸੀ ਇਸ ਮਾਮਲੇ 'ਤੇ ਸਿਆਸਤ ਕਰ ਰਹੇ ਹਨ ਪਰ ਤੱਥ ਇਹ ਹਨ ਕਿ ਇਨ੍ਹਾਂ ਦੇ ਕਾਰਜਕਾਲ ਵਿਚ ਵੀ ਅਨੇਕਾਂ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਭੋਗਦਿਆਂ ਖੁਦਕੁਸ਼ੀਆਂ ਕਰ ਗਏ। ਸੂਬੇ ਦੀ ਸੱਤਾ 'ਤੇ ਕਾਬਜ਼ ਰਹੀਆਂ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਕਦੇ ਵੀ ਸੂਬੇ ਦੇ ਸਰਕਾਰੀ ਕਾਲਜਾਂ ਵੱਲ ਧਿਆਨ ਨਹੀਂ ਦਿੱਤਾ ਹੈ। ਸੂਬੇ ਦੇ ਸਰਕਾਰੀ ਕਾਲਜਾਂ ਵਿਚ ਸਹਾਇਕ ਪ੍ਰੋਫੈਸਰਾਂ ਦੀਆਂ ਅਸਾਮੀਆਂ ਪਿਛਲੇ ਕਈ ਸਾਲਾਂ ਤੋਂ ਖਾਲੀ ਪਈਆਂ ਹੋਣ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਪਿਛਲੀਆਂ ਸਰਕਾਰਾਂ ਨੇ ਸਰਕਾਰੀ ਕਾਲਜਾਂ ਵਿਚ ਨਿਗੂਣੀਆਂ ਤਨਖਾਹਾਂ 'ਤੇ ਗੈਸਟ ਫੈਕਲਟੀ ਲੈਕਚਰਾਰ ਭਰਤੀ ਕਰ ਕੇ ਉਨ੍ਹਾਂ ਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕੀਤਾ ਹੈ।

1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀਆਂ ਅਸਾਮੀਆਂ ਵਿਚ ਸਰਕਾਰੀ ਧੱਕੇਸ਼ਾਹੀ ਦਾ ਸ਼ਿਕਾਰ ਇਨ੍ਹਾਂ ਮੁਲਾਜ਼ਮਾਂ ਵੱਲੋਂ ਕੁਝ ਮਹੀਨੇ ਪਹਿਲਾਂ ਉਸ ਸਮੇਂ ਦੇ ਉੱਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਬਰਨਾਲਾ ਰਿਹਾਇਸ਼ ਅੱਗੇ ਧਰਨਾ ਦਿੱਤਾ ਗਿਆ ਸੀ ਤਾਂ ਉਸ ਸਮੇਂ ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਨੇ ਇਨ੍ਹਾਂ 'ਤੇ ਬੇਤਹਾਸ਼ਾ ਤਸ਼ੱਦਦ ਕੀਤਾ ਸੀ। ਹੁਣ ਪਿਛਲੇ ਦੋ ਮਹੀਨੇ ਤੋਂ ਇਹ ਸਹਾਇਕ ਪ੍ਰੋਫੈਸਰ ਅਤੇ ਲਾਇਬ੍ਰੇਰੀਅਨ ਉੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਚ ਮੰਤਰੀ ਦੀ ਰਿਹਾਇਸ਼ ਨੇੜੇ ਪੱਕਾ ਧਰਨਾ ਦੇ ਰਹੇ ਹਨ। ਇਨ੍ਹਾਂ ਦੀ ਮੰਗ ਹੈ ਕਿ ਅਦਾਲਤ ਦੀ ਮਨਜ਼ੂਰੀ ਲੈ ਕੇ ਸਰਕਾਰ ਇਨ੍ਹਾਂ ਨੂੰ ਸਟੇਸ਼ਨ ਮੁਹੱਈਆ ਕਰਵਾਏ ਅਤੇ ਭਰਤੀ ਪ੍ਰਕਿਰਿਆ ਪੂਰੀ ਕਰੇ।

ਪ੍ਰੋਫੈਸਰ ਬਲਵਿੰਦਰ ਕੌਰ ਉਨ੍ਹਾਂ 483 ਸਹਾਇਕ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਵਿਚ ਸ਼ਾਮਲ ਸੀ ਜਿਨ੍ਹਾਂ ਨੂੰ ਦਸੰਬਰ 2021 ਨੂੰ ਨਿਯੁਕਤੀ ਪੱਤਰ ਵੰਡੇ ਗਏ ਸਨ। ਆਪਣਾ ਹੱਕ ਹਾਸਲ ਕਰਨ ਲਈ ਉਹ ਆਪਣੇ ਸਾਥੀਆਂ ਨਾਲ ਪਿਛਲੇ ਕਈ ਮਹੀਨਿਆਂ ਤੋਂ ਸੰਘਰਸ਼ ਕਰ ਰਹੀ ਸੀ ਪਰ ਸਿੱਖਿਆ ਮੰਤਰੀ ਦਾ ਇਨ੍ਹਾਂ ਪ੍ਰਤੀ ਰਵੱਈਆ ਠੀਕ ਨਹੀਂ। ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਇਨ੍ਹਾਂ ਦਾ ਮਸਲਾ ਹੱਲ ਕਰਦੀ ਪਰ ਸਰਕਾਰ ਨੇ ਅਜਿਹਾ ਕਰਨ ਦੀ ਥਾਂ ਬੇਰੁਖੀ ਦਿਖਾਈ ਹੈ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਬੇਰੁਜ਼ਗਾਰ ਅਧਿਆਪਕਾਂ/ਸਹਾਇਕ ਪ੍ਰੋਫੈਸਰਾਂ ਨਾਲ ਮੀਟਿੰਗ ਤੋਂ ਪਹਿਲਾਂ ਕਈ ਵਾਰ ਇਹ ਕਿਹਾ ਹੈ ਕਿ ਮੀਟਿੰਗ ਤੋਂ ਪਹਿਲਾਂ ਧਰਨਾ ਚੁੱਕੋ; ਹੈਰਾਨੀਜਨਕ ਹੈ ਕਿ ਧਰਨਿਆਂ ਵਿਚੋਂ ਨਿਕਲੀ ਪਾਰਟੀ ਸੱਤਾ ਹਾਸਲ ਕਰਨ ਬਾਅਦ ਹੰਕਾਰੀ ਢੰਗ ਨਾਲ ਧਰਨੇ ਚੁਕਵਾਉਣ ਲੱਗੀ ਹੋਈ ਹੈ। ਖੁਦਕੁਸ਼ੀ ਪੱਤਰ ਵਿਚ ਸਿੱਖਿਆ ਮੰਤਰੀ ਦਾ ਨਾਂ ਸਪਸ਼ਟ ਤੌਰ 'ਤੇ ਲਿਖਿਆ ਹੋਇਆ ਹੈ। ਇਸ ਖੁਦਕੁਸ਼ੀ ਨੋਟ ਤੋਂ ਬਾਅਦ ਸਿੱਖਿਆ ਮੰਤਰੀ ਨੂੰ ਨੈਤਿਕ ਆਧਾਰ 'ਤੇ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਕਈ ਲੋਕ ਖੁਦਕੁਸ਼ੀਆਂ ਦੇ ਮਾਮਲਿਆਂ ਨੂੰ ਸੰਵੇਦਨਸ਼ੀਲਤਾ ਨਾਲ ਨਹੀਂ ਦੇਖਦੇ। ਉਹ ਇੱਕੋ ਧਾਰਨਾ ਕਿ 'ਖੁਦਕੁਸ਼ੀ ਕਰਨਾ ਕਮਜ਼ੋਰੀ ਹੈ' 'ਤੇ ਚੱਲਦਿਆਂ ਮਸਲੇ ਦੀ ਜੜ੍ਹ ਫੜਨ ਦਾ ਯਤਨ ਨਹੀਂ ਕਰਦੇ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਖੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ, ਮਸਲਿਆਂ ਦੇ ਹੱਲ ਲਈ ਖੁਦਕੁਸ਼ੀ ਦੀ ਬਜਾਇ ਸੰਘਰਸ਼ ਕਰਨਾ ਚਾਹੀਦਾ ਹੈ ਪਰ ਖੁਦਕੁਸ਼ੀ ਦੀ ਨੌਬਤ ਕਿਉਂ ਆਉਂਦੀ ਹੈ? ਜਦ ਤੱਕ ਅਸੀਂ ਇਸ ਪ੍ਰਸ਼ਨ ਨੂੰ ਸੰਬੋਧਨ ਨਹੀਂ ਹੋਵਾਂਗੇ ਤਦ ਤੱਕ ਅਸੀਂ ਇਕਪਾਸੜ ਢੰਗ ਨਾਲ ਸੱਤਾ ਦੇ ਪੱਖ ਵਿਚ ਭੁਗਤ ਰਹੇ ਹੋਵਾਂਗੇ।

ਅਜਿਹੀ ਮੰਦਭਾਗੀ ਸਥਿਤੀ ਵਿਚ ਸਰਕਾਰ ਵੱਲੋਂ ਪੀੜਤ ਪਰਿਵਾਰ ਨਾਲ ਹਮਦਰਦੀ ਨਾਲ ਪੇਸ਼ ਆਉਣ ਦੀ ਬਜਾਇ ਮ੍ਰਿਤਕਾ ਦੇ ਪਤੀ ਅਤੇ ਸਹੁਰੇ ਨੂੰ ਗ੍ਰਿਫਤਾਰ ਕਰਨਾ ਸਰਕਾਰ ਦੀ ਨੀਅਤ 'ਤੇ ਸਵਾਲ ਖੜ੍ਹੇ ਕਰਦਾ ਹੈ। ਇਹ ਸੰਭਾਵਨਾ ਹੋ ਸਕਦੀ ਹੈ ਕਿ ਮ੍ਰਿਤਕਾ ਦਾ ਪਤੀ ਵੀ ਉਸ ਨਾਲ ਹਮਦਰਦੀ ਨਾਲ ਪੇਸ਼ ਨਾ ਆਉਂਦਾ ਹੋਵੇ, ਫਿਰ ਵੀ ਅਜਿਹੀ ਸਥਿਤੀ ਵਿਚ ਪੁਲਿਸ ਵੱਲੋਂ ਖੁਦਕੁਸ਼ੀ ਨੋਟ ਨੂੰ ਬੁਨਿਆਦ ਬਣਾ ਕੇ ਐੱਫ.ਆਈ.ਆਰ. ਦਰਜ ਕਰ ਕੇ ਸਹੁਰਾ ਪਰਿਵਾਰ ਨੂੰ ਜਾਂਚ ਦੇ ਘੇਰੇ ਵਿਚ ਲੈਣਾ ਚਾਹੀਦਾ ਸੀ।

ਕੁੜੀਆਂ ਦੇ ਸਵੈ-ਮਾਣ ਨਾਲ ਜਿਊਣ ਅਤੇ ਆਤਮ-ਨਿਰਭਰਤਾ ਲਈ ਸਭ ਤੋਂ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਮਿਲੇ। ਜਿਹੜੇ ਲੋਕਾਂ ਨੇ ਬੇਰੁਜ਼ਗਾਰੀ/ਅਰਧ-ਬੇਰੁਜ਼ਗਾਰੀ ਦਾ ਦਰਦ ਹੰਢਾਇਆ ਜਾਂ ਮਹਿਸੂਸ ਕੀਤਾ ਹੈ, ਉਹ ਇਹ ਗੱਲ ਭਲੀਭਾਂਤ ਸਮਝ ਸਕਦੇ ਹਨ ਕਿ ਬੇਰੁਜ਼ਗਾਰੀ ਕਾਰਨ ਬਹੁਤ ਸਾਰੇ ਪਰਿਵਾਰਾਂ ਵਿਚ ਤਣਾਅ ਵਾਲਾ ਮਾਹੌਲ ਰਹਿੰਦਾ ਹੈ, ਆਰਥਿਕ ਤੰਗੀ ਕਾਰਨ ਕਈ ਪਰਿਵਾਰ ਟੁੱਟ ਜਾਂਦੇ ਹਨ। ਕੁੜੀਆਂ ਨੂੰ ਕਈ ਤਰ੍ਹਾਂ ਦੇ ਸਮਝੌਤੇ ਕਰ ਕੇ ਜ਼ਿੰਦਗੀ ਗੁਜ਼ਾਰਨੀ ਪੈਂਦੀ ਹੈ।

ਸੋ, ਸਾਨੂੰ ਸਮਝਣਾ ਚਾਹੀਦਾ ਹੈ ਕਿ ਪ੍ਰੋ. ਬਲਵਿੰਦਰ ਕੌਰ ਦੀ ਮੌਤ ਲਈ ਇਹ ਪ੍ਰਬੰਧ ਜ਼ਿੰਮੇਵਾਰ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਇਸ ਪ੍ਰਬੰਧ ਦੇ ਸਤਾਏ ਨੌਜਵਾਨ ਤਿਲ-ਤਿਲ ਕਰ ਕੇ ਨਾ ਮਰਨ ਤਾਂ ਸਾਨੂੰ ਇਸ ਪ੍ਰਬੰਧ ਨੂੰ ਚਲਾ ਰਹੀ ਧਿਰ ਦਾ ਚਿਹਰਾ ਬੇਪਰਦ ਕਰਨਾ ਚਾਹੀਦਾ ਹੈ।

# ਦਹਿਸ਼ਤਵਾਦੀ ਕੌਣ? ਇਜ਼ਰਾਇਲੀ ਸਟੇਟ ਜਾਂ ਫ਼ਲਸਤੀਨੀ?

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

***ਫ਼ਲਸਤੀਨੀਆਂ ਉੱਪਰ ਇਜ਼ਰਾਇਲੀ ਹਮਲੇ ਨਵੀਂ ਗੱਲ ਨਹੀਂ। ਹਮਾਸ ਦੇ ਹਮਲੇ ਨਾਲ ਇਜ਼ਰਾਈਲ ਨੂੰ ਹੋਰ ਜ਼ਿਆਦਾ ਖ਼ੂੰਖ਼ਾਰ ਅਤੇ ਵਹਿਸ਼ੀ ਚਿਹਰਾ ਦਿਖਾਉਣ ਅਤੇ ਹੋਰ ਨਵੇਂ ਫ਼ਲਸਤੀਨੀ ਇਲਾਕੇ ਹਥਿਆਉਣ ਦਾ ਬਹਾਨਾ ਮਿਲ ਗਿਆ ਹੈ। ਅਮਰੀਕਾ ਅਤੇ ਇਸ ਦੇ ਜੋਟੀਦਾਰਾਂ ਨੇ ਫ਼ਲਸਤੀਨੀਆਂ ਦੇ ਹੱਕੀ ਟਾਕਰੇ ਨੂੰ ਹਮੇਸ਼ਾ ਦਹਿਸ਼ਤਵਾਦ ਕਹਿ ਕੇ ਭੰਡਿਆ ਹੈ ਅਤੇ ਇਜ਼ਰਾਇਲੀ ਸਟੇਟ ਦੇ ਦਹਿਸ਼ਤਵਾਦ ਨੂੰ 'ਇਜ਼ਰਾਈਲ ਨੂੰ ਆਪਣੀ ਰਾਖੀ ਕਰਨ ਦਾ ਹੱਕ ਹੈ' ਦੱਸ ਕੇ ਹਮਾਇਤ ਤੇ ਮਦਦ ਕੀਤੀ ਹੈ।***

ਹਮਾਸ ਦੇ 7 ਅਕਤੂਬਰ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਦਾ ਫ਼ਲਸਤੀਨੀਆਂ ਵਿਰੁੱਧ ਧਾੜਵੀ ਯੁੱਧ ਪਹਿਲਾਂ ਨਾਲੋਂ ਵੀ ਜ਼ਿਆਦਾ ਕਰੂਰ ਅਤੇ ਵਹਿਸ਼ੀਆਨਾ ਹੋ ਗਿਆ ਹੈ। ਫ਼ਲਸਤੀਨੀਆਂ ਨੂੰ ਜਾਨੀ ਮਾਲੀ ਤੌਰ 'ਤੇ ਵੱਧ ਤੋਂ ਵੱਧ ਤਬਾਹ ਕਰਨ ਲਈ ਰਿਹਾਇਸ਼ੀ ਇਲਾਕਿਆਂ ਉੱਪਰ ਹਮਲੇ ਕੀਤੇ ਜਾ ਰਹੇ ਹਨ। ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਸ਼ਰੇਆਮ ਕਿਹਾ ਹੈ ਕਿ ਉਹ ਫ਼ਲਸਤੀਨ ਦੀ ਧਰਤੀ ਉੱਪਰੋਂ ਫ਼ਲਸਤੀਨੀ ਵਸੋਂ ਦਾ ਸਫ਼ਾਇਆ ਕਰ ਕੇ ਹੀ ਦਮ ਲਵੇਗਾ। ਹੁਣ ਤੱਕ ਗਾਜ਼ਾ ਵਿਚ 5000 ਫ਼ਲਸਤੀਨੀ ਮਾਰੇ ਜਾ ਚੁੱਕੇ ਹਨ। ਹਮਾਸ ਦਾ ਲੱਕ ਤੋੜਨ ਦੇ ਬਹਾਨੇ ਆਮ ਨਾਗਰਿਕਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਇਮਾਰਤਾਂ ਤਬਾਹ ਕਰ ਦਿੱਤੀਆਂ ਹਨ। ਜ਼ਖ਼ਮੀਆਂ ਦਾ ਇਲਾਜ ਕਰ ਰਹੇ ਹਸਪਤਾਲਾਂ ਉੱਪਰ ਵੀ ਹਮਲੇ ਕੀਤੇ ਜਾ ਰਹੇ ਹਨ। ਯੁੱਧ ਦੇ ਨੇਮਾਂ ਅਨੁਸਾਰ ਹਸਪਤਾਲ ਅੰਧਾਧੁੰਦ ਜੰਗੀ ਹਮਲਿਆਂ ਤੋਂ ਮਹਿਫ਼ੂਜ਼ ਮੰਨੇ ਜਾਂਦੇ ਹਨ। ਅਲ-ਅਹਲੀ ਹਸਪਤਾਲ ਉੱਪਰ ਬੰਬਾਰੀ ਕਰ ਕੇ 500 ਤੋਂ ਵਧੇਰੇ ਫ਼ਲਸਤੀਨੀ ਕਤਲ ਕਰ ਦਿੱਤੇ; ਪ੍ਰਚਾਰ ਇਹ ਕੀਤਾ ਕਿ ਇਹ ਮੌਤਾਂ ਹਮਾਸ ਦੇ ਰਾਕਟ ਨਾਲ ਹੋਈਆਂ ਹਨ। ਇਸ ਹਮਲੇ ਨੇ ਦੱਸ ਦਿੱਤਾ ਕਿ ਅਮਰੀਕਾ, ਹੋਰ ਸਾਮਰਾਜੀ ਤਾਕਤਾਂ ਅਤੇ ਇਜ਼ਰਾਈਲ ਵਰਗੇ ਸਾਮਰਾਜ ਦੇ ਪਾਲਤੂ ਰਾਜਾਂ ਦੀ ਖ਼ਸਲਤ ਜੰਗਬਾਜ਼, ਧਾੜਵੀ ਅਤੇ ਦਹਿਸ਼ਤਵਾਦੀ ਹੈ।

ਹਿਊਮਨ ਰਾਈਟਸ ਵਾਚ ਦਾ ਖ਼ੁਲਾਸਾ ਹੈ ਕਿ ਇਜ਼ਰਾਈਲ ਨੇ ਗਾਜ਼ਾ ਅਤੇ ਲਿਬਨਾਨ ਉੱਪਰ ਕੀਤੇ ਹਮਲਿਆਂ 'ਚ ਚਿੱਟੇ ਫਾਸਫੋਰਸ ਦੇ ਗੋਲੇ ਵਰਤੇ। ਇਹ ਯੁੱਧ ਵਿਚ ਕੈਮੀਕਲ ਹਥਿਆਰਾਂ ਬਾਰੇ ਕਨਵੈਨਸ਼ਨ ਦੀ ਉਲੰਘਣਾ ਤਾਂ ਹੈ ਹੀ, ਇਸ ਤੋਂ ਅਮਰੀਕਾ-ਇਜ਼ਰਾਈਲ ਦੇ ਇਰਾਦੇ ਵੀ ਜ਼ਾਹਿਰ ਹੁੰਦੇ ਹਨ। ਸ਼ਨਾਖ਼ਤ ਪਤਾ ਹੋਣ ਦੇ ਬਾਵਜੂਦ ਐਂਬੂਲੈਂਸਾਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਸਪਸ਼ਟ ਤੌਰ 'ਤੇ ਜੰਗੀ ਜੁਰਮ ਹਨ। ਇਜ਼ਰਾਈਲ ਆਪਣੇ ਸਾਮਰਾਜੀ ਬੌਸ ਅਮਰੀਕਾ ਦੇ ਨਕਸ਼ੇ-ਕਦਮਾਂ 'ਤੇ ਹੀ ਚੱਲ ਰਿਹਾ ਹੈ ਜਿਸ ਦੀ ਫ਼ੌਜ ਨੇ ਇਰਾਕ ਉੱਪਰ ਥੋਪੇ ਯੁੱਧ ਸਮੇਂ ਫਾਲੂਜਾ ਸ਼ਹਿਰ ਉੱਪਰ ਹਮਲੇ 'ਚ ਚਿੱਟਾ ਫਾਸਫੋਰਸ ਹਥਿਆਰ ਵਜੋਂ ਵਰਤਿਆ ਸੀ ਜਿੱਥੇ 50000 ਲੋਕਾਂ ਨੇ ਪਨਾਹ ਲਈ ਹੋਈ ਸੀ। ਇਸ ਬੱਜਰ ਜੁਰਮ ਦੀ ਦੋਸ਼ੀ ਅਮਰੀਕੀ ਫ਼ੌਜ ਨੂੰ ਸਜ਼ਾ ਦਾ ਸਾਹਮਣਾ ਨਹੀਂ ਕਰਨਾ ਪਿਆ, ਹੁਣ ਅਮਰੀਕੀ ਥਾਪੜੇ ਨਾਲ ਇਜ਼ਰਾਈਲ ਵੀ ਉਹੀ ਜੁਰਮ ਕਰ ਰਿਹਾ ਹੈ।

ਫ਼ਲਸਤੀਨੀਆਂ ਉੱਪਰ ਇਜ਼ਰਾਇਲੀ ਹਮਲੇ ਨਵੀਂ ਗੱਲ ਨਹੀਂ। ਇਸਲਾਮੀ ਕੱਟੜਪੰਥੀ ਹਮਾਸ ਦੇ ਹਮਲੇ ਨਾਲ ਇਜ਼ਰਾਇਲ ਨੂੰ ਹੋਰ ਜ਼ਿਆਦਾ ਖ਼ੂੰਖ਼ਾਰ ਅਤੇ ਵਹਿਸ਼ੀ ਚਿਹਰਾ ਦਿਖਾਉਣ ਅਤੇ ਹੋਰ ਨਵੇਂ ਫ਼ਲਸਤੀਨੀ ਇਲਾਕੇ ਹਥਿਆਉਣ ਦਾ ਬਹਾਨਾ ਮਿਲ ਗਿਆ ਹੈ। ਅਮਰੀਕਾ ਅਤੇ ਇਸ ਦੇ ਜੋਟੀਦਾਰਾਂ ਨੇ ਫ਼ਲਸਤੀਨੀਆਂ ਦੇ ਹੱਕੀ ਟਾਕਰੇ ਨੂੰ ਹਮੇਸ਼ਾ ਦਹਿਸ਼ਤਵਾਦ ਕਹਿ ਕੇ ਭੰਡਿਆ ਹੈ ਅਤੇ ਇਜ਼ਰਾਇਲੀ ਸਟੇਟ ਦੇ ਦਹਿਸ਼ਤਵਾਦ ਨੂੰ 'ਇਜ਼ਰਾਈਲ ਨੂੰ ਆਪਣੀ ਰਾਖੀ ਕਰਨ ਦਾ ਹੱਕ ਹੈ' ਦੱਸ ਕੇ ਹਮਾਇਤ ਤੇ ਮਦਦ ਕੀਤੀ ਹੈ। ਪੱਛਮੀ ਤਾਕਤਾਂ ਅਨੁਸਾਰ ਰੂਸ ਵਿਰੁੱਧ ਲੜ ਰਹੇ ਯੂਕਰੇਨੀ ਤਾਂ 'ਨਾਇਕ' ਹਨ ਪਰ ਇਜ਼ਰਾਈਲ ਤੋਂ ਆਪਣਾ ਵਤਨ ਵਾਪਸ ਲੈਣ ਲਈ ਲੜ ਰਹੇ ਫ਼ਲਸਤੀਨੀ ਗਰੁੱਪ 'ਦਹਿਸ਼ਤਵਾਦੀ' ਹਨ। ਇਹੀ ਘਿਨਾਉਣਾ ਬਿਰਤਾਂਤ ਫ਼ਲਸਤੀਨੀਆਂ ਦੀ ਹਾਲੀਆ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਲਈ ਅਮਰੀਕਾ ਅਤੇ ਇਸ ਦੇ ਪਿਛਲੱਗ ਪਿਛਾਖੜੀ ਜ਼ੋਰ-ਸ਼ੋਰ ਨਾਲ ਪ੍ਰਚਾਰ ਰਹੇ ਹਨ। ਸਾਰਾ ਦੋਸ਼ ਹਮਾਸ ਸਿਰ ਮੜ੍ਹ ਕੇ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਇਜ਼ਰਾਈਲ ਤਾਂ ਹਮਾਸ ਦੇ ਦਹਿਸ਼ਤਵਾਦੀ ਹਮਲਿਆਂ ਤੋਂ ਸਵੈ-ਰਾਖੀ ਕਰ ਰਿਹਾ ਹੈ

ਦੁਨੀਆ ਜਾਣਦੀ ਹੈ ਕਿ ਇਹ ਬਿਰਤਾਂਤ ਕਿਵੇਂ ਝੂਠਾ ਹੈ ਅਤੇ ਫ਼ਲਸਤੀਨ ਦਾ ਟਾਕਰਾ ਕਿਵੇਂ ਜਾਇਜ਼ ਹੈ; ਇਜ਼ਰਾਈਲ ਤੇ ਅਮਰੀਕਾ ਦਾ ਮਕਸਦ ਗਾਜ਼ਾ ਦੀ ਵਸੋਂ ਨੂੰ ਦਹਿਸ਼ਤਜ਼ਦਾ ਕਰ ਕੇ ਉੱਥੋਂ ਉਜਾੜਨਾ ਅਤੇ ਇਸ ਇਲਾਕੇ ਨੂੰ ਇਜ਼ਰਾਈਲ ਵਿਚ ਮਿਲਾ ਦੇਣਾ ਹੈ। ਅਸਲ ਵਿਚ ਇਜ਼ਰਾਈਲ ਤਾਂ ਇਸ ਨੀਤੀ ਦਾ ਮੋਹਰਾ ਹੈ, ਫ਼ਲਸਤੀਨ ਨੂੰ ਰਸਤੇ 'ਚੋਂ ਹਟਾਉਣ ਦੀ ਲੰਮੀ ਸਮੇਂ ਤੋਂ ਨੀਤੀ ਅਮਰੀਕਾ ਦੀ ਹੈ ਕਿਉਂਕਿ ਇਜ਼ਰਾਈਲ ਪੱਛਮੀ ਏਸ਼ੀਆ ਵਿਚ ਅਮਰੀਕਾ ਲਈ ਯੁੱਧਨੀਤਕ ਤੌਰ 'ਤੇ ਅਹਿਮ ਹੈ।

ਜਿਸ ਨੂੰ ਇਹ 'ਹਮਾਸ ਦਾ ਦਹਿਸ਼ਤਵਾਦ' ਕਹਿ ਰਹੇ ਹਨ, ਉਸ ਨੂੰ ਫ਼ਲਸਤੀਨੀ ਅਵਾਮ 'ਜੇਲ੍ਹ ਤੋੜਨਾ' ਸਮਝਦੇ ਹਨ। ਗਾਜ਼ਾ ਨੂੰ ਮੂਲ ਫ਼ਲਸਤੀਨ ਨਾਲ ਜੋੜਦੇ ਇੱਕੋ-ਇਕ ਲਾਂਘੇ ਉੱਪਰਲੀ ਫ਼ੌਜੀ ਨਾਕਾਬੰਦੀ ਨੂੰ ਤਹਿਸ-ਨਹਿਸ ਕਰਨਾ ਅਤੇ ਇਜ਼ਰਾਇਲੀ ਘੇਰਾਬੰਦੀ ਦੀਆਂ ਚੂਲਾਂ ਹਿਲਾ ਦੇਣਾ ਹਮਾਸ ਦੀ ਕਾਰਵਾਈ ਦਾ ਮੁੱਖ ਪਹਿਲੂ ਹੈ। ਘੇਰਾਬੰਦੀ ਫ਼ਲਸਤੀਨੀਆਂ ਲਈ ਰੋਜ਼ਮੱਰਾ ਤਸੀਹਿਆਂ ਅਤੇ ਅਪਮਾਨ ਦਾ ਸੰਦ ਹੈ (ਹਮਾਸ ਦੇ ਕਥਿਤ ਬੰਦੀ ਬਣਾਏ ਇਜ਼ਰਾਇਲੀ ਨਾਗਰਿਕਾਂ ਵਿਚੋਂ ਜਿਊਂਦੀ ਬਚੀ ਯਾਸਮੀਨ ਪੋਰਾਟ ਨੇ ਇਕ ਇਜ਼ਰਾਇਲੀ ਰੇਡੀਓ ਅਤੇ ਟੀ.ਵੀ. ਨਾਲ ਇੰਟਰਵਿਊ ਵਿਚ ਦੱਸਿਆ ਕਿ ਹਮਾਸ ਨੇ ਉਨ੍ਹਾਂ ਨੂੰ ਕਈ ਘੰਟੇ ਬੰਦੀ ਬਣਾ ਕੇ ਰੱਖਿਆ ਅਤੇ ਇਨਸਾਨੀ ਸਲੂਕ ਕੀਤਾ। ਉਸ ਮੁਤਾਬਿਕ ਨਾਗਰਿਕ ਤਾਂ 'ਬਿਨਾਂ ਸ਼ੱਕ' ਇਜ਼ਰਾਇਲੀ ਫੌਜ ਦੀ ਅੰਧਾਧੁੰਦ ਗੋਲੀਬਾਰੀ 'ਚ ਮਾਰੇ ਗਏ। 'ਉਨ੍ਹਾਂ (ਇਜ਼ਰਾਇਲੀ ਫ਼ੌਜ) ਨੇ ਬੰਦੀਆਂ ਸਮੇਤ ਸਾਰਿਆਂ ਦਾ ਸਫ਼ਾਇਆ ਕਰ ਦਿੱਤਾ... ਜੋ ਮੈਂ ਮੀਡੀਆ 'ਚ ਸੁਣਿਆ, ਉਸ ਤਰ੍ਹਾਂ ਦਾ ਮੇਰੇ ਨਾਲ ਕੁਝ ਨਹੀਂ ਹੋਇਆ'।) ਇਜ਼ਰਾਈਲ ਦੇ ਅੰਦਰੋਂ ਯਹੂਦੀਵਾਦ ਵਿਰੋਧੀ ਸਭ ਤੋਂ ਸ਼ਕਤੀਸ਼ਾਲੀ ਆਵਾਜ਼ ਇਲਾਨ ਪੇਪੇ ਦਾ ਕਹਿਣਾ ਹੈ ਕਿ ਹਮਾਸ ਇੱਕੋ-ਇਕ ਫ਼ਲਸਤੀਨੀ ਰਾਜਨੀਤਕ ਗਰੁੱਪ ਹੈ ਜੋ ਪੱਛਮੀ ਕੰਢੇ ਦੇ ਇਲਾਕੇ 'ਚ ਵਸਾਏ ਇਜ਼ਰਾਇਲੀਆਂ ਵੱਲੋਂ ਫ਼ਲਸਤੀਨੀ ਜ਼ਿੰਦਗੀ ਅਤੇ ਖੇਤਰ ਉੱਪਰ ਬੇਰੋਕ-ਟੋਕ ਹਮਲਿਆਂ ਅਤੇ ਇਜ਼ਰਾਇਲੀ ਫ਼ੌਜ ਤੇ ਬਾਰਡਰ ਪੁਲਿਸ ਦੇ ਹਮਲਿਆਂ ਦਾ ਮੁਕਾਬਲਾ ਕਰਨ ਲਈ ਕਾਰਵਾਈ ਕਰਦਾ ਹੈ। ਹਮਾਸ ਦੇ ਹਮਲੇ ਦੇ ਤਰੀਕੇ ਅਤੇ ਇਸ ਵਿਚ ਬੇਕਸੂਰ ਇਜ਼ਰਾਇਲੀਆਂ ਦੇ ਮਾਰੇ ਜਾਣ ਨਾਲ ਇਹ ਹਕੀਕਤ ਬਦਲ ਨਹੀਂ ਜਾਂਦੀ ਕਿ ਦਹਿਸ਼ਤਗਰਦ ਤਾਂ ਖ਼ੁਦ ਇਜ਼ਰਾਇਲੀ ਸਟੇਟ ਹੈ ਜਿਸ ਨੇ ਫ਼ਲਸਤੀਨ ਦੀ ਜ਼ਮੀਨ ਉੱਪਰ ਕਬਜ਼ਾ ਕਰ ਕੇ ਸਮੁੱਚੇ ਖੇਤਰ ਨੂੰ ਖੁੱਲ੍ਹੀ ਜੇਲ੍ਹ ਅਤੇ ਫ਼ਲਸਤੀਨੀ ਵਸੋਂ ਨੂੰ ਕੈਦੀਆਂ 'ਚ ਬਦਲ ਦਿੱਤਾ। ਫ਼ਲਸਤੀਨੀਆਂ ਨੂੰ ਇਜ਼ਰਾਇਲੀ ਫ਼ੌਜ 'ਹੁਕਮ ਅਦੂਲੀ' ਲਈ ਉਸੇ ਤਰ੍ਹਾਂ ਸਜ਼ਾ ਦਿੰਦੀ ਹੈ ਜਿਵੇਂ ਜੇਲ੍ਹਰ ਜੇਲ੍ਹ ਦੇ ਕੈਦੀਆਂ ਨੂੰ ਸਬਕ ਸਿਖਾਉਂਦੇ ਹਨ। ਸਾਢੇ ਸੱਤ ਦਹਾਕੇ ਤੋਂ ਫ਼ਲਸਤੀਨੀ ਇਜ਼ਰਾਇਲੀ ਕਬਜ਼ੇ ਅਤੇ ਇਜ਼ਰਾਇਲੀ ਫ਼ੌਜ ਦੀ ਘੇਰਾਬੰਦੀ, ਨਾਕਾਬੰਦੀ, ਕਤਲੇਆਮ ਅਤੇ ਤਬਾਹੀ ਦਾ ਸੰਤਾਪ ਝੱਲ ਰਹੇ ਹਨ।



ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਜਦੋਂ ਅਜੇ ਹਮਾਸ ਨੇ ਹਮਲਾ ਨਹੀਂ ਸੀ ਕੀਤਾ, ਉਦੋਂ ਉੱਥੋਂ ਦੇ ਹਾਲਾਤ ਕੀ ਸਨ। ਮਕਬੂਜ਼ਾ ਪੱਛਮੀ ਕੰਢੇ ਵਾਲੇ ਇਲਾਕੇ ਉੱਪਰ ਹਮਾਸ ਦਾ ਕੋਈ ਕੰਟਰੋਲ ਨਹੀਂ। ਉਸ ਇਲਾਕੇ ਉੱਪਰ ਕਬਜ਼ੇ ਦੇ ਸਮੇਂ ਤੋਂ ਲੈ ਕੇ 7000 ਫ਼ਲਸਤੀਨੀ ਮਾਰੇ ਗਏ। ਅਗਸਤ 'ਚ ਹੀ 37 ਫ਼ਲਸਤੀਨੀ ਬੱਚੇ ਮਾਰ ਦਿੱਤੇ ਗਏ। ਉੱਥੋਂ ਦੇ ਹਰ ਫ਼ਲਸਤੀਨੀ ਪਿੰਡ, ਕਸਬੇ ਅਤੇ ਸ਼ਹਿਰ ਦੇ ਹਰ ਰਸਤੇ ਉੱਪਰ ਇਜ਼ਰਾਇਲੀ ਧਾੜਵੀ ਫ਼ੌਜ ਦੀ ਨਾਕਾਬੰਦੀ ਅਤੇ ਕੰਟਰੋਲ ਹੈ। ਡਰੋਨਾਂ, ਕੈਮਰਿਆਂ, ਫੋਨ ਟੈਪਿੰਗ ਅਤੇ ਖੁਫ਼ੀਆ ਏਜੰਟਾਂ ਦੇ ਵਿਆਪਕ ਨੈੱਟਵਰਕ ਰਾਹੀਂ ਫ਼ਲਸਤੀਨੀਆਂ ਦੀ ਰੋਜ਼ਮੱਰਾ ਜ਼ਿੰਦਗੀ ਉੱਪਰ ਨਜ਼ਰ ਰੱਖੀ ਜਾ ਰਹੀ ਹੈ। ਰਾਤ ਨੂੰ 'ਤਲਾਸ਼ੀਆਂ' ਦੇ ਬਹਾਨੇ ਘਰਾਂ 'ਚ ਵੜ ਕੇ ਤਸ਼ੱਦਦ, ਗ੍ਰਿਫ਼ਤਾਰੀਆਂ ਅਤੇ ਗੋਲੀਆਂ ਮਾਰ ਕੇ ਮਾਰ ਦੇਣਾ ਆਮ ਗੱਲ ਹੈ। ਫ਼ਲਸਤੀਨ ਦਾ ਮਹਿਮੂਦ ਅਬਾਸ ਗੁੱਟ ਬੇਅਸਰ ਅਥਾਰਟੀ ਹੈ ਜੋ ਮੂਲ ਰੂਪ 'ਚ ਇਜ਼ਰਾਇਲੀ ਕਾਬਜ਼ ਫ਼ੌਜ ਦੀ ਸਹਾਇਕ ਹੈ। ਉਸ ਨੂੰ ਵੀ ਸਿਰਫ਼ ਪੱਛਮੀ ਕੰਢੇ ਦੇ 40 ਫ਼ੀਸਦੀ ਖੇਤਰਾਂ 'ਚ ਗਸ਼ਤ ਕਰਨ ਦੀ ਇਜਾਜ਼ਤ ਹੈ, ਤੇ ਉੱਥੇ ਵੀ ਇਜ਼ਰਾਇਲੀ ਫ਼ੌਜ ਉਨ੍ਹਾਂ ਉੱਪਰ ਨਿਯਮਤ ਰੂਪ 'ਚ ਹੁਕਮ ਚਲਾਉਂਦੀ ਹੈ। 2021 'ਚ ਇਜ਼ਰਾਇਲੀ ਫ਼ੌਜ ਨੇ 1300 ਨਬਾਲਗ ਬੱਚਿਆਂ ਅਤੇ 184 ਔਰਤਾਂ ਸਮੇਤ 8000 ਫ਼ਲਸਤੀਨੀਆਂ ਨੂੰ ਗ੍ਰਿਫ਼ਤਾਰ ਕੀਤਾ। ਅਪਰੈਲ 2022 'ਚ ਇਜ਼ਰਾਇਲੀ ਜੇਲ੍ਹਾਂ 'ਚ 5000 ਦੇ ਕਰੀਬ ਫ਼ਲਸਤੀਨੀ ਰਾਜਨੀਤਕ ਕੈਦੀ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਬੰਦ ਸਨ। ਮੁਹੰਮਦ ਅਬਾਸ ਅਥਾਰਟੀ ਅਤੇ ਪੀ.ਐੱਲ.ਓ. ਤਾਂ ਆਮ ਫ਼ਲਸਤੀਨੀਆਂ ਦੀ ਗ੍ਰਿਫ਼ਤਾਰੀ ਅਤੇ ਰਾਜਨੀਤਕ ਕੈਦੀਆਂ ਦੀ ਰਿਹਾਈ ਦੇ ਆਮ ਮੁੱਦੇ ਨੂੰ ਮੁਖ਼ਾਤਬ ਹੋਣ ਦੀ ਹਾਲਤ 'ਚ ਵੀ ਨਹੀਂ ਹਨ। ਇਜ਼ਰਾਈਲ ਵੱਲੋਂ ਦਹਿ ਹਜ਼ਾਰਾਂ ਨਾਜਾਇਜ਼ ਕਬਜ਼ੇ ਕਰ ਕੇ ਫ਼ਲਸਤੀਨੀਆਂ ਦੀ ਜ਼ਮੀਨ ਹਥਿਆਈ ਗਈ ਹੈ ਅਤੇ ਉਨ੍ਹਾਂ ਨੂੰ ਮਾਰਿਆ ਜਾਂਦਾ ਰਿਹਾ ਹੈ। ਇਹੀ ਹਾਲਾਤ ਗਾਜ਼ਾ ਪੱਟੀ ਅਤੇ ਹੋਰ ਇਲਾਕਿਆਂ ਦੇ ਹਨ। ਇਜ਼ਰਾਇਲੀ ਮਨੁੱਖੀ ਅਧਿਕਾਰ ਗਰੁੱਪ ਬੀਟੀਸੀਲੀਮ (ਭ'ਠਸਇਲਇਮ) ਅਨੁਸਾਰ ਇਜ਼ਰਾਇਲੀ ਫ਼ੌਜ ਸੰਨ 2000 ਤੋਂ ਲੈ ਕੇ ਗਾਜ਼ਾ ਵਿਚ ਪਹਿਲਾਂ ਹੀ 1741 ਬੱਚਿਆਂ ਅਤੇ 572 ਔਰਤਾਂ ਸਮੇਤ 7779 ਫ਼ਲਸਤੀਨੀਆਂ ਨੂੰ ਕਤਲ ਕਰ ਚੁੱਕੀ ਸੀ। ਇਹ ਸਿਰਫ਼ ਫ਼ੌਜ ਵੱਲੋਂ ਮਾਰੇ ਜਾਣ ਵਾਲਿਆਂ ਦੀ ਗਿਣਤੀ ਹੈ। ਇਸ ਵਿਚ ਜ਼ਹਿਰੀਲਾ ਪਾਣੀ ਅਤੇ ਲਾਇਲਾਜ ਮਰਨ ਵਾਲੇ ਗਾਜ਼ਾ ਲੋਕਾਂ ਦੀ ਗਿਣਤੀ ਸ਼ਾਮਿਲ ਨਹੀਂ। ਦੁਨੀਆ ਦਾ ਕੋਈ ਕਾਨੂੰਨ ਇਜ਼ਰਾਇਲੀ ਸਟੇਟ ਨੂੰ ਫ਼ਲਸਤੀਨ ਦਾ ਰਾਜ ਦਾ ਦਰਜਾ ਖੋਹਣ ਅਤੇ ਉਸ ਦੀਆਂ ਸਰਹੱਦਾਂ ਨੂੰ ਕੰਟਰੋਲ ਕਰਨ, ਫ਼ਲਸਤੀਨ ਦੀ ਜ਼ਮੀਨ ਦੁਆਲੇ ਸੁਰੱਖਿਆ ਦੀਵਾਰ ਉਸਾਰਨ, ਉਨ੍ਹਾਂ ਦੇ ਪਾਣੀ ਦੇ ਵਸੀਲਿਆਂ ਨੂੰ ਕਬਜ਼ੇ 'ਚ ਲੈਣ ਅਤੇ ਉਨ੍ਹਾਂ ਦੇ ਘਰਾਂ ਤੇ ਜ਼ੈਤੂਨ ਦੇ ਖੇਤਾਂ ਨੂੰ ਤਬਾਹ ਕਰਨ ਵਰਗੀਆਂ ਸਮੂਹਿਕ ਸਜ਼ਾਵਾਂ ਦੇਣ ਦਾ ਅਧਿਕਾਰ ਨਹੀਂ ਦਿੰਦਾ ਪਰ ਅਮਰੀਕਾ ਦੀ ਅਗਵਾਈ ਹੇਠ ਪੱਛਮੀ ਸਾਮਰਾਜੀਆਂ ਦੀ ਸਰਪ੍ਰਸਤੀ ਅਤੇ ਸ਼ਹਿ ਇਜ਼ਰਾਈਲ ਦੇ ਦਹਿਸ਼ਤਵਾਦ ਨੂੰ ਲੋਕਤੰਤਰ ਵਜੋਂ ਪੇਸ਼ ਕਰ ਕੇ ਵਾਜਬੀਅਤ ਮੁਹੱਈਆ ਕਰਦੀ ਹੈ।

ਦੂਜੇ ਆਲਮੀ ਯੁੱਧ ਤੋਂ ਬਾਅਦ ਯਹੂਦੀ ਰਾਸ਼ਟਰਵਾਦੀਆਂ ਨੇ ਆਪਣੇ ਮਨਸੂਬੇ ਅਨੁਸਾਰ ਫ਼ਲਸਤੀਨ ਦੀ ਧਰਤੀ ਉੱਪਰ ਯਹੂਦੀ ਦੇਸ਼ ਬਣਾਉਣ ਲਈ ਦਹਿਸ਼ਤਵਾਦ ਅਤੇ ਕਤਲੇਆਮ ਵਿੱਢ ਦਿੱਤਾ ਸੀ ਜੋ ਹੁਣ ਤੱਕ ਜਾਰੀ ਹੈ। 1947 'ਚ ਸਾਮਰਾਜੀਆਂ ਨੇ ਆਪਣੇ ਸੌੜੇ ਹਿਤਾਂ ਲਈ ਸੰਯੁਕਤ ਰਾਸ਼ਟਰ ਵਿਚ ਇਜ਼ਰਾਈਲ ਬਣਾਏ ਜਾਣ ਦਾ ਮਤਾ ਪਾਸ ਕਰਵਾ ਦਿੱਤਾ। ਅਮਰੀਕਾ ਅਤੇ ਬਰਤਾਨੀਆ ਦੇ ਦਬਾਅ ਹੇਠ ਸੰਯੁਕਤ ਰਾਸ਼ਟਰ ਨੇ ਫ਼ਲਸਤੀਨ ਨੂੰ ਵੰਡ ਕੇ 55 ਫ਼ੀਸਦੀ ਇਲਾਕਾ ਇਜ਼ਰਾਈਲ ਨੂੰ ਦੇ ਦਿੱਤਾ ਅਤੇ ਉੱਥੋਂ ਦੇ ਮੂਲ ਬਾਸ਼ਿੰਦਿਆਂ ਕੋਲ ਸਿਰਫ਼ 45 ਫ਼ੀਸਦੀ ਇਲਾਕਾ ਰਹਿ ਗਿਆ। ਫ਼ਲਸਤੀਨੀ ਆਪਣੇ ਹੀ ਵਤਨ 'ਚ ਨਾਜਾਇਜ਼ ਕਾਬਜ਼, ਮੁਜਰਿਮ ਅਤੇ ਦਹਿਸ਼ਤਗਰਦ ਬਣਾ ਦਿੱਤੇ ਗਏ। 1948 ਦੇ ਯੁੱਧ 'ਚ ਇਜ਼ਰਾਈਲ ਨੇ ਹੋਰ ਜ਼ਮੀਨ ਹਥਿਆ ਲਈ। ਯਹੂਦੀਵਾਦੀ ਦਹਿਸ਼ਤ ਕਾਰਨ ਲੱਖਾਂ ਫ਼ਲਸਤੀਨੀ ਪਰਵਾਸ ਕਰ ਕੇ ਜਾਰਡਨ ਨਦੀ ਦੇ ਪੱਛਮੀ ਕੰਢੇ ਵਾਲੇ ਹਿੱਸੇ ਅਤੇ ਗਾਜ਼ਾ ਪੱਟੀ 'ਚ ਜਾਣ ਲਈ ਮਜਬੂਰ ਹੋ ਗਏ। 1967 ਦੀ ਜੰਗ ਤੱਕ ਇਜ਼ਰਾਈਲ ਨੇ ਫ਼ਲਸਤੀਨ ਦਾ 78 ਫ਼ੀਸਦੀ ਇਲਾਕਾ ਹਥਿਆ ਲਿਆ ਸੀ ਅਤੇ ਪੂਰਬੀ ਯੇਰੂਸ਼ਲਮ 'ਤੇ ਕਬਜ਼ਾ ਕਰ ਕੇ ਇਕਪਾਸੜ ਤੌਰ 'ਤੇ ਸੰਯੁਕਤ ਯੇਰੂਸ਼ਲਮ ਨੂੰ ਆਪਣੀ ਰਾਜਧਾਨੀ ਐਲਾਨ ਦਿੱਤਾ। ਸੁਰੱਖਿਆ ਕੌਂਸਲ ਦੇ ਮਤੇ 478 ਨੇ ਵੀ ਇਸ ਦੀ ਨਿਖੇਧੀ ਕਰਦਿਆਂ ਇਸ ਨੂੰ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਕਿਹਾ ਪਰ ਅਮਰੀਕਨ ਕਾਂਗਰਸ ਨੇ ਇਸ ਧੱਕੇਸ਼ਾਹੀ ਨੂੰ ਮਾਨਤਾ ਦੇ ਦਿੱਤੀ। 2003 'ਚ ਅਮਰੀਕਾ ਅਤੇ ਬਰਤਾਨੀਆ ਨੇ ਇਰਾਕ ਉੱਪਰ ਇਸ ਬਹਾਨੇ ਹਮਲਾ ਕੀਤਾ ਸੀ ਕਿ ਸੱਦਾਮ ਹੁਸੈਨ ਹਕੂਮਤ ਨੇ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਉਲੰਘਣਾ ਕੀਤੀ ਹੈ; ਦੂਜੇ ਪਾਸੇ, ਇਜ਼ਰਾਈਲ ਨੇ ਸੰਯੁਕਤ ਰਾਸ਼ਟਰ ਦੇ 1948 ਦੀ ਨਾਜਾਇਜ਼ ਵੰਡ ਸਮੇਂ ਤੈਅ ਕੀਤੀਆਂ ਸਰਹੱਦਾਂ ਦੀ ਪਾਲਣਾ ਕਰਨ ਦੇ ਮਤੇ ਦੀ ਕੋਈ ਪ੍ਰਵਾਹ ਨਹੀਂ ਕੀਤੀ ਪਰ ਸਾਮਰਾਜੀ ਤਾਕਤਾਂ ਇਜ਼ਰਾਇਲੀ ਹਕੂਮਤ ਵੱਲੋਂ ਸੰਯੁਕਤ ਰਾਸ਼ਟਰ ਦੇ ਮਤਿਆਂ ਦੀ ਉਲੰਘਣਾ ਬਾਰੇ ਸਿਰਫ਼ ਚੁੱਪ ਹੀ ਨਹੀਂ ਸਗੋਂ ਅਮਰੀਕਾ ਤਾਂ ਇਜ਼ਰਾਈਲ ਨਾਲ ਜੋਟੀ ਪਾ ਕੇ ਇਜ਼ਰਾਇਲੀ ਦਹਿਸ਼ਤਵਾਦ ਨੂੰ ਸ਼ਹਿ ਦੇ ਰਿਹਾ ਹੈ।

1993 ਦੇ ਓਸਲੋ ਸਮਝੌਤੇ ਨਾਲ ਹਾਲਾਤ ਬਦਲ ਗਏ। ਯਾਸਰ ਅਰਾਫ਼ਾਤ ਦੀ ਅਗਵਾਈ ਹੇਠ ਖੱਬੇ ਪੱਖੀ ਗੁਰੀਲਾ ਜਥੇਬੰਦੀ ਪੀ.ਐੱਲ.ਓ. ਨੇ ਹਥਿਆਰਬੰਦ ਸੰਘਰਸ਼ ਰਾਹੀਂ ਫ਼ਲਸਤੀਨ ਦੀ ਮੁਕਤੀ ਦਾ ਕਾਜ ਤਿਆਗ ਕੇ ਇਜ਼ਰਾਈਲ ਨੂੰ ਰਸਮੀ ਮਾਨਤਾ ਦੇ ਦਿੱਤੀ; ਇਸਲਾਮੀ ਮੂਲਵਾਦੀ ਤਾਕਤ ਹਮਾਸ ਜਿਸ ਨੂੰ ਪੀ.ਐੱਲ.ਓ. ਵਿਰੁੱਧ ਖ਼ੁਦ ਇਜ਼ਰਾਈਲ ਅਤੇ ਪੱਛਮੀ ਸਾਮਰਾਜੀਆਂ ਨੇ ਉਭਾਰਿਆ, ਨੇ ਇਜ਼ਰਾਈਲ ਨੂੰ ਮਾਨਤਾ ਦੇਣ ਅਤੇ ਹਥਿਆਰ ਸੁੱਟਣ ਤੋਂ ਨਾਂਹ ਕਰ ਦਿੱਤੀ। ਹੁਣ ਹਮਾਸ ਦੁਸ਼ਮਣ ਵਜੋਂ ਨਿਸ਼ਾਨੇ 'ਤੇ ਆ ਗਈ। 2007 'ਚ ਚੋਣਾਂ ਰਾਹੀਂ ਹਮਾਸ ਦੇ ਗਾਜ਼ਾ ਉੱਪਰ ਕਾਬਜ਼ ਹੋਣ ਨਾਲ ਪੱਛਮ ਅਤੇ ਮਹਿਮੂਦ ਅਬਾਸ ਵਾਲੇ 'ਫਤਿਹ' ਹੁਕਮਰਾਨ ਗੁੱਟ ਦੋਹਾਂ ਨੂੰ ਫ਼ਿਕਰ ਪੈ ਗਿਆ। ਇਜ਼ਰਾਈਲ ਨੇ ਘੇਰਾਬੰਦੀ ਦਾ ਕਰੇੜਾ ਕੱਸ ਦਿੱਤਾ ਅਤੇ ਗਾਜ਼ਾ (20 ਲੱਖ ਤੋਂ ਉੱਪਰ ਵਸੋਂ) ਨੂੰ ਖੁੱਲ੍ਹੀ ਜੇਲ੍ਹ 'ਚ ਬਦਲ ਦਿੱਤਾ। ਇਨ੍ਹਾਂ ਹਾਲਾਤ 'ਚ ਹਮਾਸ ਫ਼ਲਸਤੀਨੀ ਟਾਕਰੇ ਦੀ ਆਗੂ ਜਥੇਬੰਦੀ ਬਣ ਕੇ ਉੱਭਰੀ। ਧਾਰਮਿਕ ਵਿਚਾਰਧਾਰਾ ਤੋਂ ਉੱਪਰ ਉੱਠ ਕੇ ਇਸ ਨੂੰ ਫ਼ਲਸਤੀਨੀਆਂ ਦੀ ਲਗਾਤਾਰ ਹਮਾਇਤ ਮਿਲਣ ਦੀ ਇਹੀ ਵੱਡੀ ਵਜ੍ਹਾ ਹੈ।

ਇਜ਼ਰਾਈਲ ਨਸਲਕੁਸ਼ੀ ਅਤੇ ਤਬਾਹੀ ਰਾਹੀਂ ਫ਼ਲਸਤੀਨੀਆਂ ਦਾ ਉਨ੍ਹਾਂ ਦੀ ਸਰਜ਼ਮੀਨ ਉੱਪਰੋਂ ਮੁਕੰਮਲ ਸਫ਼ਾਇਆ ਚਾਹੁੰਦਾ ਹੈ। ਇਹ ਸੁਪਨਾ ਸਾਕਾਰ ਕਰਨ ਲਈ ਇਜ਼ਰਾਇਲੀ ਹੁਕਮਰਾਨ ਅਮਰੀਕਾ ਅਤੇ ਹੋਰ ਜੋਟੀਦਾਰ ਸਾਮਰਾਜੀ ਤਾਕਤਾਂ ਦੀ ਸਰਪ੍ਰਸਤੀ ਹੇਠ ਫ਼ਲਸਤੀਨੀਆਂ ਦਾ ਕਤਲੇਆਮ ਕਰ ਰਹੇ ਹਨ। 1946 ਅਤੇ 2023 ਦਰਮਿਆਨ ਅਮਰੀਕਾ ਨੇ ਇਜ਼ਰਾਇਲੀ ਸੁਰੱਖਿਆ ਬਲਾਂ ਲਈ 263 ਅਰਬ ਡਾਲਰ ਦਿੱਤੇ ਹਨ।

ਇਸੇ ਦੌਰਾਨ ਵੱਖ-ਵੱਖ ਮੁਲਕਾਂ ਦੇ ਇਨਸਾਫ਼ਪਸੰਦ ਅਤੇ ਅਮਨ-ਪ੍ਰੇਮੀ ਫ਼ਲਸਤੀਨੀਆਂ ਵਿਰੁੱਧ ਵਿੱਢੇ ਨਹੱਕ ਹਮਲੇ ਦਾ ਸੜਕਾਂ 'ਤੇ ਆ ਕੇ ਵਿਰੋਧ ਕਰ ਰਹੇ ਹਨ। ਇਸ ਇਕਮੁੱਠਤਾ ਨੂੰ ਦਬਾਉਣ ਲਈ ਲੋਕਤੰਤਰ ਦੇ ਆਪੇ ਬਣੇ ਚੈਂਪੀਅਨ ਸਾਮਰਾਜੀ ਰਾਜ ਇਨ੍ਹਾਂ ਆਵਾਜ਼ਾਂ ਨੂੰ ਦਬਾ ਰਹੇ ਹਨ। ਅਮਰੀਕਾ 'ਚ ਤਿੰਨ ਮੁਸਲਮਾਨ ਬ੍ਰਾਡਕਾਸਟਰਾਂ ਨੂੰ ਕੱਢਣ ਦੀ ਖ਼ਬਰ ਹੈ। ਬਰਤਾਨੀਆ ਦੇ ਗ੍ਰਹਿ ਮੰਤਰੀ ਨੇ ਪੁਲਿਸ ਨੂੰ ਆਦੇਸ਼ ਦਿੱਤਾ ਹੈ ਕਿ ਫ਼ਲਸਤੀਨੀ ਝੰਡਾ ਚੁੱਕਣ ਨੂੰ ਜੁਰਮ ਮੰਨਿਆ ਜਾਵੇ। ਉੱਥੋਂ ਫ਼ਲਸਤੀਨ ਦੀ ਹਮਾਇਤ ਕਰਨ ਵਾਲਿਆਂ ਦੀ ਗ੍ਰਿਫ਼ਤਾਰੀ ਦੀਆਂ ਖ਼ਬਰਾਂ ਹਨ। ਫਰਾਂਸ, ਜਰਮਨੀ ਅਤੇ ਹੰਗਰੀ ਦੀਆਂ ਸਰਕਾਰਾਂ ਨੇ ਫ਼ਲਸਤੀਨ ਪੱਖੀ ਪ੍ਰਦਰਸ਼ਨਾਂ ਦੀ ਮਨਾਹੀ ਕਰ ਦਿੱਤੀ ਹੈ। ਭਾਰਤ ਸ਼ੁਰੂ ਤੋਂ ਹੀ ਫ਼ਲਸਤੀਨੀ ਲੋਕਾਂ ਦੇ ਜਾਇਜ਼ ਸੰਘਰਸ਼ ਦੀ ਹਮਾਇਤ ਕਰ ਰਿਹਾ ਹੈ। ਇਨਸਾਫ਼ਪਸੰਦ ਭਾਰਤੀ ਹੁਣ ਵੀ ਫ਼ਲਸਤੀਨ ਨਾਲ ਧੱਕੇਸ਼ਾਹੀ ਦਾ ਵਿਰੋਧ ਕਰ ਰਹੇ ਹਨ ਪਰ ਆਰ.ਐੱਸ.ਐੱਸ-ਭਾਜਪਾ ਹਕੂਮਤ ਇਜ਼ਰਾਈਲ ਦੀ ਹਮਾਇਤ ਕਰ ਰਹੀ ਹੈ। ਹਿਟਲਰ ਦੀ ਨਾਜ਼ੀਵਾਦੀ ਹਕੂਮਤ ਵੱਲੋਂ ਯਹੂਦੀਆਂ ਦੀ ਨਸਲਕੁਸ਼ੀ, ਆਰ.ਐੱਸ.ਐੱਸ ਲਈ ਆਦਰਸ਼ ਮਾਡਲ ਸੀ ਕਿਉਂਕਿ ਉਸ ਵਿਚੋਂ ਇਨ੍ਹਾਂ ਨੂੰ ਮੁਸਲਮਾਨਾਂ ਅਤੇ ਇਸਾਈਆਂ ਨੂੰ 'ਅੰਦਰੂਨੀ ਦੁਸ਼ਮਣ' ਅਤੇ 'ਬਾਹਰਲੇ' ਕਰਾਰ ਦੇ ਕੇ ਉਨ੍ਹਾਂ ਨੂੰ ਦੋਇਮ ਦਰਜੇ ਦੀ ਅਧਿਕਾਰਹੀਣ ਪਰਜਾ ਬਣਾ ਕੇ ਬਦਲਾ ਲੈਣ ਦਾ ਵਿਚਾਰਧਾਰਕ ਆਧਾਰ ਮਿਲਦਾ ਸੀ। ਹੁਣ ਸੰਘ ਨੂੰ ਯਹੂਦੀਵਾਦੀ ਇਜ਼ਰਾਈਲ ਦੇ ਰੂਪ ਵਿਚ ਨਵਾਂ ਯੁੱਧ ਸਾਥੀ ਮਿਲ ਗਿਆ ਹੈ। ਗਾਜ਼ਾ ਪੱਟੀ ਅਤੇ ਹੋਰ ਇਲਾਕਿਆਂ 'ਚ ਫ਼ਲਸਤੀਨੀ ਮੁਸਲਮਾਨਾਂ ਦੀ ਪੱਕੀ ਫ਼ੌਜੀ ਘੇਰਾਬੰਦੀ ਕਰ ਕੇ ਨਸਲਕੁਸ਼ੀ ਇਨ੍ਹਾਂ ਲਈ ਮੁਸਲਮਾਨਾਂ ਨੂੰ ਦਬਾਉਣ ਅਤੇ ਬਦਲਾ ਲੈਣ ਦਾ ਨਵਾਂ ਨਮੂਨਾ ਹੈ। ਇਸੇ ਨਮੂਨੇ 'ਤੇ ਭਾਰਤ ਵਿਚ ਕਸ਼ਮੀਰ ਨੂੰ ਦੂਜਾ ਫ਼ਲਸਤੀਨ ਬਣਾਇਆ ਗਿਆ ਅਤੇ ਭਾਜਪਾ ਹਕੂਮਤ ਵਾਲੇ ਹੋਰ ਰਾਜਾਂ ਵਿਚ ਮੁਸਲਮਾਨ ਭਾਈਚਾਰੇ ਨੂੰ ਬਾਕੀ ਸਮਾਜ ਨਾਲੋਂ ਅਲੱਗ-ਥਲੱਗ ਕਰ ਕੇ ਅਤੇ ਅਸੁਰੱਖਿਅਤ ਬਣਾ ਕੇ ਜੇਲ੍ਹ-ਬਸਤੀਆਂ 'ਚ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਫ਼ਲਸਤੀਨੀਆਂ ਦੇ ਨਸਲੀ ਸਫ਼ਾਏ ਨੂੰ ਇਜ਼ਰਾਈਲ ਦੀ ਸਵੈ-ਰੱਖਿਆ ਦਾ ਨਾਂ ਦੇਣਾ ਅਮਰੀਕਾ ਤੇ ਪੱਛਮੀ ਤਾਕਤਾਂ ਦੀ ਮੱਕਾਰ ਨੀਤੀ ਹੈ। ਫ਼ਲਸਤੀਨੀਆਂ ਵਿਰੁੱਧ ਇਨ੍ਹਾਂ ਸਾਰੀਆਂ ਹੀ ਇਨਸਾਨੀਅਤ ਵਿਰੋਧੀ ਤਾਕਤਾਂ ਦੇ ਗੱਠਜੋੜ ਵਿਰੁੱਧ ਅੱਜ ਹੋਰ ਵੀ ਧੜੱਲੇ ਨਾਲ ਲੋਕ ਰਾਇ ਖੜ੍ਹੀ ਕਰਨ ਦੀ ਲੋੜ ਹੈ।

## ਇੱਕੋ-ਇਕ ਹੱਲ ਕੌਮਾਂਤਰੀ ਦਖ਼ਲ: ਅਰੁੰਧਤੀ ਰਾਏ



*ਫ਼ਲਸਤੀਨ ਉੱਪਰ ਇਜ਼ਰਾਈਲ ਦਾ ਕਬਜ਼ਾ ਅਤੇ ਗਾਜ਼ਾ ਦੀ ਘੇਰਾਬੰਦੀ ਮਨੁੱਖਤਾ ਵਿਰੁੱਧ ਜੁਰਮ ਹੈ। ਅਮਰੀਕਾ ਅਤੇ ਹੋਰ ਮੁਲਕ ਜੋ ਧਨ ਅਤੇ ਹਥਿਆਰਾਂ ਨਾਲ ਇਸ ਕਬਜ਼ੇ ਦੀ ਹਮਾਇਤ ਕਰਦੇ ਹਨ, ਉਸ ਜੁਰਮ 'ਚ ਭਾਈਵਾਲ ਹਨ। ਹੁਣ ਅਸੀਂ ਜੋ ਭਿਆਨਕਤਾ ਦੇਖ ਰਹੇ ਹਾਂ, ਉਹ ਉਸ ਜੁਰਮ ਦਾ ਨਤੀਜਾ ਹੈ। ਇਸ 'ਯੁੱਧ' ਦੀ ਕਰੂਰਤਾ ਬਾਰੇ ਕਿਸੇ ਵੀ ਤਰ੍ਹਾਂ ਦੀ ਟਿੱਪਣੀ, ਕਿਸੇ ਵੀ ਧਿਰ ਵੱਲੋਂ ਕੀਤੀਆਂ ਜ਼ਿਆਦਤੀਆਂ ਦੀ ਕਿਸੇ ਵੀ ਮਾਤਰਾ 'ਚ ਨਿੰਦਾ, ਉਨ੍ਹਾਂ ਜ਼ੁਲਮਾਂ ਦੇ ਪੈਮਾਨੇ ਬਾਰੇ ਕਿਸੇ ਵੀ ਮਾਤਰਾ 'ਚ ਝੂਠੀ ਸਮਾਨਤਾ ਦਿਖਾਉਣ ਨਾਲ ਕੋਈ ਹੱਲ ਨਹੀਂ ਨਿਕਲੇਗਾ। ਇੱਕੋ-ਇਕ ਹੱਲ ਸਿਰਫ਼ ਕੌਮਾਂਤਰੀ ਦਖ਼ਲ ਹੀ ਹੋ ਸਕਦਾ ਹੈ ਜੋ ਕਬਜ਼ਾ ਖ਼ਤਮ ਕਰਨ, ਰੰਗਭੇਦ ਦੀ ਇਸ ਵਿਵਸਥਾ ਨੂੰ ਖ਼ਤਮ ਕਰਨ ਲਈ ਗੱਲਬਾਤ ਦਾ ਸੱਦਾ ਦੇਵੇ। ਸਿਰਫ਼ ਇਹੀ ਇਜ਼ਰਾਇਲੀ ਨਾਗਰਿਕਾਂ ਦੇ ਭਿਆਨਕ ਕਤਲਾਂ ਅਤੇ ਫ਼ਲਸਤੀਨੀਆਂ ਦੇ ਕਤਲੇਆਮ ਦੇ ਗੇੜ ਨੂੰ ਠੱਲ੍ਹ ਪਾ ਸਕੇਗਾ।*

## ਪੁਸਤਕ ਚਰਚਾ

# ਰੂਹ-ਰੰਗਾਂ ਦੀ ਆਭਾ ਹੈ-ਰੰਗ ਮੰਡਲ

'ਰੰਗ ਮੰਡਲ' ਪੰਜਾਬੀ ਅਦਬ ਦੀ ਵੱਡੀ ਕਵਿੱਤਰੀ ਅਤੇ ਸੂਖਮ ਦ੍ਰਿਸ਼ਟੀ ਵਾਲੀ ਸੁਰਜੀਤ ਕਲਸੀ ਦਾ ਕਾਵਿ-ਸੰਗ੍ਰਹਿ ਹੈ ਜਿਸ ਵਿਚ ਕਾਇਨਾਤ ਦੇ ਬਹੁਤ ਸਾਰੇ ਰੰਗ ਬਿਖਰੇ ਹੋਏ ਹਨ। ਇਹ ਰੰਗ ਕੁਝ ਸਥੂਲ ਰੂਪ ਵਿਚ ਹਾਜ਼ਰ-ਨਾਜ਼ਰ ਅਤੇ ਕੁਝ ਅਸਥੂਲ ਰੂਪ ਵਿਚ। ਸਭ ਤੋਂ ਅਹਿਮ ਅਤੇ ਮਹੱਤਵਪੂਰਨ ਹੁੰਦਾ ਏ ਅਸਥੂਲ ਰੰਗਾਂ ਦੀ ਪਛਾਣ ਕਰਨੀ ਅਤੇ ਇਸ ਦੇ ਨਾਦ ਨੂੰ ਕਾਵਿਕ ਰੰਗਣ ਰਾਹੀਂ ਪ੍ਰਗਾਉਣਾ। ਅਜਿਹਾ ਕ੍ਰਿਸ਼ਮਾ ਸਿਰਫ਼ ਸੂਹਜ, ਸਾਇਸਤਗੀ ਅਤੇ ਨਫ਼ਾਸਤ ਭਰਪੂਰ ਸ਼ਖ਼ਸੀਅਤ ਹੀ ਕਰ ਸਕਦੀ ਹੈ ਅਤੇ ਇਹ ਸਿਰਫ਼ ਸੁਰਜੀਤ ਕਲਸੀ ਜੀ ਦੇ ਹਿੱਸੇ ਆਇਆ ਹੈ।



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕਮਾਲ ਦੀ ਗੱਲ ਇਹ ਹੈ ਕਿ ਅਜੇਹੇ ਰੰਗਾਂ ਦੀ ਤਾਸੀਰ ਸਾਡੇ ਵਿਚ ਆਮ ਹੀ ਦੇਖਣ ਨੂੰ ਮਿਲਦੀ। ਜਦ ਸੁਰਜੀਤ ਆਪਣੀ ਕਵਿਤਾ ਵਿਚ ਮੁਹੱਬਤ, ਸੂਫ਼ੀਆਨਾ, ਸਿਮਰਤੀ, ਵਿਛੋੜਾ, ਵਸਲ, ਸ਼ਗੁਨ, ਈਰਖਾ, ਕ੍ਰੋਧ ਆਦਿ ਦੇ ਰੰਗਾਂ ਦਾ ਕਾਵਿਕ ਵਿਸ਼ਲੇਸ਼ਣ ਕਰਦੀ ਹੈ ਤਾਂ ਅਹਿਸਾਸ ਹੁੰਦਾ ਕਿ ਕਿੰਨਾ ਕੁਝ ਅਜੇਹੇ ਵਰਤਾਰਿਆਂ ਵਿਚ ਹੁੰਦਾ ਜਿਹੜਾ ਅਕਸਰ ਹੀ ਅਸੀਂ ਨਜ਼ਰ ਅੰਦਾਜ਼ ਕਰਦੇ ਹਾਂ। ਇਹ ਰੰਗ ਸਾਡੀ ਸ਼ਖ਼ਸੀਅਤ ਦੇ ਹੁੰਦੇ, ਸਾਡੇ ਅੰਦਰ ਬੈਠੇ ਉਸ ਸ਼ਖ਼ਸ ਦੇ ਹੁੰਦੇ ਜਿਨ੍ਹਾਂ ਨੂੰ ਪਛਾਨਣ ਤੋਂ ਅਸੀਂ ਆਨਾ-ਕਾਨੀ ਕਰਦੇ। ਕਦੇ ਤਨ ਦੀ ਮਿੱਟੀ ਨੂੰ ਕੁਰੇਦ ਕੇ ਰੂਹ ਦਾ ਦਰਵਾਜ਼ਾ ਖੋਲ੍ਹਣਾ, ਤੁਹਾਨੂੰ ਪਤਾ ਲੱਗਾ ਕਿ ਤੁਸੀਂ ਕੀ ਹੋ, ਕੀ ਹੋਣਾ ਚਾਹੁੰਦੇ ਅਤੇ ਕਿਹੜੇ ਵਰਤਾਰਿਆਂ ਨੇ ਤੁਹਾਨੂੰ ਕੀ ਤੋਂ ਕੀ ਬਣਾ ਦੇਣਾ ਹੈ? ਮਨ ਦੇ ਰੰਗਾਂ ਦੀ ਕਾਵਿਕ ਪੇਸ਼ਕਾਰੀ ਬਹੁਤ ਘੱਟ ਕਵੀਆਂ ਦੇ ਹਿੱਸੇ ਆਈ ਹੈ।

ਸੁਰਜੀਤ ਆਪਣੀ ਕਾਵਿਕ ਬੰਧਨਾ ਵਿਚ ਹੀ ਕਹਿੰਦੀ ਹੈ,
'ਮਨ-ਦੇਹੀ ਰੂਪ ਦਾ ਚੇਤਨ ਰੂਪ ਹਾਂ। ਮੈਂ ਨਾਰੀ ਹਾਂ'।

ਇਹ ਹੀ ਸਭ ਤੋਂ ਵੱਡਾ ਹਾਸਲ ਹੈ ਕਿਉਂਕਿ ਨਾਰੀ ਅਚੇਤ ਰੂਪ ਵਿਚ ਉਹ ਕੁਝ ਮਹਿਸੂਸ ਕਰ ਸਕਦੀ ਜੋ ਆਮ ਆਦਮੀ ਨੂੰ ਨਜ਼ਰ ਨਹੀਂ ਆਉਂਦਾ ਅਤੇ ਸੁਰਜੀਤ ਪਾਠਕਾਂ ਨੂੰ ਸਲਾਹ ਦਿੰਦੀ ਹੈ;

'ਰੰਗਾਂ ਦੀ ਰੁਮਾਂਚਿਤ ਬਾਰਸ਼ ਵਿਚ
ਤਨ ਮਨ ਰੂਹ ਨੂੰ ਭਿਜਣ ਦਿਓ।
ਸੱਚ ਵਿਵੇਕ ਗਿਆਨ ਦਾ ਬੋਧ ਰੰਗ ਸ਼ਵੈਤ
ਫ਼ੈਲਾਏ ਚਾਨਣ ਕੋਨਾ ਕੋਨਾ ਕਰ ਉਜਾਲਾ ਜਾਏ'

ਅਜੇਹੀ ਅੰਤਰੀਵ ਯਾਤਰਾ ਦੀ ਕਾਮਨਾ ਹੀ 'ਰੰਗ ਮੰਡਲ' ਦੇ ਹਰ ਵਰਕੇ ਤੇ ਬਿਰਾਜਮਾਨ ਹੈ।

ਕੇਹਾ ਹੈ ਕਲਸੀ ਜੀ ਦੀ ਇਬਾਦਤ ਦਾ ਰੰਗ ਕਿ ਉਹ ਦਿਲ ਦੀ ਧੜਕਣ ਬਣ ਕੇ ਉਸਦੇ ਰੰਗ ਵਿਚ ਰੰਗੀ ਜਾਣਾ ਲੋਚਦੀ ਹੈ;

'ਇਬਾਦਤ ਮੇਰੀ ਤੇ ਬੰਦਗੀ ਦੇ
ਹਰ ਹਰਫ਼ ਵਿਚ ਸ਼ਾਮਲ ਹੈਂ ਤੂੰ
ਦਿਲ ਦੀ ਧੜਕਣ ਹੈ ਤੂੰ'

ਅਤੇ ਉਸ ਵਕਤ ਇਕ ਪਲ ਸਦੀਆਂ ਤੀਕ ਫੈਲ ਜਾਂਦਾ ਕਿਉਂਕਿ ਰੂਹ ਦਾ ਸਾਥ ਜੀਵਨ ਦਾ ਸਭ ਤੋਂ ਸੁੱਚਾ ਹਾਸਲ ਅਤੇ ਹਾਣ ਹੁੰਦਾ। ਸਿਰਫ਼ ਲੋੜ ਹੁੰਦੀ ਹੈ ਉਸ ਪਲ ਦੀ ਕੰਨੀਂ ਨੂੰ ਪਕੜਣਾ;

'ਸਦੀਆਂ ਜਾਣ ਸਿਮਟ ਇਕ ਪਲ ਵਿਚ
ਜੇਕਰ ਕਿਰਦੇ ਜਾਂਦੇ ਪਲ ਨੂੰ ਘੁੱਟ ਕੇ ਫੜ ਲਈਏ'

ਸੁਰਜੀਤ ਦੀ ਕਵਿਤਾ ਨੂੰ ਪੜ੍ਹਦਿਆਂ ਵੱਖੋ-ਵੱਖ ਰੰਗ ਆਪਣੀ ਤਾਸੀਰ ਨੂੰ ਹਰਫ਼ਾਂ ਦੇ ਨਾਮ ਕਰ, ਮਨੁੱਖੀ ਭਾਵਨਾਵਾਂ ਨੂੰ ਨਵੀਆਂ ਤਸ਼ਬੀਹਾਂ ਦੇ, ਨਿਵੇਕਲੀ ਅਰਥਕਾਰੀ ਕਰਦੇ ਨੇ। ਤਾਂ ਹੀ ਉਹ ਲਿਖਦੀ ਹੈ;

ਬੁੱਕਲ ਦੇ ਵਿਚ ਸਿਮਟ ਜਾਣਾ ਹੈ ਮੁਹੱਬਤ
ਰੂਹ ਦਾ ਰੂਹ ਵਿਚ ਪਿਘਲ ਜਾਣਾ ਹੈ ਮੁਹੱਬਤ'

ਪਿਘਲ ਕੇ ਤਰਲ ਹੋ ਜਾਣਾ ਅਤੇ ਇਕ ਦੂਜੇ ਵਿਚ ਸਮਾ ਕੇ ਮੁਹੱਬਤ ਨੂੰ ਮਾਣਿਆ ਜਾ ਸਕਦੈ।

ਸੁਰਜੀਤ ਜੀ ਨੂੰ ਤਾਂ ਪੱਤਝੜ ਵੀ ਉਦਾਸੀਨ ਜਾਂ ਗ਼ਮਗੀਨ ਨਹੀਂ ਲੱਗਦੀ ਕਿਉਂਕਿ ਪੱਤਝੜ ਦੇ ਰੰਗ ਵੀ ਬੰਦੇ ਲਈ ਜਿਊਣ ਦੀ ਆਰਜਾ ਬਣ ਜਾਂਦੇ;

'ਨਹੀਂ ਨੀਰਸ ਪੱਤਝੱੜ
ਨਾ ਹੀ ਨਿਰੰਗਤ
ਹਰ ਪੱਤਾ ਇਕ ਸੁਨੇਹਾ
ਹਰ ਪੱਤੇ 'ਤੇ ਨਾਮ ਹੈ ਅੰਕਿਤ'

ਅਤੇ ਕ੍ਰੋਧ ਜਦ ਚੰਡਾਲ ਦਾ ਰੂਪ ਧਾਰਦਾ ਤਾਂ ਮਨੁੱਖੀ ਬਿਰਤੀਆਂ ਵਿਚਲਾ ਬਹੁਤ ਕੁਝ ਭਸਮ ਹੋ ਜਾਂਦਾ ਅਤੇ ਇਸ ਨਾਲ ਹੀ ਕਿਸੇ ਦਾ ਤੁਸੱਵਰ ਵੀ ਮਲੀਆਮੇਟ ਹੋ ਜਾਂਦਾ;

'ਸਹਿਮ ਜਾਂਦੀ ਹੈ ਕਾਇਆ
ਸਮਾਂ ਨਸਾਂ ਵਿਚ ਰੁੱਕ ਜਾਂਦਾ
ਪਿਆਰ ਰੌਸ਼ਨੀ ਤੇ ਖੁਸ਼ੀਆਂ ਉਤੇ
ਇਕ ਦਮ ਹਨੇਰੇ ਦੇ ਬੱਦਲ ਛਾ ਜਾਂਦੇ।'


ਕਲਸੀ ਦੀ ਕਵਿਤਾ ਪੀੜ ਦੇ ਰੰਗ ਵਿਚ ਪੀੜ-ਪੀੜ ਹੁੰਦੀ, ਪੀੜ ਦੀਆਂ ਪਰਤਾਂ ਫਰੋਲਦਿਆਂ, ਅੱਖਰਾਂ ਵਿਚ ਹੰਝੂ ਧਰਦੀ ਅਤੇ ਮੂਕ ਸੰਵੇਦਨਾ ਨੂੰ ਝੋਲੀ ਵਿਚ ਪਵਾ ਵਰਕਿਆਂ ਨੂੰ ਸਿੱਲਾ ਕਰ ਜਾਦੀ ਹੈ;

'ਪੀੜ ਦਾ ਰੰਗ ਔਰਤ ਦੀ ਖਾਲੀ ਗੋਦ ਹੈ
ਪੀੜ ਦਾ ਰੰਗ ਰਿਸ਼ਤੇ ਵਿਚ ਬੇਵਫਾਈ ਦੀ ਸਲੀਬ ਹੈ
ਪੀੜ ਦਾ ਰੰਗ ਔਰਤ ਦੇ ਬਦਨ ਦੀਆਂ ਲਾਸਾਂ ਹਨ
ਪੀੜ ਦਾ ਰੰਗ ਬੱਚੇ ਦਾ ਸ਼ੋਸਣ ਹੈ
ਪੀੜ ਦਾ ਰੰਗ ਗਰੀਬੀ ਹੈ ਭੁੱਖ ਹੈ
ਪੀੜ ਦਾ ਰੰਗ ਮਾਨਸਿਕ ਤਸੀਹਾ ਹੈ'

ਅਤੇ ਇਹ ਮਾਨਸਿਕ ਕਸ਼ਟ ਹੀ ਹੁੰਦਾ ਜੋ ਪੀੜਾ ਨੂੰ ਹਰਨ ਵਾਸਤੇ ਆਹਰ ਕਰਦਾ ਅਤੇ ਪੀੜਾ ਦੇ ਪਿੰਡੇ 'ਤੇ ਖੁਸ਼ੀਆਂ ਦਾ ਲਿਬਾਸ ਪਹਿਨਦਾ।

ਯਾਦਾਂ ਵਿਚ ਰੰਗੇ ਹੋਏ ਰੰਗ ਬੰਦੇ ਨੂੰ ਜਿਊਣ ਗੋਚਰਾ ਕਰਦੇ ਕਿਉਂਕਿ ਕਈ ਵਾਰ ਸਾਡੇ ਲਈ ਸਿਮਰਤੀਆਂ ਇਕ ਸਾਧਨ ਬਣਦੀਆਂ ਕਿ ਸਾਡੇ ਰਿਸ਼ਤਿਆਂ ਦਾ ਕੀ ਰੰਗ ਸੀ, ਸਾਡੀਆਂ ਸਾਂਝਾਂ ਨੇ ਕਿਹੜੇ ਰੰਗਾਂ ਰਾਹੀਂ ਸਾਨੂੰ ਪਹਿਚਾਣਿਆ;

'ਗੁੰਮ ਸੁੰਨ ਤਨਹਾ ਬੈਠ ਗਿਆ ਹੈ ਲੈ ਕੇ
ਸਿਮਰਤੀ ਦੀ ਸੌ ਰੰਗਾਂ ਦੀ ਫੁੱਲਕਾਰੀ




ਅਤੇ ਰੰਗਾਂ ਦੀ ਫੁੱਲਕਾਰੀ ਨੂੰ ਸਿਰ ਤੇ ਲੈ ਕੇ ਜਦ ਸੁਰਜੀਤ ਦੁਨੀਆਂ ਵਿਚ ਵਿਚਰਦੀ ਹੈ ਤਾਂ ਅਨੋਖੀ ਕਵਿਤਾ ਨਾਜ਼ਲ ਹੁੰਦੀ ਹੈ।

ਸੁਰਜੀਤ ਕਲਸੀ ਦਾ ਸਮੁੱਚਾ ਜੀਵਨ ਹੀ ਜੀਵਨ ਦੇ ਸਾਰੇ ਰੰਗਾਂ ਨੂੰ ਨੇੜਿਉਂ ਦੇਖਣ ਅਤੇ ਇਨ੍ਹਾਂ ਨੂੰ ਸਮਝਣ ਲਈ ਅਰਪਿਤ ਹੈ ਤਾਂ ਹੀ ਉਹ ਭੁੱਖ ਦੇ ਰੰਗਾਂ ਨੂੰ ਬਿਆਨਦੀ ਹੈ;

'ਭੁੱਖ ਦਾ ਰੰਗ ਰਾਸ਼ਨ ਦਾ ਮੁੱਕ ਜਾਣਾ
ਭੁੱਖੇ ਪੇਟ ਸੌਂ ਜਾਣਾ।'

ਤੇ ਕਮਾਲ ਦੀ ਗੱਲ ਹੈ ਕਿ ਅਜੋਕੀ ਤਰਾਸਦੀ ਲਈ ਸੰਵੇਦਨਾ ਦੀ ਅਣਹੋਂਦ ਨੂੰ ਕਾਰਨ ਸਮਝਦੀ ਹੈ। ਇਹ ਦੁਖਾਂਤ ਸਾਰੇ ਸੰਵੇਦਨਸ਼ੀਲ ਲੋਕ ਹੰਢਾ ਰਹੇ ਹਨ;

'ਸੰਵੇਦਨਾ ਦਾ ਅਭਾਵ ਇਕ ਵੱਡਾ ਦੁਖਾਂਤ
ਇਸ ਯੁੱਗ ਦੀ ਤਰਾਸਦੀ ਦਾ ਰੰਗ ਹੈ ਅਸ਼ਾਂਤ

ਬੋਲਾਂ ਦਾ ਖ਼ਾਮੋਸ਼ ਹੋ ਜਾਣਾ ਅਤੇ ਫਿਰ ਸੁੰਨ ਸਮਾਧੀ ਵਿਚ ਲੀਨ ਹੋ ਜਾਣਾ ਸਿਰਫ਼ ਸੁਰਜੀਤ ਕਲਸੀ ਦੀ ਕਵਿਤਾ ਰਾਹੀਂ ਸਿਖਿਆ ਜਾ ਸਕਦਾ

'ਮਨ ਦੇ ਅੰਦਰ ਦੀ ਸਨਿਮਰ ਚੁੱਪ
ਵਿਚ ਘੁੱਟ ਕੇ ਲੀਨ ਹੋ ਜਾਣਾ
ਕਾਫ਼ੀ ਹੈ ਮਨ-ਦੇਹੀ-ਰੂਹ ਵਿਚ
ਰੰਗ ਖਾਮੋਸ਼ੀ ਦੇ ਭਰ ਜਾਂਦਾ ਹੈ।'

ਸੁਰਜੀਤ ਕਲਸੀ ਬਹੁਤ ਹੀ ਸੂਖ਼ਮ ਭਾਵੀ ਕਵਿੱਤਰੀ ਹੈ। ਔਰਤ-ਕਵਿਤਾ ਦੇ ਭਾਗ ਵਿਚ ਉਸਦੀਆਂ ਸਾਰੀਆ ਕਵਿਤਾਵਾਂ ਔਰਤਾਂ ਨੂੰ ਹੀ ਸਮਰਪਿਤ ਹਨ। ਉਹ ਮਾਂ ਨੂੰ ਅਕੀਦਤ ਭੇਂਟ ਕਰਦਿਆਂ ਲਿਖਦੀ ਹੈ;

'ਤੇਰਾ ਪਿਆਰ ਤੇਰੀ ਮਮਤਾ ਤੇਰੀ ਸੰਵੇਦਨਾ
ਰੂਹ ਮਨ ਦੇਹੀ ਵਿਚ ਜਦ ਘੁੱਲ ਜਾਂਦੀਆਂ
ਜ਼ਿੰਦਗੀ ਮੇਰੀ ਦੀ ਖੰਭਾਂ ਦੀ ਡਾਰ ਉਡਾਰੀ ਬਣ ਜਾਂਦੀਆਂ।

ਅਤੇ ਜਿਨ੍ਹਾਂ ਔਰਤਾਂ ਦੇ ਬੁੱਲ ਸੀਅ ਦਿਤੇ ਜਾਣ, ਹੋਠਾਂ 'ਤੇ ਪਹਿਰਾ ਹੋਵੇ ਅਤੇ ਮੁੱਖੜਿਆਂ 'ਤੇ ਚੁੱਪ ਖੁੱਣੀ ਜਾਵੇ ਤਾਂ ਉਨ੍ਹਾਂ ਨੂੰ ਬੋਲ ਦਿੰਦੀ ਹੈ ਸੁਰਜੀਤ ਕਲਸੀ ਦੀ ਕਵਿਤਾ;

'ਆਪਣੇ ਝੁਰੜਿਆਂ ਭਰੇ ਚਿਹਰਿਆਂ ਉਤੇ
ਦੀਵਿਆਂ ਵਾਂਗ ਬਲਦੀਆਂ ਅੱਖਾਂ ਨਾਲ
ਉਡੀਕ ਕਰਦੀਆਂ ਹਨ
ਕੋਈ ਆਵੇਗਾ ਜਾਂ...

ਅਤੇ ਇਹ ਖਾਲੀ ਸਪੇਸ ਹੀ ਪਾਠਕ ਦੇ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਪੈਦਾ ਕਰਦੀ ਅਤੇ ਉਸਨੂੰ ਉਸਦੇ ਸਨਮੁੱਖ ਕਰਦੀ ਹੈ। ਕਾਸ਼ ਅਸੀਂ ਇਨ੍ਹਾਂ ਪ੍ਰਸ਼ਨਾਂ ਦਾ ਜਵਾਬ ਬਣ ਸਕੀਏ।

ਸੁਰਜੀਤ ਔਰਤ ਨੂੰ ਸਮਝਾਉਂਦੀ ਹੈ ਕਿ ਦੁਖੀ ਹੋਣ ਜਾਂ ਗ਼ਮ ਕਰਨ ਦੀ ਲੋੜ ਨਹੀਂ ਕਿਉਂਕਿ ਹਰ ਔਰਤ ਨੂੰ ਆਪਣੇ ਅੰਬਰ ਨੂੰ ਤਲਾਸ਼ਣਾ ਪਵੇਗਾ;

'ਗ਼ਮ ਨਾ ਕਰ ਸਖੀ
ਹਰ ਔਰਤ ਦਾ ਆਪਣਾ
ਇਕ ਅੰਬਰ ਹੈ ਹੁੰਦਾ
ਆਪਣੇ ਚੰਨ ਸਿਤਾਰੇ
ਪੈਰਾਂ ਹੇਠ ਜ਼ਮੀਨ ਆਪਣੀ
ਤੇ ਆਪਣੀ ਰੂਹ ਦੇ ਆਪ ਸਹਾਰੇ'

ਅਤੇ ਆਪਣੇ ਜ਼ਮੀਨ ਅਤੇ ਚੰਨ-ਤਾਰਿਆਂ ਨੂੰ ਖੁਦ ਤਲਾਸ਼ ਕਰਕੇ, ਹਾਸਲ ਬਣਾਉਣਾ ਹੀ ਹਰ ਔਰਤ ਦਾ ਧਰਮ ਅਤੇ ਕਰਮ ਹੋਣਾ ਚਾਹੀਦਾ ਹੈ।

ਅਤੇ ਜਦ ਉਹ ਅਮਰੀਕੀ ਕਵਿੱਤਰੀ ਦਾ ਦਰਦ ਆਪਣੀ ਕਵਿਤਾ ਵਿਚ ਪਰੋਣ ਲੱਗਦੀ ਹੈ ਤਾਂ ਉਸਦੇ ਹਰਫ਼ ਵੀ ਸਿਸਕਦੇ;

'ਮੱਥੇ ਵਿਚ ਲਰਜਦੀ ਕਵਿਤਾ ਦਾ
ਅੱਖਰ ਅੱਖਰ ਟੁੱਟ ਕੇ ਬਿਖਰ ਜਾਣਾ
ਇਹ ਇਸ ਇਕ ਪਲ ਦੀ ਹੋਣੀ ਸਮੇਂ"

ਪਰ ਸੁਰਜੀਤ ਕਲਸੀ ਉਸਾਰੂ ਅਤੇ ਸਕਾਰਾਤਮਿਕ ਊਰਜਾ ਨਾਲ ਓਤ-ਪੋਤ ਹੈ ਅਤੇ ਉਹ ਖੁਦ ਨੂੰ ਸੰਬੋਧਨ ਹੁੰਦਿਆਂ ਐਲਾਨ ਕਰਦੀ ਹੈ;

'ਨਹੀਂ ਨਹੀਂ ਨਹੀਂ...ਮੈਂ ਉਦਾਸ ਨਹੀਂ
ਮੇਰੇ ਨਾਲ ਨੇ ਉਹ ਨਜ਼ਮਾਂ ਤੇਰੀਆਂ....'

ਅਤੇ ਨਜ਼ਮਾਂ ਦਾ ਪਟਾਰਾ, ਆਪਣਾ ਹਾਸਲ ਬਣਾਉਣ ਵਾਲੀ ਸੁਰਜੀਤ ਕਲਸੀ ਦੇ 'ਰੰਗ ਮੰਡਲ' ਨੂੰ ਸਲਾਮ ਕਿ ਕਵਿਤਾ ਵਿਚ ਰੰਗਾਂ ਦੀਆਂ ਅਜੇਹੀਆਂ ਪਰਤਾਂ ਨੂੰ ਫਰੋਲਿਆ ਜਾ ਸਕਦੈ, ਜਿਸਦਾ ਜ਼ਿਕਰ ਪੰਜਾਬੀ ਕਵਿਤਾ ਵਿਚ ਨਹੀਂ ਸੀ ਹੋਇਆ।


ਸੁਰਜੀਤ ਕਲਸੀ ਜੀ ਨੂੰ ਢੇਰ ਸਾਰੀਆਂ ਮੁਬਾਰਕਾਂ।

# ਅੰਤਰੀਵ ਦੀ ਯਾਤਰਾ- 'ਚਾਲੀ ਦਿਨ'

ਡਾ. ਗੁਰਪ੍ਰੀਤ ਧੁੱਗਾ ਦਾ ਨਾਵਲ 'ਚਾਲੀ ਦਿਨ' ਇਕ ਦਾਰਸ਼ਨਿਕ ਨਾਵਲ ਹੈ ਜੋ ਮਨੁੱਖ ਦੇ ਅੰਤਰੀਵ ਦੀ ਯਾਤਰਾ ਦਾ ਬਿਰਤਾਂਤ ਹੈ। ਸਭ ਤੋਂ ਔਖਾ ਹੁੰਦਾ ਹੈ ਆਪਣੇ ਆਪ ਨੂੰ ਮਿਲਣ ਦੀ ਤਾਂਘ ਪੈਦਾ ਕਰਨਾ ਅਤੇ ਅੰਦਰਲੇ ਸੱਚ ਦੀ ਖ਼ੋਜ ਕਰਨਾ, ਜੋ ਮਨੁੱਖ ਨੂੰ ਇਨਸਾਨੀਅਤ ਦੇ ਰਾਹੀਂ ਤੋਰਦਾ ਹੈ। ਜਦ ਕੋਈ ਨੌਜਵਾਨ ਕੇਸਰ ਬਣ ਕੇ ਫ਼ਕੀਰ ਦੀ ਸੰਗਤ ਵਿਚ ਸਿਆਣਪਾਂ ਅਤੇ ਸੁਮੱਤਾਂ ਨੂੰ ਆਪਣੇ ਅੰਤਰੀਵ ਵਿਚ ਉਤਾਰਦਾ ਹੈ ਤਾਂ ਉਸਨੂੰ ਪਤਾ ਲੱਗਦਾ ਹੈ ਕਿ ਫੱਕਰਾਂ ਦੀ ਝੋਲੀ ਵਿਚ ਅਜੇਹੀਆਂ ਸੁਮੱਤਾਂ ਹੁੰਦੀਆਂ, ਜਿਨ੍ਹਾਂ ਨਾਲ ਦੁਨੀਆਂ ਸੁੰਦਰ ਅਤੇ ਮਨੁੱਖੀ ਜੀਵਨ ਸਾਰਥਿਕ ਹੋ ਸਕਦਾ ਹੈ। ਦਰਅਸਲ 'ਚਾਲੀ ਦਿਨ' ਚਲੀਹੇ ਵਾਂਗ ਹਨ ਜਦ ਜੋਗੀ ਖ਼ੁਦ ਨੂੰ ਮਿਲਣ ਲਈ ਸਰੀਰਕ ਕਸ਼ਟਾਂ ਨੂੰ ਮਾਣਦਿਆਂ, ਸੱਚ ਦੀ ਖੋਜ ਵਿਚ ਨਿਕਲਦੇ ਅਤੇ ਹਰ ਦਿਨ ਉਨ੍ਹਾਂ ਦੇ ਹਨੇਰੇ ਜੀਵਨ ਵਿਚ ਚਾਨਣ-ਕਿਰਨਾਂ ਲੈ ਕੇ ਦਸਤਕ ਦਿੰਦਾ। ਅੰਦਰ ਨੂੰ ਰੌਸ਼ਨ ਕਰਦਾ ਤੇ ਫਿਰ ਬੰਦਾ ਅੰਦਰ ਤੋਂ ਬਾਹਰ ਦੇ ਸਫ਼ਰ 'ਤੇ ਤੁਰਦਾ।

ਇਸ ਨਾਵਲ ਵਿਚ ਆਪਣੀ ਦਾਦੀ ਦੀ ਸੰਗਤ ਵਿਚ ਪਲੇ ਕੇਸਰ ਦੇ ਮਨ ਵਿਚ ਆਪਣੇ ਪਿਤਾ ਨੂੰ ਤਲਾਸ਼ਣ ਦੀ ਤਲਬ ਮਨ ਵਿਚ ਪੈਦਾ ਹੁੰਦੀ ਹੈ ਅਤੇ ਉਹ ਇਕ ਫ਼ਕੀਰ ਨਾਲ ਆਪਣੇ ਬਾਪ ਨੂੰ ਲੱਭਣ ਤੁਰਦਾ ਹੈ। ਦਰਅਸਲ ਇਹ ਖ਼ੁਦ ਨੂੰ ਤਲਾਸ਼ਣ ਦੀ ਯਾਤਰਾ ਹੀ ਹੈ। ਇਸ ਯਾਤਰਾ ਦੀਆਂ ਬਹੁਤ ਸਾਰੀਆਂ ਪਰਤਾਂ ਉਖੜਦੀਆਂ ਹਨ। ਇਸ ਵਿਚ ਪੰਜਾਬ ਦੇ ਦੁਆਬੇ ਤੋਂ ਬੀਕਾਨੇਰ ਤੀਕ ਦੇ ਵੱਖ ਵੱਖ ਖਿੱਤਿਆਂ ਦਾ ਧਰਾਤਲੀ ਰੂਪ, ਲੋਕਾਂ ਦਾ ਰਹਿਣ-ਸਹਿਣ, ਉਨ੍ਹਾਂ ਦੀ ਜੀਵਨ-ਜਾਚ ਅਤੇ ਵਰਤੋਂ-ਵਿਹਾਰ ਵੀ ਹਾਜ਼ਰ-ਨਾਜ਼ਰ ਹੈ। ਇਸ ਵਿਚ ਵੰਡ ਦਾ ਦਰਦ ਵੀ ਹੈ। ਰੌਲਿਆਂ ਵੇਲੇ ਗਵਾਚੀ ਆਪਣੀ ਭੈਣ ਨੂੰ ਇਕ ਮੇਲੇ ਵਿਚ ਮਿਲਣਾ ਵੀ। ਜਦ ਭੈਣ ਦੇਖ ਕੇ ਵੀ ਭਰਾ ਤੋਂ ਵਿੱਥ ਸਿਰਜਦੀ ਤਾਂ ਕੇਸਰ ਦੇ ਮਨ ਦੀ ਉਥਲ-ਪੁੱਥਲ ਤੋਂ ਇਲਾਵਾ ਭੈਣ ਦੇ ਮਨ ਵਿਚ ਕੀ ਚੱਲਦਾ ਹੋਵੇਗਾ, ਬਹੁਤ ਕੁਝ ਅਣਲਿਖਿਆ ਨਾਵਲ ਵਿਚ ਨਜ਼ਰ ਆਉਂਦਾ ਹੈ।

ਦਾਰਸ਼ਨਿਕ ਰੂਪ ਵਿਚ ਵਿਉਂਤੇ ਗਏ ਇਸ ਨਾਵਲ ਵਿਚ ਜੀਵਨ ਦੀਆਂ ਉਸਾਰੂ ਸੁਮੱਤਾਂ ਨੂੰ ਲੋਕ-ਗਾਥਾਵਾਂ, ਪ੍ਰਚਲਤ ਕਹਾਣੀਆਂ ਜਾਂ ਇਤਿਹਾਸ/ਮਿਥਿਹਾਸ ਰਾਹੀਂ ਜਦ ਪਾਠਕ ਪੜ੍ਹਦਾ ਹੈ ਤਾਂ ਉਸਦੇ ਮਨ ਵਿਚ ਵੀ ਚੰਗੇਰਾ ਮਨੁੱਖ ਬਣਨ ਦੀ ਚਾਹਨਾ ਪੈਦਾ ਹੁੰਦੀ ਹੈ। ਦਰਅਸਲ ਇਹ ਜੁੱਗਤ ਅਕਸਰ ਹੀ ਮਹਾਤਮਾ ਲੋਕ ਜਾਂ ਸਾਡੇ ਬਜ਼ੁਰਗ ਆਮ ਗੱਲ-ਬਾਤ ਦੌਰਾਨ ਵਰਤਦੇ ਹਨ। ਇਹ ਸਿਆਣਪਾਂ ਸਾਡੀ ਵਿਰਾਸਤ ਦਾ ਹਿੱਸਾ ਹਨ। ਲੋੜ ਹੈ ਕਿ ਅਸੀਂ ਇਸ ਵਿਰਾਸਤ ਨੂੰ ਚੇਤੇ ਰੱਖੀਏ।




ਇਹ ਵੀ ਕਮਾਲ ਦੀ ਗੱਲ ਹੈ ਕਿ ਡਾ. ਧੁੱਗਾ ਮੈਡੀਕਲ ਕਿੱਤੇ ਵਿਚ ਹੁੰਦੇ ਹੋਏ ਵੀ ਪੰਜਾਬੀ ਅਦਬ ਨਾਲ ਗੂੜ੍ਹੇ ਰੂਪ ਵਿਚ ਜੁੜੇ ਹੋਏ ਹਨ। ਉਹ ਪੰਜਾਬੀ ਮੁਹਾਵਰਿਆਂ ਅਤੇ ਵੱਖ ਵੱਖ ਖਿੱਤਿਆਂ ਵਿਚ ਬੋਲੀਆਂ ਜਾਂਦੀਆਂ ਬੋਲੀਆਂ ਤੋਂ ਵੀ ਵਾਕਫ਼ ਹਨ। ਨਾਵਲ ਵਿਚ ਹਰ ਦਿਨ ਦੀ ਸ਼ੁਰੂਆਤ ਵਿਚ ਸੂਝ ਭਰਪੂਰ ਵਾਕ ਜਾਂ ਕਿਸੇ ਲੋਕ ਗੀਤ ਜਾਂ ਕਵਿਤਾ ਨਾਲ ਸ਼ੁਰੂ ਕਰਦੇ ਹਨ ਜਿਹੜਾ ਉਸ ਦਿਨ ਵਿਚ ਵਾਪਰਨ ਵਾਲੀ ਕਿਸੇ ਵੀ ਘਟਨਾ ਨੂੰ ਉਸਾਰੂ ਰੂਪ ਵਿਚ ਪ੍ਰਗਟਦਾ ਅਤੇ ਹੋਣ ਵਾਲੇ ਕਿਸੇ ਵਰਤਾਰੇ ਦੀ ਸੂਹ ਵੀ ਦਿੰਦਾ ਹੈ।

ਅਵਚੇਤਨੀ ਅਵਸਥਾ ਵਿਚ ਲਿਖਿਆ ਇਹ ਨਾਵਲ ਕੇਸਰ ਦਾ ਦਾਦੀ ਨਾਲ ਮੁਹੱਬਤ-ਨਾਮਾ ਹੈ, ਜੀਤੀ ਨਾਲ ਇਕ ਮੂਕ ਪਿਆਰ ਦੀ ਕਥਾ ਹੈ ਅਤੇ ਆਪਣੇ ਬਾਪ ਨੂੰ ਮਿਲਣ ਦੀ ਤਾਂਘ ਵੀ। ਅਖੀਰ ਵਿਚ ਜਦ ਉਹ ਆਪਣੇ ਬਾਪ ਨੂੰ ਮਿਲਣ ਲਈ ਸਰਾਂ ਵਿਚ ਪਹੁੰਚਦਾ ਹੈ ਅਤੇ ਦੇਖਦਾ ਹੈ ਕਿ ਲਾਸ਼ ਵਾਲਾ ਵਿਅਕਤੀ ਫ਼ਕੀਰ ਹੀ ਹੈ ਜੋ ਦਰਅਸਲ ਉਸਦਾ ਹੀ ਪਿਤਾ ਸੀ। ਅਵਚੇਤਨ ਵਿਚ ਇਨ੍ਹਾਂ ਚਾਲੀ ਦਿਨਾਂ ਵਿਚ ਉਹ ਆਪਣੇ ਬਾਪ ਦਾ ਹੀ ਸੰਗ ਮਾਣਦਾ ਰਿਹਾ। ਅਸਲ ਵਿਚ ਬਾਪ ਸਾਡੇ ਅੰਦਰ ਹੀ ਵੱਸਦਾ ਹੈ। ਸਿਰਫ਼ ਉਸਨੂੰ ਲੱਭਣ ਦੀ ਲੋੜ ਹੈ। ਜਦ ਮਿਲ ਜਾਵੇ ਤਾਂ ਬਾਪ ਸਾਡੇ ਰਾਹਾਂ ਲਈ ਰੌਸ਼ਨੀ ਬਣਦਾ, ਤਿੱਖੜ ਦੁਪਹਿਰਾਂ ਵਿਚ ਛਾਂ ਅਤੇ ਸਰਦੀਆਂ ਵਿਚ ਕੋਸੀ ਕੋਸੀ ਧੁੱਪ।

'ਚਾਲੀ ਦਿਨ' ਨਾਵਲ ਅਜੇਹੇ ਵਾਕਾਂ ਨਾਲ ਭਰਿਆ ਪਿਆ ਹੈ ਜੋ ਜੀਵਨ ਦਾ ਸੱਚ ਹਨ। ਇਨ੍ਹਾਂ ਤੋਂ ਬੇਮੁੱਖਤਾ ਹੀ ਦਰਅਸਲ ਕਸ਼ਟਾਂ ਦਾ ਕਾਰਨ, ਦੁਨਿਆਵੀ ਕਲੇਸ਼ਾਂ ਦੀ ਜੜ੍ਹ ਅਤੇ ਮਨੁੱਖੀ ਨਾਕਾਮੀਆਂ ਦਾ ਅਧਾਰ ਹੈ। ਜਿਵੇਂ 'ਡਰਿਆ ਮਨ ਤਾਂ ਸਰੀਰ ਨੂੰ ਅੱਧੀ ਲਾਸ਼ ਬਣਾ ਦਿੰਦਾ ਹੈ', 'ਫੂਕ ਮਾਰ ਕੇ ਮੋਮਬੱਤੀ ਤਾਂ ਬੁਝਾਈ ਜਾ ਸਕਦੀ ਹੈ ਅਗਰਬੱਤੀ ਨਹੀਂ', 'ਕੋਈ ਵੀ ਸੱਚ ਅੰਤਮ ਸੱਚ ਨਹੀਂ ਹੁੰਦਾ', 'ਤੂਫਾਨ ਤੋਂ ਬਚਣ ਲਈ ਸਭ ਤੋਂ ਸੁਰੱਖ਼ਿਅਤ ਜਗ੍ਹਾ ਤੂਫ਼ਾਨ ਦੀ ਅੱਖ ਹੁੰਦੀ ਹੈ', 'ਬੰਜ਼ਰ ਜ਼ਮੀਨਾਂ 'ਤੇ ਅਣਖ ਨਹੀਂ ਉਗਦੀ', 'ਇਤਿਹਾਸ ਤਾਂ ਕੌਮ ਦੀ ਜੜ੍ਹ ਹੁੰਦੇ ਨੇ। ਜੋ ਇਤਿਹਾਸ ਪੜ੍ਹਦੇ ਨਹੀਂ ਉਹ ਇਤਿਹਾਸ ਸਿਰਜ ਵੀ ਨਹੀਂ ਸਕਦੇ', 'ਜਿਸਦੀ ਸੋਚ ਆਜ਼ਾਦ ਹੈ ਉਹ ਝੌਂਪੜੀ ਵਿਚ ਵੀ ਬਾਦਸ਼ਾਹ ਹੈ', 'ਮੁਸਕਰਾਉਂਦੇ ਚਿਹਰਿਆਂ ਦੇ ਪਿੱਛੇ ਕਬਰਾਂ ਦੇ ਸੰਨਾਟੇ ਵੀ ਹੋ ਸਕਦੇ ਨੇ' ਆਦਿ।

ਇਹ ਨਾਵਲ ਦਰਅਸਲ ਸੋਚ-ਸਮਾਧੀ ਹੈ ਜਿਹੜੀ ਸਿਰਫ਼ ਜਾਗਦੀ ਸੋਚ ਵਾਲੇ ਹੀ ਲਾ ਸਕਦੇ। ਇਸ ਸਮਾਧੀ ਵਿਚੋਂ ਉਹ ਜੀਵਨੀ ਕਦਰਾਂ-ਕੀਮਤਾਂ ਦੇ ਮਾਣਕ ਮੋਤੀ ਪ੍ਰਾਪਤ ਕਰ, ਖ਼ੁਦ ਨੂੰ ਸਫ਼ਲ ਕਰਦੇ ਤੇ ਸਮਾਜ ਨੂੰ ਵੀ ਮਾਣਮੱਤਾ ਮਹਿਸੂਸ ਕਰਵਾਉਂਦੇ। ਚਾਲੀ ਦਿਨਾਂ ਦੀ ਸੂਖ਼ਮ-ਸਮਾਧੀ ਲਈ ਡਾ. ਗੁਰਪ੍ਰੀਤ ਧੁੱਗਾ ਵਧਾਈ ਦਾ ਪਾਤਰ ਹੈ ਜਿਸਨੇ ਅਵਚੇਤਨ ਵਿਚ ਉਤਰ ਕੇ ਅਜੇਹੀ ਸਮਾਧੀ ਲਗਾਈ ਹੈ।

ਦਰਅਸਲ ਬਹੁਤ ਚਿਰ ਬਾਅਦ ਕੋਈ ਕਿਰਤ ਅਜੇਹੀ ਆਈ ਹੈ ਜੋ ਤੁਹਾਡੇ ਨਾਲ ਸੰਵਾਦ ਰਚਾਉਂਦੀ ਹੈ। ਇਸ ਸੰਵਾਦ ਵਿਚੋਂ ਕੀ ਲਾਹਾ ਲੈਂਦੇ ਹੋ, ਇਹ ਤਾਂ ਪਾਠਕ 'ਤੇ ਨਿਰਭਰ ਕਰਦਾ। ਪਰ ਸਭ ਤੋਂ ਪ੍ਰਮੁੱਖ ਹੁੰਦਾ ਹੈ ਖ਼ੁਦ ਨੂੰ ਮਿਲਣ ਲਈ ਸੰਵਾਦ ਤੇ ਸੰਚਾਰ ਦਾ ਆਰੰਭ ਕਰਨਾ। ਇਸ ਦਿਸ਼ਾ ਵੱਲ 'ਚਾਲੀ ਦਿਨ' ਚੰਗੀ ਸ਼ੁਰੂਆਤ ਹੈ।

ਉਮੀਦ ਹੈ ਡਾ. ਧੁੱਗਾ ਆਪਣੇ ਅਦਬੀ ਸਫ਼ਰ ਨੂੰ ਜਾਰੀ ਰੱਖਦਾ, ਅਦਬੀ ਖੇਤਰ ਵਿਚ ਹੋਰ ਵੱਡੀਆਂ ਪੁਲਾਂਘਾਂ ਪੁੱਟੇਗਾ ਅਤੇ ਆਪਣੀ ਵਿਲੱਖਣ ਥਾਂ ਨਿਸ਼ਚਿਤ ਕਰੇਗਾ ਜਿਸਦੀ ਆਰੰਭਤਾ ਤਾਂ 'ਚਾਲੀ ਦਿਨ' ਨੇ ਕਰ ਹੀ ਦਿੱਤੀ ਹੈ।

*-ਡਾ. ਗੁਰਬਖਸ਼ ਸਿੰਘ ਭੰਡਾਲ*

# ਭਾਰਤੀ ਨਿੱਕੀ ਕਹਾਣੀ ਵਿਚ ਸਭਿਆਚਾਰਕ ਤੇ ਆਰਥਿਕ ਸਾਂਝ

ਰੇਣੂਕਾ ਸਿੰਘ ਤੇ ਬਲਬੀਰ ਮਾਧੋਪੁਰੀ ਵਲੋਂ ਚੁਣੀਆਂ ਪੰਜਾਬੀ ਦੀਆਂ ਸ੍ਰੇਸ਼ਠ ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ ਪਾਕਿਸਤਾਨੀ ਤੇ ਭਾਰਤੀ ਪੰਜਾਬ ਦਾ ਆਰਥਿਕ ਤੇ ਸਭਿਆਚਾਰਕ ਦਰਪਣ ਹਨ। ਅਲੇਫ ਬੁੱਕ ਕੰਪਨੀ, ਦਰਿਆ ਗੰਜ, ਦਿੱਲੀ ਨੇ ਇਸ ਦਾ ਪ੍ਰਕਾਸ਼ਨ ਕੀਤਾ ਹੈ। ਇਹ ਕੰਪਨੀ ਇਸ ਤੋਂ ਪਹਿਲਾਂ ਬੰਗਾਲੀ, ਉਰਦੂ, ਉੜੀਆ, ਹਿੰਦੀ, ਤਾਮਿਲ, ਆਸਾਮੀ, ਗੁਜਰਾਤੀ, ਕਸ਼ਮੀਰੀ, ਤੈਲੁਗੂ, ਗੋਆਨ ਤੇ ਮਰਾਠੀ ਦੇ ਅੰਗਰੇਜ਼ੀ ਐਡੀਸ਼ਨ ਵੀ ਪ੍ਰਕਾਸ਼ਿਤ ਕਰ ਚੁੱਕੀ ਹੈ। ਮੇਰੇ ਅੰਦਰਲੇ ਕਹਾਣੀਕਾਰ ਨੇ ਮੈਨੂੰ ਇਨ੍ਹਾਂ ਵਿਚੋਂ ਕੁਝ ਇੱਕ ਦਾ ਅਧਿਐਨ ਕਰਨ ਲਈ ਉਕਸਾਇਆ ਤਾਂ ਮੈਨੂੰ ਪੰਜਾਬੀ ਤੋਂ ਵੱਖਰੀਆਂ ਭਾਸ਼ਾਵਾਂ ਦੀ ਵਡਿੱਤਣ ਜਾਨਣ ਦਾ ਵੀ ਮੌਕਾ ਮਿਲਿਆ। ਇਸ ਤੋਂ ਪਹਿਲਾਂ ਕਿ ਮੈਂ ਪੰਜਾਬੀ ਕਹਾਣੀ ਦੇ ਪ੍ਰਮੁੱਖ ਗੁਣਾਂ ਦੀ ਗੱਲ ਕਰਾਂ ਮੇਰਾ ਮਨ ਦੂਜੀਆਂ ਭਾਸ਼ਾਵਾਂ ਦੇ ਇੱਕ ਪੱਖ ਦਾ ਜ਼ਿਕਰ ਕਰਨਾ ਚਾਹੁੰਦਾ ਹੈ।

ਮੈਂ ਪਾਠਕਾਂ ਨਾਲ ਆਪਣੀ ਧਾਰਨਾ ਸਾਂਝੀ ਕਰਨ ਲਈ ਗੋਦਾਵਰੀ ਮੋਹਾਪਾਤਰਾ ਦੀ ਉੜੀਆ ਕਹਾਣੀ 'ਮਾਗੁਨੀ ਦਾ ਲੱਕੜ ਗੱਡਾ' ਦਾ ਪ੍ਰਮਾਣ ਦਿੰਦਾ ਹਾਂ। ਮਾਗੁਨੀ ਉੜੀਸਾ ਦੇ ਖਾਲੀਕੋਟ ਇਲਾਕੇ ਦਾ ਸਾਧਾਰਨ ਵਿਅਕਤੀ ਹੈ ਜਿਹੜਾ ਆਪਣੇ ਜੀਵਨ ਦੇ ਨਿਰਵਾਹ ਲਈ ਗੱਡਾ ਵਾਹੁੰਦਾ ਹੈ। ਮਾਲ ਅਸਬਾਬ ਚੋਣ ਲਈ ਨਹੀਂ ਮਾਨਵੀ ਸਵਾਰੀਆਂ ਢੋਣ ਲਈ। ਉਸਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਖਾਲੀਕੋਟ ਦੇ ਰਾਜੇ ਕੋਲ ਦੋ ਕਾਰਾਂ ਹਨ। ਉਹ ਰਾਜੇ ਦੀਆਂ ਕਾਰਾਂ ਦਾ ਮੁਕਾਬਲਾ ਆਪਣੇ ਗੱਡੇ ਨਾਲ ਨਹੀਂ ਕਰਦਾ ਪਰ ਇਸ ਗੱਡੇ ਦੇ ਡਰਾਈਵਰ ਦਾ ਕਾਰਾਂ ਦੇ ਡਰਾਈਵਰਾਂ ਨਾਲ ਕਰਦਾ ਹੈ ਤੇ ਕਾਰਾਂ ਦੇ ਇੰਜਣਾ ਦਾ ਆਪਣੇ ਬੋਲਦਾਂ ਨਾਲ। ਕਿੱਥੇ ਜਾਨਦਾਰ ਬੋਲਦਾਂ ਦੀ ਜੋੜੀ ਤੇ ਕਿੱਥੇ ਲੋਹੇ ਦਾ ਇੰਜਣ? ਜਿੱਥੇ ਰਾਜੇ ਦੀਆਂ ਕਾਰਾਂ ਕੇਵਲ ਸਾਕਾਂ ਸਬੰਧੀਆਂ ਦੇ ਭਲੇ ਲਈ ਹਨ ਪਰ ਮਾਗੁਨੀ ਦਾ ਗੱਡਾ ਸਮੁੱਚੇ ਨਗਰ ਨਿਵਾਸੀਆਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਲਿਜਾਂਦਾ ਹੈ। ਉਸਨੇ ਆਪਣੇ ਬੋਲਦਾਂ ਦਾ ਨਾਂ ਕਾਲੀਆ ਤੇ ਕੇਸਰਾ ਰੱਖਿਆ ਹੋਇਆ ਹੈ ਤੇ ਉਸਨੂੰ ਇਨ੍ਹਾਂ ਉੱਤੇ ਮਾਣ ਹੈ।

ਉਸਦੇ ਬਾਂਕੇ ਬੋਲਦ ਬਨਾਮ ਲੋਹੇ ਦਾ ਇੰਜਣ! ਇੱਕ ਦਿਨ ਅਚਾਨਕ ਹੀ ਅਫਵਾਹ ਫੈਲ ਗਈ ਕਿ ਜਿਸ ਸੜਕ 'ਤੇ ਮਾਗੁਨੀ ਦਾ ਗੱਡਾ



ਬਲਬੀਰ ਮਾਧੋਪੁਰੀ



ਰੇਣੂਕਾ ਸਿੰਘ

ਸਵਾਰੀਆਂ ਢੋਂਦਾ ਸੀ ਉਥੇ ਅਮੀਰ ਪੂੰਜੀਪਤੀਆਂ ਨੇ ਬੱਸ ਚਾਲੂ ਕਰਨ ਦਾ ਫੈਸਲਾ ਕਰ ਲਿਆ ਹੈ। ਮਾਗੁਨੀ ਉੱਚੀ ਉੱਚੀ ਕਹਿ ਕਹਾ ਮਾਰ ਕੇ ਕਹਿੰਦਾ ਹੈ ਕਿ ਬੱਸ ਦੇ ਡਰਾਈਵਰ ਦੀ ਬੱਸ ਦੀਆਂ ਸਵਾਰੀਆਂ ਨਾਲ ਉਹਦੇ ਵਰਗੀ ਵਾਰਤਾਲਾਪ ਤੇ ਸਾਂਝ ਨਹੀਂ ਹੋਣ ਲੱਗੀ। ਉਸਦੇ ਬੋਲੇ ਸ਼ਬਦ ਤਾਂ ਇੰਜਣ ਦੀ ਘਰਰ-ਘਰਰ ਵਿਚ ਗੁਆਚ ਜਾਣੇ ਹਨ। ਉਸਦੀ ਬੱਸ ਵਿਚ ਕੌਣ ਚੜ੍ਹੇਗਾ।

ਮਾਗੁਨੀ ਕੀ ਜਾਣੇ ਕਿ ਸਵਾਰੀਆਂ ਨੂੰ ਮੰਜ਼ਿਲ 'ਤੇ ਪਹੁੰਚਣ ਦੀ ਕਾਹਲ ਹੁੰਦੀ ਹੈ ਮਾਗੁਨੀ ਦੀਆਂ ਬਾਤਾਂ ਦੀ ਨਹੀਂ। ਉਂਝ ਵੀ ਜਿੰਨੀਆਂ ਸਵਾਰੀਆਂ ਉਸਦਾ ਗੱਡਾ ਢੋਂਦਾ ਹੈ ਬੱਸ ਦੇ ਇੱਕ ਇਕੱਲੇ ਫੇਰੇ ਵਿਚ ਇਸ ਤੋਂ ਪੰਜ ਗੁਣਾ ਵੱਧ ਸਮਾ ਜਾਣੀਆਂ ਹਨ। ਇਹੀਓ ਹੋਇਆ। ਨਵੀਂ ਬੱਸ ਭਰੀ ਭਕੁੰਨੀ ਜਾਣ ਲੱਗੀ ਤੇ ਮਾਗੁਨੀ ਦਾ ਗੱਡਾ ਖਾਲੀ।

ਮਾਗੁਨੀ ਵਲੋਂ ਆਪਣੇ ਗੱਡੇ ਵਿਚ ਰੱਖੇ ਗੱਦੇ ਗੱਦੀਆਂ ਵੀ ਕਿਸੇ ਨਾ ਸਿਆਣੇ।

ਮਾਗੁਨੀ ਕੀ ਕਰਦਾ। ਉਸਨੇ ਦੋਵੇਂ ਡੰਗ ਖਾਣ ਦੀ ਥਾਂ ਇੱਕ ਡੰਗ ਖਾਣਾ ਸ਼ੁਰੂ ਕਰ ਦਿੱਤਾ। ਉਹ ਦਿਨ ਵੀ ਆ ਗਿਆ ਜੱਦ ਉਸਦੇ ਚੁੱਲ੍ਹੇ ਅੱਗ ਹੀ ਨਹੀਂ ਬਲੀ।

ਕਾਲੀਆ ਤੇ ਕੇਸਰਾ ਦੇ ਖਾਣ ਲਈ ਵੀ ਕੁਝ ਨਹੀਂ ਸੀ। ਉਨ੍ਹਾਂ ਦੇ ਪਿੰਜਰ ਨਿਕਰ ਆਏ।

ਅੰਤ ਉਹ ਦਿਨ ਵੀ ਆ ਗਿਆ ਜਦ ਨਗਰ ਨਿਵਾਸੀਆਂ ਨੂੰ ਉਸਦੇ ਘਰ ਦਾ ਬੂਹਾ ਤੋੜ ਕੇ ਉਸਦੀ ਲਾਸ਼ ਦਾ ਸੰਸਕਾਰ ਕਰਨਾ ਪਿਆ।

ਉੜੀਆ ਐਡੀਸ਼ਨ ਵਿਚੋਂ ਇਹ ਕਹਾਣੀ ਪੜ੍ਹ ਕੇ ਮੈਨੂੰ ਸੰਤੋਖ ਸਿੰਘ ਧੀਰ ਦੀ ਕਹਾਣੀ 'ਕੋਈ ਇੱਕ ਸਵਾਰ ਨੂੰ' ਚੇਤੇ ਆ ਗਈ ਜਿਸ ਵਿਚ ਗੋਬਿੰਦਗੜ੍ਹ ਤੋਂ ਖੰਨਾ ਨੂੰ ਤਾਂਗਾ ਵਾਹੁਣ ਵਾਲੇ ਤਾਂਗੇ ਵਾਲੇ ਦਾ ਉਸ ਰੂਟ 'ਤੇ ਬੱਸ ਚਲਣ ਨਾਲ ਉਹੀਓ ਹਾਲ ਹੁੰਦਾ ਹੈ ਜਿਹੜਾ ਮਾਗੁਨੀ ਦਾ। ਮੇਰਾ ਪਿਆਰ ਆਪਣੀ ਉਸ ਕਹਾਣੀ (ਆਪਣੀ ਸਵਾਰੀ) ਵੱਲ ਵੀ ਗਿਆ, ਜਿਸਦਾ ਨਾਇਕ ਨਾ ਗੱਡਾ ਵਾਹੁੰਦਾ ਹੈ ਤੇ ਨਾ ਹੀ ਟਾਂਗਾ; ਸਗੋਂ ਊਠ ਵਾਹੁੰਦਾ ਹੈ ਤੇ ਬੰਦਿਆਂ ਦੀ ਥਾਂ ਰੋਜ਼ਾਨਾ ਵਰਤੋਂ ਦਾ ਮਾਲ ਅਸਬਾਸ ਆਪਣੇ ਊਠਾਂ ਉੱਤੇ ਲੱਦ ਕੇ ਮੈਦਾਨਾਂ ਤੋਂ ਪਹਾੜ ਲਿਆਂਦਾ ਹੈ ਤੇ ਪਹਾੜੀ ਤੋਂ ਮੈਦਾਨੀ ਇਲਾਕੇ ਵਿਚ। ਉਹਦੇ ਵਾਲੇ ਰੂਟ ਉੱਤੇ ਰੇਲ ਗੱਡੀ ਦੀ ਆਮਦ ਨਾਲ ਉਸਨੂੰ ਉਹੀਓ ਝਟਕਾ ਲਗਦਾ ਹੈ ਜਿਹੜਾ ਧੀਰ ਦੇ ਤਾਂਗੇ ਵਾਲੇ ਤੇ ਗੋਦਾਵਰੀ ਮੋਹਾਪਾਤਰਾ ਦੇ ਗੱਡੇ ਵਾਲੇ ਨੂੰ।

ਚੰਗੀਆਂ ਕਹਾਣੀਆਂ ਦੇ ਪਾਠਕਾਂ ਨੂੰ ਚਾਹੀਦਾ ਹੈ ਕਿ ਉਹ ਕੇਵਲ ਆਪਣੀ ਭਾਸ਼ਾ ਦੀਆਂ ਸ੍ਰੇਸ਼ਠ ਕਹਾਣੀਆਂ ਹੀ ਨਾ ਪੜ੍ਹਨ ਦੂਜੀਆਂ ਭਾਸ਼ਾਵਾਂ ਦਾ ਵੀ ਆਨੰਦ ਲੈਣ। ਦਿੱਲੀ ਦੀ ਅਲੇਫ ਬੁੱਕ ਕੰਪਨੀ ਨੇ ਇਹ ਕੰਮ ਸੌਖਾ ਕਰ ਦਿੱਤਾ ਹੈ।

ਹਾਂ ਆਪਣੀ ਪਸੰਦ ਨੂੰ ਅਪਣੀ ਭਾਸ਼ਾ ਤੱਕ ਸੀਮਤ ਰੱਖਣ ਵਾਲੇ ਪਾਠਕਾਂ ਲਈ ਉਨ੍ਹਾਂ ਦੀ ਭਾਸ਼ਾ 'ਚ ਐਡੀਸ਼ਨ ਛਪ ਚੁੱਕੇ ਹਨ ਜਿਨ੍ਹਾਂ ਦਾ ਜ਼ਿਕਰ ਮੈਂ ਹਥਲੇ ਲੇਖ ਦੇ ਆਰੰਭ ਵਿਚ ਕਰ ਚੁੱਕਾ ਹਾਂ।

ਜਿੱਥੋਂ ਤੱਕ ਪੰਜਾਬੀ ਭਾਸ਼ਾ ਵਾਲੇ ਐਡੀਸ਼ਨ ਦਾ ਸਬੰਧ ਹੈ ਇਸਦੇ ਸੰਪਾਦਕਾਂ ਨੇ ਗੁਰਬਖਸ਼ ਸਿੰਘ ਪ੍ਰੀਤ ਲੜੀ ਤੋਂ ਲੈ ਕੇ ਜਤਿੰਦਰ ਸਿੰਘ ਹਾਂਸ ਤੱਕ ਦੇ ਚਾਰ ਪੀੜ੍ਹੀਆਂ ਦੇ ਕਹਾਣੀਕਾਰਾਂ ਦੀਆਂ ਤੀਹ ਕਹਾਣੀਆਂ ਦੀ ਚੋਣ ਕੀਤੀ ਹੈ। ਇਸ ਵਿਚ ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫਰ, ਦੇਵਿੰਦਰ ਸਤਿਅਰਥੀ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ ਤੇ ਅਜੀਤ ਕੌਰ ਵਰਗੇ ਮਹਾਰਥੀ ਹੀ ਨਹੀਂ ਮੇਰੇ, ਗੁਰਦੇਵ ਰੁਪਾਣਾ, ਗੁਰਬਚਨ ਭੁੱਲਰ, ਮੋਹਨ ਭੰਡਾਰੀ, ਬਚਿੰਤ ਕੌਰ, ਵਰਿਆਮ ਸੰਧੂ, ਸੁਕੀਰਤ, ਕੇਸਰਾ ਰਾਮ ਤੇ ਗੁਰਮੀਤ ਕੜਿਆਲਵੀ ਵਰਗੇ ਨਵੀਨ ਕਹਾਣੀਕਾਰ ਵੀ ਸ਼ਾਮਲ ਹਨ। ਇਨ੍ਹਾਂ ਦੇ ਪਬਲਿਸ਼ਰ ਵੀ ਨਾਨਕ ਸਿੰਘ ਪੁਸਤਕ ਮਾਲਾ, ਲਾਹੌਰ ਬੁਕਸ਼ਾਪ, ਨਵਯੁਗ ਪਬਲਿਸ਼ਰਜ਼, ਲੋਕਗੀਤ ਪ੍ਰਕਾਸ਼ਨ ਤੇ ਨੈਸ਼ਨਲ ਬੁੱਕ ਟਰੱਸਟ ਹਨ। ਸੰਪਾਦਕ ਜੋੜੀ ਰੇਣੁਕਾ ਸਿੰਘ, ਚੇਅਰਪਰਸਨ, ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਤੇ ਢਾਹਾਂ ਪੁਰਸਕਾਰ ਜੇਤੂ ਬਲਬੀਰ ਮਾਧੋਪੁਰੀ। ਬਹੁਰੰਗੀ ਵੰਨ ਸੁਵੰਨਤਾ। ਪੜ੍ਹੋ ਤੇ ਮਾਣੋ!

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

**ਅੰਤਿਕਾ**

—ਹਰਿਭਜਨ ਸਿੰਘ—

ਮੈਂ ਗ਼ਮ ਦੇ ਸਮੁੰਦਰ 'ਚ ਡੁਬਦਾ ਨਹੀਂ ਹਾਂ
ਤੇਰੇ ਗ਼ਮ ਦੇ ਮੈਨੂੰ ਸਹਾਰੇ ਬੜੇ ਨੇ
ਤੁਸਾਂ ਚਣ ਲਏ ਨੈਣਾਂ ਕੇਰੇ ਜੋ ਹੰਝੂ
ਜੋ ਕਿਰ ਨਾ ਸਕੇ ਗ਼ਮ ਦੇ ਮਾਰੇ ਬੜੇ ਨੇ
ਮੈਂ ਚੁੰਮ ਹੀ ਲਿਆ ਜਾ ਕੇ ਲਹਿਰਾਂ ਦਾ ਜੋਬਨ
ਅੜੇ ਮੇਰੇ ਪੈਰੀਂ ਕਿਨਾਰੇ ਬੜੇ ਨੇ।

# ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਨੂੰ ਸਮਰਪਿਤ

*{ਸ਼ਹੀਦ ਦਰਸ਼ਨ ਸਿੰਘ ਫੇਰੂਮਾਨ, ਜਿਸ ਨੇ ਚੰਡੀਗੜ੍ਹ ਦੀ ਪ੍ਰਾਪਤੀ ਅਤੇ ਪੰਜਾਬ ਦੀਆਂ ਹੋਰ ਜਮਹੂਰੀ ਮੰਗਾਂ ਦੇ ਹੱਕ ਵਿਚ ਮਰਨ ਵਰਤ ਰੱਖ ਕੇ 74ਵੇਂ ਦਿਨ ਅਕਤੂਬਰ 27, 1969 ਨੂੰ ਅੰਮ੍ਰਿਤਸਰ ਹਸਪਤਾਲ ਵਿਚ ਪ੍ਰਾਣ-ਆਹੂਤੀ ਦਿੱਤੀ'}*

ਅਲਵਿਦਾ! ਚੰਡੀਗੜ੍ਹ,
ਮੇਰਾ ਪੰਜਾਬ! ਮੇਰੇ ਆਬ, ਪੰਥ ਜ਼ਿੰਦਾਬਾਦ।
ਆਕਾਸ਼ ਤੋਂ ਤਾਰਾ ਟੁੱਟਿਆ।
ਧਰਤੀ ਦਾ ਚਾਨਣ ਲੁੱਟਿਆ।
ਚਲਾ ਗਿਆ ਖ਼ਾਲੀ ਹੱਥ ਝਾੜ ਕੇ,
ਚੰਡੀਗੜ੍ਹ 'ਤੇ ਜਿਸ ਹੱਕ ਸੁੱਟਿਆ।
ਚੰਡੀਗੜ੍ਹ ਚੰਡੀਗੜ੍ਹ ਕੂਕਦੀ,
ਵਿਲਕਦੀ ਜਾ ਰਹੀ ਦੂਰ,
ਪਾਣੀ ਬਿਨ ਮੱਛੀ ਵਾਂਗ,
ਠੰਢੀ ਹੋ ਰਹੀ,
ਗੱਜਦੀ ਗੜ੍ਹਕਦੀ ਬੁਲੰਦ ਆਵਾਜ਼।
ਜਮਹੂਰੀ ਹੱਕ ਜਤਾਉਂਦਾ,
ਗ਼ੱਦਾਰੀ ਸਾਜ਼ਸ਼ ਤੋਂ ਪੜਦਾ ਲਾਹੁੰਦਾ,
ਰੀਂਗਦਾ ਲੜਖੜਾਉਂਦਾ,
ਡੱਕੋ ਡੋਲੇ ਖਾਂਦਾ,
ਬੋਟੀ ਬੋਟੀ ਤੁੜਾਉਂਦਾ,
ਤੂਫ਼ਾਨ ਨੂੰ ਪਛਾੜ ਕੇ,
ਪੱਥਰਾਂ ਨੂੰ ਮੱਥਾ ਮਾਰਦਾ,
ਮੰਜ਼ਲ ਨੇੜੇ ਜਾ ਰਿਹਾ,
ਆਖ਼ਰ ਡੁੱਬ ਗਿਆ ਜਹਾਜ਼।

ਤੁਹਾਡੇ ਸਿਰ ਚੜ੍ਹ ਕੇ,
ਮੌਤ ਪਰਨਾ ਰਿਹਾ,
ਵਚਨ ਕੀਤਾ ਜੋ,
ਤੁਸਾਂ ਨਾ ਪਾਲਿਆ।
ਰੋਕੋ ਨਾ ਮੈਨੂੰ ਸ਼ਹਾਦਤ ਤੋਂ,
ਪੀਣ ਦਿਓ ਰੂਹਾਨੀ ਜਾਮ।

ਹੱਕ ਸੱਚ ਇਨਸਾਫ਼ ਲਈ,
ਜੂਝਦਾ ਰਿਹਾ ਕਿੰਨੀ ਦੇਰ,
'ਪੰਜਾਬ ਦੇ ਮਸਲੇ ਨਾ ਲਟਕਾਓ,
ਸਾਡੇ ਹੱਕ ਸਾਡੀ ਝੋਲੀ ਪਾਓ।'

ਦਿੱਲੀ ਪੰਜਾਬ ਦਾ ਇੱਟ-ਖੜੱਕਾ,
ਕੇਂਦਰ ਦੀ ਬੇਰੁਖ਼ੀ, ਸਿਤਮ ਜਬਰ,
ਪੰਜਾਬ ਦੀ ਸਹਿਣਸ਼ੀਲਤਾ ਤੇ ਸਬਰ,
ਅਜ਼ਮਾਉਂਦੇ ਰਹੇ ਹਮੇਸ਼ਾ,
ਖੇਡਦੇ ਰਹੇ ਦੋਸਤਾਨਾ ਮੈਚ।

ਇਹ ਕਲਬੂਤ ਪੰਥ ਦੀ ਅਮਾਨਤ,
ਮੈਂ ਦੇਸ਼ ਕੌਮ ਲੇਖੇ ਲਾ ਲਿਆ।
ਸ਼ੁਕਰ ਤੇਰਾ ਲੱਖ ਵਾਰ,
ਮੇਰੇ ਪ੍ਰਣ ਦੀ ਰੱਖੀ ਲਾਜ।
ਅਕਾਲ ਤਖ਼ਤ ਤੇ ਕੀਤੀ,
ਮਰਜੀਵੜੇ ਦੀ ਅਰਦਾਸ,
ਚੰਡੀਗੜ੍ਹ ਜਾਂ ਮੌਤ,



ਚਰਨਜੀਤ ਸਿੰਘ ਪੰਨੂੰ
ਫੋਨ: 408-608-4961

ਬਿਰਥੀ ਨਾ ਜਾਏ ਕਦੇ ਰੁਕੇ ਨਾ,
ਦਰਿਆਵਾਂ ਦੇ ਵਹਿਣ ਵਾਂਗ।

ਜੇਲ੍ਹ ਭਰੋ ਅੰਦੋਲਨ,
ਮਾਸਟਰ ਜੀ ਦੇ ਮੋਰਚੇ,
ਮਰਨ ਵਰਤ ਤੇ ਸੱਤਿਆਗ੍ਰਹਿ,
ਖੁੱਲ੍ਹਦੇ ਟੁੱਟਦੇ ਕੱਚੇ ਤੰਦ ਵਾਂਗ,
ਪਵਿੱਤਰ ਪ੍ਰਸਾਦਿ ਤੇ ਜੂਸ ਨਾਲ।

ਅਕਾਲ ਤਖ਼ਤ ਦੀ ਛੱਤ,
ਦੱਖਣ ਪੂਰਬੀ ਨੁੱਕਰੇ,
ਸੰਤ ਜੀ ਦਾ ਉੱਸਰਿਆ,
ਆਤਮ ਦਾਹ ਹਵਨ-ਕੁੰਡ,
ਸ਼ਾਮੀਂ ਚਾਰ ਵਜੇ ਦੀ ਉਡੀਕ ਵਿਚ,
ਹੋ ਗਿਆ ਠੰਢਾ ਅੰਗੀਠਾ,
ਇੱਕ ਝਲਕ ਪਾ ਕੇ,
ਹੁਕਮ ਸਿੰਘ ਦੇ ਜਹਾਜ਼ ਦੀ।
'ਮੰਨ ਲਈ ਈਨ ਉਨ੍ਹਾਂ।'
ਜੈਕਾਰੇ ਬੁਲਾ ਕੇ,
ਸੋਧੇ ਅਰਦਾਸੇ ਪ੍ਰਤਿੱਗਿਆ ਦਾ,
ਮਹੱਤਵ ਛੁੱਟਿਆ ਕੇ।
ਸਿਰ ਨਿਵਾ ਕੇ,
ਮੱਥੇ ਕਲੰਕ ਤੌਹੀਨ ਚਿਪਕਾ ਕੇ,
ਗੁਮਰਾਹਕੁਨ ਲਾਰੇ ਝੋਲੀ ਪਵਾ ਕੇ।

ਮੈਨੂੰ ਸ਼ਹੀਦ ਕਹਿੰਦਿਆਂ,
ਦੇਸ਼ ਭਗਤ ਗਰਦਾਨਦਿਆਂ,
ਨਮੋਸ਼ੀ ਆਏਗੀ ਤੁਹਾਨੂੰ।
ਮੈਨੂੰ ਨਾ ਅਪਣਾਇਓ ਬੇਸ਼ੱਕ,
ਸਮਾਰਕ ਨਾ ਬਣਾਇਓ ਕਿਧਰੇ,
ਮੈਂ ਧੜਕਦਾ ਰਹਾਂਗਾ ਹਰ ਦਮ,
ਪੰਜਾਬ ਦੇ ਹਰ ਜਰੇ ਵਿਚ
ਉੱਗਾਂਗਾ ਫੁੱਲਾਂ ਦੀ ਫ਼ਸਲ ਬਣ ਕੇ।

ਫੈਮਲੀ ਵਾਰਡ ਅੰਮ੍ਰਿਤ ਸਰ,
ਕਰਦੀ ਰਹੇਗੀ ਯਾਦ ਹਮੇਸ਼ਾ,
ਚੁਹੱਤਰ ਦਿਨਾਂ ਦਾ ਨਿਰਨਾ ਫ਼ੱਕਰ,
'ਝੂਲਦੇ ਨਿਸ਼ਾਨ ਰਹਿਣ,
ਪੰਥ ਮਹਾਰਾਜ ਦੇ' ਗੁਣਗੁਣਾਉਂਦਾ,
ਸੁਖਮਨੀ ਜਾਪ ਕਰਦਾ ਮਰੀਜ਼।
ਬਾਰ ਬਾਰ ਦੁਹਰਾਉਂਦਾ ਰਟ ਲਗਾਉਂਦਾ,
ਲਾਰਿਆਂ ਨਾਲ ਹੁਣ ਨਹੀਂ ਸਰਨਾ,
ਹਕੀਕੀ ਦਸਤਾਵੇਜ਼ ਬਿਨਾ,
ਨਹੀਂ ਟੁੱਟਣਾ ਇਹ ਮਰਨ ਵਰਤ।
ਇੰਦਰਾ ਦੇ ਦੂਤ/ ਜਮਦੂਤ,
ਮੁੜ ਗਏ ਖ਼ਾਲੀ ਨਿਸਫਲ ਮੈਥੋਂ,
ਪਰਨਾਲਾ ਉੱਥੇ ਹੀ ਛੱਡ ਕੇ।

ਹੱਥ ਖੜ੍ਹੇ ਕਰਨ ਵਾਲੇ,
ਮੌਤ ਤੋਂ ਡਰਨ ਵਾਲੇ,
ਸੋਧੇ ਅਰਦਾਸੇ ਭੰਗ ਕਰਨ ਵਾਲੇ,
ਤੁਹਾਡੀ ਬੁਜ਼ਦਿਲ ਆਤਮਾ,
ਤੜਫਾਏਗੀ ਤੁਹਾਨੂੰ,
ਮਰਯਾਦਾ ਸਿਖਾਏਗੀ ਤੁਹਾਨੂੰ।

ਮਿਆਨ 'ਚੋਂ ਕੱਢੀ ਤਲਵਾਰ ਵਾਂਗ,
ਪਰਬਤਾਂ ਤੋਂ ਉੱਚੀ,
ਸਮੁੰਦਰ ਤੋਂ ਸੁੱਚੀ,
ਸਿੱਖ ਦੀ ਕੀਤੀ ਅਰਦਾਸ,
ਨੇਪਰੇ ਚੜ੍ਹਾ ਰਿਹਾਂ,
ਸਹੀ ਪੂਰਨੇ ਪਾ ਰਿਹਾਂ।

ਕੁਰਬਾਨੀ ਪਿਤਾ ਦਸਮੇਸ਼ ਦੀ,
ਨੌਵੇਂ ਗੁਰੂ ਤੇ ਅਰਜਨ ਗੁਰੂ ਦੀ,
ਭੁੱਲਦੀ ਹੋ ਰਹੀ ਅਲੋਪ।
ਬੁਝਦੀ ਇਸ ਚੰਗਿਆੜੀ ਨੂੰ,
ਫੂਕਾਂ ਮਾਰ ਜਗਾ ਰਿਹਾਂ।
ਕਾਇਮ ਕਰ ਰਿਹਾਂ ਮਿਸਾਲ,
ਪ੍ਰਾਣ ਅਹੂਤੀ ਪਾ ਕੇ,
ਧਰਮ ਯੁੱਧ ਦੇ ਇਤਿਹਾਸ ਵਿਚ।

ਸਾਂਭੋ ਤੁਸੀਂ ਸੱਤਾ ਦੀਆਂ ਚਾਬੀਆਂ,
ਇਹ ਮੇਰੇ ਮੁਆਫ਼ਕ ਨਹੀਂ।
ਨਵੇਂ ਰਤਨ ਕੱਢਣ ਲਈ,
ਸਮੁੰਦਰ ਰਿੜਕਣ ਦੀ ਲੋੜ ਨਹੀਂ।
ਆਤਮਾ ਰਿੜਕ ਰਿਹਾਂ,
ਫ਼ਰਜ਼ ਆਪਣਾ ਨਿਭਾ ਰਿਹਾਂ।
ਮੈਂ ਮਰਾਂ ਪੰਥ ਖਿੜਦਾ ਰਹੇ,
ਦੇਸ਼ ਆਬਾਦ ਰਹੇ,
ਮੇਰੇ ਲੋਕ ਖ਼ੁਸ਼ਹਾਲ ਰਹਿਣ।
ਆਪਣੀ ਪ੍ਰਤਿੱਗਿਆ 'ਤੇ
ਫੁੱਲ ਚੜ੍ਹਾ ਰਿਹਾ ਹਾਂ।
ਧੁਖਦਾ ਰਹੇ ਹੌਲੀ ਹੌਲੀ,
ਗਿੱਲਾ ਇਹ ਗਹੀਰਾ,
ਸੇਕਦਾ ਰਹੇ ਸਿਆਸੀ ਰੋਟੀਆਂ।
ਅਲਵਿਦਾ ਚੰਡੀਗੜ੍ਹ,
ਮੇਰਾ ਪੰਜਾਬ..ਮੇਰੇ ਆਬ ਮੇਰਾ ਪੰਥ,
ਜ਼ਿੰਦਾਬਾਦ... ਜ਼ਿੰਦਾਬਾਦ।

## ਤੇਰੀ ਰੰਗਸ਼ਾਲਾ

ਤੇਰੀ ਰੰਗਸ਼ਾਲਾ 'ਚ ਮਦਹੋਸ਼ ਖੜ੍ਹੀ ਹਾਂ
ਤਨ ਗੁਲਾਲ, ਮਸਤਕ ਜਲਾਲ,
ਸ਼ਾਂਤ ਬੜੀ ਹਾਂ!

ਤੇਰੇ ਭਵ-ਸਾਗਰ 'ਚ ਮੈਂ ਖੇਲ ਰਹੀ ਹਾਂ,
ਕਾਗਤਾਂ ਦੀ ਬੇੜੀ
ਸਮੁੰਦਰਾਂ 'ਚ ਠੇਲ੍ਹ ਰਹੀ ਹਾਂ!

ਤੇਰਿਆਂ ਬਾਗਾਂ 'ਚ ਨਾਜ਼ਕ ਤਿਤਲੀਆਂ
ਮਸਤੀ 'ਚ ਉਡਦੀਆਂ
ਸੰਮੋਹਿਤ ਹੋਈ ਵੇਖ ਰਹੀ ਹਾਂ!

ਤੇਰੇ ਬਗੀਚਿਆਂ 'ਚ ਖੁਸ਼ਬੂਆਂ ਦੀ ਹੱਟ
ਕਾਇਆ ਤੋਂ ਰੂਹ ਤੱਕ
ਮਹਿਕ ਗਈ ਹਾਂ!

ਤੇਰੇ ਉਪਬਨ 'ਚ ਬਹਾਰਾਂ ਦਾ ਜਲੌਅ
ਪੌਣਾਂ ਸੰਗ ਡੋਲਦੀ
ਚਹਿਕ ਰਹੀ ਹਾਂ!

ਹਰ ਪਾਸੇ ਤੇਰਾ ਹੀ ਜਲਵਾ
ਹਰ ਪਾਸੇ ਤੇਰੇ ਹੀ ਕੌਤਕ
ਤੇਰੀ ਰੰਗਸ਼ਾਲਾ 'ਚ
ਤੇਰੇ ਕੌਤਕਾਂ ਦਾ ਰਕਸ ਵੇਖ ਰਹੀ ਹਾਂ!

---

## ਤੇਰੀ ਰੰਗਸ਼ਾਲਾ- 2

ਬਿਨ ਬੱਦਲ ਇਹ ਬਰਸਾਤ ਕਿਉਂ
ਖਿੜੀ ਧੁੱਪ 'ਚ ਮਨ ਉਦਾਸ ਕਿਉਂ
ਤੂੰ ਸਿੱਲ ਪੱਥਰ, ਕਿਉਂ ਪਿਘਲੀ ਏਂ
ਤੇਰੀ ਅੱਖ ਨਮੀ ਦਾ ਵਾਸ ਕਿਉਂ


ਥੱਕੇ ਹਾਰੇ ਕਦਮ ਹਰ ਮੁਸਾਫ਼ਿਰ ਦੇ
ਅੱਜ ਸੂਰਜ ਦੀ ਤੋਰ ਨਿਰਾਸ਼ ਕਿਉਂ
ਰੰਗਸ਼ਾਲਾ ਦੇ ਰੰਗ ਕਿਉਂ ਸਿਮਟ ਚੱਲੇ
ਹਰ ਸ਼ਖ਼ਸ ਹੋਇਆ ਬੇਆਸ ਕਿਉਂ?

ਕਰ ਰਹੀ ਤਾਂਡਵ ਇੱਥੇ ਮੌਤ ਅੱਜਕਲ
ਸ਼ਮਸ਼ਾਨਾਂ 'ਚ ਰੁਲ਼ ਰਹੀ ਲਾਸ਼ ਕਿਉਂ?
ਸ਼ਾਲਾ! ਖਿੜ ਜਾਵੇ ਇਹ ਗੁਲਜ਼ਾਰ ਫੇਰ
ਤੇਰੀ ਰੰਗਸ਼ਾਲਾ ਰਹੇ ਨਾ ਉਦਾਸ ਇਉਂ?

*-ਸੁਰਜੀਤ (ਟੋਰਾਂਟੋ)*

# ਜ਼ਾਇਆ ਵਸੀਲਿਆਂ ਦੇ ਪ੍ਰਦੂਸ਼ਣ ਦੀ ਮਾਰ

***ਕੌਮਾਂਤਰੀ ਪੁਰਸਕਾਰ ਜੇਤੂ ਅਮਰੀਕੀ ਪੱਤਰਕਾਰ ਓਲੀਵਰ ਫਰੈਂਕਲਿਨ-ਵੈਲਿਸ ਦੀ ਨਵੀਂ ਕਿਤਾਬ 'ਵੇਸਟਲੈਂਡ' ਕਈ ਪੱਖਾਂ ਤੋਂ ਹੈਰਾਨ ਕਰਨ ਵਾਲੀ ਹੈ। ਇਸ ਦਾ ਮੁੱਖ ਵਿਸ਼ਾ ਸਮੁੰਦਰ ਵਿਚ ਜਮ੍ਹਾਂ ਹੋ ਰਿਹਾ ਪਲਾਸਟਿਕ ਅਤੇ ਪ੍ਰਦੂਸ਼ਨ ਹੈ ਜੋ ਅੱਜ ਦਾ ਮਨੁੱਖ ਪੂਰੀ ਰਫਤਾਰ ਨਾਲ ਫੈਲਾਅ ਰਿਹਾ ਹੈ। ਇਹ ਕਿਤਾਬ ਕਚਰੇ ਅਤੇ ਮਲੀਨਤਾ ਦੀ ਬਹੁਲਤਾ ਦਾ ਬਹੁਤ ਹੌਲਨਾਕ ਮੰਜ਼ਰ ਪੇਸ਼ ਕਰਦੀ ਹੈ। ਇਸ ਅਹਿਮ ਅਤੇ ਵਿਲੱਖਣ ਕਿਤਾਬ ਬਾਰੇ ਚਰਚਾ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***









***ਅਮਰੀਕੀ ਪੱਤਰਕਾਰ ਓਲੀਵਰ ਫਰੈਂਕਲਿਨ-ਵੈਲਿਸ (ਵਿਚਕਾਰ) ਦੀ ਨਵੀਂ ਕਿਤਾਬ 'ਵੇਸਟਲੈਂਡ' ਦਾ ਮੁਖੜਾ ਅਤੇ (ਐਨ ਸੱਜੇ) ਸਮੁੰਦਰ ਹੇਠ ਜਮ੍ਹਾਂ ਹੋਇਆ ਕਚਰਾ।***

ਚਾਰ ਦਹਾਕੇ ਪਹਿਲਾਂ ਅਖ਼ਬਾਰੀ ਨੌਕਰੀ ਦੇ ਮੁੱਢਲੇ ਦਿਨਾਂ ਦੌਰਾਨ ਇਕ ਖ਼ਬਰ ਦਾ ਤਰਜਮਾ ਕੀਤਾ ਸੀ ਕਿ ਕਚਰੇ ਤੇ ਕੂੜ-ਕਬਾੜ ਨਾਲ ਭਰਿਆ ਬੇੜਾ ਕੈਲੀਫੋਰਨੀਆ (ਅਮਰੀਕਾ) ਤੋਂ ਕਿਸੇ ਬੇਆਬਾਦ ਪ੍ਰਸ਼ਾਂਤ ਮਹਾਂਸਾਗਰੀ ਜਜ਼ੀਰੇ ਵੱਲ ਰਵਾਨਾ ਹੋਇਆ ਤਾਂ ਜੋ ਸਾਰਾ ਗੰਦ ਉੱਥੇ ਢੇਰ ਕੀਤਾ ਜਾ ਸਕੇ। ਪ੍ਰਸ਼ਾਂਤ ਅੰਦਰ ਹਵਾਈ ਟਾਪੂ ਸਮੂਹ (ਜਿਸ ਨੂੰ ਮੁਕੰਮਲ ਰਾਜ ਦਾ ਦਰਜਾ ਹਾਸਲ ਹੈ) ਤੋਂ ਇਲਾਵਾ 70 ਦੇ ਕਰੀਬ ਅਜਿਹੇ ਛੋਟੇ-ਵੱਡੇ ਜਜ਼ੀਰੇ ਹਨ ਜਿਨ੍ਹਾਂ 'ਤੇ ਅਮਰੀਕਾ ਆਪਣੀ ਮਲਕੀਅਤ ਜਤਾਉਂਦਾ ਹੈ। ਇਨ੍ਹਾਂ ਵਿਚੋਂ ਸਿਰਫ਼ ਤਿੰਨ- ਗੁਆਮ, ਨਾਰਦਰਨ ਮੇਰੀਆਨਾ ਤੇ ਅਮੈਰੀਕਨ ਸਮੋਆ ਹੀ ਆਬਾਦ ਹਨ, ਬਾਕੀ ਬੇਆਬਾਦ ਪਰ ਕਿਸੇ ਵੀ ਬੇਆਬਾਦ ਜਜ਼ੀਰੇ 'ਤੇ ਅਮਰੀਕੀ ਜਲ ਸੈਨਾ ਨੇ ਕੂੜਾ ਢੇਰ ਨਹੀਂ ਕਰਨ ਦਿੱਤਾ। ਬੇੜੇ ਦਾ ਅਮਲਾ ਬੇੜੇ ਉਪਰਲੇ ਬਦਬੂਦਾਰ 'ਅਸਬਾਬ' ਤੋਂ ਤਿੰਨ ਹਫ਼ਤਿਆਂ ਦੇ ਅੰਦਰ ਇਸ ਹੱਦ ਤੱਕ ਅੱਕ ਗਿਆ ਕਿ ਉਸ ਨੇ ਸਾਰੇ ਕੂੜ-



ਕਬਾੜ ਨੂੰ ਪ੍ਰਸ਼ਾਂਤ ਮਹਾਂਸਾਗਰ ਅੰਦਰ ਉਲਟ ਦਿੱਤਾ। ਬੜਾ ਰੌਲਾ ਮਚਿਆ ਇਸ ਕਾਰੇ ਤੋਂ। ਇਨਸਾਨੀ ਰਹਿੰਦ-ਖੂੰਹਦ ਸਮੁੰਦਰਾਂ ਵਿਚ ਨਾ ਸੁੱਟਣ ਬਾਰੇ ਨਵੇਂ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਕੌਮਾਂਤਰੀ ਨੇਮ ਬਣਾਉਣ ਦੀਆਂ ਗੱਲਾਂ ਕਈ ਮਹੀਨੇ ਚੱਲਦੀਆਂ ਰਹੀਆਂ। ਫਿਰ ਹੌਲੀ-ਹੌਲੀ ਸਭ ਕੁਝ ਭੁੱਲ-ਭੁਲਾ ਦਿੱਤਾ ਗਿਆ।

ਇਸ ਤੋਂ 20 ਵਰ੍ਹੇ ਬਾਅਦ ਇਹ ਹਕੀਕਤ ਸਾਹਮਣੇ ਆਈ ਕਿ ਪ੍ਰਸ਼ਾਂਤ ਮਹਾਂਸਾਗਰ ਦੇ ਕੇਂਦਰ ਬਿੰਦੂ ਜਿੱਥੇ ਸਾਰੀਆਂ ਦਿਸ਼ਾਵਾਂ ਤੋਂ ਆਉਣ ਵਾਲੀਆਂ ਲਹਿਰਾਂ ਆਪੋ 'ਚ ਮਿਲਣ ਮਗਰੋਂ ਉਲਟ ਦਿਸ਼ਾਵਾਂ ਵੱਲ ਰੁਖ਼ਸਤ ਹੁੰਦੀਆਂ ਹਨ, ਵਾਲੇ ਖੇਤਰ ਵਿਚ ਸਾਗਰੀ ਤਲ 'ਤੇ ਪਲਾਸਟਿਕ ਦਾ ਟਿੱਲਾ ਉਸਰ ਰਿਹਾ ਹੈ। ਲਹਿਰਾਂ ਦੇ ਨਾਲ ਉੱਥੇ ਪੁੱਜਣ ਵਾਲੇ ਪਲਾਸਟਿਕ ਦਾ ਉਹ ਜ਼ਖ਼ੀਰਾ ਹੁਣ ਖੇਤਰਫਲ ਪੱਖੋਂ ਏਨਾ ਵੱਡਾ ਹੋ ਗਿਆ ਹੈ ਕਿ ਉਸ ਵਿਚ ਤਿੰਨ ਫਰਾਂਸ ਸਮਾਅ ਸਕਦੇ ਹਨ। ਸਮੁੰਦਰ ਵਿਗਿਆਨੀਆਂ ਦੇ ਅਨੁਮਾਨਾਂ ਮੁਤਾਬਿਕ ਇਸ ਥਾਂ ਉੱਤੇ ਹੁਣ ਵੀ 30 ਲੱਖ ਟਨ ਦੀ ਸਾਲਾਨਾ ਔਸਤ ਨਾਲ ਪਲਾਸਟਿਕ ਲਗਾਤਾਰ ਪਹੁੰਚ ਰਿਹਾ ਹੈ ਜਦੋਂਕਿ ਪ੍ਰਿਥਵੀ ਦੇ ਸਾਰੇ ਸਮੁੰਦਰਾਂ ਵਿਚ ਹਰ ਸਾਲ ਜਮ੍ਹਾਂ ਹੋ ਰਹੇ ਪਲਾਸਟਿਕ ਦੀ ਔਸਤ ਮਿਕਦਾਰ 1.10 ਕਰੋੜ ਟਨ ਦੱਸੀ ਜਾਂਦੀ ਹੈ।

ਇਹ ਸਾਰਾ ਕਥਾਕ੍ਰਮ ਕਈ ਕੌਮਾਂਤਰੀ ਪੁਰਸਕਾਰ ਜੇਤੂ ਅਮਰੀਕੀ ਪੱਤਰਕਾਰ ਓਲੀਵਰ ਫਰੈਂਕਲਿਨ-ਵੈਲਿਸ ਦੀ ਨਵੀਂ ਕਿਤਾਬ 'ਵੇਸਟਲੈਂਡ' ਦਾ ਮੁੱਖ ਵਿਸ਼ਾ ਵਸਤੂ ਹੈ। ਸਾਡੇ ਜਹਾਨ ਅੰਦਰ ਕਚਰੇ ਤੇ ਮਲੀਨਤਾ ਦੀ ਬਹੁਲਤਾ ਦਾ ਬੜਾ ਹੌਲਨਾਕ ਮੰਜ਼ਰ ਪੇਸ਼ ਕਰਦੀ ਹੈ ਇਹ ਕਿਤਾਬ ਪਰ ਨਾਲ ਹੀ ਨਵੇਂ ਤਜਰਬਿਆਂ ਵਿਚੋਂ ਕੁਝ ਨਵਾਂ ਪੁੰਗਰਨ ਮੌਲਣ ਦੀਆਂ ਉਮੀਦਾਂ ਵੀ ਰੌਸ਼ਨ ਕਰਦੀ ਹੈ। ਕਿਤਾਬ ਦਾ ਸਿਰਲੇਖ ਨੋਬੇਲ ਪੁਰਸਕਾਰ ਜੇਤੂ ਅਮਰੀਕੀ ਕਵੀ ਟੀ.ਐੱਸ. ਏਲੀਅਟ ਦੀ ਮਹਾਂ ਕਵਿਤਾ 'ਦਿ ਵੇਸਟਲੈਂਡ' ਤੋਂ ਲਿਆ ਗਿਆ ਹੈ। 1932 ਵਿਚ ਪ੍ਰਕਾਸ਼ਿਤ 434 ਸਤਰਾਂ ਦੀ ਇਹ ਕਵਿਤਾ ਜਿੱਥੇ ਪਹਿਲੇ ਮਹਾਂ ਯੁੱਧ ਤੋਂ ਉਪਜੇ ਤ੍ਰਾਸਦਿਕ ਧਰਾਤਲ ਦੇ ਪ੍ਰਸੰਗ ਵਿਚ ਸਾਡੇ ਮਾਤ-ਗ੍ਰਹਿ ਦੀ ਰੂਹਾਨੀ, ਇਖ਼ਲਾਕੀ ਤੇ ਸਮਾਜਿਕ ਫ਼ਨਾਹੀ ਦੀ ਕਹਾਣੀ ਕਹਿੰਦੀ ਹੈ, ਉੱਥੇ ਫਰੈਂਕਲਿਨ-ਵੈਲਿਸ ਦੀ ਕਿਤਾਬ ਰੂਹਾਂ ਦੀ ਥਾਂ ਜਿਸਮਾਂ ਉੱਤੇ ਵੱਧ ਕੇਂਦ੍ਰਿਤ ਹੈ। ਇਹ ਰੂਹਾਨੀ ਜਾਂ ਇਖ਼ਲਾਕੀ ਵੀਰਾਨੀਅਤ ਦੀ ਥਾਂ ਇਨਸਾਨੀ ਫਿਤਰਤ ਤੋਂ ਉਪਜੀ ਫ਼ਿਜ਼ਾਈ ਤਬਾਹੀ ਦੀ ਬਾਤ ਪਾਉਂਦੀ ਹੈ, ਉਹ ਵੀ ਵਿਗਿਆਨਕ ਮਿਜ਼ਾਜ ਤੇ ਅੰਦਾਜ਼ ਨਾਲ।

ਫਰੈਂਕਲਿਨ-ਵੈਲਿਸ ਲਿਖਦਾ ਹੈ ਕਿ ਇਨਸਾਨ ਪਿਛਲੀਆਂ ਦੋ-ਚਾਰ ਸਦੀਆਂ ਤੋਂ ਨਹੀਂ, ਪਿਛਲੇ 10 ਹਜ਼ਾਰ ਸਾਲਾਂ ਤੋਂ ਧਰਤੀ ਨੂੰ ਪਲੀਤ ਕਰ ਰਿਹਾ ਹੈ, ਕਚਰਾ ਤੇ ਗੰਦਗੀ ਫੈਲਾ ਕੇ, ਕੁਦਰਤ ਦੀਆਂ ਨਿਆਮਤਾਂ ਨੂੰ ਨਿਰੰਤਰ ਜ਼ਾਇਆ ਕਰ ਕੇ। ਕਚਰਾ ਤਾਂ ਪੇੜ-ਪੌਦੇ ਵੀ ਫੈਲਾਉਂਦੇ ਹਨ ਅਤੇ ਜੀਵ-ਜੰਤ ਵੀ ਪਰ ਉਨ੍ਹਾਂ ਦੇ ਫੋਕਟਾਂ ਨੂੰ ਧਰਤੀ ਦੀ ਪੈਦਾਇਸ਼ੀ ਤਾਕਤ ਮਜ਼ਬੂਤ ਕਰਨ ਜਾਂ ਇਸ ਤਾਕਤ ਦੇ ਖੋਰੇ ਦੀ ਭਰਪਾਈ ਕਰਨ ਦੇ ਜਿਹੜੇ ਵਸੀਲੇ ਕੁਦਰਤ ਨੇ ਵੀ ਇਜਾਦ ਕਰ ਰੱਖੇ ਹਨ, ਉਨ੍ਹਾਂ ਨਾਲ ਨਾ ਪੇੜ-ਪੌਦੇ ਛੇੜ-ਛਾੜ ਕਰਦੇ ਹਨ ਅਤੇ ਨਾ ਹੀ ਜੀਵ-ਜੰਤ। ਇਸ ਤੋਂ ਉਲਟ ਇਨਸਾਨ ਕਚਰਾ ਵੀ ਲੋੜੋਂ ਵੱਧ ਪੈਦਾ ਕਰਦਾ ਆਇਆ ਹੈ ਅਤੇ ਉਸ ਨੂੰ ਖਪਾਉਣ ਦੇ ਕੁਦਰਤ ਦੇ ਵਿਧਾਨ ਵਿਚ ਅੜਿੱਕੇ ਵੀ ਪੈਦਾ ਕਰਦਾ ਆਇਆ ਹੈ, ਖ਼ਾਸ ਕਰ ਕੇ ਪਿਛਲੀਆਂ ਤਿੰਨ ਸਦੀਆਂ ਤੋਂ। ਇਸ ਤੋਂ ਉਪਜਿਆ ਸੰਕਟ ਕਿੰਨਾ ਗੰਭੀਰ ਹੈ, ਇਸ ਦੀ ਤਸਦੀਕ ਇਹ ਤੱਥ ਕਰਦੇ ਹਨ:

*ਸਾਲ 2016 ਦੌਰਾਨ ਦੁਨੀਆ ਭਰ ਵਿਚ 2.01 ਅਰਬ ਟਨ ਠੋਸ ਕਚਰਾ ਪੈਦਾ ਹੋਇਆ; ਤਰਲ ਮਲੀਨਤਾ ਇਸ ਤੋਂ ਵੱਖਰੀ ਰਹੀ। 2016 ਤੋਂ ਬਾਅਦ ਦੇ ਅਨੁਮਾਨ ਜਾਂ ਅੰਕੜੇ ਅਜੇ ਤੱਕ ਉਪਲਬਧ ਨਹੀਂ। ਜ਼ਾਹਿਰ ਹੈ ਠੋਸ ਕਚਰੇ ਦੀ ਪੈਦਾਇਸ਼ ਵਿਚ ਇਜ਼ਾਫ਼ਾ ਹੀ ਹੋਇਆ ਹੋਵੇਗਾ, ਕਮੀ ਤਾਂ ਸੰਭਵ ਨਹੀਂ ਜਾਪਦੀ।

*ਹਰ ਸਾਲ ਔਸਤਨ 4.80 ਅਰਬ ਪਲਾਸਟਿਕ ਬੋਤਲਾਂ, ਦੁਨੀਆ ਭਰ ਵਿਚ ਵੇਚੀਆਂ ਜਾਂਦੀਆਂ ਹਨ। ਭਾਵ ਹਰ ਸਕਿੰਟ ਦੌਰਾਨ 20 ਹਜ਼ਾਰ ਬੋਤਲਾਂ।

*ਠੋਸ ਕਚਰੇ ਨੂੰ ਇਕੱਠਾ ਕਰਨ ਦੀ ਵਿਵਸਥਾ, ਦੁਨੀਆ ਦੇ ਸਿਰਫ਼ 43 ਫ਼ੀਸਦੀ ਸ਼ਹਿਰੀ ਲੋਕਾਂ ਵਾਸਤੇ ਉਪਲਬਧ ਹੈ। ਬਾਕੀ 57 ਫ਼ੀਸਦੀ ਲੋਕ ਜਾਂ ਤਾਂ ਕਚਰਾ ਸਾੜ ਦਿੰਦੇ ਹਨ ਅਤੇ ਜਾਂ ਫਿਰ ਨਦੀਆਂ-ਨਾਲਿਆਂ, ਦਰਿਆਵਾਂ ਤੇ ਸਮੁੰਦਰਾਂ ਵਿਚ ਵਹਾਉਣ ਜਾਂ ਖੱਡਾਂ-ਖਤਾਨਾਂ ਵਿਚ ਸੁੱਟਣ ਦੀ ਜ਼ਿਆਦਤੀ ਕੁਦਰਤ ਨਾਲ ਕਰਦੇ ਹਨ।

*ਦੁਨੀਆ ਦਾ ਇਕ ਵੀ ਮੁਲਕ ਅਜਿਹਾ ਨਹੀਂ ਜਿਸ ਦੇ ਸ਼ਾਹਰਾਹਾਂ ਦੀਆਂ ਖਤਾਨਾਂ, ਪਰਬਤੀ ਖੱਡਾਂ, ਜੰਗਲ-ਬੇਲੇ ਆਦਿ ਪੋਲੀਥੀਨ ਤੇ ਧਾਤੂਈ ਫੌਇਲ ਦੇ ਲਿਫ਼ਾਫ਼ਿਆਂ, ਸਿਗਰਟਾਂ ਦੇ ਪਲਾਸਟਿਕ ਫਿਲਟਰਾਂ ਅਤੇ ਜਲਦੀ ਨਸ਼ਟ ਨਾ ਹੋਣ ਵਾਲੇ ਹੋਰ ਕੂੜੇ-ਕਚਰੇ ਤੋਂ ਮੁਕਤ ਹੋਣ।

*ਵਿਕਸਿਤ ਮੁਲਕ ਕਚਰਾ ਪੈਦਾ ਕਰਨ ਪੱਖੋਂ, ਵਿਕਾਸਸ਼ੀਲ ਦੇਸ਼ਾਂ ਤੋਂ ਕਿਤੇ ਵੱਧ ਗੁਨਾਹਗਾਰ ਹਨ। ਦੁਨੀਆ ਦਾ 60 ਫ਼ੀਸਦ ਕੂੜ-ਕਬਾੜ ਸਿਰਫ਼ 33 ਧਨਾਢ ਮੁਲਕ ਪੈਦਾ ਕਰਦੇ ਹਨ। ਉਂਜ, ਖਪਤਵਾਦ ਦੇ ਪਸਾਰੇ ਨਾਲ ਇਹੋ ਵਬਾਅ ਵਿਕਾਸਸ਼ੀਲ ਮੁਲਕਾਂ ਵਿਚ ਵੀ ਫੈਲ ਰਹੀ ਹੈ। 2050 ਤੱਕ ਉਹ ਵੀ ਹਰ ਵਰ੍ਹੇ 1.30 ਅਰਬ ਟਨ ਕਚਰਾ ਪੈਦਾ ਕਰਨ ਲੱਗ ਜਾਣਗੇ।

*ਜਿੰਨਾ ਵੱਧ ਧਨਾਢ, ਓਨਾ ਵੱਧ ਕਚਰਾ। ਅਮਰੀਕਾ ਦਾ ਇਸ ਪੱਖੋਂ ਅੱਵਲ ਨੰਬਰ; ਹਰ ਅਮਰੀਕੀ ਨਾਗਰਿਕ ਰੋਜ਼ਾਨਾ ਔਸਤਨ ਦੋ ਕਿੱਲੋ ਕਚਰਾ ਪੈਦਾ ਕਰਦਾ ਹੈ। ਇਸ ਮਿਕਦਾਰ ਵਿਚੋਂ 470 ਗ੍ਰਾਮ ਕਚਰਾ ਗਲ-ਸੜ ਕੇ ਰੇਹ ਦੇ ਰੂਪ ਵਿਚ ਧਰਤੀ ਵਿਚ ਸਮਾਉਣ ਵਾਲਾ ਹੁੰਦਾ ਹੈ, 640 ਗ੍ਰਾਮ ਰੀਸਾਈਕਲ ਹੋਣ ਵਾਲਾ ਅਤੇ ਬਾਕੀ ਧਰਤ ਦੀ ਆਬੋ-ਹਵਾ ਤੇ ਫਿਜ਼ਾ ਨੂੰ ਪਲੀਤ ਕਰਨ ਵਾਲਾ। ਯੂ.ਕੇ. ਦੀ ਪ੍ਰਤੀ ਵਿਅਕਤੀ ਪ੍ਰਤੀ ਦਨਿ ਔਸਤ 1.10 ਕਿਲੋਗ੍ਰਾਮ ਹੈ।

*ਪਲਾਸਟਿਕ ਦਾ ਉਤਪਾਦਨ ਤੇ ਵਰਤੋਂ ਘਟਾਉਣ ਦੇ ਉਪਰਾਲੇ ਓਨੇ ਕਾਰਗਰ ਨਹੀਂ ਸਾਬਤ ਹੋ ਰਹੇ ਜਿੰਨੇ ਕਿ ਦਾਅਵੇ ਕੀਤੇ ਜਾਂਦੇ ਹਨ। ਰੀਸਾਈਕਲਿੰਗ ਬਹੁਤ ਵੱਡੀ ਸਨਅਤ ਬਣ ਚੁੱਕੀ ਹੈ, ਪਰ ਫਿਜ਼ਾ ਨੂੰ ਇਹ ਕਿੰਨਾ ਗੰਧਲਾ ਕਰ ਰਹੀ ਹੈ, ਇਸ ਬਾਰੇ ਅੰਕੜੇ ਭਰਮ-ਪਾਊ ਹਨ।

*ਚੀਨ ਨੇ ਅਮਰੀਕਾ ਤੇ ਯੂਰਪ ਦੀ ਪਲਾਸਟਿਕ ਵੇਸਟ ਨੂੰ ਬਾਕੀ ਦੁਨੀਆ ਦੀ ਨਿਰਮਾਣ ਸਨਅਤ ਤਬਾਹ ਕਰਨ ਵਾਸਤੇ ਖ਼ੂਬ ਵਰਤਿਆ। ਛੇ ਵਰ੍ਹੇ ਪਹਿਲਾਂ ਤੱਕ ਅਮਰੀਕਾ ਤੇ ਯੂਰਪ ਦੀ ਪਲਾਸਟਿਕ ਵੇਸਟ ਦਾ 85 ਫ਼ੀਸਦੀ ਹਿੱਸਾ ਚੀਨ ਪੁੱਜਦਾ ਸੀ। ਇੱਥੇ ਉਸ ਨੂੰ ਢਾਲ-ਗਾਲ ਕੇ ਅਤੇ ਹਰ ਕਿਸਮ ਦੇ ਸਸਤੇ ਉਤਪਾਦ ਤਿਆਰ ਕਰਕੇ ਦੁਨੀਆ ਭਰ ਦੀਆਂ ਮੰਡੀਆਂ ਵਿਚ ਸੁੱਟੇ ਜਾਂਦੇ ਸਨ। ਬਾਕੀ ਦੁਨੀਆ ਦੀਆਂ ਨਿਰਮਾਣ ਤੇ ਉਤਪਾਦਨ ਕੰਪਨੀਆਂ ਵੀ ਮੁਨਾਫ਼ੇ ਦੀ ਹੋੜ ਵਿਚ ਆਪਣੀਆਂ ਸਨਅਤੀ ਇਕਾਈਆਂ ਬੰਦ ਕਰਕੇ ਚੀਨੀ ਮਾਲ 'ਤੇ ਆਪਣੇ ਠੱਪੇ ਲਾਉਣ ਲੱਗੀਆਂ। ਪਰ ਪਲਾਸਟਿਕ ਰੀਸਾਈਕਲਿੰਗ ਨੇ ਚੀਨੀ ਫ਼ਿਜ਼ਾ ਨੂੰ ਏਨਾ ਜ਼ਹਿਰੀਲਾ ਬਣਾਇਆ ਕਿ 2018 ਵਿਚ 'ਅਪਰੇਸ਼ਨ ਕੌਮੀ ਤਲਵਾਰ' ਰਾਹੀਂ ਚੀਨ ਨੇ ਵਿਦੇਸ਼ਾਂ ਤੋਂ ਕੂੜ-ਕਬਾੜ ਮੰਗਵਾਉਣ ਉੱਤੇ ਮੁਕੰਮਲ ਪਾਬੰਦੀ ਲਾ ਦਿੱਤੀ। ਇਸੇ ਕਾਰਨ ਚੀਨੀ ਵਸਤਾਂ ਹੁਣ ਪਹਿਲਾਂ ਵਾਂਗ ਸਸਤੀਆਂ ਨਹੀਂ। ਉਂਝ, ਚੀਨੀ ਫ਼ੈਸਲੇ ਦਾ ਸਿੱਧਾ ਖ਼ਮਿਆਜ਼ਾ ਹੁਣ ਦੱਖਣ ਏਸ਼ਿਆਈ ਤੇ ਦੱਖਣ-ਪੂਰਬੀ ਏਸ਼ਿਆਈ ਮੁਲਕਾਂ ਨੂੰ ਭੁਗਤਣਾ ਪੈ ਰਿਹਾ ਹੈ। ਅਮਰੀਕਾ ਤੇ ਯੂਰਪ ਦਾ ਸਾਰਾ ਪਲਾਸਟਿਕ ਤੇ ਧਾਤੂਈ ਕਬਾੜ ਹੁਣ ਭਾਰਤ, ਪਾਕਿਸਤਾਨ, ਬੰਗਲਾਦੇਸ਼, ਮਲੇਸ਼ੀਆ, ਇੰਡੋਨੇਸ਼ੀਆ, ਥਾਈਲੈਂਡ ਤੇ ਵੀਅਤਨਾਮ ਵਿਚ ਡੰਪ ਹੋ ਰਿਹਾ ਹੈ।

*ਬੜੀਆਂ ਠੱਗੀਆਂ ਹੋ ਰਹੀਆਂ ਹਨ ਕਚਰਾ ਪ੍ਰਬੰਧਨ ਤੇ ਰੀਸਾਈਕਲਿੰਗ ਦੇ ਨਾਮ 'ਤੇ। ਜ਼ੀਰੋ ਕਾਰਬਨ ਤੇ ਜ਼ੀਰੋ ਵੇਸਟ ਵਰਗੇ ਸੰਕਲਪਾਂ ਤੇ ਦਾਅਵਿਆਂ ਦੀ ਵੀ ਬਾਰੀਕਬੀਨੀ ਨਾਲ ਪੁਣ-ਛਾਣ ਹੋਣੀ ਚਾਹੀਦੀ ਹੈ। ਸਭ ਕੁਝ ਖ਼ਰਾ ਨਹੀਂ ਹੋ ਰਿਹਾ ਇਨ੍ਹਾਂ ਸੰਕਲਪਾਂ/ਸਿਧਾਂਤਾਂ ਦੇ ਨਾਮ 'ਤੇ।

*ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਿਕ ਦੁਨੀਆ ਦੇ ਤਿੰਨ ਕਰੋੜ (ਗ਼ੈਰ-ਸਰਕਾਰੀ ਅਨੁਮਾਨਾਂ ਅਨੁਸਾਰ ਸੱਤ ਕਰੋੜ) ਲੋਕ ਕੂੜ-ਕਬਾੜ ਖੰਘਾਲਣ ਦਾ ਕੰਮ ਕਰ ਰਹੇ ਹਨ। ਉਹ ਇਸ ਦੇ ਜ਼ਰੀਏ ਆਪਣਾ ਪੇਟ ਜ਼ਰੂਰ ਭਰ ਰਹੇ ਹਨ ਪਰ ਅਜਿਹੇ ਖ਼ਤਰਨਾਕ ਜਰਾਸੀਮ ਆਪਣੇ ਅੰਦਰ ਲਿਜਾ ਰਹੇ ਹਨ ਜੋ ਅਗਲੀਆਂ ਕਈ ਪੁਸ਼ਤਾਂ ਨੂੰ ਸਿਹਤਮੰਦ ਜੀਵਨ ਦੀਆਂ ਖ਼ੁਸ਼ੀਆਂ ਤੋਂ ਮਹਿਰੂਮ ਕਰ ਸਕਦੇ ਹਨ।

*ਕੂੜਾ ਪ੍ਰਬੰਧਨ, ਕੂੜਾ ਖੰਘਾਲਣ ਤੇ ਕੂੜੇ ਦੀ ਕੱਚੇ ਮਾਲ ਵਜੋਂ ਵਰਤਣ ਨਾਲ ਜੁੜੇ ਧੰਦਿਆਂ ਨੇ ਤਕਰੀਬਨ ਹਰ ਮੁਲਕ ਵਿਚ ਨਵੇਂ-ਨਵੇਂ ਮਾਫ਼ੀਆ ਪੈਦਾ ਕੀਤੇ ਹਨ ਜੋ ਕਾਨੂੰਨ ਵਿਵਸਥਾ ਲਈ ਵੱਡਾ ਖ਼ਤਰਾ ਹਨ।

ਉਪਰੋਕਤ ਸਾਰੇ ਨੁਕਤੇ 'ਵੇਸਟਲੈਂਡ' ਦੀ ਭੂਮਿਕਾ ਦੇ ਸਿਰਫ਼ ਚਾਰ ਪੰਨਿਆਂ ਵਿਚੋਂ ਲਏ ਗਏ ਹਨ। ਬਾਕੀ ਕਿਤਾਬ ਕੀ-ਕੀ ਦੱਸਦੀ ਹੈ, ਉਸ ਦਾ ਅੰਦਾਜ਼ਾ ਇਨ੍ਹਾਂ ਨੁਕਤਿਆਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਫਰੈਂਕਲਿਨ-ਵੈਲਿਸ ਨੇ ਇਹ ਸਾਰਾ ਗਹਿਰ-ਗਿਆਨ ਖੋਜਣ, ਖੰਘਾਲਣ ਤੇ ਕਲਮਬੰਦ ਕਰਨ ਉੱਤੇ ਪੂਰੇ ਚਾਰ ਸਾਲ ਲਾਏ। ਉਹ ਗਾਜ਼ੀਪੁਰ (ਦਿੱਲੀ) ਦੇ ਕੂੜੇ ਦੇ ਪਹਾੜਾਂ 'ਤੇ ਵੀ ਚੜ੍ਹਿਆ ਅਤੇ ਲੰਡਨ ਦੇ ਸੀਵਰਾਂ ਵਿਚ ਵੀ ਉਤਰਿਆ। ਵੀਰਾਨ ਅਮਰੀਕੀ ਖਾਣ ਨਗਰੀਆਂ ਦੀ ਕੂੜਾ ਡੰਪਾਂ ਵਜੋਂ ਕੁਵਰਤੋਂ ਦਾ ਜਾਇਜ਼ਾ ਲੈਣ ਵਾਸਤੇ ਉਹ ਤਿੰਨ ਮਹੀਨਿਆਂ ਤੱਕ ਵੱਖ-ਵੱਖ ਨਗਰੀਆਂ ਵਿਚ ਰਾਤਾਂ ਬਸਰ ਕਰਦਾ ਰਿਹਾ ਅਤੇ ਘਾਨਾ ਤੇ ਮੌਜ਼ੰਬੀਕ ਦੀਆਂ ਸੈਕੰਡ ਹੈਂਡ ਮਾਰਕੀਟਾਂ ਵਿਚ ਦੋ ਮਹੀਨੇ ਘੁੰਮਦਾ ਰਿਹਾ ਤਾਂ ਜੋ ਪੱਛਮੀ ਦੇਸ਼ਾਂ ਵੱਲੋਂ ਰੱਦੀ ਕੀਤੇ ਕੱਪੜਿਆਂ, ਜੁੱਤੀਆਂ, ਮੋਬਾਈਲਾਂ, ਟੇਬਲੈਟਾਂ ਤੇ ਟੈਲੀਵਿਜ਼ਨ ਸੈੱਟਾਂ ਨੂੰ ਗ਼ਰੀਬ ਮੁਲਕਾਂ ਵੱਲੋਂ ਸਵੀਕਾਰੇ ਜਾਣ ਅਤੇ ਅੱਗੇ ਹੋਰ ਗ਼ਰੀਬ ਮੁਲਕਾਂ ਵੱਲ ਬਰਾਮਦ ਕੀਤੇ ਜਾਣ ਦੀ ਰਣਨੀਤੀ ਤੇ ਆਰਥਿਕਤਾ ਉਸ ਦੇ ਵੀ ਪੱਲੇ ਪੈ ਸਕੇ। ਅਜਿਹੀਆਂ ਮਸ਼ਕਾਂ ਦੌਰਾਨ ਉਸ ਨੇ ਖ਼ੁਦ ਨੂੰ ਇਕ ਨਾਮੁਰਾਦ ਬਿਮਾਰੀ ਲਾ ਲਈ ਜਿਸ ਦਾ ਇਲਾਜ ਕਾਫ਼ੀ ਮਹਿੰਗਾ ਹੈ।

ਭੂਮਿਕਾ ਤੇ ਅੰਤਿਕਾ ਤੋਂ ਇਲਾਵਾ ਕਿਤਾਬ ਦੇ ਤਿੰਨ ਅਨੁਭਾਗ ਹਨ ਜਿਨ੍ਹਾਂ ਨੂੰ ਉਸ ਨੇ ਮਲੀਨ, ਬਦਬੂਦਾਰ ਤੇ ਜ਼ਹਿਰੀਲਾ ਨਾਮ ਦਿੱਤੇ ਹਨ। ਪਹਿਲੇ ਅਨੁਭਾਗ ਦੇ ਪੰਜ ਅਧਿਆਇ ਹਨ, ਦੂਜੇ ਦੇ ਤਿੰਨ ਅਤੇ ਤੀਜੇ ਦੇ ਚਾਰ। ਇਹ ਅਧਿਆਇ ਦੱਸਦੇ ਹਨ ਕਿ ਜੂਠ ਨੂੰ ਕਿਵੇਂ ਬਿਲੇ ਲਾਇਆ ਜਾਂਦਾ ਹੈ, ਪਲਾਸਟਿਕ ਨੂੰ ਰੀਸਾਈਕਲ ਕਰ ਕੇ ਕੀ ਕੁਝ ਕਿੱਥੇ ਕਿੱਥੇ ਬਣਾਇਆ ਜਾਂਦਾ ਹੈ ਅਤੇ ਹੋਰ ਗੈਰ-ਮੁਫ਼ੀਦ ਰਹਿੰਦ-ਖੂੰਹਦ ਦੀ ਕਿੱਥੇ ਵਰਤੋਂ ਕੀਤੀ ਜਾਂਦੀ ਹੈ। ਇਸ ਸਾਰੇ ਅਮਲ ਦੌਰਾਨ ਕਿਹੜੀਆਂ-ਕਿਹੜੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਹੋ ਰਹੀਆਂ ਹਨ ਅਤੇ ਉਹ ਕੀ ਕੀ ਕਹਿਰ ਢਾਹ ਰਹੀਆਂ ਹਨ, ਇਹ ਜਾਣਕਾਰੀ ਵੀ ਆਮ ਪਾਠਕ ਦੇ ਸਮਝ ਆਉਣ ਵਾਲੀ ਭਾਸ਼ਾ ਵਿਚ ਮੌਜੂਦ ਹੈ। ਕਿਤਾਬ ਦੱਸਦੀ ਹੈ ਕਿ ਕੂੜਾ ਫੈਲਾਉਣ ਦੀ ਇਨਸਾਨੀ ਬਿਰਤੀ ਨਾ ਸਿਰਫ਼ ਧਰਤੀ ਸਗੋਂ ਬ੍ਰਹਿਮੰਡ ਵਿਚ ਵੀ ਪੁਲਾੜ ਸਾਇੰਸ ਵਾਸਤੇ ਬਹੁਤ ਵੱਡੀ ਸਿਰਦਰਦੀ ਬਣ ਗਈ ਹੈ।

ਕਿਤਾਬ ਦਾ ਸਾਰਥਿਕ ਪੱਖ ਇਹ ਹੈ ਕਿ ਇਹ ਸਿਰਫ਼ ਨਾਂਹ-ਪੱਖੀ ਕਥਾ-ਵਾਰਤਾ ਨਹੀਂ ਪੇਸ਼ ਕਰਦੀ, ਹਾਂ-ਪੱਖੀ ਯਤਨਾਂ ਨੂੰ ਵੀ ਬਿਆਨ ਕਰਦੀ ਹੈ। ਇਹ ਦਰਜਨਾਂ ਅਮਲੀ ਕਦਮ ਵੀ ਸੁਝਾਉਂਦੀ ਹੈ ਜੋ ਮਲੀਨਤਾ ਤੇ ਕਬਾੜ ਘਟਾਉਣ ਵਿਚ ਮਦਦਗਾਰ ਹੋ ਸਕਦੇ ਹਨ। ਕੁੱਲ ਮਿਲਾ ਕੇ ਇਹ ਕਿਤਾਬ ਚਿਤਾਵਨੀ ਵੀ ਹੈ ਤੇ ਉਮੀਦ ਦੀ ਕਿਰਨ ਵੀ।

---


ਇੰਦਰ ਸਿੰਘ ਮਾਨ ਦੀ ਕਵਿਤਾ ਸਰਲ ਵੀ ਹੁੰਦੀ ਹੈ ਤੇ ਸਪਸ਼ਟ ਵੀ। ਮਾਨਵੀ ਤੇ ਸਮਾਜਮੁਖੀ ਸਰੋਕਾਰ ਉਨ੍ਹਾਂ ਦੀਆਂ ਕਾਵਿ-ਰਚਨਾਵਾਂ ਦਾ ਧਰਾਤਲ ਰਹੇ ਹਨ ਅਤੇ ਇਹੋ ਧਰਾਤਲ ਉਨ੍ਹਾਂ ਦੇ ਪੰਜਵੇਂ ਕਾਵਿ-ਸੰਗ੍ਰਹਿ 'ਦੂਨੀ ਵਜਾਈ ਵਜਦੀ' ਦਾ ਆਧਾਰ ਹੈ। ਸੰਖੇਪ ਜਿਹੀ ਭੂਮਿਕਾ ਵਿਚ ਉਹ ਲਿਖਦੇ ਹਨ: 'ਲੜਾਈ ਕਿਸੇ ਨਿਸ਼ਾਨੇ ਨੂੰ ਮਿੱਥ ਕੇ ਲੜਨ ਦੀ ਥਾਂ ਲੋਕ ਆਪਸ ਵਿਚ ਹੀ ਗੁੱਥਮਗੁੱਥਾ ਹੋ ਰਹੇ ਹਨ। ਲੜਾਈ ਵਿਚਾਰਾਂ ਦੀ, ਲੋੜਾਂ ਦੀ, ਸਹਿਜ ਦੀ, ਦੁੱਖਾਂ ਤੋਂ ਛੁਟਕਾਰੇ ਦੀ ਅਤੇ ਭਵਿੱਖਮੁਖੀ ਹੋਣ ਦੀ ਥਾਂ ਨਿੱਜ ਤੀਕ ਹੀ ਸੀਮਤ ਹੋ ਗਈ ਹੈ। ਹਰ ਕੋਈ ਰਿਸ਼ਤਿਆਂ ਨੂੰ ਹੀ ਕਤਲ ਕਰਨ ਵੱਲ ਤੁਰ ਪਿਆ ਹੈ।... ਇਸ ਵਰਤਾਰੇ ਨੂੰ ਹੀ ਮੈਂ ਕਵਿਤਾ ਰਾਹੀਂ ਤੁਹਾਡੇ ਰੂਬਰੂ ਕਰਨ ਦੀ ਕੋਸ਼ਿਸ਼ ਕੀਤੀ ਹੈ।' ਸੰਗ੍ਰਹਿ ਅੰਦਰਲੀਆਂ ਪੰਜ ਦਰਜਨ ਤੋਂ ਵੱਧ ਕਵਿਤਾਵਾਂ ਇਸੇ ਕੋਸ਼ਿਸ਼ ਦਾ ਹੀ ਪ੍ਰਤੀਬਿੰਬ ਹਨ। ਇਨ੍ਹਾਂ ਵਿਚ ਮਜਬੂਰੀ ਵੀ ਹੈ, ਮਾਯੂਸੀ ਵੀ, ਬੇਵਸੀ ਵੀ ਅਤੇ ਆਸਵੰਦੀ ਵੀ। ਆਸ਼ਾਵਾਦ ਦਾ ਮੁਰੀਦ ਹੋਣ ਕਰਕੇ ਮੈਂ ਉਨ੍ਹਾਂ ਕਾਵਿ-ਅੰਸ਼ਾਂ 'ਤੇ ਉਂਗਲੀ ਧਰ ਰਿਹਾ ਹਾਂ ਜੋ ਖੁਸ਼ਨੂਦੀ ਦਾ ਸੁਨੇਹਾ ਦਿੰਦੇ ਹਨ: 'ਕੁਦਰਤ ਉਸ ਨੂੰ ਬਲ ਬਖਸ਼ੇ/ਨਵਿਆਂ ਰਾਹਾਂ 'ਤੇ ਤੁਰਨ ਦੀ/ਲੈ ਕੇ ਕਿਰਦਾਰ ਪਹਿਲਾ/ਲੋਕਾਂ ਦੇ ਵੱਲ ਮੁੜਨ ਦੀ/ਖਿੜ ਪਏ ਫੁੱਲਾਂ ਦੇ ਵਾਂਗ/ਜੋ ਥੋਹਰ ਵਰਗਾ ਹੋ ਗਿਆ।' ਅਤੇ 'ਧਰਤੀ ਲੱਗੇ ਬੰਜਰ ਬੰਜਰ/ਜ਼ਿੰਦਗੀ ਲੱਗੇ ਖੰਜਰ ਖੰਜਰ/ਪਰ ਹਰ ਵੇਲੇ ਇਕ ਆਸ ਰਹੇ/ਕੌਲ ਨਹੀਂ ਪਰ ਮੋੜੀ ਦਾ ਨਹੀਂ/ਦਿਲ ਕਿਸੇ ਦਾ ਤੋੜੀਦਾ ਨਹੀਂ/ਹਰ ਦਮ ਉਸ ਦਾ ਵਾਸ ਰਹੇ'। ਵਿਚਾਰਾਂ, ਕਾਵਿਕਤਾ ਤੇ ਕਾਵਿ-ਹੁਨਰ ਪੱਖੋਂ ਖ਼ੂਬਸੂਰਤ ਹੈ ਇਹ ਕਿਤਾਬ।

***ਫਰੈਂਕਲਿਨ-ਵੈਲਿਸ ਲਿਖਦਾ ਹੈ ਕਿ ਇਨਸਾਨ ਪਿਛਲੀਆਂ ਦੋ-ਚਾਰ ਸਦੀਆਂ ਤੋਂ ਨਹੀਂ, ਪਿਛਲੇ 10 ਹਜ਼ਾਰ ਸਾਲਾਂ ਤੋਂ ਧਰਤੀ ਨੂੰ ਪਲੀਤ ਕਰ ਰਿਹਾ ਹੈ, ਕਚਰਾ ਤੇ ਗੰਦਗੀ ਫੈਲਾ ਕੇ, ਕੁਦਰਤ ਦੀਆਂ ਨਿਆਮਤਾਂ ਨੂੰ ਨਿਰੰਤਰ ਜ਼ਾਇਆ ਕਰ ਕੇ। ਕਚਰਾ ਤਾਂ ਪੇੜ-ਪੌਦੇ ਵੀ ਫੈਲਾਉਂਦੇ ਹਨ ਅਤੇ ਜੀਵ-ਜੰਤ ਵੀ ਪਰ ਉਨ੍ਹਾਂ ਦੇ ਫੋਕਟਾਂ ਨੂੰ ਧਰਤੀ ਦੀ ਪੈਦਾਇਸ਼ੀ ਤਾਕਤ ਮਜ਼ਬੂਤ ਕਰਨ ਜਾਂ ਇਸ ਤਾਕਤ ਦੇ ਖੋਰੇ ਦੀ ਭਰਪਾਈ ਕਰਨ ਦੇ ਜਿਹੜੇ ਵਸੀਲੇ ਕੁਦਰਤ ਨੇ ਵੀ ਇਜਾਦ ਕਰ ਰੱਖੇ ਹਨ, ਉਨ੍ਹਾਂ ਨਾਲ ਨਾ ਪੇੜ-ਪੌਦੇ ਛੇੜ-ਛਾੜ ਕਰਦੇ ਹਨ ਅਤੇ ਨਾ ਹੀ ਜੀਵ-ਜੰਤ। ਇਸ ਤੋਂ ਉਲਟ ਇਨਸਾਨ ਕਚਰਾ ਵੀ ਲੋੜੋਂ ਵੱਧ ਪੈਦਾ ਕਰਦਾ ਆਇਆ ਹੈ ਅਤੇ ਉਸ ਨੂੰ ਖਪਾਉਣ ਦੇ ਕੁਦਰਤ ਦੇ ਵਿਧਾਨ ਵਿਚ ਅੜਿੱਕੇ ਵੀ ਪੈਦਾ ਕਰਦਾ ਆਇਆ ਹੈ, ਖ਼ਾਸ ਕਰ ਕੇ ਪਿਛਲੀਆਂ ਤਿੰਨ ਸਦੀਆਂ ਤੋਂ।***

# 'ਮਾਸਟਰ ਜੀ' ਅਤੇ ਪੰਜਾਬ ਦੀ ਤਾਂਘ

**ਉਘਾ ਕਲਾਕਾਰ ਰਾਣਾ ਰਣਬੀਰ ਅੱਜ ਕੱਲ੍ਹ ਪੰਜਾਬ ਦੇ ਦੌਰੇ 'ਤੇ ਹੈ ਅਤੇ ਆਪਣੇ ਨਾਟਕ 'ਮਾਸਟਰ ਜੀ' ਨਾਲ ਪੰਜਾਬ ਦੇ ਲੋਕਾਂ ਨਾਲ ਸੰਵਾਦ ਰਚਾ ਰਿਹਾ ਹੈ। ਆਪਣੀਆਂ ਫਿਲਮਾਂ ਵਾਂਗ ਹੀ ਇਸ ਨਾਟਕ ਦੇ ਸੰਵਾਦ ਦੇ ਕੇਂਦਰ ਵਿਚ ਅੱਜ ਦਾ ਉਹੀ ਪੰਜਾਬ ਹੈ ਜਿਹੜਾ ਹਰ ਫਰੰਟ 'ਤੇ ਬੁਰੀ ਤਰ੍ਹਾਂ ਲਤਾੜਿਆ ਜਾਪਦਾ ਹੈ। ਇਸ ਸੰਵਾਦ ਰਾਹੀਂ ਰਾਣਾ ਰਣਬੀਰ ਨੇ ਪੰਜਾਬ ਦੀਆਂ ਤਾਂਘਾਂ ਅਤੇ ਉਮੀਦਾਂ ਦੀ ਬਾਤ ਆਪਣੇ ਢੰਗ ਨਾਲ ਪਾਈ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋ. ਗੁਰਮੁਖ ਸਿੰਘ ਨੇ ਆਪਣੇ ਇਸ ਲੇਖ ਵਿਚ 'ਮਾਸਟਰ ਜੀ' ਦੇ ਕਰਤਾ ਰਾਣਾ ਰਣਬੀਰ ਅਤੇ ਪੰਜਾਬ ਦੇ ਮਸਲਿਆਂ ਬਾਰੇ ਗੱਲਾਂ ਕੀਤੀਆਂ ਹਨ।**







*ਸਟੇਜ ਉਤੇ 'ਮਾਸਟਰ ਜੀ' ਰਾਣਾ ਰਣਬੀਰ ਅਤੇ ਸਹਿ-ਕਲਾਕਾਰ।*

ਕਿਸੇ ਵੀ ਕਲਾ ਦੀ ਇਹ ਵੱਡੀ ਖ਼ੂਬੀ ਹੁੰਦੀ ਹੈ ਕਿ ਉਹ ਤੁਹਾਨੂੰ ਹੈਰਾਨ ਕਰ ਦੇਵੇ, ਰਾਣਾ ਰਣਬੀਰ ਦਾ ਨਾਟਕ 'ਮਾਸਟਰ ਜੀ' ਤੁਹਾਨੂੰ ਕਈ ਤਰ੍ਹਾਂ ਨਾਲ ਹੈਰਾਨ ਕਰਦਾ ਹੈ।



**ਗੁਰਮੁਖ ਸਿੰਘ**
**ਫੋਨ: +91-98720-09726**

ਪਹਿਲੀ ਹੈਰਾਨੀ ਇਸ ਦੀ ਪ੍ਰਸਿੱਧੀ ਨੂੰ ਦੇਖ ਕੇ ਹੁੰਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਸ ਦਾ 41ਵਾਂ ਅਤੇ 42ਵਾਂ ਸ਼ੋਅ ਸੀ। ਇਸ ਤੋਂ ਪਹਿਲਾਂ ਇਸ ਨਾਟਕ ਦੇ 38 ਸ਼ੋਅ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਨੀਦਰਲੈਂਡ, ਬੈਲਜੀਅਮ, ਫ਼ਰਾਂਸ, ਜਰਮਨੀ ਅਤੇ ਸਪੇਨ ਵਿਚ ਹੋ ਚੁੱਕੇ ਹਨ। ਯੂਰਪ ਵਿਚ ਪੇਸ਼ ਕੀਤਾ ਜਾਣ ਵਾਲਾ ਇਹ ਪਹਿਲਾ ਪੰਜਾਬੀ ਨਾਟਕ ਹੈ। ਵਿਦੇਸ਼ਾਂ ਵਿਚ ਹੋਈਆਂ ਤਮਾਮ ਪੇਸ਼ਕਾਰੀਆਂ ਨੂੰ ਦਰਸ਼ਕਾਂ ਨੇ ਟਿਕਟਾਂ ਲੈ ਕੇ ਦੇਖਿਆ।

ਪੰਜਾਬੀ ਯੂਨੀਵਰਸਿਟੀ ਵਿਚ ਪਹਿਲਾ ਸ਼ੋਅ ਕਲਾ ਭਵਨ ਵਿਚ ਸੀ। ਵੱਡੀ ਗਿਣਤੀ ਦਰਸ਼ਕ ਹਾਲ ਦੀ ਸੀਮਤ ਸਮਰੱਥਾ ਕਾਰਨ ਸ਼ੋਅ ਨਾ ਦੇਖ ਸਕੇ। ਦੂਜੇ ਦਿਨ ਦਾ ਸ਼ੋਅ ਸਥਾਨ ਦੀ ਤਬਦੀਲੀ ਕਰ ਕੇ ਗੁਰੂ ਤੇਗ ਬਹਾਦਰ ਹਾਲ ਵਿਚ ਰੱਖਿਆ ਗਿਆ। ਗੁਰੂ ਤੇਗ ਬਹਾਦਰ ਹਾਲ ਬਹੁਤ ਵੱਡਾ ਹਾਲ ਹੈ, ਕਦੇ ਹੀ ਪੂਰਾ ਭਰਦਾ ਹੈ। ਕਿਸੇ ਬਹੁਤ ਪ੍ਰਸਿੱਧ ਪ੍ਰਚਲਿਤ ਗਾਇਕ ਲਈ ਭਰ ਜਾਵੇ, ਕੋਈ ਅਲੋਕਾਰੀ ਗੱਲ ਨਹੀਂ ਪਰ ਕਿਸੇ ਨਾਟਕ ਲਈ ਭਰ ਜਾਵੇ, ਇਹ ਅਲੋਕਾਰੀ ਗੱਲ ਹੈ। ਰਾਣਾ ਰਣਬੀਰ ਦੇ ਨਾਟਕ 'ਮਾਸਟਰ ਜੀ' ਲਈ ਇਹ ਹਾਲ ਭਰਦਾ ਹੀ ਨਹੀਂ ਸਗੋਂ ਨੱਕੋ-ਨੱਕ ਭਰਦਾ ਹੈ। ਦਰਸ਼ਕ ਖੜ੍ਹੇ ਹੋ, ਥੱਲੇ ਬੈਠ ਨਾਟਕ ਦਾ ਆਨੰਦ ਮਾਣਦੇ ਹਨ।

ਇਸ ਨਾਟਕ ਦੀ ਪ੍ਰਸਿੱਧੀ ਨੂੰ ਦੇਖ ਕੇ ਯਕੀਨ ਅਤੇ ਹੌਸਲਾ ਹੁੰਦਾ ਹੈ ਕਿ ਚੰਗੀ ਕਲਾ ਨੂੰ ਪੈਦਾ ਕਰਨ ਅਤੇ ਚੰਗੀ ਕਲਾ ਨੂੰ ਹੁੰਗਾਰਾ ਭਰਨ ਦਾ ਪੰਜਾਬੀਆਂ ਵਿਚ ਹਾਲੇ ਵੀ ਬਹੁਤ ਮਾਦਾ ਹੈ।

ਇਸ ਨਾਟਕ ਨੇ ਰੰਗਮੰਚ ਦੀ ਸਮਰੱਥਾ ਅਤੇ ਅਹਿਮੀਅਤ ਨੂੰ ਉਭਾਰਿਆ ਹੈ ਜੋ ਹੈਰਾਨ ਕਰਨ ਵਾਲਾ ਹੈ। ਸਟੇਜ ਅਤੇ ਦਰਸ਼ਕ ਜੀਵੰਤ ਰਿਸ਼ਤੇ ਵਿਚ ਅਹਿਸਾਸਾਂ/ਅਨੁਭਵਾਂ ਨੂੰ ਜਿਸ ਤਰ੍ਹਾਂ ਜਿਊਂਦੇ ਹਨ, ਉਹ ਕਿਸੇ ਹੋਰ ਵਿਧਾ ਦਾ ਹਾਸਿਲ ਨਹੀਂ ਬਣ ਸਕਦਾ। ਇਸ ਗੱਲ ਦਾ ਅਹਿਸਾਸ ਨਾਟਕ 'ਮਾਸਟਰ ਜੀ' ਨੂੰ ਦੇਖਦਿਆਂ ਵਾਰ-ਵਾਰ ਹੁੰਦਾ ਹੈ। ਇਹ ਨਾਟਕ ਪੰਜਾਬੀ ਰੰਗਮੰਚ ਦੀ ਮਿਸਾਲੀ ਪ੍ਰਾਪਤੀ ਹੈ। ਇਹ ਗੱਲ ਇਸ ਕਾਰਨ ਹੋਰ ਵੀ ਖ਼ਾਸ ਹੈ ਕਿ ਅਜੋਕੇ ਦੌਰ ਵਿਚ ਤਾਂ ਹਲਕੇ ਕਿਸਮ ਦੀਆਂ ਫਿਲਮਾਂ ਅਤੇ ਭੜਕਾਊ ਗੀਤਾਂ ਦਾ ਦਬਦਬਾ ਹੈ। ਉਂਝ ਕਿਤੇ-ਕਿਤੇ ਕੁਝ ਚੰਗਾ ਨਜ਼ਰ ਆਉਣ ਤੋਂ ਵੀ ਇਨਕਾਰ ਨਹੀਂ ਪਰ ਉਹ ਅਕਸਰ ਹਾਸ਼ੀਏ 'ਤੇ ਹੀ ਰਹਿ ਜਾਂਦਾ ਹੈ। ਮੁੱਖਧਾਰਾ ਦਾ ਹਿੱਸਾ ਨਹੀਂ ਬਣਦਾ। ਰੰਗਮੰਚ ਤਾਂ ਜਿਵੇਂ ਪੂਰਾ ਹੀ ਹਾਸ਼ੀਏ 'ਤੇ ਹੈ।

ਅਜਿਹੇ ਮਾਹੌਲ ਵਿਚ 'ਮਾਸਟਰ ਜੀ' ਜਿਹਾ ਨਾਟਕ ਗਹਿਰ-ਗੰਭੀਰ ਵਿਸ਼ੇ ਅਤੇ ਵਿਅੰਗ ਦੇ ਅੰਦਾਜ਼ ਨਾਲ ਮੁੱਖਧਾਰਾ ਦਾ ਹਿੱਸਾ ਬਣ ਜਾਵੇ, ਹਿੱਸਾ ਹੀ ਨਾ ਬਣੇ ਸਗੋਂ ਮੁੱਖਧਾਰਾ ਨੂੰ ਤਬਦੀਲੀ ਦੇ ਰਾਹ ਪਾ ਦੇਵੇ, ਇਹ ਹੈਰਾਨ ਕਰਦਾ ਹੈ। ਹੈਰਾਨੀ ਵਿਚੋਂ ਚੰਗਿਆਈ ਦੀ ਉਮੀਦ ਪੁੰਗਰਦੀ ਹੈ। ਇਹ ਉਮੀਦ ਦੇਣੀ ਰਾਣਾ ਰਣਬੀਰ ਅਤੇ ਉਸ ਦੀ ਟੀਮ ਦੇ ਹਿੱਸੇ ਆਇਆ ਹੈ। ਅਸਲ ਵਿਚ ਹੁਨਰ ਅਤੇ ਮਿਹਨਤ ਨੇ ਰਾਣੇ ਅੰਦਰ ਖ਼ੂਬਸੂਰਤੀ ਭਰ ਦਿੱਤੀ ਹੈ। ਕਲਾ ਦੀ ਪਕਿਆਈ ਕਿਵੇਂ ਕਿਸੇ ਨੂੰ ਖ਼ੂਬਸੂਰਤ ਬਣਾ ਦਿੰਦੀ ਹੈ, ਇਹ ਰਾਣਾ ਰਣਬੀਰ ਨੂੰ ਦੇਖ ਕੇ ਸਮਝਿਆ ਜਾ ਸਕਦਾ ਹੈ।

ਇਸ ਨਾਟਕ ਦਾ ਵਿਸ਼ੇਗਤ ਅਤੇ ਵਿਚਾਰਧਾਰਕ ਮਿਆਰ ਦਰਸ਼ਕ ਨੂੰ ਹੈਰਾਨ ਕਰਦਾ ਹੈ। ਨਾਟਕ ਸਮਕਾਲੀ ਪੰਜਾਬੀ ਸਮਾਜ ਦੀਆਂ ਕਾਣਾਂ 'ਤੇ ਦਲੇਰੀ ਨਾਲ ਉਂਗਲ ਧਰਦਾ ਹੈ। ਧਾਰਮਿਕ ਕੱਟੜਤਾ, ਧਾਰਮਿਕ ਵਿਰਸੇ ਅਤੇ ਇਤਿਹਾਸ ਪ੍ਰਤੀ ਆਪਮੁਹਾਰਾਪਣ, ਸੋਸ਼ਲ ਮੀਡੀਆ 'ਤੇ ਹੁੰਦੀ ਗੁੰਡਾਗਰਦੀ, ਭੀੜ ਦਾ ਬੁੱਧੀਹੀਣ ਵਿਹਾਰ, ਨਸ਼ਿਆਂ ਦਾ ਬੋਲਬਾਲਾ, ਜਾਤ-ਗੋਤ ਦਾ ਨਸ਼ਾ, ਪੰਜਾਬੀ ਬੰਦੇ ਦੇ ਵਿਹਾਰ ਵਿਚ ਅਸਹਿਜਤਾ, ਹੰਕਾਰ, ਫ਼ੁਕਰਾਪਣ ਅਤੇ ਲਾਈਲੱਗਤਾ ਇਸ ਨਾਟਕ ਵਿਚ ਤਿੱਖੇ ਵਿਅੰਗ ਹੇਠ ਹਨ। ਇਹ ਨਾਟਕ ਗ਼ਲਤ 'ਤੇ ਉਂਗਲ ਹੀ ਨਹੀਂ ਰੱਖਦਾ ਸਗੋਂ ਉਸ ਦੀ ਪਛਾਣ ਵੀ ਕਰਾਉਂਦਾ ਹੈ ਜੋ ਬੇਸ਼ਕੀਮਤੀ ਹੈ। ਦਸਤਾਰ ਦੀ ਅਹਿਮੀਅਤ, ਗੁਰੂ ਸਾਹਿਬਾਨ ਦੀ ਸਿੱਖਿਆ ਤੇ ਅਮਲ, ਰਿਸ਼ਤਿਆਂ ਦੀ ਪਾਕੀਜ਼ਗੀ, ਜ਼ੁਬਾਨ ਦੀ ਤਹਿਜ਼ੀਬ, ਤਾਉਮਰ ਵਿਦਿਆਰਥੀ ਬਣੇ ਰਹਿਣ ਦੀ ਅਹਿਮੀਅਤ, ਸ਼ਬਦ ਤੇ ਕਿਤਾਬ ਦੀ ਪਵਿੱਤਰ ਸੰਗਤ ਅਤੇ ਚੰਗਿਆਈ ਦੀਆਂ ਹੋਰ ਪਰਤਾਂ ਦਾ ਨਾਟਕ ਮੁੜ ਅਹਿਸਾਸ ਕਰਾਉਂਦਿਆਂ ਦਰਸ਼ਕ ਨੂੰ ਧੁਰ ਅੰਦਰ ਤੱਕ ਹਲੂਣਦਾ ਹੈ।

ਵਿਸ਼ੇ ਅਤੇ ਵਿਚਾਰਧਾਰਾ ਪੱਖੋਂ ਹੈਰਾਨ ਕਰਨ ਵਾਲਾ ਇਕ ਹੋਰ ਤੱਤ ਇਸ ਵਿਚ ਜਟਿਲਤਾ ਅਤੇ ਸਰਲਤਾ ਦੇ ਸਮਨਵੈ (ਸੁਮੇਲ) ਦਾ ਹੈ। ਅੱਜ ਕੱਲ੍ਹ ਕਲਾ ਦੇ ਖੇਤਰ ਵਿਚ 'ਚੱਲਦਾ' ਉਹ ਹੁੰਦਾ ਹੈ ਜੋ ਸਤਹੀ ਹੁੰਦਾ ਹੈ। ਜੋ ਗਹਿਰਾ ਹੈ, ਜਟਿਲ ਹੈ, ਉਹ 'ਚੱਲਦਾ' ਨਹੀਂ। ਨਾਟਕ 'ਮਾਸਟਰ ਜੀ' ਵਿਚ ਸਰਲਤਾ ਦੇ ਨਾਲ ਜਟਿਲ/ਸੂਖ਼ਮ ਗੱਲਾਂ ਕਹੀਆਂ ਗਈਆਂ ਹਨ। ਵਿਅੰਗ ਦੀ ਮੌਜੂਦਗੀ ਗਹਿਰੀਆਂ ਅਤੇ ਜਟਿਲ ਗੱਲਾਂ ਕਹਿਣ ਦੀ ਜੁਗਤ ਬਣਦੀ ਹੈ। ਵਿਅੰਗ ਪੇਸ਼ਕਾਰੀ ਨਾਟਕ ਨੂੰ ਰੌਚਕ ਅਤੇ ਵਿਚਾਰਧਾਰਕ ਜਟਿਲਤਾ ਨਾਟਕ ਨੂੰ ਗਹਿਰਾ ਬਣਾਉਂਦੀ ਹੈ।

ਨਾਟਕ ਵਿਚ ਵਿਸ਼ੇ ਅਤੇ ਵਿਚਾਰਧਾਰਾ ਨੂੰ ਦਰਸ਼ਨ/ਫਿਲਾਸਫ਼ੀ ਦੇ ਲੜ ਲਾਇਆ ਹੈ ਜਿਸ ਨਾਲ ਇਹ ਨਾਟਕ ਸਰਬਕਾਲੀ ਚਰਿੱਤਰ ਧਾਰਨ ਕਰਦਾ ਹੈ। ਇਸ ਵਿਚ ਅਜਿਹੀਆਂ ਦਾਰਸ਼ਨਿਕ ਤੰਦਾਂ ਨੂੰ ਪਰੋਇਆ ਹੈ ਕਿ ਨਾਟਕ ਸਾਲ-ਦਰ-ਸਾਲ ਖੇਡਿਆ ਅਤੇ ਦੇਖਿਆ ਜਾ ਸਕਦਾ ਹੈ। ਸਾਹਿਤ ਅਤੇ ਕਲਾ ਵਿਚ ਦਰਸ਼ਨ ਜ਼ਿੰਦਗੀ ਦੀਆਂ ਬਾਤਾਂ ਨੂੰ ਜੀਵਨ ਦੇ ਅੰਤਿਮ ਸੁਆਲਾਂ ਨਾਲ ਜੋੜ ਕੇ ਪੇਸ਼ ਕਰਨ ਦੀ ਦ੍ਰਿਸ਼ਟੀ ਦਿੰਦਾ ਹੈ। ਇਸ ਨਾਟਕ ਵਿਚ ਜੀਵਨ-ਦਰਸ਼ਨ ਦੀ ਮੌਜੂਦਗੀ ਦਾ ਸਿਖਰ ਉਸ ਥਾਂ 'ਤੇ ਦੇਖਿਆ ਜਾ ਸਕਦਾ ਹੈ ਜਦੋਂ ਪੰਜਾਬੀ ਬੰਦੇ ਦੇ ਮੌਤ ਪ੍ਰਤੀ ਰਵੱਈਏ ਦੀ ਪੇਸ਼ਕਾਰੀ ਹੁੰਦੀ ਹੈ। ਅਸੀਂ ਕਿੰਨੇ ਗਾਫ਼ਿਲ ਹਾਂ ਕਿ ਮੌਤ ਨੂੰ ਦੇਖ ਕੇ ਵੀ ਅਣਦੇਖਿਆ ਕਰ ਦਿੰਦੇ ਤੇ ਹਉਮੈ ਵਿਚ ਗਲਤਾਨ ਹੋ ਜਾਂਦੇ ਹਾਂ। ਨਾਟਕ ਚੋਭ ਲਾਉਂਦਾ ਹੈ ਤੇ ਬੰਦੇ ਦੀ ਛਿਣ-ਭੰਗਰਤਾ ਨੂੰ ਉਭਾਰ, ਦਾਰਸ਼ਨਿਕ ਸੋਚ ਦੀ ਜੁੰਬਿਸ਼ ਦੇ ਜਾਂਦਾ ਹੈ।

ਨਾਟਕ ਵਿਚ ਵਿਅੰਗ ਦੀ ਘਾੜਤ ਵੀ ਆਚੰਭਿਤ ਕਰਦੀ ਹੈ। ਵਿਅੰਗ ਹਾਸੇ-ਠੱਠੇ ਤੋਂ ਕਿਤੇ ਅਗਾਂਹ ਦੀ ਗੱਲ ਹੈ। ਹਾਸਾ-ਠੱਠਾ ਅਕਸਰ ਵਿਚਾਰ ਤੋਂ ਊਣਾ ਹੁੰਦਾ ਹੈ, ਜਿਵੇਂ ਹਸਾਉਣ ਲਈ ਬਣਾਈਆਂ ਸਾਡੀਆਂ ਬਹੁਤੀਆਂ ਫਿਲਮਾਂ ਵਿਚਾਰ ਤੋਂ ਊਣੀਆਂ ਹਨ। ਵਿਅੰਗ ਵਿਚਾਰ ਕੇਂਦਰਤ ਹੁੰਦਾ ਹੈ, ਇਸ ਵਿਚ ਹਾਸਾ ਠੱਠਾ ਹੋ ਸਕਦਾ ਹੈ ਅਤੇ ਨਹੀਂ ਵੀ। ਇਸ ਨਾਲ ਚਿਹਰੇ 'ਤੇ ਮੁਸਕਰਾਹਟ ਵੀ ਆਉਂਦੀ ਹੈ ਤੇ ਦਿਮਾਗ਼ ਵਿਚ ਸੋਚ ਵੀ। ਇਹ ਦਰਸ਼ਕ ਦੀ ਭਾਵਨਾ ਅਤੇ ਬੁੱਧੀ ਦੋਵਾਂ ਨੂੰ ਛੂੰਹਦਾ ਹੈ। ਨਾਟਕ 'ਮਾਸਟਰ ਜੀ' ਵਿਚ ਵਿਚਾਰ ਦੀ ਗਹਿਰਾਈ ਸਮੇਤ ਵਿਅੰਗ ਦਾ ਸਿਖਰ ਵਾਰ-ਵਾਰ ਦੇਖਿਆ ਜਾ ਸਕਦਾ ਹੈ। ਸਿਰਫ਼ ਦੋ ਮਿਸਾਲਾਂ ਦਾ ਇੱਥੇ ਜ਼ਿਕਰ ਕਰਦੇ ਹਾਂ। ਪਹਿਲੀ ਮਿਸਾਲ ਸੋਸ਼ਲ ਮੀਡੀਆ ਦੀ ਵਰਤੋਂ ਦੀ ਹੈ। ਹਰ ਵੇਲ਼ੇ ਵੀਡੀਓ ਬਣਾਉਣ ਲੱਗ ਜਾਣਾ ਜਾਂ ਫੇਸਬੁੱਕ 'ਤੇ ਕਿਸੇ ਦੇ ਕੁਝ ਕਹਿਣ 'ਤੇ ਭੀੜ ਦਾ ਉਸ ਦੇ ਮਗਰ ਪੈ ਜਾਣਾ, ਇਸ 'ਤੇ ਕੀਤੇ ਤਿੱਖੇ ਵਿਅੰਗ ਨਾਟਕ ਦਾ ਹਾਸਿਲ ਹਨ। ਇਸੇ ਤਰ੍ਹਾਂ ਸਾਡੇ ਰਿਸ਼ਤਿਆਂ ਵਿਚ ਕਿਵੇਂ ਗੰਧਲਾਪਣ ਆ ਗਿਆ ਹੈ, ਉਸ 'ਤੇ ਵੀ ਤਿੱਖਾ ਵਿਅੰਗ ਇਸ ਸ਼ਾਨਦਾਰ ਉਚਾਰ ਰਾਹੀਂ ਕੀਤਾ ਗਿਆ ਹੈ:



*ਰਾਣਾ ਰਣਬੀਰ: ਕਹਿਤੇ ਹੈਂ ਕਿ ਗਾਲਿਬ ਕਾ ਹੈ ਅੰਦਾਜ਼-ਏ-ਬਯਾਂ ਔਰ।*

ਕੋਈ ਵੀ ਕਹਾਣੀ ਕਿਸੇ ਦੂਜੀ ਕਹਾਣੀ ਤੋਂ ਅੱਡ ਨੀ। ਸਭ ਕੁਝ ਰਲਗੱਡ ਐ। ਪਿਆਰ 'ਚ ਧੋਖਾ ਰਲਿਆ ਮਿਲ ਜਾਂਦਾ ਤੇ ਹੀਰ 'ਚ ਸਾਹਿਬਾਂ। ਪਿਓ 'ਚ ਬਲਾਤਕਾਰੀ ਵੀ ਮਿਲ ਜਾਂਦੈ ਤੇ ਪੁੱਤ 'ਚ ਮਾਂ ਦਾ ਕਾਤਿਲ। ਹਰ ਘਰ ਹੀਰ ਦੇ ਵਿਰੁੱਧ ਐ ਤੇ ਹਰ ਭਾਈ ਮਿਰਜ਼ੇ ਦੇ ਖ਼ਿਲਾਫ਼ ਭੁਗਤ ਜਾਂਦਾ।

ਮੇਰੇ ਅੰਦਰ ਨਿਆਣਾ ਵੀ ਆ। ਸਿਆਣਾ ਵੀ। ਬਹਾਦਰ ਵੀ ਮੇਰੇ 'ਚ ਆ ਡਰਪੋਕ ਵੀ। ਬਾਕੀ ਹੱਸਣਾ ਖੇਡਣਾ ਠੀਕ ਆ, ਹੱਸਦੇ ਹੱਸਦੇ ਰੋਣਾ, ਰੋਂਦੇ ਹੋਏ ਹੱਸਣਾ। ਖ਼ੁਸ਼ੀਆਂ ਗਮੀਆਂ ਭੈਣਾਂ ਨੇ। ਇਹੀ ਇਸ਼ਕ ਆ। ਇਹਨੂੰ ਬੱਚਿਆਂ ਵਾਂਗ ਮਿਲੋ। ਬਜ਼ੁਰਗਾਂ ਵਾਂਗ ਦੇਖੋ। ਇੱਕ ਇਸ਼ਕ, ਇੱਕ ਬਚਪਨਾ, ਇੱਕ ਬਜ਼ੁਰਗੀ ਨੀਤ, ਇਹ ਜੇ ਬੰਦੇ ਅੰਦਰਾਂ ਤਾਂ ਕੀ ਹਾਰ ਕੀ ਜੀਤ।

ਇਸ ਨਾਟਕ ਦੀ ਲੇਖਣੀ ਵੀ ਖ਼ੁਸ਼ੀ ਭਰੀ ਹੈਰਾਨੀ ਦਿੰਦੀ ਹੈ। ਗੱਲ ਤਾਂ ਗਹਿਰੀ ਹੈ ਹੀ, ਕਹਿਣ ਦਾ ਅੰਦਾਜ਼ ਵੀ ਰਸੀਲਾ ਹੈ। ਨਾਟਕ ਵਿਚ ਸ਼ਬਦ ਦੀਆਂ ਤਿੰਨੋਂ ਸ਼ਕਤੀਆਂ- ਅਭਿਧਾ, ਵਿਅੰਜਨਾ ਅਤੇ ਲਕਸ਼ਣਾ, ਨੂੰ ਵਰਤਿਆ ਗਿਆ ਹੈ। ਨਾਟਕ ਸ਼ਬਦ ਦੀ ਮਹਿਮਾ ਅਤੇ ਇਸ ਦੀ ਪਾਕੀਜ਼ਗੀ ਬਾਬਤ ਚੇਤੰਨ ਹੈ। ਇਸ ਦਾ ਜ਼ਿਕਰ ਨਾਟਕ ਦੀ ਸ਼ੁਰੂਆਤ ਵਿਚ ਹੁੰਦਾ ਵੀ ਹੈ। ਨਾਟਕ ਵਿਚ ਸ਼ਬਦ ਦੀ ਸ਼ਕਤੀ ਦੇ ਜਲਵੇ ਨੂੰ ਇੱਕ ਤੋਂ ਵੱਧ ਵਾਰ ਦੇਖਿਆ ਜਾ ਸਕਦਾ ਹੈ। ਇੱਕ ਮਿਸਾਲ ਪੱਗ ਬੰਨ੍ਹਣ ਵਾਲੇ ਦ੍ਰਿਸ਼ ਦੀ ਲਈ ਜਾ ਸਕਦੀ ਹੈ। ਰਾਣਾ ਰਣਬੀਰ ਡਾਇਰੈਕਟਰ ਦੇ ਕਿਰਦਾਰ ਵਿਚ ਪੱਗ ਬੰਨ੍ਹ ਲੈਣ ਉਪਰੰਤ ਆਖਦਾ ਹੈ:

ਦਸਤਾਰ ਸਜਾ ਲਈ ਐ। ਪੱਗ ਬੰਨ੍ਹਣ ਤੇ ਦਸਤਾਰ ਸਜਾਉਣ 'ਚ ਫ਼ਰਕ ਐ। ਦਸਤਾਰ ਸਜਾ ਕੇ ਜ਼ਿੰਮੇਵਾਰੀ ਨਿਭਾਉਣੀ ਪੈਂਦੀ ਐ; ਦੱਦਾ, ਸੱਸਾ, ਤੱਤੇ ਨੂੰ ਕੰਨਾ, ਰਾਰਾ- ਦਸਤਾਰ। ਦੱਦੇ ਨਾਲ ਦਰਸ਼ਨ, ਫਿਲਾਸਫ਼ੀ ਐ ਇਸ ਦਸਤਾਰ ਦੇ ਅੰਦਰ, ਮੇਰੀ ਨੀ ਗੁਰੂਆਂ ਦੀ, ਗੁਰੂਆਂ ਦਾ ਦਰਸ਼ਨ ਹੈ ਦਸਤਾਰ ਅੰਦਰ। ਸੱਸੇ ਨਾਲ ਸਿਆਣਪ, ਦਸਤਾਰ ਸਿਰ ਉੱਤੇ ਹੋਵੇ ਤੇ ਬੰਦਾ ਸਹੀ ਸਿਆਣੀ ਗੱਲ ਨਾ ਕਰੇ, ਇਹ ਤਾਂ ਫੇਰ ਗੜਬੜ ਐ। ਤੱਤੇ ਨੂੰ ਕੰਨਾ ਤਾਕਤ, ਜਿਸ ਕੋਲ ਗੁਰੂ ਦਾ ਦਰਸ਼ਨ, ਵਿਚਾਰ ਹੋਵੇਗਾ ਤੇ ਸਿਆਣਪ ਹੋਵੇਗੀ ਉਹਦੇ ਕੋਲ ਤਾਕਤ ਤਾਂ ਆਪਣੇ ਆਪ ਆ ਜਾਣੀ ਹੈ। ਤਾਕਤ ਵਿਚਾਰ ਦੀ, ਤਾਕਤ ਸਹੀ ਕਹਿਣ ਸੁਣਨ ਦੀ। ਰਾਰੇ ਨਾਲ ਰੌਸ਼ਨੀ। ਦਸਤਾਰ ਸਿਰ ਉੱਤੇ ਹੋਵੇ ਤੇ ਬੰਦਾ ਹਨੇਰੇ 'ਚ ਦੀਵਾ ਨਾ ਜਗਾਵੇ, ਸ਼ਬਦ ਨਾਲ ਰੌਸ਼ਨੀ ਨਾ ਕਰੇ, ਇਹ ਤਾਂ ਫੇਰ ਵੱਡੀ ਗੜਬੜ ਹੈ। ਨਾਟਕ ਵਿਚ ਪੇਸ਼ ਸਰਲ ਅਤੇ ਜਟਿਲ ਦਾ ਸਮਨਵੈ, ਹਕੀਕਤ ਅਤੇ ਭਾਵਨਾਵਾਂ ਦੇ ਸਾਵੇਂ ਸਮਤੋਲ 'ਤੇ ਖੜ੍ਹਾ ਹੈ, ਕਲਾਤਮਕਤਾ ਪੱਖੋਂ ਇਹ ਗੱਲ ਪ੍ਰਸੰਸਾ ਲੈਂਦੀ ਹੈ। ਨਾਟਕ ਵਿਚ ਭਾਵਨਾਵਾਂ ਦਾ ਤੇਜ਼ ਵਹਾਅ ਹੈ ਪਰ ਖ਼ੂਬੀ ਇਹ ਹੈ ਕਿ ਇਸ ਵਿਚ ਹਕੀਕਤ ਦਾ ਲੜ ਨਹੀਂ ਛੱਡਿਆ ਗਿਆ। ਨਾਟਕ ਵਿਚ ਲਗਾਤਾਰ ਭਾਵੁਕ ਨੂੰ ਉਸਾਰਨ ਅਤੇ ਖੰਡਿਤ ਕਰਨ ਦੀ ਪ੍ਰਕਿਰਿਆ ਚੱਲਦੀ ਹੈ। ਇਸ ਨਾਲ ਨਾਟਕ ਉਪਭਾਵੁਕ ਸੁਰ ਧਾਰਨ ਨਹੀਂ ਕਰਦਾ ਅਤੇ ਜ਼ਿੰਦਗੀ ਨਾਲ ਨੇੜਤਾ ਬਣਾਈ ਰੱਖਦਾ ਹੈ।

ਇਸ ਦੀ ਮਿਸਾਲ ਨਾਟਕ ਦੇ ਸ਼ੁਰੂਆਤੀ ਹਿੱਸੇ ਵਿਚ ਹੀ ਦੇਖੀ ਜਾ ਸਕਦੀ ਹੈ ਜਦੋਂ ਰਾਣਾ ਰਣਬੀਰ ਡਾਇਰੈਕਟਰ ਦੇ ਕਿਰਦਾਰ ਦੇ ਰੂਪ ਵਿਚ ਵਿਦਿਆਰਥੀ ਬਣ ਕੇ ਮੁਆਫ਼ੀ ਮੰਗਦਾ ਹੈ। ਜਦੋਂ ਰਾਣਾ ਵਿਦਿਆਰਥੀ ਬਣ ਕੇ ਮੁਆਫ਼ੀ ਮੰਗਦਾ ਹੈ ਤਾਂ ਮਾਹੌਲ ਇਕਦਮ ਭਾਵੁਕ ਹੋ ਜਾਂਦਾ ਹੈ ਪਰ ਤੁਰੰਤ ਹੀ ਇਹ ਕਹਿ ਕੇ "ਬੱਸ ਏਨੀ ਕੁ ਤਾਂ ਗੱਲ ਹੈ", ਸਾਰੀ ਭਾਵੁਕਤਾ ਨੂੰ ਖੰਡਿਤ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਾਰੇ ਨਾਟਕ ਵਿਚ ਭਾਵੁਕ ਅਤੇ ਹਕੀਕਤ ਦੀ ਸਾਂਝ ਕਦੇ ਵੀ ਕਿਸੇ ਇੱਕ ਪਾਸੇ ਉਲਾਰ ਨਹੀਂ ਹੁੰਦੀ।

ਭਾਵੁਕ ਅਤੇ ਹਕੀਕਤ ਦੇ ਸਾਵੇਂਪਣ ਕਾਰਨ ਹੀ ਦਰਸ਼ਕ ਨਾਟਕ ਦੇ ਖ਼ਤਮ ਹੋਣ ਤੋਂ ਬਾਅਦ ਆਪਣੇ ਨਾਲ ਕੇਵਲ ਭਾਵਨਾਵਾਂ ਦਾ ਵੇਗ ਹੀ ਨਹੀਂ ਲੈ ਕੇ ਜਾਂਦਾ, ਤੀਬਰ ਸਮਝ ਵੀ ਲੈ ਜਾਂਦਾ ਹੈ।

ਇਸ ਨਾਟਕ ਦੇ ਮਾਮਲੇ ਵਿਚ ਸਭ ਤੋਂ ਵੱਧ ਹੈਰਾਨ ਕਰ ਦੇਣ ਵਾਲੀ ਗੱਲ ਰਾਣਾ ਰਣਬੀਰ ਦੀ ਅਦਾਕਾਰੀ ਹੈ। ਸਵਾ ਦੋ ਘੰਟੇ ਦੇ ਕਰੀਬ ਰਾਣਾ, ਸਹਾਇਕ ਅਦਾਕਾਰ ਰਾਜਵੀਰ ਬੋਪਾਰਾਏ ਦੇ ਸੰਗ ਅਦਾਕਾਰੀ ਦੇ ਜਲਵੇ ਦਿਖਾਉਂਦਾ ਹੈ। ਪਹਿਲਾਂ ਡਾਇਰੈਕਟਰ ਅਤੇ ਫਿਰ ਮਾਸਟਰ ਗੁਰਮੁਖ ਸਿੰਘ ਦੇ ਕਿਰਦਾਰ ਵਿਚ ਉਸ ਦੀ ਅਦਾਇਗੀ ਅਸ਼-ਅਸ਼ ਕਰਵਾ ਦਿੰਦੀ ਹੈ। ਨਿਸ਼ਚੇ ਹੀ ਰਾਣਾ ਰਣਬੀਰ ਇਸ ਨਾਟਕ ਵਿਚ ਅਦਾਕਾਰੀ ਦੇ ਹੁਨਰ ਦੇ ਸਿਖਰ ਨੂੰ ਹੰਢਾਉਂਦਾ ਅਤੇ ਸਾਕਾਰ ਕਰਦਾ ਹੈ। ਉਸ ਦੀ ਕਲਾ ਹੁਣ ਉਸ ਪੜਾਅ 'ਤੇ ਹੈ ਜਦੋਂ ਹੁਨਰ ਨਾਲ ਹੋਣਾ ਵੀ ਜੁੜ ਜਾਂਦਾ ਹੈ। ਉਹ ਜੋ ਹੈ, ਅਤੇ ਉਸ ਦਾ ਜੋ ਹੁਨਰ ਹੈ, ਉਨ੍ਹਾਂ ਵਿਚ ਬੇਅੰਤ ਨੇੜਤਾ ਹੈ, ਇਸੇ ਕਾਰਨ ਜਾਦੂ ਸਿਰ ਚੜ੍ਹ ਬੋਲਦਾ ਹੈ।

ਰਾਣੇ ਦੀਆਂ ਮੁਸਕਰਾਹਟਾਂ, ਮੁਦਰਾਵਾਂ, ਸਾਥੀ ਕਲਾਕਾਰ ਦੇ ਕੰਨ ਵਿਚ ਕਹੀਆਂ ਗੱਲਾਂ, ਆਵਾਜ਼ ਦਾ ਉਤਰਾਅ ਚੜ੍ਹਾਅ, ਭਾਵਨਾਵਾਂ ਦਾ ਜੋੜ-ਮੇਲ ਇਸੇ ਕਾਰਨ ਖ਼ਾਸ ਹੈ ਕਿ ਉਹ ਜੋ ਪੇਸ਼ ਕਰ ਰਿਹਾ ਹੈ, ਉਸ ਦੇ ਆਪਣੇ ਜੀਵਨ ਵਿਚੋਂ ਪੁਣ ਕੇ ਆ ਰਿਹਾ ਹੈ। ਬਤੌਰ ਲੇਖਕ ਅਤੇ ਅਦਾਕਾਰ ਉਸ ਦਾ ਹੁਨਰ, ਜੀਵਨ ਦੇ ਨਾਲ ਨੇੜਿਓਂ ਜੁੜ ਕੇ ਸੱਚਾ, ਸੁੰਦਰ, ਕਲਿਆਣਕਾਰੀ ਅਤੇ ਪਿਆਰਾ ਹੋ ਗਿਆ ਹੈ।

ਨਾਟਕ 'ਮਾਸਟਰ ਜੀ' ਸਾਲ-ਦਰ-ਸਾਲ ਖੇਡਿਆ ਜਾਂਦਾ ਰਹੇਗਾ। ਇਹ ਨਾਟਕੀ ਕਥਾ ਅਤੇ ਕਥਾ ਦੀ ਅਦਾਇਗੀ ਵੀ ਸਾਲ-ਦਰ-ਸਾਲ ਨਿੱਖਰਦੀ ਰਹੇਗੀ। ਇਹ ਮੇਰੀ ਉਮੀਦ ਹੀ ਨਹੀਂ, ਯਕੀਨ ਵੀ ਹੈ।

# 'ਭਾਰਤ ਦਾ ਅੰਤ' ਅਤੇ ਖੁਸ਼ਵੰਤ ਸਿੰਘ

ਕਲਾ ਪਰਿਕਰਮਾ

ਵਿਸ਼ਵ ਪ੍ਰਸਿੱਧੀ ਹਾਸਲ ਲੇਖਕ ਖੁਸ਼ਵੰਤ ਸਿੰਘ ਨੇ ਜਿੱਥੇ ਆਪਣੇ ਸ਼ਾਹਕਾਰ ਨਾਵਲ 'ਟਰੇਨ ਟੂ ਪਾਕਿਸਤਾਨ' ਤੋਂ ਲੈ ਕੇ ਦੋ ਜਿਲਦਾਂ ਵਿਚ 'ਏ ਹਿਸਟਰੀ ਆਫ ਦਿ ਸਿੱਖਜ਼' ਦੀ ਰਚਨਾ ਕੀਤੀ, ਉੱਥੇ ਉਸ ਨੇ 2002 ਵਿਚ ਹੋਏ ਗੁਜਰਾਤ ਦੇ ਦੰਗਿਆਂ ਸਮੇਂ 'ਦਿ ਐਂਡ ਆਫ ਇੰਡੀਆ' ਪੁਸਤਕ ਲਿਖੀ ਜਿਸ ਵਿਚ ਸਮੇਂ ਦੀ ਰਾਜਨੀਤੀ ਅਤੇ ਭਾਰਤ ਦੀ ਭਵਿੱਖ ਵਿਚ ਸਥਿਤੀ ਬਾਰੇ ਲਿਖਿਆ ਜਿਸ ਨੂੰ ਆਟਮ ਆਰਟ (ਪਟਿਆਲਾ) ਨੇ ਪ੍ਰੋ. ਗੁਰਦੀਪ ਕੌਰ ਤੋਂ ਪੰਜਾਬੀ ਵਿਚ ਅਨੁਵਾਦ



ਕਰਵਾਇਆ। ਅਨੁਵਾਦਕਾ ਅਨੁਸਾਰ ਜਿਸ ਦੌਰ ਵਿਚੋਂ ਅਸੀਂ ਗੁਜ਼ਰ ਰਹੇ ਹਾਂ, ਉਸ ਨੂੰ ਸਮਝਣ ਲਈ ਇਹ ਮੁੱਲਵਾਨ ਦਸਤਾਵੇਜ਼ ਹੈ। ਆਧੁਨਿਕ ਭਾਰਤ

**ਡਾ. ਕੁਲਦੀਪ ਸਿੰਘ**
ਫੋਨ: +91-98151-15429

ਦੇ ਹਾਲਾਤ ਦੀਆਂ ਬੁਨਿਆਦਾਂ ਨੂੰ ਸਮਝਣ ਲਈ ਇਹ ਅਹਿਮ ਹੈ।

ਖੁਸ਼ਵੰਤ ਸਿੰਘ ਨੇ ਇਸ ਪੁਸਤਕ ਰਾਹੀਂ ਗੁਜਰਾਤ ਦੰਗਿਆਂ ਦੇ ਮਸਲੇ ਅਤੇ ਦੇਸ਼ ਵਿਚ ਕਾਰਜ ਕਰ ਰਹੇ ਕੁਝ ਸੰਗਠਨਾਂ ਵਿਚ ਮੌਜੂਦ ਸੰਪਰਦਾਇਕਤਾ ਦੀ ਭਿਆਨਕ ਪੁਰਾਣੀ ਬਿਮਾਰੀ 'ਤੇ ਰੌਸ਼ਨੀ ਪਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 2002 ਵਿਚ ਜਦੋਂ ਫਿਰਕੂ ਹਿੰਸਾ ਹੋਈ ਤਾਂ ਇਸ ਤੋਂ ਪਹਿਲਾਂ 1984 ਦੇ ਸਿੱਖ ਵਿਰੋਧੀ ਦੰਗੇ, ਗ੍ਰਾਹਮ ਗਰੀਨ ਅਤੇ ਉਸ ਦੇ ਬੱਚਿਆਂ ਨੂੰ ਜ਼ਿੰਦਾ ਸਾੜਨਾ ਅਤੇ ਪੰਜਾਬ ਸਮੇਤ ਕਸ਼ਮੀਰ ਵਿਚ ਆਮ ਸਾਧਾਰਨ ਲੋਕਾਂ ਦੀਆਂ ਹੱਤਿਆਵਾਂ ਕਈ ਪੱਧਰ 'ਤੇ ਧਰਮ ਦੇ ਨਾਂ 'ਤੇ ਸ਼ੁਰੂ ਹੋਈ ਰਾਜਨੀਤੀ ਵਿਚਲੇ ਨਿਘਾਰਾਂ ਨੂੰ ਦਿਖਾਉਂਦੀਆਂ ਹਨ ਤੇ ਇਹ ਅਹਿਸਾਸ ਕਰਵਾਉਂਦੀਆਂ ਹਨ ਕਿ ਇਸ ਧਰਤੀ ਉਪਰ ਸਭ ਤੋਂ ਕਰੂਰ ਮਨੁੱਖ ਇਨ੍ਹਾਂ ਰਾਜਨੀਤੀਵਾਨਾਂ ਦੀਆਂ ਲਾਲਸਾਵਾਂ ਨੇ ਬਣਾ ਦਿੱਤਾ ਹੈ।

ਅਸਲ ਵਿਚ ਖੁਸ਼ਵੰਤ ਸਿੰਘ ਉਂਗਲੀ ਉਠਾਉਂਦੇ ਹਨ ਕਿ ਮੂਲਵਾਦ ਦਾ ਰਾਜਨੀਤੀ ਤੋਂ ਸਿਵਾਇ ਧਰਮ ਨਾਲ ਕੋਈ ਵਾਹ-ਵਾਸਤਾ ਨਹੀਂ ਹੁੰਦਾ। ਅਸਲ ਵਿਚ ਫ਼ਿਰਕੂ ਸਿਆਸਤ ਸਾਡੇ ਅੰਦਰ ਬੈਠੇ ਸ਼ੈਤਾਨ ਨੂੰ ਪਾਲਦੀ ਪੋਸਦੀ ਅਤੇ ਵੱਡਾ ਕਰਦੀ ਹੈ। ਉਸ ਅੰਦਰ ਹਮਲਾਵਰ ਰੁਖ਼ ਵਾਲਾ ਹਿੱਸਾ ਤਾਕਤਵਰ ਕਰ ਦਿੰਦੀ ਹੈ ਜੋ ਮੁੜ ਕੇ ਤਬਾਹੀ ਮਚਾਉਂਦਾ ਹੈ। ਇਸ ਕਰ ਕੇ ਇਸ ਪੁਸਤਕ ਵਿਚ ਬੜੇ ਦਲੇਰਾਨਾ ਅਤੇ ਸੰਵੇਦਨਸ਼ੀਲ ਢੰਗ ਨਾਲ ਹਰ ਇਨਸਾਨ ਨੂੰ ਇਹ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜੇ ਇਹ ਰਾਸ਼ਟਰ ਸਾਡੇ ਲਈ ਨਹੀਂ ਤਾਂ ਘੱਟੋ-ਘੱਟ ਆਪਣੇ ਬੱਚਿਆਂ ਦੇ ਭਵਿੱਖ ਲਈ ਅਸੀਂ ਚਿੰਤਤ ਹੋਈਏ ਅਤੇ ਖ਼ਤਰੇ ਨੂੰ ਭਾਂਪ ਲਈਏ। ਉਨ੍ਹਾਂ ਸਪਸ਼ਟ ਰੂਪ ਵਿਚ ਪੁਸਤਕ ਦੇ ਪੰਨਾ ਨੰਬਰ 66 'ਤੇ ਦਰਸਾਇਆ ਕਿ ਸਾਡੀ ਹਰ ਕਾਰਵਾਈ ਅਤੇ ਕਾਰਜ ਜੇ ਧਰਮ ਨਿਰਪੱਖਤਾ ਦੇ ਸਿਧਾਂਤ ਉਪਰ ਉਸਰੇ ਸੰਵਿਧਾਨ ਅਨੁਸਾਰ ਨਹੀਂ ਹੋਵੇਗਾ ਅਤੇ ਕੋਈ ਵੀ ਸਰਕਾਰ ਜਿਹੜੀ ਥੋੜ੍ਹੀ ਬਹੁਤੀ ਫ਼ਿਰਕੂ ਹੋਵੇਗੀ ਹੌਲੀ-ਹੌਲੀ ਆਪਣੇ ਢੰਗ ਨਾਲ ਸੰਵਿਧਾਨ ਨੂੰ ਮੋੜ ਲਵੇਗੀ। ਉਨ੍ਹਾਂ ਸਪਸ਼ਟ ਰੂਪ ਵਿਚ ਵਰ੍ਹਾ 2002 ਵਿਚ ਲਿਖਿਆ ਹੈ ਕਿ "ਅਜਿਹੀਆਂ ਸਰਕਾਰਾਂ ਹੋਣਗੀਆਂ ਜਿਹੜੀਆਂ ਉਨ੍ਹਾਂ ਅਫਸਰਾਂ ਦੀ ਇਸ ਲਈ ਬਦਲੀ ਨਹੀਂ ਕਰਨਗੀਆਂ ਕਿ ਅਫਸਰ ਦੰਗੇ ਰੋਕਣ ਵਿਚ ਅਸਫਲ ਰਹੇ ਹਨ ਸਗੋਂ ਇਸ ਲਈ ਕਿ ਉਹ ਦੰਗੇ ਕਰਵਾਉਣ ਅਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਵਿਚ ਅਸਫਲ ਰਹੇ ਹੋਣਗੇ। ਇਹ ਦੁਖਾਂਤ ਹੈ ਕਿ ਅਸੀਂ ਧਰਮ ਨਿਰਪੱਖਤਾ ਦੇ ਅਰਥ ਹੀ ਵਿਗਾੜ ਦਿੱਤੇ ਹਨ। ਅਸੀਂ ਉਸ ਦੀ ਉਹ ਪਰਿਭਾਸ਼ਾ ਘੜ ਲਈ ਹੈ ਜਿਹੜੀ ਸਾਡੇ ਮੁਤਾਬਿਕ ਠੀਕ ਹੈ। ਕਈ ਲੋਕਾਂ ਨੇ ਤਾਂ ਸੁਝਾਅ ਦਿੱਤਾ ਹੈ




ਖੁਸ਼ਵੰਤ ਸਿੰਘ ਦੀ ਕਿਤਾਬ 'ਦਿ ਐਂਡ ਆਫ ਇੰਡੀਆ' ਦੇ ਪੰਜਾਬੀ ਅਨੁਵਾਦ 'ਭਾਰਤ ਦਾ ਅੰਤ' ਦਾ ਮੁਖੜਾ।



ਖੁਸ਼ਵੰਤ ਸਿੰਘ

ਕਿ ਭਾਰਤ ਵਿਚੋਂ ਧਰਮ ਨਿਰਪੱਖਤਾ ਨੂੰ ਕੱਢ ਦੇਣਾ ਚਾਹੀਦਾ ਹੈ। ਕੋਈ ਪੰਜ ਸਾਲ ਪਹਿਲਾਂ ਦਿੱਲੀ ਦੀ ਭਾਜਪਾ ਸਰਕਾਰ ਦੇ ਸਵਾਗਤੀ ਪ੍ਰੋਗਰਾਮ ਵਿਚ ਸ਼ੰਕਰਾਚਾਰੀਆ ਨੇ ਕਿਹਾ ਕਿ ਸੰਵਿਧਾਨ ਵਿਚੋਂ ਧਰਮ ਨਿਰਪੱਖ ਸ਼ਬਦ ਕੱਢ ਦੇਣਾ ਚਾਹੀਦਾ ਹੈ। ਉਸ ਨੂੰ ਬਹੁਤਾ ਕਸ਼ਟ ਕਰਨ ਦੀ ਲੋੜ ਨਹੀਂ ਹੈ, ਕਾਮਰੇਡਾਂ ਨੂੰ ਛੱਡ ਕੇ ਬਾਕੀ ਸਾਰਿਆਂ ਨੇ ਧਰਮ ਨਿਰਪੱਖਤਾ ਤੋਂ ਕਿਨਾਰਾ ਕਰ ਲਿਆ ਹੈ। ਧਰਮ ਤੇ ਰਾਜਨੀਤੀ ਵਿਚਲੀ ਲਛਮਣ ਰੇਖਾ ਹੁਣ ਖ਼ਤਮ ਹੋ ਚੁੱਕੀ ਹੈ। ਧਰਮ ਨੇ ਰਾਜਨੀਤੀ ਦੇ ਖੇਤਰ ਉੱਤੇ ਹਮਲਾ ਕਰ ਦਿੱਤਾ ਹੈ। ਹਕੀਕਤ ਵਿਚ ਇਸ ਨੂੰ ਪੂਰੀ ਤਰ੍ਹਾਂ ਨਿਗਲ ਲਿਆ ਹੈ। ਜਿਵੇਂ ਨਹਿਰੂ ਨੂੰ ਲੱਗਾ ਸੀ ਕਿ ਅਸੀਂ ਧਰਮ ਨਿਰਪੱਖਤਾ ਦੇ ਤਾਬੂਤ ਵਿਚ ਆਖ਼ਰੀ ਕਿੱਲ ਠੋਕ ਦਿੱਤਾ ਹੈ। ਇਹ ਅਜੋਕੀ ਹਕੀਕਤ ਬਣ ਚੁੱਕੀ ਹੈ। ਤੁਅੱਸਬੀ ਰਾਜ ਹਰ ਖੇਤਰ ਵਿਚ ਫੈਲ ਰਿਹਾ ਹੈ। ਇਸ ਨੂੰ ਵਧਾਉਣ ਵਿਚ ਵੱਖ-ਵੱਖ ਪਾਰਟੀਆਂ ਨੇ ਵੱਡਾ ਰੋਲ ਅਦਾ ਕੀਤਾ। ਨਹਿਰੂ ਦਾ ਵਿਚਾਰ ਸੀ ਕਿ ਕਿਸੇ ਵੀ ਮੰਤਰੀ ਨੂੰ ਕਿਸੇ ਧਾਰਮਿਕ ਪ੍ਰੋਗਰਾਮ ਵਿਚ ਨਹੀਂ ਜਾਣਾ ਚਾਹੀਦਾ। ਮੁੜ ਉਨ੍ਹਾਂ ਦੀ ਹੀ ਧੀ ਇੰਦਰਾ ਗਾਂਧੀ ਨੇ ਅਜਿਹਾ ਕਾਰਜ ਸ਼ੁਰੂ ਕੀਤਾ ਕਿ ਰਾਜਨੀਤੀ ਵਿਚ ਧਰਿੰਦਰ ਬ੍ਰਹਮਚਾਰੀ ਦਾ ਚਿਹਰਾ ਸਾਹਮਣੇ ਲਿਆਂਦਾ। ਕਈ ਕਿਸਮ ਦੇ ਜੋਤਸ਼ੀਆਂ ਅਤੇ ਤਾਂਤਰਿਕਾਂ ਨੇ ਵੀ ਉਸ ਦੁਆਲੇ ਘੇਰਾ ਬਣਾ ਲਿਆ; ਇੱਥੋਂ ਤੱਕ ਕਿ ਕਈ ਵੱਡੇ ਆਗੂ ਦਿਓਰਾਹਾ ਬਾਬਾ ਦੇ ਦਰਬਾਰ ਵਿਚ ਜਾਣ ਲੱਗੇ। ਚੰਦਰਾਸਵਾਮੀ ਮੰਤਰੀਆਂ ਅਤੇ ਮੁੱਖ ਮੰਤਰੀਆਂ ਦੇ ਘਰਾਂ ਵਿਚ ਹਵਨ ਕਰਦੇ ਰਹੇ। ਮੁੜ ਭਾਜਪਾ ਨੇ ਸ਼ੰਕਰਾਚਾਰੀਆ ਵਰਗਿਆਂ ਨੂੰ ਆਪਣਾ ਸਰਕਾਰੀ ਮਹਿਮਾਨ ਕਈ ਥਾਂ 'ਤੇ ਬਣਾਇਆ। ਇੱਥੋਂ ਤੱਕ ਕਿ ਕੁਝ ਪੱਤਰਕਾਰਾਂ ਨੇ ਆਪਣੀਆਂ ਕਿਤਾਬਾਂ ਅਤੇ ਅਖ਼ਬਾਰਾਂ ਦੇ ਕਾਲਮਾਂ ਰਾਹੀਂ ਅਜਿਹੀਆਂ ਗੱਲਾਂ ਪ੍ਰਚਾਰੀਆਂ ਜਿਹੜੀਆਂ ਸਿਰਫ਼ ਬਹੁਗਿਣਤੀ ਫ਼ਿਰਕੇ ਨੂੰ ਆਪਣੇ ਵੱਲ ਖਿੱਚਣ, ਵਖਰੇਵੇਂ ਵਧਾਉਣ ਅਤੇ ਚੋਣ ਜਿੱਤਣ ਤੱਕ ਹੀ ਸੀਮਤ ਸਨ। ਅਗਾਂਹ ਭਾਜਪਾ ਬਹੁਗਿਣਤੀ ਭਾਈਚਾਰੇ ਨੂੰ ਕਾਇਲ ਕਰਨ ਵਿਚ ਸਫਲ ਰਹੀ। ਕਈ ਵਾਰੀ ਕਾਂਗਰਸ ਨੇ ਸੱਤਾ ਵਿਚ ਰਹਿਣ ਲਈ ਇਹ ਪੱਤੇ ਵੀ ਖੇਡੇ। ਲੇਖਕ ਦਰਜ ਕਰਦਾ ਹੈ ਕਿ ਸਿੱਖਾਂ ਲਈ 113 ਸਾਲ ਪਹਿਲਾਂ ਆਪਣੀ ਸਲਤਨਤ ਗੁਆਉਣ ਤੋਂ ਬਾਅਦ 1984 ਸਭ ਤੋਂ ਮਾੜਾ ਸਾਲ ਸੀ। ਦੇਸ਼ ਨੇ 1984 ਵਿਚ ਵੱਡੀ ਕੀਮਤ ਉਤਾਰੀ ਅਤੇ ਗੁਜਰਾਤ ਦੇ ਦੰਗਿਆਂ ਨੇ ਸਿੱਧ ਕਰ ਦਿੱਤਾ ਕਿ ਰਾਜਨੀਤਕ ਪਾਰਟੀਆਂ ਤੇ ਭਾਰਤ ਦੇ ਲੋਕਾਂ ਨੇ ਇਸ ਤੋਂ ਕੋਈ ਸਬਕ ਨਹੀਂ ਸਿੱਖਿਆ। ਸ਼ਾਇਦ ਸਾਨੂੰ ਇਤਿਹਾਸ ਨੂੰ ਦੁਹਰਾਉਣ ਦਾ ਸਰਾਪ ਮਿਲਿਆ ਹੋਇਆ ਹੈ। ਅਸੀਂ ਸ਼ਾਇਦ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ (1469-1539) ਬਾਰੇ ਇਸ ਗੱਲ ਨੂੰ ਭੁੱਲ ਗਏ ਹਾਂ ਜਿਸ ਵਿਚੋਂ ਪੰਜਾਬੀਅਤ ਦਾ ਜਨਮ ਹੋਇਆ: 'ਗੁਰੂ ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ'। ਅਗਾਂਹ ਇਤਿਹਾਸ ਦੇ ਪੰਨਿਆਂ 'ਤੇ ਲੱਖਾਂ ਲੋਕਾਂ ਦੇ ਉਜਾੜੇ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਸਮੇਤ ਔਰਤਾਂ ਦੀ ਪੱਤ ਲੁੱਟਣ ਦੀ ਸਥਿਤੀ ਦੇਸ਼ ਵੰਡ ਵੇਲੇ ਸੀ। ਅੰਮ੍ਰਿਤਾ ਪ੍ਰੀਤਮ ਨੇ ਆਜ਼ਾਦ ਭਾਰਤ ਦੇ ਡਿੱਗਦੇ ਢਹਿੰਦਿਆਂ ਸ਼ੁਰੂਆਤ ਕਰਨ ਦੀ ਸਫਲਤਾ ਦੀ ਦਾਸਤਾਨ ਲਿਖਦਿਆਂ ਕਿਹਾ: ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ, ਓ ਦਰਦਮੰਦਾਂ ਦਿਆ ਦਰਦੀਆ, ਉੱਠ ਤੱਕ ਆਪਣਾ ਪੰਜਾਬ, ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਨਾਬ।

ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਅਸੀਂ ਸਾਂਝੀ ਪਛਾਣ ਬਣਾਉਣੀ ਸੀ ਪਰ ਅੱਜ ਵੀ ਅਸੀਂ ਵੱਖ-ਵੱਖ ਖੇਤਰਾਂ ਵਿਚ ਹਿੰਦੂਆਂ ਮੁਸਲਮਾਨਾਂ, ਹਿੰਦੂਆਂ ਸਿੱਖਾਂ, ਹਿੰਦੂ ਇਸਾਈ, ਹਿੰਦੂ ਜਾਤੀ ਤੇ ਹਰੀਜਨਾਂ, ਕਬਾਇਲੀ ਗ਼ੈਰ-ਕਬਾਇਲੀਆਂ, ਬੰਗਾਲੀਆਂ ਤੇ ਅਸਾਮੀਆਂ, ਮਹਾਰਾਸ਼ਟਰੀਆਂ ਤੇ ਕੰਨੜਾਂ ਵਿਚ ਵੀ ਵੰਡੇ ਹੋਏ ਹਾਂ। ਦੇਸ਼ ਦੇ ਕਈ ਹਿੱਸਿਆਂ ਵਿਚ ਦੰਗਿਆਂ ਦੀ ਅੱਗ ਭੜਕ ਉੱਠਦੀ ਹੈ। ਅਸਲ ਵਿਚ ਫ਼ਿਰਕੂਪ੍ਰਸਤੀ ਅਜਿਹੀ ਸਮੱਸਿਆ ਹੈ ਜਿਸ ਨੇ ਦੇਸ਼ ਨੂੰ ਪੂਰੀ ਤਰ੍ਹਾਂ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਹੈ। ਇਹ ਹਕੀਕਤ ਹੈ ਕਿ ਸਾਵਰਕਰ ਨੇ ਦੋ ਕੌਮਾਂ ਦਾ ਸਿਧਾਂਤ ਪੇਸ਼ ਕੀਤਾ ਸੀ। ਹਿੰਦੂ ਮਹਾਂ ਸਭਾ ਦੇ ਡਾ. ਮੁੰਜੇ, ਬਨਾਰਸ ਹਿੰਦੂ ਯੂਨੀਵਰਸਿਟੀ ਦੇ ਸੰਸਥਾਪਕ ਪੰਡਿਤ ਮਦਨ ਮੋਹਨ ਮਾਲਵੀਆ, ਭਾਈ ਪਰਮਾਨੰਦ, ਸਵਾਮੀ ਸ਼ਰਧਾਨੰਦ, ਬੰਕਿਮ ਚੰਦਰ ਚਟੋਉਪਧਿਆਏ ਵਰਗਿਆਂ ਨੇ ਇਸ ਵਿਚਾਰ ਦੀ ਪ੍ਰੋੜਤਾ ਕੀਤੀ ਸੀ। 1990 ਤੱਕ ਆਰ.ਐੱਸ.ਐੱਸ. ਦੇ 10 ਕਰੋੜ ਮੈਂਬਰ ਬਣ ਚੁੱਕੇ ਸਨ ਜਿਨ੍ਹਾਂ ਵਿਚ ਕਈ ਵੱਡੇ ਆਗੂ ਸ਼ਾਮਿਲ ਸਨ। ਵੱਖ-ਵੱਖ ਪੱਧਰ 'ਤੇ ਵੱਖਵਾਦੀ ਭਾਵਨਾਵਾਂ ਡਰਾਉਣੇ ਸੁਪਨੇ ਲੈ ਕੇ ਆ ਰਹੀਆਂ ਹਨ।

ਪੁਸਤਕ ਦੇ ਅੰਤਲੇ ਪੰਨਿਆਂ 'ਤੇ ਖੁਸ਼ਵੰਤ ਸਿੰਘ ਦਰਜ ਕਰਦੇ ਹਨ ਕਿ ਮੈਂ ਆਪਣੇ ਧਰਮ ਨੂੰ ਅਜ਼ਮਾਏ ਹੋਏ ਮੁਹਾਵਰੇ ਵਿਚ ਹੀ ਕਹਾਂਗਾ, 'ਵਧੀਆ ਜ਼ਿੰਦਗੀ ਹੀ ਅਸਲੀ ਧਰਮ ਹੈ, ਇੰਗਰਸੋਲ ਦੇ ਲਫ਼ਜ਼ਾਂ ਵਿਚ ਖ਼ੁਸ਼ੀ ਭਰੀ ਅਸਲੀ ਚੰਗਿਆਈ ਉਹੀ ਪਲ ਹੁੰਦੇ ਹਨ ਜਦੋਂ ਤੁਸੀਂ ਦੂਸਰਿਆਂ ਦੀ ਮਦਦ ਕਰਦੇ ਹੋ।' ਉਨ੍ਹਾਂ ਸਾਰੀਆਂ ਸਥਿਤੀਆਂ ਦਾ ਨਿਚੋੜ ਕੱਢਦਿਆਂ ਕਿਹਾ, "ਇੰਨੇ ਰੱਬ, ਇੰਨੇ ਧਰਮ, ਇੰਨੇ ਰਾਹ ਕਿ ਭਟਕਦੇ ਫਿਰੋ ਜਦੋਂਕਿ ਉਦਾਸ ਦੁਨੀਆ ਨੂੰ ਸਿਰਫ਼ ਦਇਆਵਾਨ ਹੋਣ ਦੀ ਕਲਾ ਦੀ ਲੋੜ ਹੈ।" ਇਸ ਕਰ ਕੇ ਸਮਾਂ ਵਿਅਰਥ ਨਾ ਗਵਾਉ, ਸਮਾਂ ਹੀ ਰੱਬ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਨਵੰਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-610



*ਨਮਾਜ਼ ਦਾ ਹੈ ਵਕਤ ਹੋ ਗਿਆ, ਕੰਮ ਵੀ ਚਾਹੀਏ ਨਾਲ,*
*ਸੁੱਟ ਮੁਸੱਲਾ ਹੈ ਦੇਖੋ ਖੜ੍ਹ ਗਿਆ, ਧਰਮ ਨਿਭਾਉਂਦੈ ਨਾਲ।*
*ਮੁਸ਼ੱਕਤ ਕਰਦੈ ਨਾਲ ਨੇਕ ਨੀਤ, ਦਾਤਾ ਦੇਹ ਕਰੂ ਕਮਾਲ,*
*ਨਿਮਾਣਾ ਹੋ ਜੀਵਨ ਗੁਜ਼ਰ ਕਰੇ, ਰੱਬ ਆਪੇ ਕਰੂ ਸੰਭਾਲ।*

### ਕੈਪਸ਼ਨ ਮੁਕਾਬਲਾ-608



ਮਾਂ ਤਾਂ ਹੁੰਦੀ ਧਰਤ ਬਰੋਬਰ,
ਸਾਰੇ ਦੁੱਖੜੇ ਸਹਿ ਲੈਂਦੀ ਹੈ,
ਬੱਚੇ ਲੱਗਦੇ ਨੇ ਫੁੱਲਾਂ ਵਰਗੇ,
ਔਖੀ ਸੌਖੀ ਰਹਿ ਲੈਂਦੀ ਹੈ।
ਸਬਰ ਸਿਰੜ ਮੂਰਤ ਬਣ ਕੇ,
ਜੱਗੋਂ ਨਿਆਰੀ ਰਹਿੰਦੀ ਹੈ,
ਅਹਿਸਾਨ ਸੰਤਾਨ 'ਤੇ ਕਰਕੇ,
ਚੁੱਪ ਚੁਪੀਤੇ ਹੀ ਰਹਿੰਦੀ ਹੈ।
***-ਸੇਵਾ ਸਿੰਘ ਨੂਰਪੁਰੀ***

---

ਇੱਕ ਟੋਕਰੇ ਦੇ ਵਿਚ ਆ ਗਿਆ
ਇੱਕ ਕੁੱਛੜ ਚੜ੍ਹ ਕੇ
ਭੱਤਾ ਲੈ ਕੇ ਗਈ ਸੁਆਣੀ
ਘਰਦੇ ਕੰਮ ਸਭ ਕਰ ਕੇ।
ਮੇਰੇ ਮਾਹੀਆ ਰੋਟੀ ਖਾ ਲਈਂ
ਭੋਰਾ ਦਮ ਭਰ ਕੇ
ਡੂੰਗਾਂ ਹਰਾ ਕਚੂਰਾ ਸਾਗ
ਮੈਂ ਰੱਖ ਨਿਆਣੇ ਫੜ ਕੇ।
***-ਹਰਦੀਪ ਅਹਿਮਦਪੁਰ***
***ਫੋਨ: 81958-70014***

---

ਸੋਹਣੇ ਲੀੜੇ ਲੱਤੇ ਪਾ ਕੇ,
ਸਾਗ ਤੋੜਨ ਸਰ੍ਹੋਂ ਦੇ ਖੇਤ ਵੱਲ ਆਈ।
ਅੱਖਾਂ ਦੇ ਤਾਰੇ ਦੋਵੇਂ,
ਇਕ ਟੋਕਰੀ ਦੂਜਾ ਕੁੱਛੜ ਚੁੱਕ ਲਿਆਈ।
ਮਾਂ ਦੇ ਮੋਹ ਦੀਆਂ ਤੰਦਾਂ ਨੂੰ
ਉੱਨੀ ਇੱਕੀ ਕੋਈ ਕਹਿ ਨਹੀਂ ਸਕਦਾ
ਮਾਂ ਤਾਂ ਆਖਿਰ ਮਾਂ ਹੁੰਦੀ ਐ।
ਉਹਦਾ ਰੁਤਬਾ ਕੋਈ ਲੈ ਨਹੀਂ ਸਕਦਾ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਅਫ਼ਵਾਹ ਨਹੀਂ, ਅਸਲੀਅਤ ਹੈ
ਭਰਾ ਭਰਾ ਨਾਲ ਜੰਮਦਿਆਂ ਹੀ
ਖੁੰਦਕ, ਈਰਖਾ ਸ਼ੁਰੂ ਹੋ ਜਾਂਦੀ
ਪਰਚਾਉਂਦਿਆਂ ਮਾਂ ਨੇ
ਬੜੇ ਔਹੜ ਪੌਹੜ ਕੀਤੇ
ਪਰ ਦੋਵੇਂ ਬੱਚੇ ਸਮਝਦੇ ਹੱਕ ਮਾਂ 'ਤੇ
ਇਹ ਮੇਰੀ, ਇਹ ਮੇਰੀ ਮੈਨੂੰ ਹੀ ਚੁੱਕੇ
ਇਹੀ ਈਰਖਾ, ਹੋ ਵਿਕਸਿਤ ਵੱਡੇ ਹੁੰਦਿਆਂ
ਆਪਸੀ ਵੰਡ-ਵੰਡਾਰੀ ਦਾ ਕਾਰਨ ਬਣਦੀ।
***-ਦਰਸ਼ਨ ਪਾਲ ਦੋਸਾਂਝ***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਭਾਰਤ ਵਲੋਂ ਕੈਨੇਡਾ ਖ਼ਿਲਾਫ ਲਿਆ ਗਿਆ ਸਖਤ ਸਟੈਂਡ ਤੇ ਸਿੱਖ ਭਾਈਚਾਰੇ ਦੀ ਦੁਬਿਧਾ!

## *ਇਸ ਨਾਜ਼ੁਕ ਮੌਕੇ ਸਿੱਖ ਚਿੰਤਕਾਂ ਨੂੰ ਭਾਈਚਾਰੇ ਦੀ ਅਗਵਾਈ ਲਈ ਅੱਗੇ ਆਉਣ ਦੀ ਲੋੜ!*

18 ਜੂਨ ਨੂੰ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਠੀਕ ਤਿੰਨ ਮਹੀਨੇ ਬਾਅਦ 18 ਸਤੰਬਰ ਨੂੰ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕੈਨੇਡੀਅਨ ਪਾਰਲੀਮੈਂਟ ਵਿਚ ਭਾਰਤੀ ਏਜੰਸੀਆਂ 'ਤੇ ਇਲਜ਼ਾਮ ਲਗਾਏ ਗਏ ਸਨ ਕਿ ਨਿੱਝਰ ਕਤਲ ਕਾਂਡ ਵਿਚ ਉਨ੍ਹਾਂ ਦਾ ਹੱਥ ਹੋਣ ਦਾ ਸ਼ੰਕਾ ਹੈ। ਅਸੀਂ ਉਦੋਂ ਵੀ ਇਹ ਖਦਸ਼ਾ ਜ਼ਾਹਰ ਕੀਤਾ ਸੀ ਕਿ ਟਰੂਡੋ ਸਾਹਿਬ ਨੇ ਬਿਨਾਂ ਠੋਸ ਸਬੂਤਾਂ ਦੇ ਪਾਰਲੀਮੈਂਟ ਵਿਚ ਅਜਿਹੇ ਇਲਜ਼ਾਮ ਲਗਾ ਕੇ ਦੂਰ-ਅੰਦੇਸ਼ੀ ਦਾ ਸਬੂਤ ਨਹੀਂ ਦਿੱਤਾ। ਇਸ ਨਾਲ਼ ਦੋਨਾਂ ਦੇਸ਼ਾਂ ਵਿਚ ਨਾ ਸਿਰਫ ਸਬੰਧ ਵਿਗੜਨਗੇ, ਸਗੋਂ ਆਮ ਲੋਕਾਂ ਨੂੰ ਇਮੀਗ੍ਰੇਸ਼ਨ ਨਾਲ਼ ਸਬੰਧਤ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪਵੇਗਾ। ਜਿਹੜਾ ਕੰਮ ਇਸ ਕੇਸ ਦੀ ਜਾਂਚ ਟੀਮ ਦਾ ਪੁਲਿਸ ਅਫਸਰ ਵੀ ਕਰ ਸਕਦਾ ਸੀ,



**ਹਰਚਰਨ ਸਿੰਘ ਪਰਹਾਰ**
**ਫੋਨ:** 403-681-8689
**ਈਮੇਲ:** hp8689@gmail.com

ਉਸਨੂੰ ਟਰੂਡੋ ਸਾਹਿਬ ਵਲੋਂ ਕਰਨ ਨਾਲ਼ ਕੈਨੇਡਾ ਦੇ ਵਕਾਰ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਧੱਕਾ ਲੱਗਾ ਹੈ। ਜਦਕਿ ਅਜਿਹਾ ਕੰਮ ਪੁਲਿਸ ਕਰਨ ਨੂੰ ਤਿਆਰ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਕੋਲ਼ ਅਜਿਹੇ ਇਲਜ਼ਾਮਾਂ ਲਈ ਠੋਸ ਅਧਾਰ ਜਾਂ ਤੱਥ ਨਹੀਂ ਹਨ। ਕਿਸੇ ਵੀ ਸਿਆਸੀ ਕਤਲ ਵਿਚ ਸਾਜ਼ਿਸ਼ਕਾਰ ਲੱਭਣੇ ਤਾਂ ਬਹੁਤ ਵੱਡੀ ਗੱਲ ਹੁੰਦੀ ਹੈ, ਅਜੇ ਤੱਕ ਤਾਂ ਪੁਲਿਸ ਕੋਲ਼ ਸ਼ੂਟਰਾਂ ਬਾਰੇ ਵੀ ਕੋਈ ਪੁਖ਼ਤਾ ਜਾਣਕਾਰੀ ਨਹੀਂ ਹੈ। ਨਾ ਹੀ ਪੁਲਿਸ ਨੇ ਅਜੇ ਤੱਕ ਕੋਈ ਗ੍ਰਿਫ਼ਤਾਰੀ ਹੀ ਕੀਤੀ ਹੈ ਤੇ ਨਾ ਹੀ ਪੁਲਿਸ ਨੇ ਕਿਸੇ ਖ਼ਿਲਾਫ ਕੋਈ ਚਾਰਜਸ਼ੀਟ ਪੇਸ਼ ਕੀਤੀ ਹੈ। ਜੇ ਇਲਜ਼ਾਮ ਲਗਾਉਣੇ ਹੀ ਸਨ ਤਾਂ ਘੱਟੋ-ਘੱਟ ਕਿਸੇ ਖ਼ਿਲਾਫ ਕੋਈ ਰਿਪੋਰਟ ਤਾਂ ਦਰਜ ਹੋਣੀ ਚਾਹੀਦੀ ਸੀ। ਇਕ ਸੀਨੀਅਰ ਕੈਨੇਡੀਅਨ ਕਰਾਈਮ ਰਿਪੋਰਟਰ ਅਨੁਸਾਰ ਪੁਲਿਸ ਵੀ ਟਰੂਡੋ ਦੇ ਬਿਆਨਾਂ ਤੋਂ ਹੈਰਾਨ ਸੀ ਕਿ ਪੁਲਿਸ ਕੋਲ਼ ਤਾਂ ਅਜਿਹੀ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਉਹ ਇਸ ਐਂਗਲ ਤੋਂ ਜਾਂਚ ਹੀ ਕਰ ਰਹੇ ਹਨ। ਫਿਰ ਅਜਿਹਾ ਬਿਆਨ ਪਾਰਲੀਮੈਂਟ ਵਿਚ ਦੇਣ ਦੀ ਕੀ ਲੋੜ ਸੀ?

ਭਾਰਤ ਸਰਕਾਰ ਨੇ ਬਿਨਾਂ ਦੇਰੀ ਦੇ ਉਸੇ ਦਿਨ ਇਨ੍ਹਾਂ ਇਲਜ਼ਾਮਾਂ ਨੂੰ ਬੇ-ਬੁਨਿਆਦ ਤੇ ਬੇਹੂਦਾ ਕਹਿ ਕੇ ਰੱਦ ਕਰ ਦਿੱਤਾ ਸੀ। ਟਰੂਡੋ ਸਾਹਿਬ ਨੇ ਪਤਾ ਨਹੀਂ ਕੀ ਸੋਚ ਕੇ ਇਲਜ਼ਾਮ ਲਗਾਉਣ ਤੋਂ ਤੁਰੰਤ ਬਾਅਦ ਇਕ ਭਾਰਤੀ ਸੀਨੀਅਰ ਡਿਪਲੋਮੈਟ ਦਾ ਨਾਮ ਨਸ਼ਰ ਕਰ ਕੇ ਦੇਸ਼ ਛੱਡਣ ਦਾ ਹੁਕਮ ਜਾਰੀ ਕਰ ਦਿੱਤਾ, ਜਿਸ ਨੇ ਦੋਨਾਂ ਦੇਸ਼ਾਂ ਵਿਚ ਮਾਹੌਲ ਹੋਰ ਖ਼ਰਾਬ ਕਰ ਦਿੱਤਾ ਸੀ। ਇਸ ਤੋਂ ਜਲਦੀ ਬਾਅਦ ਕੈਨੇਡਾ ਤਾਂ ਸ਼ਾਇਦ ਆਪਣੀ ਗਲਤੀ ਦਾ ਅਹਿਸਾਸ ਕਰ ਕੇ ਚੁੱਪ ਕਰ ਗਿਆ ਤੇ ਇਸ ਮਸਲੇ ਤੋਂ ਪੈਰ ਪਿੱਛੇ ਖਿੱਚਣ ਲੱਗ ਪਿਆ ਸੀ। ਜਦੋਂ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਨੇ ਬਿਆਨ ਦੇ ਦਿੱਤੇ ਕਿ ਅਸੀਂ ਇਸ ਮਸਲੇ ਨੂੰ ਹੋਰ ਤੂਲ ਨਹੀਂ ਦੇਣਾ ਚਾਹੁੰਦੇ ਅਤੇ ਭਾਰਤ ਸਾਡਾ ਬਿਜ਼ਨਸ ਤੇ ਖੇਤਰੀ ਸਹਿਯੋਗੀ ਹੈ। ਪਰ ਭਾਰਤ ਸਰਕਾਰ ਨੂੰ ਇਸ ਰਾਹੀਂ ਇਕ ਸੁਨਹਿਰੀ ਮੌਕਾ ਮਿਲ਼ ਗਿਆ, ਜਿਸਦੀ ਉਹ ਲੰਬੇ ਸਮੇਂ ਤੋਂ ਉਡੀਕ ਵਿਚ ਸਨ। ਭਾਰਤ ਨੇ ਤੁਰੰਤ ਬਾਅਦ ਕਾਰਵਾਈ ਕਰਦੇ ਹੋਏ, ਪਹਿਲਾਂ ਇਕ ਕੈਨੇਡੀਅਨ ਸੀਨੀਅਰ ਡਿਪੋਲੋਮੈਟ ਨੂੰ ਭਾਰਤ ਛੱਡਣ ਦਾ ਹੁਕਮ ਜਾਰੀ ਕੀਤਾ, ਫਿਰ ਕੈਨੇਡੀਅਨ ਨਾਗਰਿਕਾਂ ਨੂੰ ਭਾਰਤ ਜਾਣ ਲਈ ਨਵੇਂ ਵੀਜ਼ੇ ਨਾ ਦੇਣ ਦਾ ਫੈਸਲਾ ਕੀਤਾ, ਭਾਰਤ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਿਲ ਸ਼ੱਕੀ ਵਿਅਕਤੀਆਂ ਦੇ ਓ ਸੀ ਆਈ ਕਾਰਡ ਰੱਦ ਕਰਨੇ ਸ਼ੁਰੂ ਕਰ ਦਿੱਤੇ, ਫਿਰ ਕੈਨੇਡਾ ਵਿਚ ਭਾਰਤੀ ਅੰਬੈਸੀਆਂ ਵਿਚ ਪਾਸਪੋਰਟ, ਵੀਜ਼ੇ ਤੇ ਇਮੀਗ੍ਰੇਸ਼ਨ ਨਾਲ਼ ਸਬੰਧਤ ਤਕਰੀਬਨ ਸਾਰੇ ਕੰਮ ਠੱਪ ਹੀ ਕਰ ਦਿੱਤੇ, ਫਿਰ ਦੋ ਕਦਮ ਅੱਗੇ ਜਾਂਦੇ ਹੋਏ, ਕੈਨੇਡਾ ਸਰਕਾਰ ਨੂੰ ਸਪੱਸ਼ਟ ਕਰ ਦਿੱਤਾ ਕਿ ਜਿਹੜੇ ਭਾਰਤ ਦੇ ਮੋਸਟ ਵਾਂਟੇਡ ਅਤਿਵਾਦੀ, ਗੈਂਗਸਟਰ, ਕ੍ਰਿਮੀਨਲ ਵਿਅਕਤੀ ਕੈਨੇਡਾ ਵਿਚ ਰਾਜਸੀ ਸ਼ਰਣ ਲਈ ਬੈਠੇ ਹਨ, ਉਨ੍ਹਾਂ ਨੂੰ ਸਾਡੇ ਹਵਾਲੇ ਕਰੋ ਅਤੇ ਆਪਣੇ ਇਲਜ਼ਾਮਾਂ ਦੇ ਸਾਨੂੰ ਪੁਖਤਾ ਸਬੂਤ ਦਿਓ। ਇਸ ਬਾਰੇ ਕੈਨੇਡਾ ਪਿਛਲੇ 30-40 ਸਾਲ ਤੋਂ ਕਦੇ ਵੀ ਕੁਝ ਕਰਨ ਲਈ ਤਿਆਰ ਨਹੀਂ ਹੈ। ਭਾਰਤੀ ਵਿਦੇਸ਼ ਮੰਤਰੀ ਡਾ. ਜੈ ਸ਼ੰਕਰ ਵਲੋਂ ਤਾਂ ਇੱਥੋਂ ਤਕ ਇਲਜ਼ਾਮ ਲਗਾ ਦਿੱਤੇ ਗਏ ਕਿ ਕੈਨੇਡਾ ਅਤਿਵਾਦੀਆਂ, ਗੈਂਗਸਟਰਾਂ, ਡਰੱਗ ਡੀਲਰਾਂ ਤੇ ਕ੍ਰਿਮੀਨਲਾਂ ਲਈ ਸਵਰਗ ਬਣ ਚੁੱਕਾ ਹੈ। ਇਸ ਤੋਂ ਬਾਅਦ ਕੈਨੇਡਾ ਨੇ ਵਾਪਿਸ ਮੁੜਨ ਦੇ ਕਈ ਯਤਨ ਕੀਤੇ ਤਾਂ ਕਿ ਭਾਰਤ ਨਾਲ਼ ਸਬੰਧ ਸੁਧਾਰੇ ਜਾ ਸਕਣ ਅਤੇ ਦੂਜੇ ਪਾਸੇ ਕੈਨੇਡਾ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਵੀ ਪੱਛਮੀ ਦੇਸ਼ਾਂ ਵਲੋਂ ਕੋਈ ਖਾਸ ਹਮਾਇਤ ਨਹੀਂ ਮਿਲ਼ੀ। ਪਰ ਭਾਰਤ ਨੇ ਆਪਣਾ ਹਮਲਾਵਰ ਰੁਖ਼ ਜਾਰੀ ਰੱਖਦੇ ਹੋਏ, ਕੈਨੇਡਾ ਦੇ 41 ਹੋਰ ਡਿਪਲੋਮੈਟਾਂ ਅਤੇ ਉਨ੍ਹਾਂ ਦੇ 42 ਪਰਿਵਾਰਕ ਮੈਂਬਰਾਂ ਨੂੰ ਵੀ ਭਾਰਤ ਛੱਡਣ ਦੇ ਹੁਕਮ ਜਾਰੀ ਕਰ ਦਿੱਤੇ। ਜਿਸ ਤੋਂ ਬਾਅਦ ਕੈਨੇਡਾ ਸਰਕਾਰ ਨੇ ਭਾਰਤ ਨੂੰ ਮਨਾਉਣ ਦੇ ਕਾਫੀ ਯਤਨ ਕੀਤੇ, ਪਰ ਭਾਰਤ ਸਰਕਾਰ ਵਲੋਂ ਆਪਣੀਆਂ ਮੰਗਾਂ ਮਨਵਾਏ ਬਗੈਰ ਸਮਝੌਤਾ ਕਰਨ ਤੋਂ ਨਾਂਹ ਕਰਨ ਤੋਂ ਬਾਅਦ ਆਖਿਰ ਕੈਨੇਡੀਅਨ ਵਿਦੇਸ਼ ਮੰਤਰੀ ਵਲੋਂ ਐਲਾਨ ਕੀਤਾ ਗਿਆ ਕਿ ਉਨ੍ਹਾਂ ਸਾਰੇ 83 ਡਿਪਲੋਮੈਟਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਾਪਿਸ ਬੁਲਾ ਲਿਆ ਗਿਆ ਹੈ। ਇਸ ਨਾਲ਼ ਭਾਰਤ ਤੇ ਕੈਨੇਡਾ ਵਿਚ ਸਬੰਧ ਹੋਰ ਤਲਖ਼ ਹੋ ਗਏ ਹਨ। ਹੁਣ ਅਜਿਹੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਭਾਰਤ ਇਸ ਕੇਸ ਨੂੰ ਹੋਰ ਅੱਗੇ ਵਧਾਉਣ ਲਈ 37 ਦੇਸ਼ਾਂ 'ਤੇ ਆਧਾਰਿਤ ਫਾਈਨੈਂਸ਼ਨਲ ਐਕਸ਼ਨ ਟਾਸਕ ਫੋਰਸ (Fatf) ਕੋਲ਼ ਲਿਜਾਣ ਲਈ ਤਿਆਰੀ ਕਰ ਰਿਹਾ ਹੈ। ਇਸ ਸੰਸਥਾ ਦਾ ਮਕਸਦ ਉਨ੍ਹਾਂ ਦੇਸ਼ਾਂ 'ਤੇ ਐਕਸ਼ਨ ਲੈਣਾ ਹੁੰਦਾ ਹੈ, ਜੋ ਆਪਣੇ ਦੇਸ਼ ਤੋਂ ਟੈਰੋਰਿਸਟ ਫੰਡਿਗ ਕਰਦੇ ਹਨ। ਬੇਸ਼ੱਕ ਕੈਨੇਡਾ 'ਤੇ ਅਜਿਹਾ ਇਲਜ਼ਾਮ ਤਾਂ ਨਹੀਂ ਲਗਾਇਆ ਜਾ ਸਕਦਾ, ਪਰ ਭਾਰਤ ਸਰਕਾਰ ਖਾਲਿਸਤਾਨੀ ਵਿਚਾਰਧਾਰਾ ਵਾਲ਼ੇ ਵਿਅਕਤੀਆਂ ਜਾਂ ਜਥੇਬੰਦੀਆਂ 'ਤੇ ਸ਼ਿਕੰਜਾ ਕੱਸ ਸਕਦੀ ਹੈ ਕਿ ਉਹ ਕੈਨੇਡਾ ਤੋਂ ਭਾਰਤ ਵਿਚ ਹਿੰਸਕ ਕਾਰਵਾਈਆਂ ਜਾਂ ਗੜਬੜ ਕਰਾਉਣ ਲਈ ਫੰਡਿੰਗ ਕਰ ਰਹੀਆਂ ਹਨ। ਇਸ ਨਾਲ਼ ਕੈਨੇਡਾ-ਭਾਰਤ ਦੇ ਸਬੰਧ ਹੋਰ ਵਿਗੜ ਸਕਦੇ ਹਨ।

ਹੁਣ ਸੋਚਣ ਵਾਲ਼ਾ ਮਸਲਾ ਇਹ ਹੈ ਕਿ ਕੀ ਜੋ ਕੁਝ ਵਾਪਰ ਰਿਹਾ ਹੈ, ਉਹ ਦੇਸ਼-ਵਿਦੇਸ਼ ਵਿਚ ਵਸਦੇ ਬਹੁ-ਗਿਣਤੀ ਸਿੱਖ ਭਾਈਚਾਰੇ ਦੇ ਹਿੱਤ ਵਿਚ ਹੈ? ਕੀ ਇਸਦਾ ਰਾਜਸੀ ਲਾਭ ਕੁਝ ਸਿੱਖ ਜਥੇਬੰਦੀਆਂ ਤੇ ਮੋਦੀ ਸਰਕਾਰ ਨੂੰ ਹੀ ਨਹੀਂ ਹੋ ਰਿਹਾ? ਜਿਸ ਵਿਚ ਆਮ ਲੋਕ ਅਣਭੋਲ ਹੀ ਫਸ ਗਏ ਹਨ। ਟਰੂਡੋ ਸਰਕਾਰ ਤਾਂ ਸਗੋਂ ਇਸ ਮਸਲੇ ਸਮੇਤ ਅਨੇਕਾਂ ਹੋਰ ਘਰੇਲੂ ਸਮੱਸਿਆਵਾਂ ਵਿਚ ਬੁਰੀ ਤਰ੍ਹਾਂ ਘਿਰ ਚੁੱਕੀ ਹੈ ਤੇ ਉਸਨੂੰ ਕਿਸੇ ਵੇਲੇ ਵੀ ਅਸਤੀਫ਼ਾ ਦੇਣਾ ਪੈ ਸਕਦਾ ਹੈ। ਨਵੇਂ ਸਰਵੇਖਣਾਂ ਅਨੁਸਾਰ ਟਰੂਡੋ ਤੇ ਜਗਮੀਤ ਸਿੰਘ ਦਾ ਪੌਪੂਲੈਰਿਟੀ ਗਰਾਫ ਦਿਨੋਂ-ਦਿਨ ਹੇਠਾਂ ਜਾ ਰਿਹਾ ਹੈ। ਇਨ੍ਹਾਂ ਘਟਨਾਵਾਂ ਦਾ ਸਿੱਧਾ ਅਸਰ ਆਮ ਸਿੱਖਾਂ 'ਤੇ ਹੀ ਪੈਣਾ ਹੈ ਅਤੇ ਪੈ ਵੀ ਰਿਹਾ ਹੈ। ਕੈਨੇਡਾ ਬੈਠੇ ਸਿੱਖ ਆਪਣੇ ਪਰਿਵਾਰਕ ਤੇ ਹੋਰ ਕੰਮਾਂ ਲਈ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਇਨ੍ਹਾਂ ਦਿਨਾਂ ਵਿਚ ਪੰਜਾਬ ਜਾਂਦੇ ਹਨ, ਜੋ ਕਿ ਹੁਣ ਵੀਜ਼ਾ ਸੇਵਾਵਾਂ ਰੱਦ ਹੋਣ ਨਾਲ਼ ਬੇਹੱਦ ਪ੍ਰੇਸ਼ਾਨ ਹਨ। ਉਨ੍ਹਾਂ ਨੂੰ ਕੋਈ ਰਾਹ ਨਹੀਂ ਦਿਸ ਰਿਹਾ। ਬੇਸ਼ੱਕ ਬਹੁ-ਗਿਣਤੀ ਸਿੱਖ ਭਾਈਚਾਰੇ ਦਾ ਇਨ੍ਹਾਂ ਘਟਨਾਵਾਂ ਨਾਲ਼ ਕੋਈ ਲੈਣਾ-ਦੇਣਾ ਨਹੀਂ, ਪਰ ਕੀ ਉਨ੍ਹਾਂ ਦੀ ਅਜਿਹੇ ਮਸਲਿਆਂ 'ਤੇ ਚੁੱਪ ਜਾਂ ਦੁਬਿਧਾ ਵਿਦੇਸ਼ਾਂ ਵਿਚ ਸਭ ਲਈ ਅਨੇਕਾਂ ਮਸਲੇ ਨਹੀਂ ਸਹੇੜ ਰਹੀ? ਵਿਦੇਸ਼ਾਂ ਵਿਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਿੱਖਾਂ ਕੋਲ਼ ਗੁਰਦੁਆਰੇ ਤੋਂ ਬਿਨਾਂ ਅਜਿਹੀ ਕੋਈ ਜਥੇਬੰਦੀ ਜਾਂ ਸੰਸਥਾ ਨਹੀਂ, ਜਿਥੋਂ ਲੋਕ ਆਪਣੇ ਮਸਲੇ ਸਰਕਾਰਾਂ ਜਾਂ ਪ੍ਰਸ਼ਾਸਨ ਤੱਕ ਪਹੁੰਚਾ ਸਕਣ ਅਤੇ ਜਿਨ੍ਹਾਂ ਦੇ ਕੋਲ਼ ਗੁਰਦੁਆਰਿਆਂ ਦਾ ਪ੍ਰਬੰਧ ਹੈ, ਉਨ੍ਹਾਂ ਦੇ ਜਾਤੀ ਤੇ ਜਮਾਤੀ ਹਿੱਤ ਇਸੇ ਵਿਚ ਹਨ ਕਿ ਭਾਰਤ ਨਾਲ਼ ਸਿੱਖਾਂ ਦੇ ਸਬੰਧ ਵੱਧ ਤੋਂ ਵੱਧ ਵਿਗੜਦੇ ਜਾਣ ਤਾਂ ਕਿ ਆਮ ਲੋਕ ਦੁਖੀ ਹੋ ਕੇ ਖਾਲਿਸਤਾਨ ਦੇ ਸਮਰਥਨ ਵਿਚ ਆ ਜਾਣ? ਕੀ ਇਹੀ ਗੱਲ ਭਾਰਤ ਦੀ ਮੋਦੀ ਸਰਕਾਰ ਦੇ ਹਿੱਤ ਵਿਚ ਵੀ ਨਹੀਂ ਕਿ ਆਮ ਲੋਕ ਤੰਗ ਪ੍ਰੇਸ਼ਾਨ ਹੋਣ ਤੇ ਖਾਲਿਸਤਾਨੀ ਧਿਰਾਂ ਤੋਂ ਪਾਸਾ ਵੱਟਣ? ਫਿਰ ਇਸਦਾ ਮਤਲਬ ਤਾਂ ਇਹੀ ਬਣਦਾ ਹੈ ਕਿ ਖਾਲਿਸਤਾਨੀ ਧਿਰਾਂ ਤੇ ਭਾਰਤ ਸਰਕਾਰ ਦਾ ਮਕਸਦ ਆਮ ਸਿੱਖਾਂ ਨੂੰ ਹੀ ਤੰਗ ਪ੍ਰੇਸ਼ਾਨ ਕਰਨ ਦਾ ਹੈ, ਜਿਸ ਨਾਲ਼ ਦੋਨੋਂ ਧਿਰਾਂ ਸਿਆਸੀ ਲਾਹੇ ਲੈ ਸਕਣ। ਲੜਨ ਵਾਲ਼ੀਆਂ ਦੋਨੋਂ ਧਿਰਾਂ ਵਿਚੋਂ ਫਾਇਦਾ ਕਿਸੇ ਨੂੰ ਵੀ ਹੋਵੇ, ਪਰ ਨੁਕਸਾਨ ਆਮ



ਸਿੱਖਾਂ ਦਾ ਹੀ ਹੋਣਾ ਹੈ।

ਕੀ ਅਜਿਹਾ ਨਹੀਂ ਲਗਦਾ, ਜਿਵੇਂ ਪਿਛਲ਼ੇ 60-70 ਸਾਲ ਤੋਂ ਬਹੁ-ਗਿਣਤੀ ਸਿੱਖ ਭਾਈਚਾਰਾ ਇੱਕ ਅਜਿਹੀ ਨਾ-ਮੁਰਾਦ ਦੁਬਿਧਾ ਦਾ ਸ਼ਿਕਾਰ ਹੈ? ਜਿਸ ਨਾਲ਼ ਉਹ ਨਾ ਤੇ ਖੁੱਲ੍ਹ ਕੇ ਭਾਰਤ ਤੋਂ ਵੱਖ ਹੋ ਕੇ ਵੱਖਰੇ ਦੇਸ਼ ਖਾਲਿਸਤਾਨ ਦੀ ਮੰਗ



ਕਰਨ ਵਾਲ਼ਿਆਂ ਦੀ ਹਮਾਇਤ ਕਰਦਾ ਹੈ ਅਤੇ ਨਾ ਹੀ ਅਜਿਹੀ ਮੰਗ ਕਰਨ ਵਾਲ਼ਿਆਂ ਦੇ ਖ਼ਿਲਾਫ ਕੋਈ ਸਟੈਂਡ ਲੈਂਦਾ ਹੈ। ਕੀ ਉਨ੍ਹਾਂ ਦੀ ਇਹ ਚੁੱਪ ਆਪਣੇ ਵਿਰੋਧੀਆਂ ਨੂੰ ਮੂਕ ਸਹਿਮਤੀ ਦਾ ਇਲਜ਼ਾਮ ਲਗਾਉਣ ਦਾ ਮੌਕਾ ਨਹੀਂ ਦਿੰਦੀ ਆ ਰਹੀ? ਇਹ ਵਰਤਾਰਾ ਆਮ ਦੇਖਣ ਨੂੰ ਮਿਲਦਾ ਹੈ, ਜਦੋਂ ਸਿੱਖਾਂ ਦੇ ਵੱਡੇ ਨੁਕਸਾਨ ਹੁੰਦੇ ਹਨ ਤਾਂ 'ਚੁੱਪ ਰਹਿਣ ਵਾਲ਼ੀ ਬਹੁ-ਗਿਣਤੀ' ਵੀ 'ਸਿੱਖਾਂ ਨੂੰ ਖੁਆਰ ਕਰ ਰਹੀਆਂ ਧਿਰਾਂ ਦੀ ਜਵਾਬਦੇਹੀ ਕਰਨ ਦੀ ਥਾਂ' ਸਰਕਾਰਾਂ ਨੂੰ ਦੋਸ਼ ਦੇਣ ਲਈ ਮੋਹਰੀ ਹੋ ਜਾਂਦੀ ਹੈ। ਬੇਸ਼ੱਕ ਆਪਣੇ ਵਲੋਂ ਉਹ ਅਕਸਰ ਖਾਲਿਸਤਾਨੀ ਧਿਰਾਂ ਖ਼ਿਲਾਫ ਚੁੱਪ ਰਹਿ ਕੇ ਆਪਣਾ ਵਿਰੋਧ ਜਤਾਉਂਦੇ ਹਨ ਅਤੇ ਖਾਲਿਸਤਾਨੀ ਧਿਰਾਂ ਨੂੰ ਸਿੱਧੇ ਤੌਰ 'ਤੇ ਕਦੇ ਸਮਰਥਨ ਵੀ ਨਹੀਂ ਦਿੰਦੇ, ਪਰ ਨਾਲ਼ ਹੀ ਖਾਲਿਸਤਾਨੀ ਧਿਰਾਂ ਵਲੋਂ ਸਿਰਜੇ ਜਾਂਦੇ ਗੁਲਾਮੀ ਤੇ ਵਿਤਕਰਿਆਂ ਦੇ ਝੂਠੇ ਬਿਰਤਾਂਤਾਂ ਤੋਂ ਗੁਮਰਾਹ ਹੋ ਕੇ ਅਕਸਰ ਉਨ੍ਹਾਂ ਦੇ ਹੱਕ ਵਿਚ ਭੁਗਤਣ ਲਈ ਵੀ ਦੇਰ ਨਹੀਂ ਲਾਉਂਦੇ। '84 ਦੇ ਦੌਰ ਵਿਚ ਵੀ ਬਹੁ-ਗਿਣਤੀ ਸਿੱਖ ਭਾਈਚਾਰਾ ਅਜਿਹੀ ਦੁਬਿਧਾ ਦਾ ਸ਼ਿਕਾਰ ਹੋ ਕੇ ਸ਼ਾਂਤਮਈ ਚੱਲ ਰਹੇ ਧਰਮ ਯੁੱਧ ਮੋਰਚੇ ਵਿਚ ਸ਼ੁਰੂ ਹੋ ਚੁੱਕੀ ਬੇਮੁਹਾਰੀ ਹਿੰਸਾ ਦੇ ਖ਼ਿਲਾਫ ਨਹੀਂ ਖੜ ਸਕਿਆ, ਜਿਸਨੂੰ ਵਿਰੋਧੀਆਂ ਵਲੋਂ ਚੁੱਪ ਰੂਪੀ ਸਹਿਮਤੀ ਸਮਝਿਆ ਗਿਆ। ਜਿਸਦੇ ਨਤੀਜੇ ਵਜੋਂ ਜੂਨ ਤੇ ਨਵੰਬਰ, '84 ਵਰਗੇ ਖ਼ੂਨੀ ਦੁਖਾਂਤਾਂ ਤੋਂ ਇਲਾਵਾ 84-94 ਤੱਕ ਸਾਰੇ ਪੰਜਾਬ ਨੇ ਇਕ ਪੂਰਾ ਦਹਾਕਾ ਸੰਤਾਪ ਝੱਲਿਆ, ਜਿਸ ਵਿਚ ਸਰਕਾਰੀ ਤੇ ਗੈਰ-ਸਰਕਾਰੀ ਹਿੰਸਾ ਨਾਲ਼ ਹਜ਼ਾਰਾਂ ਲੋਕਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ। ਇਸ ਸਭ ਦੇ ਬਾਵਜੂਦ ਵੀ ਬਹੁ-ਗਿਣਤੀ ਭਾਈਚਾਰਾ ਅਜੇ ਵੀ ਸਰਕਾਰੀ ਹਿੰਸਾ ਤੇ ਝੂਠੇ ਮੁਕਾਬਲਿਆਂ ਦੀ ਗੱਲ ਤਾਂ ਬਹੁਤ ਖੁੱਲ੍ਹ ਕੇ ਕਰਦਾ ਹੈ, ਪਰ ਗੈਰ-ਸਰਕਾਰੀ ਹਿੰਸਾ ਵਿਚ ਮਾਰੇ ਗਏ ਗਏ ਹਜ਼ਾਰਾਂ ਬੇਗੁਨਾਹ ਲੋਕਾਂ ਦੇ ਹੱਕ ਵਿਚ ਅੱਜ ਤੱਕ ਕਦੇ ਕਿਸੇ ਸਿੱਖ ਜਥੇਬੰਦੀ ਨੇ ਹਮਦਰਦੀ ਦੇ ਸ਼ਬਦ ਵੀ ਨਹੀਂ ਕਹੇ? ਬੱਸਾਂ, ਟਰੇਨਾਂ, ਭੱਠਿਆਂ, ਬਾਜ਼ਾਰਾਂ ਵਿਚ ਅਣਪਛਾਤੇ ਵਿਅਕਤੀਆਂ ਵਲੋਂ ਮਾਰੇ ਗਏ ਹਜ਼ਾਰਾਂ ਬੇਗੁਨਾਹਾਂ ਦੇ ਇਲਜ਼ਾਮ ਜਦੋਂ ਖਾੜਕੂਆਂ 'ਤੇ ਲੱਗਦੇ ਹਨ ਤਾਂ ਦੱਬਵੀਂ ਆਵਾਜ਼ ਵਿਚ ਇਹ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਅਜਿਹੇ ਕਤਲ ਸਰਕਾਰੀ ਕੈਟਾਂ ਜਾਂ ਏਜੰਸੀਆਂ ਨੇ ਖਾੜਕੂਆਂ ਨੂੰ ਬਦਨਾਮ ਕਰਨ ਲਈ ਕਰਵਾਏ ਸਨ, ਪਰ ਝੂਠੇ ਪੁਲਿਸ ਮੁਕਾਬਲਿਆਂ ਤੇ ਲਾਵਾਰਿਸ ਲਾਂਸ਼ਾਂ ਦੀ ਜਾਂਚ ਦੀ ਅੰਤਰ-ਰਾਸ਼ਟਰੀ ਮੰਗ ਵਾਂਗ, ਦੇਸ਼-ਵਿਦੇਸ਼ ਦੀ ਕਿਸੇ ਸਿੱਖ ਜਥੇਬੰਦੀ ਨੇ ਕਦੇ ਲੋਕ ਦਿਖਾਵੇ ਲਈ ਵੀ ਮੰਗ ਵੀ ਨਹੀਂ ਕੀਤੀ ਕਿ ਬੇਗੁਨਾਹਾਂ ਦੇ ਕਤਲਾਂ ਦੇ ਇਲਜ਼ਾਮ ਸਿੱਖਾਂ 'ਤੇ ਲਗਾ ਕੇ ਸਰਕਾਰ ਸਿੱਖਾਂ ਨੂੰ ਅਤਿਵਾਦੀ ਪੇਸ਼ ਕਰ ਕੇ ਬਦਨਾਮ ਕਰਦੀ ਰਹੀ ਹੈ, ਉਸਦੀ ਪਬਲਿਕ ਇਨਕੁਆਰੀ ਕੀਤੀ ਜਾਣੀ ਚਾਹੀਦੀ ਹੈ। ਜਦੋਂ ਸਰਕਾਰਾਂ ਕੁਝ ਵਿਅਕਤੀਆਂ ਜਾਂ ਜਥੇਬੰਦੀਆਂ ਦੀਆਂ ਕਾਰਵਾਈਆਂ ਕਾਰਨ ਉਨ੍ਹਾਂ ਨੂੰ ਅਤਿਵਾਦੀ ਅਤੇ ਵੱਖਵਾਦੀ ਕਹਿੰਦੀਆਂ ਹਨ ਤਾਂ ਬਹੁ-ਗਿਣਤੀ ਭਾਈਚਾਰਾ ਅਜਿਹੇ ਲੋਕਾਂ ਤੋਂ ਆਪਣੇ ਆਪ ਨੂੰ ਵੱਖ ਕਰਨ ਦੀ ਥਾਂ, ਅਜਿਹੇ ਪ੍ਰਚਾਰ ਵਿਚ ਮੂਹਰੀ ਹੋ ਕੇ ਸ਼ਾਮਿਲ ਹੋ ਜਾਂਦਾ ਹੈ ਕਿ ਸਾਰੇ ਸਿੱਖਾਂ ਨੂੰ ਅਤਿਵਾਦੀ ਤੇ ਵੱਖਵਾਦੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਸਿੱਖ ਤਾਂ ਸਰਬੱਤ ਦਾ ਭਲਾ ਮੰਗਦੇ ਹਨ, ਸਾਰੀ ਦੁਨੀਆਂ ਵਿਚ ਲੰਗਰ ਲਗਾਉਂਦੇ ਜਾਂ ਹੋਰ ਸਮਾਜ ਭਲਾਈ ਦੇ ਕੰਮ ਕਰਦੇ ਹਨ। ਪਰ ਕਦੇ ਇਸ ਬਾਰੇ ਸਪੱਸ਼ਟ ਨਹੀਂ ਹੁੰਦੇ ਕਿ ਕੀ ਲੰਗਰ ਲਾਉਣ ਜਾਂ ਸੋਸ਼ਲ ਵਰਕ ਕਰਨ ਵਾਲ਼ਿਆਂ ਨੂੰ ਸਰਕਾਰਾਂ ਵਲੋਂ ਅਤਿਵਾਦੀ ਜਾਂ ਵੱਖਵਾਦੀ ਕਿਹਾ ਜਾਂਦਾ ਹੈ ਜਾਂ ਸਿਰਫ ਉਨ੍ਹਾਂ ਲੋਕਾਂ ਨੂੰ ਜੋ ਅਜਿਹੇ ਕੰਮ ਕਰਦੇ ਹਨ।

ਕੀ ਅੱਜ ਹਰ ਖਾਲਿਸਤਾਨੀ ਸਮੇਤ ਆਮ ਸਿੱਖ ਆਪਣੇ ਬੱਚਿਆਂ ਦਾ ਭਵਿੱਖ ਪੰਜਾਬ ਜਾਂ ਭਾਰਤ ਦੀ ਥਾਂ ਪੱਛਮੀ ਦੇਸ਼ਾਂ ਵਿਚ ਨਹੀਂ ਦੇਖ ਰਿਹਾ ਹੈ? ਕੀ ਸਭ ਦੀ ਦੌੜ ਆਪਣੇ ਬੱਚਿਆਂ ਨੂੰ ਹਰ ਹੀਲਾ ਵਰਤ ਕੇ ਵਿਦੇਸ਼ਾਂ ਵਿਚ ਸੈਟ ਕਰਨ 'ਤੇ ਨਹੀਂ ਲੱਗੀ ਹੋਈ? ਜੇ ਭਾਰਤ ਸਰਕਾਰ ਦੇ ਸਬੰਧ ਪੱਛਮੀ ਤਾਕਤਾਂ ਨਾਲ਼ ਵਿਗੜਦੇ ਹਨ ਤਾਂ ਕੀ ਇਸਦਾ ਸਿੱਧਾ ਅਸਰ ਆਮ ਸਿੱਖਾਂ ਦੇ ਭਵਿੱਖ 'ਤੇ ਨਹੀਂ ਪੈ ਰਿਹਾ? ਫਿਰ ਕੀ ਸਾਨੂੰ ਸੋਚਣ ਦੀ ਲੋੜ ਨਹੀਂ ਕਿ ਘੱਟੋ-ਘੱਟ ਵਿਦੇਸ਼ਾਂ ਵਿਚ ਤਾਂ ਅਜਿਹਾ ਕੁਝ ਨਾ ਕਰੀਏ, ਜਿਸ ਨਾਲ਼ ਜਿਹੜੀ ਲੋਕਾਂ ਦੀ ਆਸ ਪੱਛਮੀ ਦੇਸ਼ਾਂ ਤੋਂ ਹੈ, ਉਸ ਤੋਂ ਵੀ ਹੱਥ ਧੋਣੇ ਪੈ ਜਾਣ। ਇਹ ਸਭ ਆਮ ਲੋਕ ਮਹਿਸੂਸ ਤਾਂ ਕਰਦੇ ਹਨ, ਪਰ ਉਨ੍ਹਾਂ ਦੀ ਬਾਂਹ ਫੜਨ ਵਾਲ਼ੀ ਕੋਈ ਸਿੱਖ ਜਥੇਬੰਦੀ ਨਹੀਂ, ਜੋ ਉਨ੍ਹਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਸਕੇ ਜਾਂ ਉਨ੍ਹਾਂ ਤਾਕਤਾਂ ਖ਼ਿਲਾਫ ਕੋਈ ਸਟੈਂਡ ਲੈ ਸਕੇ, ਜੋ ਆਮ ਸਿੱਖਾਂ ਦਾ ਭਵਿੱਖ ਖਰਾਬ ਕਰਨ ਦੇ ਰਾਹ ਤੁਰੇ ਹੋਏ ਹਨ। ਕੀ ਇਸ ਵਿਚ ਆਮ ਲੋਕਾਂ ਦਾ ਵੀ ਉਤਨਾ ਦੋਸ਼ ਨਹੀਂ ਕਿ ਉਨ੍ਹਾਂ ਨੇ ਗੁਰਦੁਆਰਿਆਂ ਤੋਂ ਬਾਹਰ ਕੋਈ ਵੀ ਸਮਾਜਿਕ ਜਾਂ ਰਾਜਸੀ ਚੇਤਨਾ ਵਾਲ਼ੀਆਂ ਸੰਸਥਾਵਾਂ ਨਹੀਂ ਬਣਾਈਆਂ, ਜਿੱਥੇ ਉਹ ਆਪਣੇ ਹਿੱਤਾਂ ਦੀ ਰਾਖੀ ਕਰ ਸਕਣ? ਦੂਜਾ ਪੱਖ ਇਹ ਵੀ ਹੈ ਕਿ ਗੁਰਦੁਆਰਿਆਂ ਨੂੰ ਕੰਟਰੋਲ ਕਰ ਰਹੀਆਂ ਧਿਰਾਂ ਵਲੋਂ ਆਪਣੇ ਦਾਬੇ ਨਾਲ਼ ਅਜਿਹੀਆਂ ਧਿਰਾਂ ਨੂੰ ਕਦੇ ਸਿੱਖ ਕਮਿਊਨਿਟੀ ਵਿਚ ਉਠਣ ਵੀ ਨਹੀਂ ਦਿੱਤਾ, ਜੋ ਉਨ੍ਹਾਂ ਦੇ ਏਜੰਡੇ ਤੋਂ ਉਲਟ ਕੰਮ ਕਰ ਸਕਣ। ਸਿੱਖ ਕਮਿਊਨਿਟੀ ਵਿਚ ਗੁਰਦੁਆਰੇ ਤੋਂ ਬਾਹਰ ਭੰਗੜੇ-ਗਿੱਧੇ, ਕਬੱਡੀ ਟੂਰਨਾਮੈਂਟਾਂ, ਬਜ਼ੁਰਗਾਂ ਦੀਆਂ ਸੰਸਥਾਵਾਂ, ਸਾਹਿਤਕ ਸਭਾਵਾਂ ਹੀ ਹਨ, ਬੇਸ਼ਕ ਉਨ੍ਹਾਂ ਵਿਚ ਬੜੇ ਸੂਝਵਾਨ, ਪੜ੍ਹੇ-ਲਿਖੇ ਤੇ ਤਜਰਬੇਕਾਰ ਲੋਕ ਸ਼ਾਮਿਲ ਹਨ, ਪਰ ਬਦਕਿਸਮਤੀ ਨਾਲ਼ ਉਨ੍ਹਾਂ ਕੋਲ਼ ਕਮਿਊਨਿਟੀ ਦੇ ਸਾਂਝੇ ਰਾਜਨੀਤਕ ਜਾਂ ਸਮਾਜਿਕ ਸਰੋਕਾਰਾਂ ਲਈ ਕੋਈ ਏਜੰਡਾ ਨਹੀਂ। ਉਥੇ ਵੀ ਉਹ ਲੋਕ ਹੀ ਭਾਰੂ ਹਨ, ਜੋ ਆਪਣੇ ਮਨੋਰੰਜਨ ਜਾਂ ਨਿੱਜੀ ਸ਼ੋਹਰਤ ਤੱਕ ਸੀਮਤ ਹਨ।

ਅੱਜ ਜਦੋਂ ਪੰਜਾਬ ਤੇ ਕੈਨੇਡਾ ਵਿਚਲਾ ਬਹੁ-ਗਿਣਤੀ ਸਿੱਖ ਭਾਈਚਾਰਾ ਕੈਨੇਡਾ-ਭਾਰਤ ਦੇ ਮੌਜੂਦਾ ਤਲਖ਼ ਸਬੰਧਾਂ ਕਾਰਨ ਤੰਗ ਪ੍ਰੇਸ਼ਾਨ ਹੈ ਤਾਂ ਕੀ ਉਨ੍ਹਾਂ ਨੂੰ ਸਪੱਸ਼ਟ ਸਟੈਂਡ ਨਹੀਂ ਲੈਣਾ ਚਾਹੀਦਾ ਕਿ ਉਨ੍ਹਾਂ ਦੇ ਹਿੱਤ ਵਿਚ ਕੀ ਹੈ? ਜੇ ਅਸੀਂ ਆਪਣੇ ਹਿੱਤਾਂ ਲਈ ਆਪ ਨਹੀਂ ਖੜ੍ਹ ਸਕਦੇ ਤਾਂ ਕੋਈ ਸਾਡੇ ਲਈ ਕਿਉਂ ਖੜ੍ਹੇ? ਮਸਲਾ ਇਹ ਨਹੀਂ ਕਿ ਜੇ ਕੁਝ ਸਿੱਖ ਜਥੇਬੰਦੀਆਂ ਨੂੰ ਲੱਗਦਾ ਹੈ ਕਿ ਸਿੱਖਾਂ ਦਾ ਭਲਾ ਭਾਰਤ ਤੋਂ ਵੱਖ ਹੋ ਕੇ ਵੱਖਰੇ ਦੇਸ਼ ਖਾਲਿਸਤਾਨ ਵਿਚ ਹੈ ਤਾਂ ਉਨ੍ਹਾਂ ਨੂੰ ਪੂਰਾ ਹੱਕ ਹੈ ਕਿ ਉਹ ਆਪਣਾ ਪੱਖ ਲੋਕਾਂ ਤੱਕ ਮਾਡਰਨ ਵਰਲਡ ਦੇ ਲੋਕਤੰਤਰੀ ਢੰਗ ਤਰੀਕਿਆਂ ਨਾਲ਼ ਲੋਕਾਂ ਤੱਕ ਲਿਜਾਣ, ਪਰ ਉਨ੍ਹਾਂ ਨੂੰ ਇਹ ਹੱਕ ਬਿਲਕੁਲ ਨਹੀਂ ਦਿੱਤਾ ਜਾ ਸਕਦਾ ਕਿ ਜੇ ਬਹੁ-ਗਿਣਤੀ ਸਿੱਖ ਭਾਈਚਾਰੇ ਨੂੰ ਲਗਦਾ ਹੈ ਕਿ ਸਿੱਖਾਂ ਦਾ ਭਲਾ ਭਾਰਤ ਨਾਲ਼ ਰਹਿਣ ਵਿਚ ਹੈ, ਜਿੱਥੇ ਉਨ੍ਹਾਂ ਕੋਲ਼ ਛੋਟੇ ਜਿਹੇ ਪੰਜਾਬ ਵਿਚ ਹੀ ਰਹਿਣ ਜਾਂ ਕੰਮ ਕਰਨ ਦੀ ਥਾਂ ਸਾਰਾ ਵਿਸ਼ਾਲ ਭਾਰਤ ਉਨ੍ਹਾਂ ਲਈ ਖੁੱਲ੍ਹਾ ਹੈ ਤਾਂ ਉਨ੍ਹਾਂ ਨੂੰ ਡਰਾਉਣ, ਧਮਕਾਉਣ ਜਾਂ ਗਦਾਰ ਕਹਿਣ ਦੀ ਨੀਤੀ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨੀ ਜਾ ਸਕਦੀ। ਖਾਲਿਸਤਾਨ ਇੱਕ ਰਾਜਨਤੀਕ ਵਿਚਾਰਧਾਰਾ ਹੈ, ਉਸ ਨਾਲ਼ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ, ਪਰ ਅਸਹਿਮਤ ਵਿਅਕਤੀਆਂ ਨੂੰ ਪੰਥ ਦੇ ਗਦਾਰ ਕਹਿ ਕੇ ਹਮਲੇ ਕਰਨੇ, ਸੋਸ਼ਲ ਮੀਡੀਆ 'ਤੇ ਗਾਲ਼ੀ-ਗਲੋਚ ਕਰਨਾ, ਮਾਡਰਨ ਵਰਲਡ ਦੇ ਲੋਕਤੰਤਰੀ ਸਿਸਟਮ ਹੀ ਨਹੀਂ, ਸਗੋਂ ਸਿੱਖੀ ਦੇ ਬੁਨਿਆਦੀ ਅਸੂਲਾਂ ਦੇ ਵੀ ਖ਼ਿਲਾਫ ਹੈ। ਆਮ ਲੋਕਾਂ ਦਾ ਹਾਲ ਇਹ ਹੋ ਚੁੱਕਾ ਹੈ ਕਿ ਅਜਿਹੇ ਹਿੰਸਕ ਲੋਕਾਂ ਦਾ ਵਿਰੋਧ ਕਰਨਾ ਤਾਂ ਦੂਰ, ਭਾਈਚਾਰੇ ਵਿਚ ਡਰ ਦਾ ਅਜਿਹਾ ਮਾਹੌਲ ਸਿਰਜ ਦਿੱਤਾ ਗਿਆ ਹੈ ਕਿ ਲੋਕ ਅਜਿਹੀਆਂ ਘਟਨਾਵਾਂ ਦੀ ਨਿਖੇਧੀ ਕਰਨ ਤੋਂ ਵੀ ਘਬਰਾਉਣ ਲੱਗੇ ਹਨ। ਪਰ ਜਦੋਂ ਆਮ ਲੋਕਾਂ ਨਾਲ਼ ਪ੍ਰਾਈਵੇਟ ਗੱਲ ਹੁੰਦੀ ਹੈ ਤਾਂ ਸਭ ਨੂੰ ਇਹੀ ਲਗਦਾ ਹੈ ਕਿ ਖਾਲਿਸਤਾਨ ਦੀ ਦੇਸ਼-ਵਿਦੇਸ਼ ਵਿਚ ਮੰਗ ਕੁਝ ਮੁੱਠੀ ਭਰ ਲੋਕਾਂ ਦੀ ਹੀ ਹੈ। ਜੇ ਅਜਿਹਾ ਹੈ ਤਾਂ ਫਿਰ ਬਹੁ-ਗਿਣਤੀ ਭਾਈਚਾਰਾ ਆਪਣਾ ਪੱਖ ਦੁਨੀਆਂ ਨੂੰ ਸਪੱਸ਼ਟ ਕਿਉਂ ਨਹੀਂ ਕਰਦਾ ਕਿ ਸਾਡਾ ਇਸ ਮੰਗ ਨਾਲ਼ ਕੋਈ ਸਬੰਧ ਨਹੀਂ। ਪਰ ਆਮ ਸਿੱਖਾਂ ਸਮੇਤ ਵੱਡੇ-ਵੱਡੇ ਸਿੱਖ ਵਿਦਵਾਨਾਂ ਵਿਚ ਅਜਿਹੀ ਸਪੱਸ਼ਟਤਾ ਦੀ ਘਾਟ ਅਕਸਰ ਦੇਖੀ ਜਾਂਦੀ ਹੈ? ਇਸੇ ਤਰ੍ਹਾਂ ਬਹੁ-ਗਿਣਤੀ ਸਿੱਖ, ਆਰ ਐਸ ਐਸ ਦੀ ਅਗਵਾਈ ਵਾਲ਼ੀਆਂ ਹਿੰਦੂਤਵੀ ਜਥੇਬੰਦੀਆਂ ਵਲੋਂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਵਿਰੋਧ ਤਾਂ ਕਰਦੇ ਹਨ, ਜੋ ਕਿ ਹਰ ਸੈਕੂਲਰ ਤੇ ਡੈਮੋਕਰੈਟਿਕ ਸਿੱਖ ਨੂੰ ਕਰਨਾ ਵੀ ਚਾਹੀਦਾ ਹੈ, ਫਿਰ ਉਸੇ ਤਰ੍ਹਾਂ ਦੇ ਧਰਮ ਆਧਾਰਿਤ ਸਿੱਖ ਰਾਸ਼ਟਰ (ਖਾਲਿਸਤਾਨ) ਦਾ ਵਿਰੋਧ ਖੁੱਲ੍ਹ ਕੇ ਕਿਉਂ ਨਹੀਂ ਕਰਦੇ? ਫਿਰ ਸਿੱਖ ਭਾਈਚਾਰੇ ਦੀ ਇਸ ਮਾਨਸਿਕਤਾ ਨੂੰ ਕਿਵੇਂ ਸਮਝਿਆ ਜਾਵੇ?

ਕੀ ਅਜਿਹੇ ਹਾਲਾਤ ਵਿਚ ਕਮਿਊਨਿਟੀ ਦੇ ਵਿਦਵਾਨਾਂ ਅਤੇ ਰਾਜਸੀ ਤੌਰ 'ਤੇ ਚੇਤੰਨ ਲੋਕਾਂ ਨੂੰ ਆਪਣੇ ਵਿਸ਼ਾਲ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ, ਕੋਈ ਅਜਿਹੀ ਸਾਂਝੀ ਤੇ ਸਪੱਸ਼ਟ ਨੀਤੀ ਨਹੀਂ ਅਪਨਾਉਣੀ ਚਾਹੀਦੀ, ਜਿਸ ਨਾਲ਼ ਉਨ੍ਹਾਂ ਦਾ ਪੱਖ ਸਾਰੀ ਦੁਨੀਆਂ ਨੂੰ ਸਪੱਸ਼ਟ ਹੋਵੇ? ਚੁੱਪ ਤੇ ਦੁਬਿਧਾ ਨਾਲ਼ ਪਹਿਲਾਂ ਵੀ ਨੁਕਸਾਨ ਹੋਇਆ ਸੀ ਤੇ ਹੁਣ ਵੀ ਹੋ ਰਿਹਾ ਹੈ। ਸਾਡੇ ਬੁੱਧੀਜੀਵੀਆਂ ਤੇ ਸੰਸਥਾਵਾਂ ਨੂੰ ਆਪਣੇ-ਆਪਣੇ ਸ਼ਹਿਰਾਂ ਤੇ ਦਾਇਰਿਆਂ ਵਿਚ ਇਸਨੂੰ ਗੰਭੀਰਤਾ ਨਾਲ਼ ਵਿਚਾਰਨ ਦੀ ਲੋੜ ਹੈ, ਨਹੀਂ ਤਾਂ ਅਸੀਂ ਇਸੇ ਤਰ੍ਹਾਂ ਨੁਕਸਾਨ ਉਠਾਉਂਦੇ ਰਹਾਂਗੇ।

# 'ਗ਼ਦਰ ਆਸ਼ਰਮ' ਸਾਨ ਫ਼ਰਾਂਸਿਸਕੋ ਦੇ ਸਰਕਾਰੀ ਪ੍ਰਬੰਧ ਦੀ ਮੰਦੀ ਹਾਲਤ

***ਭਾਰਤ ਦੀ ਆਜ਼ਾਦੀ ਦੀ ਤਹਿਰੀਕ ਵਿਚ ਗ਼ਦਰੀਆਂ ਦਾ ਨਿਵੇਕਲਾ, ਨਿਆਰਾ ਅਤੇ ਨਰੋਆ ਯੋਗਦਾਨ ਹੈ ਪਰ ਕੌੜਾ ਸੱਚ ਇਹ ਹੈ ਕਿ ਇਤਿਹਾਸ ਵਿਚ ਗ਼ਦਰੀਆਂ ਨੂੰ ਬਣਦਾ ਮਾਣ-ਤਾਣ ਦਿੱਤਾ ਨਹੀਂ ਗਿਆ। ਗ਼ਦਰੀਆਂ ਵੱਲ ਸਰਕਾਰ ਦੇ ਵਿਤਕਰੇ ਭਰਪੂਰ ਰਵੱਈਏ ਦਾ ਪਤਾ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੇ ਇਸ ਲੇਖ ਤੋਂ ਲੱਗਦਾ ਹੈ। ਇਸ ਲੇਖ ਵਿਚ ਉਨ੍ਹਾਂ ਗ਼ਦਰ ਪਾਰਟੀ ਦੇ ਸਾਨ ਫਰਾਂਸਿਸਕੋ ਵਿਚਲੇ ਦਫ਼ਤਰ 'ਗ਼ਦਰ ਆਸ਼ਰਮ' ਦੀ ਸਾਂਭ-ਸੰਭਾਲ ਦਾ ਮਸਲਾ ਉਭਾਰਿਆ ਹੈ ਅਤੇ ਬਿਆਨ ਕੀਤਾ ਹੈ ਕਿ ਸਰਕਾਰੀ ਪੱਧਰ 'ਤੇ ਇਸ ਯਾਦਗਾਰ ਦੀ ਕਿਵੇਂ ਅਣਦੇਖੀ ਕੀਤੀ ਜਾ ਰਹੀ ਹੈ।***

15 ਅਗਸਤ 1947 ਨੂੰ ਦੇਸ ਆਜ਼ਾਦ ਹੋ ਗਿਆ। ਦੇਸ ਨੂੰ ਅੰਗਰੇਜ਼ ਸਾਮਰਾਜੀਆਂ ਤੋਂ ਆਜ਼ਾਦ ਕਰਾਉਣ ਦੇ ਮੁੱਖ ਮੰਤਵ ਨਾਲ ਜਥੇਬੰਦ ਕੀਤੀ ਗਈ ਗ਼ਦਰ ਪਾਰਟੀ ਨੂੰ ਆਪਣੀ ਮੰਜ਼ਲ ਮਿਲ ਗਈ ਲੱਗੀ। ਕੋਈ ਦੋ ਸਾਲ ਮਗਰੋਂ ਗ਼ਦਰ ਪਾਰਟੀ ਦੇ ਦਫ਼ਤਰ 'ਗ਼ਦਰ ਆਸ਼ਰਮ' ਦੇ ਉਸ ਸਮੇਂ ਦੇ ਪ੍ਰਬੰਧਕਾਂ ਨੇ ਚੀਜ਼ਾਂ-ਵਸਤਾਂ ਅਤੇ ਕਾਗ਼ਜ਼-ਪੱਤਰਾਂ ਸਮੇਤ ਇਮਾਰਤ ਭਾਰਤੀ ਦੂਤਾਵਾਸ ਦੇ ਸਾਨ ਫ਼ਰਾਂਸਿਸਕੋ ਵਾਲੇ ਕੌਂਸਲਖਾਨੇ ਦੇ ਹਵਾਲੇ ਕਰ ਦਿੱਤੀ। 1952 ਵਿਚ ਗ਼ਦਰ



**ਗੁਰਬਚਨ ਸਿੰਘ ਭੁੱਲਰ**
ਫੋਨ:+91-80763-63058

ਆਸ਼ਰਮ ਕਾਨੂੰਨੀ ਪੱਖੋਂ ਕੌਂਸਲਖਾਨੇ ਦੇ ਨਾਂ ਤਬਦੀਲ ਹੋ ਗਿਆ।

ਜਦੋਂ ਗ਼ਦਰ ਪਾਰਟੀ ਬਣਾਏ ਜਾਣ ਅਤੇ ਉਹਦਾ ਦਫ਼ਤਰ ਖੋਲ੍ਹੇ ਜਾਣ ਦਾ ਜ਼ਿਕਰ ਹੁੰਦਾ ਹੈ, ਆਮ ਕਰ ਕੇ ਕੈਲੀਫ਼ੋਰਨੀਆ ਦੇ ਨਗਰ ਸਟਾਕਟਨ ਵਿਚ ਜੁਲਾਈ 1913 ਵਿਚ ਹੋਈ ਇਕੱਤਰਤਾ ਦਾ ਹਵਾਲਾ ਦਿੱਤਾ ਜਾਂਦਾ ਹੈ। ਅਸਲ ਵਿਚ ਇਹ ਚੌਥੀ ਇਕੱਤਰਤਾ ਸੀ। ਜਥੇਬੰਦੀ ਕਾਇਮ ਕਰਨ ਦੇ ਨਿਸ਼ਾਨੇ ਵਾਲੀਆਂ ਤਿੰਨ ਇਕੱਤਰਤਾਵਾਂ ਉਸ ਤੋਂ ਪਹਿਲਾਂ ਹੋ ਚੁੱਕੀਆਂ ਸਨ। ਉਨ੍ਹਾਂ ਦਾ ਮੁੱਢਲਾ ਉਦੇਸ਼ ਤਾਂ ਭਾਵੇਂ ਘੋਰ ਨਫ਼ਰਤ, ਭੇਦਭਾਵ ਤੇ ਨਸਲੀ ਵਿਤਕਰੇ ਦੇ ਭਰੇ ਹੋਏ ਸਥਾਨਕ ਲੋਕਾਂ ਦੇ ਭਿਆਨਕ ਹਥਿਆਰਬੰਦ ਹਮਲਿਆਂ ਬਾਰੇ ਤੇ ਅਮਰੀਕੀ ਹਕੂਮਤ ਵੱਲੋਂ ਉਨ੍ਹਾਂ ਅਪਰਾਧਾਂ ਦੀ ਮੁਕੰਮਲ ਅਣਦੇਖੀ ਬਾਰੇ ਚਰਚਾ ਕਰਨਾ ਅਤੇ ਮੁਕਾਬਲੇ ਲਈ ਜਥੇਬੰਦ ਹੋਣਾ ਸੀ, ਪਰ ਅੰਤ ਨੂੰ ਉਹੋ ਹੀ ਦੇਸ ਦੀ ਆਜ਼ਾਦੀ ਦੇ ਉਦੇਸ਼ ਵਾਲੀ ਸਟਾਕਟਨ ਦੀ ਇਕੱਤਰਤਾ ਦਾ ਆਧਾਰ ਬਣੀਆਂ।

ਹਿੰਦੁਸਤਾਨੀ ਕਾਮਿਆਂ ਦੀ ਜਥੇਬੰਦੀ ਕਾਇਮ ਕਰਨ ਵਾਸਤੇ ਪਹਿਲਾ ਇਕੱਠ 1912 ਵਿਚ ਪੋਰਟਲੈਂਡ ਸ਼ਹਿਰ ਵਿਚ ਸੋਹਣ ਸਿੰਘ ਭਕਨਾ ਦੇ ਉੱਦਮ ਨਾਲ ਹੋਇਆ। ਉਸ ਵਿਚ 'ਹਿੰਦੀ ਐਸੋਸੀਏਸ਼ਨ' ਨਾਂ ਦੀ ਜਥੇਬੰਦੀ ਕਾਇਮ ਕੀਤੀ ਗਈ। ਸੋਹਣ ਸਿੰਘ ਭਕਨਾ ਨੂੰ ਪ੍ਰਧਾਨ, ਰਾਮ ਲਾਲ ਪੁਰੀ ਨੂੰ ਜਨਰਲ ਸਕੱਤਰ ਅਤੇ ਪੰਡਤ ਕਾਂਸ਼ੀ ਰਾਮ ਨੂੰ ਖ਼ਜ਼ਾਨਚੀ ਚੁਣਿਆ ਗਿਆ। ਹਿੰਦੀ ਐਸੋਸੀਏਸ਼ਨ ਨੇ ਪੋਰਟਲੈਂਡ ਵਿਚ ਦਫ਼ਤਰ ਖੋਲ੍ਹ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮਾਰਚ 1913 ਵਿਚ ਲਾਲਾ ਹਰਦਿਆਲ ਉਥੇ ਆਇਆ ਤਾਂ ਉਹਦੀ ਸ਼ਮੂਲੀਅਤ ਨਾਲ ਇਕ ਵਾਰ ਫੇਰ ਇਕੱਠ ਹੋਇਆ ਜਿਸ ਵਿਚ ਹਿੰਦੀ ਐਸੋਸ਼ੀਏਸ਼ਨ ਦੀ ਸਰਗਰਮੀ ਵਿਚ ਤੇਜ਼ੀ ਲਿਆਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ।

ਦੋ ਮਹੀਨਿਆਂ ਮਗਰੋਂ, ਮਈ 1913 ਵਿਚ ਔਰੇਗਾਨ ਰਾਜ ਦੇ ਨਗਰ ਅਸਟੋਰੀਆ ਦੇ ਫ਼ਿਨਿਸ਼ ਸੋਸ਼ਲਿਸਟ ਹਾਲ ਵਿਚ ਵੱਡੀ ਹਾਜ਼ਰੀ ਵਾਲੀ ਸਭਾ ਹੋਈ। ਇਸ ਵਿਚ ਹਿੰਦੀ ਐਸੋਸੀਏਸ਼ਨ ਵਾਲਿਆਂ ਤੋਂ ਇਲਾਵਾ ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ, ਹੋਰ ਹਿੰਦੀ ਕਾਮੇ ਤੇ ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹਦੇ ਹਿੰਦੁਸਤਾਨੀ ਵਿਦਿਆਰਥੀ ਵੀ ਸ਼ਾਮਲ ਹੋਏ। ਇਸ ਸਭਾ ਵਿਚ ਹਿੰਦੀ ਐਸੋਸੀਏਸ਼ਨ ਦਾ ਨਾਂ ਬਦਲ ਕੇ 'ਹਿੰਦੀ ਐਸੋਸੀਏਸ਼ਨ ਆਫ਼ ਦਿ ਪੈਸਿਫ਼ਿਕ ਕੋਸਟ' ਕੀਤਾ ਗਿਆ। ਨਵੀਂ ਜਥੇਬੰਦੀ ਬਣਨ ਨਾਲ ਨਵੀਂ ਕਮੇਟੀ ਚੁਣਨੀ ਜ਼ਰੂਰੀ ਹੋ ਗਈ। ਨਵੀਂ ਕਮੇਟੀ ਵਿਚ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਖ਼ਜ਼ਾਨਚੀ ਪੰਡਤ



*ਅਮਰੀਕਾ ਵਿਚ 1910 ਵਿਚ ਆਰਾ ਮਿੱਲ ਦਾ ਕਾਮਾ ਸੋਹਣ ਸਿੰਘ ਭਕਨਾ।*

ਕਾਂਸ਼ੀ ਰਾਮ ਹੀ ਰੱਖੇ ਗਏ, ਜਨਰਲ ਸਕੱਤਰ ਲਾਲਾ ਹਰਦਿਆਲ ਨੂੰ ਬਣਾਇਆ ਗਿਆ।

ਭਰਪੂਰ ਹਾਜ਼ਰੀ ਵਾਲੀ ਦੂਜੀ ਸਭਾ ਜੁਲਾਈ 1913 ਵਿਚ ਕੈਲੀਫ਼ੋਰਨੀਆ ਰਾਜ ਦੇ ਨਗਰ ਸਟਾਕਟਨ ਦੇ ਗੁਰਦੁਆਰਾ ਸਾਹਿਬ ਵਿਚ ਹੋਈ। ਇਸ ਵਿਚ ਅਹੁਦੇਦਾਰਾਂ ਦੀ ਚੋਣ ਸਮੇਤ ਅਸਟੋਰੀਆ ਵਾਲੇ ਫੈਸਲਿਆਂ ਉੱਤੇ ਮੋਹਰ ਲਾਈ ਗਈ। ਚੰਗੇਰੀ ਰਣਨੀਤੀ ਵਜੋਂ ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ਼ ਦਿ ਪੈਸਿਫ਼ਿਕ ਕੋਸਟ ਦੀ ਥਾਂ 1857 ਦੇ ਗ਼ਦਰ ਦੇ ਹਵਾਲੇ ਨਾਲ ਗ਼ਦਰ ਪਾਰਟੀ ਕਰ ਦਿੱਤਾ ਗਿਆ। ਦਫ਼ਤਰ ਲਈ ਵੀ ਪੋਰਟਲੈਂਡ ਦੀ ਥਾਂ ਸਾਨ ਫ਼ਰਾਂਸਿਸਕੋ ਨੂੰ ਵਧੇਰੇ ਢੁੱਕਵਾਂ ਸਮਝਿਆ ਗਿਆ। ਆਪਣੇ ਵਿਚਾਰਾਂ ਦੇ ਪਰਚਾਰ ਲਈ ਅਤੇ ਵੱਧ ਤੋਂ ਵੱਧ ਆਵਾਸੀਆਂ ਨੂੰ ਪਾਰਟੀ ਨਾਲ ਜੋੜਨ ਲਈ ਅਖ਼ਬਾਰ ਕੱਢਣ ਦੀ ਵੀ ਸਲਾਹ ਬਣੀ।



*1917 ਵਿਚ ਗ਼ਦਰ ਪਾਰਟੀ ਦੇ ਦਫ਼ਤਰ 'ਗ਼ਦਰ ਆਸ਼ਰਮ' ਲਈ 5, ਵੁੱਡ ਸਟਰੀਟ, ਸਾਨ ਫ਼ਰਾਂਸਿਸਕੋ ਦੀ ਖ਼ਰੀਦੀ ਗਈ ਇਮਾਰਤ।*

ਗ਼ਦਰ ਪਾਰਟੀ ਦੇ ਮੁੱਢਲੇ ਦਫ਼ਤਰ ਵਾਸਤੇ ਸਾਨ ਫ਼ਰਾਂਸਿਸਕੋ ਦੇ ਹਿਲ ਸਟਰੀਟ ਦੀ 436 ਨੰਬਰ ਇਮਾਰਤ ਕਿਰਾਏ ਉੱਤੇ ਲੈ ਲਈ ਗਈ। ਉਸ ਦਾ ਨਾਂ ਦੇਸ ਦੀ ਆਜ਼ਾਦੀ ਲਈ ਬੰਗਾਲ ਦੇ ਇਨਕਲਾਬੀਆਂ ਵਲੋਂ 1906 ਵਿਚ ਬਣਾਈ ਗਈ 'ਯੁਗਾਂਤਰ ਪਾਰਟੀ' ਦੇ ਹਵਾਲੇ ਨਾਲ 'ਯੁਗਾਂਤਰ ਆਸ਼ਰਮ' ਰੱਖਿਆ ਗਿਆ। ਉੱਥੋਂ ਲਾਲਾ ਹਰਦਿਆਲ ਦੇ ਸੰਪਾਦਨ ਅਧੀਨ 'ਯੁਗਾਂਤਰ' ਨਾਂ ਦਾ ਅਖ਼ਬਾਰ ਵੀ ਕੱਢਿਆ ਗਿਆ। ਪਰ ਉਥੇ ਕੰਮਕਾਜੀ ਮਾਹੌਲ, ਖਾਸ ਕਰ ਕੇ ਛਪਾਈ ਦਾ ਪ੍ਰਬੰਧ ਤਸੱਲੀਬਖ਼ਸ਼ ਨਾ ਹੋਣ ਕਾਰਨ ਕੁਛ ਹਫ਼ਤਿਆਂ ਮਗਰੋਂ ਹੀ ਵੇਲੈਂਸ਼ੀਆ ਸਟਰੀਟ ਦੀ 1324 ਨੰਬਰ ਇਮਾਰਤ ਕਿਰਾਏ ਉੱਤੇ ਲੈ ਲਈ ਗਈ। ਉਥੇ ਛਪਾਈ ਦਾ ਠੀਕ ਪ੍ਰਬੰਧ ਹੋ ਸਕਿਆ। ਉਥੋਂ ਹੀ ਪ੍ਰਸਿੱਧ 'ਗ਼ਦਰ' ਅਖ਼ਬਾਰ ਕੱਢਿਆ ਗਿਆ। ਅਨੇਕ ਦੇਸਾਂ ਦੇ ਹਿੰਦੁਸਤਾਨੀ ਪਰਵਾਸੀਆਂ ਨੂੰ ਇਕੋ ਲੜੀ ਵਿਚ ਪਰੋਣ ਦੇ ਅਸੰਭਵ ਵਰਗੇ ਮੁਸ਼ਕਲ ਕੰਮ ਵਿਚ ਸਫਲ ਹੋਣ ਸਮੇਤ ਗ਼ਦਰ ਪਾਰਟੀ ਦੇ ਸਾਰੇ ਉਜਾਗਰ ਤੇ ਗੁਪਤ ਜਥੇਬੰਦਕ ਅਤੇ ਇਤਿਹਾਸ-ਸਿਰਜਕ ਇਨਕਲਾਬੀ ਕਾਰਜ ਉਥੋਂ ਹੀ ਹੋਏ।

ਹਥਿਆਰਬੰਦ ਇਨਕਲਾਬ ਲਿਆਉਣ ਦੇ ਨਿਸ਼ਾਨੇ ਨਾਲ ਦੇਸ ਵੱਲ ਚਾਲੇ ਵੀ ਉਥੋਂ ਹੀ ਪਾਏ ਗਏ। ਘਰ ਦੇ ਭੇਤੀ ਵੱਲੋਂ ਇਸ ਵਿਉਂਤ ਦੇ ਪਿੱਠ ਵਿਚ ਛੁਰਾ ਮਾਰੇ ਜਾਣ ਕਾਰਨ ਗ਼ਦਰ ਪਾਰਟੀ ਨੂੰ ਭਾਰੀ ਨੁਕਸਾਨ ਹੋਇਆ। ਵੱਡੀ ਗਿਣਤੀ ਵਿਚ ਹੋਈਆਂ ਗ੍ਰਿਫ਼ਤਾਰੀਆਂ ਅੰਤ ਨੂੰ ਫ਼ਾਂਸੀਆਂ, ਕਾਲੇ ਪਾਣੀਆਂ ਤੇ ਲੰਮੀਆਂ ਕੈਦਾਂ ਤੱਕ ਲੈ ਗਈਆਂ। ਇਸ ਭਾਰੀ ਸੱਟ ਮਗਰੋਂ ਜਦੋਂ ਗ਼ਦਰ ਪਾਰਟੀ ਨੂੰ ਦੁਬਾਰਾ ਪੈਰਾਂ ਉੱਤੇ ਖੜ੍ਹੀ ਕਰ ਕੇ ਸਰਗਰਮ ਕੀਤਾ ਗਿਆ, ਦਫ਼ਤਰ ਵਾਸਤੇ ਕਿਰਾਏ ਦੀ ਇਮਾਰਤ ਦੀ ਥਾਂ ਆਪਣੀ ਮਾਲਕੀ ਵਾਲੀ ਇਮਾਰਤ ਦੀ ਲੋੜ ਮਹਿਸੂਸ ਹੋਈ। ਆਖ਼ਰ 1917 ਵਿਚ 5, ਵੁੱਡ ਸਟਰੀਟ ਦੀ ਤਿੰਨ-ਮੰਜ਼ਲੀ ਇਮਾਰਤ ਖ਼ਰੀਦ ਲਈ ਗਈ। ਇਸ ਥਾਂ ਨੂੰ 'ਗ਼ਦਰ ਆਸ਼ਰਮ' ਕਿਹਾ ਗਿਆ। ਨਿੱਜੀ ਮਕਾਨਾਂ ਲਈ ਸਮੇਂ ਨਾਲ ਹੱਥ-ਬਦਲੀਆਂ ਤੇ ਮੁੜ-ਉਸਾਰੀਆਂ ਸਾਧਾਰਨ ਵਰਤਾਰਾ ਹੁੰਦੀਆਂ ਹਨ। ਇਸ ਵਰਤਾਰੇ ਵਿਚੋਂ ਲੰਘਦਿਆਂ ਪਹਿਲਾਂ ਵਾਲੇ ਕਿਰਾਏ ਦੇ ਦੋਵਾਂ ਦਫ਼ਤਰਾਂ ਦਾ ਨਾਂ-ਨਿਸ਼ਾਨ, ਉਨ੍ਹਾਂ ਦੇ ਗ਼ਦਰ ਪਾਰਟੀ ਨਾਲ ਸੰਬੰਧਾਂ ਦੇ ਇਤਿਹਾਸ ਸਮੇਤ, ਸਮੇਂ ਦੀ ਧੁੰਦ ਵਿਚ ਪੂਰੀ ਤਰ੍ਹਾਂ ਗੁੰਮ-ਗੁਆਚ ਗਿਆ। 1917 ਤੋਂ ਲੈ ਕੇ ਆਜ਼ਾਦੀ ਮਿਲਣ ਤੱਕ ਗ਼ਦਰ ਪਾਰਟੀ ਦੀਆਂ ਸਾਰੀਆਂ ਸਰਗਰਮੀਆਂ ਦਾ ਕੇਂਦਰ ਗ਼ਦਰ ਆਸ਼ਰਮ ਹੀ ਰਿਹਾ। ਨਤੀਜੇ ਵਜੋਂ ਗ਼ਦਰ ਆਸ਼ਰਮ ਹੀ ਗ਼ਦਰ ਪਾਰਟੀ ਦੇ ਸਮੁੱਚੇ ਵਿਰਸੇ ਦਾ, ਗ਼ਦਰੀ ਬਾਬਿਆਂ ਲਈ ਲੋਕਾਂ ਦੇ ਸਨੇਹ-ਸਤਿਕਾਰ ਦਾ ਅਤੇ ਮਹਾਨ ਕੁਰਬਾਨੀਆਂ ਦੇ ਭਰੇ ਹੋਏ ਇਤਿਹਾਸ ਦਾ ਚਿੰਨ੍ਹ ਅਤੇ ਸਾਕਾਰ ਰੂਪ ਬਣ ਗਿਆ।

ਆਮ ਪ੍ਰਭਾਵ ਅਨੁਸਾਰ ਗ਼ਦਰ ਆਸ਼ਰਮ ਦਰਸ਼ਨ ਦੀ ਇੱਛਾ ਨਾਲ ਆਏ ਲੋਕਾਂ ਨੂੰ ਜੀ-ਆਇਆਂ ਆਖਦਾ ਹੋਇਆ ਗ਼ਦਰ ਪਾਰਟੀ ਤੇ ਗ਼ਦਰੀ ਬਾਬਿਆਂ ਦੀਆਂ ਨਿਸ਼ਾਨੀਆਂ ਤੇ ਯਾਦਾਂ ਨਾਲ ਜੀਵਨ-ਧੜਕਦਾ ਸਥਾਨ ਹੈ। ਪਰ ਇਸ ਪ੍ਰਭਾਵ ਦਾ ਅਸਲੀਅਤ ਨਾਲ ਕੋਈ ਵਾਸਤਾ ਨਹੀਂ। ਇਹ ਕਲਪਨਾ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਦਾ ਕਦੀ ਉਥੇ ਜਾਣ ਦਾ ਸਬੱਬ ਨਹੀਂ ਬਣਿਆ। ਅਸਲੀਅਤ ਇਹ ਹੈ ਕਿ ਭਾਰਤੀ ਕੌਂਸਲਖਾਨੇ ਦੀ ਅਫ਼ਸਰਸ਼ਾਹੀ ਨੇ ਇਹਨੂੰ ਸ਼ੁਰੂ ਤੋਂ ਹੀ ਆਪਣੀ ਮਾਲਕੀ ਵਾਲੀ 'ਇਕ ਹੋਰ ਇਮਾਰਤ' ਸਮਝਿਆ ਹੈ ਅਤੇ ਉਹ ਇਸ ਦੇ ਮਹੱਤਵ ਨੂੰ ਜਾਂ ਤਾਂ ਜਾਣਦੇ ਨਹੀਂ ਜਾਂ ਜਾਣਦਿਆਂ ਹੋਇਆਂ, ਸਗੋਂ ਜਾਣ-ਬੁੱਝ ਕੇ ਅਣਡਿੱਠ ਕਰਦੇ ਹਨ।

ਸਾਨੂੰ ਗ਼ਦਰ ਆਸ਼ਰਮ ਦੀ ਤੇ ਉਹਦੇ ਪ੍ਰਬੰਧ ਦੀ ਹਾਲਤ ਅੱਖੀਂ ਦੇਖਣ ਦਾ ਮੌਕਾ ਉਸ ਸਮੇਂ ਮਿਲਿਆ ਜਦੋਂ 2006 ਵਿਚ ਮੈਂ ਤੇ ਮੇਰੀ ਸਾਥਣ ਅਮਰੀਕਾ ਗਏ। ਗ਼ਦਰੀਆਂ ਦੇ ਪਾਵਨ ਸਥਾਨ ਦਾ ਦਰਸ਼ਨ ਸਾਡੇ ਪਹਿਲੇ ਰੁਝੇਵਿਆਂ ਵਿਚ ਸ਼ਾਮਲ ਸੀ। ਸਾਡੇ ਲਈ ਇਹ ਵੱਡੀ ਹੈਰਾਨੀ ਦੀ ਗੱਲ ਸੀ ਕਿ ਕਈ ਪੰਜਾਬੀਆਂ ਨਾਲ ਗੱਲ ਹੋਈ ਤਾਂ ਉਨ੍ਹਾਂ ਨੂੰ ਆਸ਼ਰਮ ਦੇ "ਐਥੇ ਸਾਨ ਫ਼ਰਾਂਸਿਸਕੋ ਵਿਚ ਹੀ ਕਿਤੇ" ਹੋਣ ਦਾ ਤਾਂ ਪਤਾ ਸੀ ਪਰ ਉਹ ਕਦੀ ਗਏ ਨਹੀਂ ਸਨ। ਕਈਆਂ ਨੂੰ ਇਹ ਜਾਣਕਾਰੀ ਵੀ ਨਹੀਂ ਸੀ। ਅਸਲ ਵਿਚ ਬਹੁਤੇ ਪਰਵਾਸੀ



*ਸਟਾਕਟਨ ਦਾ ਗੁਰਦੁਆਰਾ, ਜਿਥੇ ਜੁਲਾਈ 1913 ਵਿਚ ਹੋਈ ਦੂਜੀ ਵਡੀ ਇਕੱਤਰਤਾ ਵਿਚ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸਿਫ਼ਿਕ ਕੋਸਟ' ਦਾ ਨਾਂ ਬਦਲ ਕੇ 'ਗ਼ਦਰ ਪਾਰਟੀ' ਕੀਤਾ ਗਿਆ।*

ਪੰਜਾਬੀਆਂ ਨੂੰ ਆਪਣੇ ਰੋਜ਼ਾਨਾ ਕੰਮ-ਧੰਦੇ ਤੋਂ ਇਲਾਵਾ ਆਲੇ-ਦੁਆਲੇ ਵਿਚ ਕੋਈ ਦਿਲਚਸਪੀ ਨਜ਼ਰ ਨਹੀਂ ਆਉਂਦੀ। ਬਹੁਤੇ ਲੇਖਕ ਵੀ ਆਪਣੀਆਂ ਮਾਸਕ ਸਾਹਿਤਕ ਬੈਠਕਾਂ ਕਰ ਕੇ ਸਭਿਆਚਾਰਕ ਪੱਖੋਂ ਸੰਤੁਸ਼ਟ ਹੋ ਜਾਂਦੇ ਹਨ।

ਮੈਂ ਪਰਵਾਸੀ ਮਿੱਤਰ ਕਵੀ-ਗਾਇਕ ਪਸ਼ੌਰਾ ਸਿੰਘ ਢਿੱਲੋਂ ਨਾਲ ਗੱਲ ਕੀਤੀ ਤਾਂ ਸਾਡਾ ਇਕੱਠਿਆਂ ਜਾਣਾ ਤੈਅ ਹੋ ਗਿਆ। ਉਹ ਬਾਬਾ ਭਕਨਾ ਦੇ ਰਿਸ਼ਤੇਦਾਰ ਹਨ। ਬੇਬੇ ਬਿਸ਼ਨ ਕੌਰ ਉਨ੍ਹਾਂ ਦੇ ਦਾਦਾ ਜੀ ਦੀ ਭੈਣ ਸੀ। ਮੈਂ ਦੱਸਿਆ, ਇਕ-ਦੋ ਮਿੱਤਰਾਂ ਦਾ ਕਹਿਣਾ ਹੈ ਕਿ ਗ਼ਦਰ ਆਸ਼ਰਮ ਦੇਖਣ ਲਈ ਪਹਿਲਾਂ ਫੋਨ-ਫਾਨ ਕਰਨਾ ਪੈਂਦਾ ਹੈ। ਉਹ ਬੋਲੇ, ਚੱਲੀਏ ਤਾਂ ਸਹੀ, ਉਥੇ ਕੋਈ ਆਦਮੀ ਤਾਂ ਹੋਵੇਗਾ ਹੀ, ਗੱਲ ਕਰ ਲਵਾਂਗੇ; ਜੇ ਕੋਈ ਫੋਨ ਕਰਨਾ ਪਿਆ, ਉਥੋਂ ਹੀ ਕਰ ਲਵਾਂਗੇ। ਸਾਨ ਫ਼ਰਾਂਸਿਸਕੋ ਦੇ ਭਾਰਤੀ ਕੌਂਸਲਖਾਨੇ ਦਾ ਫੋਨ ਨੰਬਰ ਉਨ੍ਹਾਂ ਕੋਲ ਹੈ ਸੀ। ਉਨ੍ਹਾਂ ਦੀ ਸਾਥਣ ਇੰਦਰਬੀਰ, ਜੋ ਮੇਰੇ ਲੇਖਕ ਮਿੱਤਰ ਜਸਬੀਰ ਭੁੱਲਰ ਦੀ ਭੈਣ ਹੈ, ਸਮੇਤ ਅਸੀਂ ਚਾਰੇ ਆਸ਼ਰਮ ਜਾ ਪਹੁੰਚੇ।

ਵੁੱਡ ਸਟਰੀਟ ਪੂਰੀ ਤਰ੍ਹਾਂ ਰਿਹਾਇਸ਼ੀ ਹੈ। ਸੜਕ ਦੇ ਦੋਵੇਂ ਪਾਸੀਂ ਨਿੱਜੀ ਮਕਾਨ ਹਨ। ਇਨ੍ਹਾਂ ਵਿਚੋਂ ਹੀ ਪੰਜ ਨੰਬਰ ਦਾ ਮਕਾਨ ਗ਼ਦਰ ਯਾਦਗਾਰ ਹੈ। ਇਹ ਕੁੱਲ ਦਸ-ਬਾਰਾਂ ਗ਼ਜ਼ ਚੌੜਾ ਦੋ-ਮੰਜ਼ਲਾ ਮਕਾਨ ਹੈ। ਉਤਲੀ ਮੰਜ਼ਲ ਦੇ ਮੱਥੇ ਉੱਤੇ ਮੋਟੇ ਅੱਖਰਾਂ ਵਿਚ ਉਪਰ ਹਿੰਦੀ ਵਿਚ 'ਗ਼ਦਰ ਸਮਾਰਕ' ਅਤੇ ਹੇਠਾਂ ਅੰਗਰੇਜ਼ੀ ਵਿਚ 'ਗ਼ਦਰ ਮੈਮੋਰੀਅਲ' ਲਿਖਿਆ ਹੋਇਆ ਹੈ। ਜੇ ਇਹ ਲਿਖਤ ਨਾ ਹੋਵੇ, ਇਸ ਮਕਾਨ ਦਾ ਰਿਹਾਇਸ਼ੀ ਘਰਾਂ ਨਾਲੋਂ ਕੋਈ ਫ਼ਰਕ ਨਹੀਂ। ਸਾਹਮਣੇ ਬੰਦ ਸ਼ਟਰ ਸੀ। ਸ਼ਾਇਦ ਇਹ ਕਾਰ ਅੰਦਰ ਖੜ੍ਹੀ ਕਰਨ ਦੀ ਥਾਂ ਸੀ। ਬਾਹਰ ਇਕ ਕਾਰ ਦੀ ਪਾਰਕਿੰਗ ਲਈ ਵੀ ਕੋਈ ਥਾਂ ਜਾਂ ਪ੍ਰਬੰਧ ਨਹੀਂ ਸੀ। ਕਾਰ ਖੜ੍ਹੀ ਕਰਨਾ ਖਾਸਾ ਔਖਾ ਕੰਮ ਬਣਿਆ। ਕਿਸੇ ਦੇ ਘਰ ਅੱਗੇ ਤਾਂ ਕਾਰ ਖੜ੍ਹੀ ਕਰ ਨਹੀਂ ਸੀ ਸਕਦੇ, ਕਾਫ਼ੀ ਦੂਰ ਵੱਡੀ ਸੜਕ ਕੋਲ ਖੜ੍ਹੀ ਕਰ ਕੇ ਪੈਦਲ ਵਾਪਸ ਆਉਣਾ ਪਿਆ।

ਆਸ਼ਰਮ ਦੀ ਇਮਾਰਤ ਦੇ ਖੱਬੇ ਹੱਥ ਬਾਹਰ ਹੀ ਪੌੜੀਆਂ ਚੜ੍ਹਦੀਆਂ ਹਨ ਜੋ ਉਤਲੀ ਮੰਜ਼ਲ ਦੇ ਬਾਹਰ ਛੱਜੇ ਉਤੇ ਜਾ ਮੁਕਦੀਆਂ ਹਨ। ਉਪਰਲੇ ਬੂਹੇ ਵਿਚ ਜਗਦੇ ਦੋ ਬਲਬਾਂ ਨੇ ਸਾਨੂੰ ਆਸਵੰਦ ਕਰ ਦਿੱਤਾ। ਬੂਹੇ ਦੇ ਸ਼ੀਸ਼ਿਆਂ ਵਿਚੋਂ ਦੇਖਿਆ, ਦੋਵਾਂ ਪਾਸਿਆਂ ਦੇ ਕਮਰੇ ਬੰਦ ਸਨ ਪਰ ਲਾਂਘੇ ਦੇ ਪਾਰ ਖੁੱਲ੍ਹੇ ਕਮਰੇ ਵਿਚ ਰੌਸ਼ਨੀ ਸੀ। ਉਸ ਵਿਚ ਪੁਸਤਕਾਂ ਦੀਆਂ ਅਲਮਾਰੀਆਂ ਵੀ ਨਜ਼ਰ ਆ ਰਹੀਆਂ ਸਨ। ਸ਼ਾਇਦ ਇਹ 'ਗ਼ਦਰ ਮੈਮੋਰੀਅਲ ਲਾਇਬਰੇਰੀ' ਸੀ ਜਿਸ ਦਾ ਉਦਘਾਟਨ ਅਕਤੂਬਰ 1976 ਵਿਚ ਤਦਕਾਲੀ ਬਦੇਸ ਮੰਤਰੀ ਵਾਈ. ਬੀ. ਚਵਾਨ ਨੇ ਕੀਤਾ ਸੀ। ਉਸ ਵਿਚ ਉਥੇ ਪਹਿਲਾਂ ਤੋਂ ਮੌਜੂਦ ਪੜ੍ਹਨ-ਸਮਗਰੀ ਤੋਂ ਇਲਾਵਾ ਉਹ ਪੁਸਤਕਾਂ ਸਨ ਜੋ ਉਦਘਾਟਨ ਸਮੇਂ 'ਇੰਡੀਅਨ ਕੌਂਸਲ ਫ਼ਾਰ ਕਲਚਰਲ ਰਿਲੇਸ਼ਨਜ਼' ਨੇ



*ਪੁਰਾਣੀ ਇਮਾਰਤ ਦੀ ਥਾਂ ਭਾਰਤੀ ਕੌਂਸਲਖਾਨ ਵੱਲੋਂ ਉਸਾਰੀ ਗਈ ਮੌਜੂਦਾ ਇਮਾਰਤ ਜਿਸ ਦਾ ਮਾਰਚ 1975 ਵਿਚ 'ਗ਼ਦਰ ਸਮਾਰਕ' ਦੇ ਨਾਂ ਨਾਲ ਉਦਘਾਟਨ ਕੀਤਾ ਗਿਆ।*

(ਬਾਕੀ ਅਗਲੇ ਸਫੇ 'ਤੇ)

## ਗ਼ਦਰੀ ਬਾਬਿਆਂ ਦੇ ਮੇਲਿਆਂ ਨੂੰ ਸਮਰਪਿਤ ਸੁਖਪਾਲ ਸੰਘੇੜਾ ਉਰਫ 'ਪਰਖ਼ਾ' ਦੀਆਂ ਦੋ ਕਵਿਤਾਵਾਂ

### ਬੁੱਤ ਕੌਮ

ਜਾਉ ਅੱਜ ਦੀ ਹਵਾ ਨੂੰ ਆਖ ਦਿਉ
ਉਹ ਸਾਡੇ ਪਾਸਿਉਂ ਲੰਘੇ ਨਾ,
ਦੇ ਤਾਜ਼ੇ ਸਾਹਾਂ ਦਾ ਲਾਲਚ
ਸਾਨੂੰ ਸਫ਼ਰਾਂ ਦੇ ਸੰਗ ਮੰਗੇ ਨਾ।
ਇਹ ਜਿਸਮ ਹੀਸਾਡੇ ਅੱਜ ਵਿਚ ਨੇ
ਸਾਹ ਅਜੇ ਵੀ ਕੱਲ੍ਹ ਵਿਚ ਅੜੇ ਹੋਏ,
ਸਾਡੀ ਨਾਲ ਭਵਿਖ ਦੇ ਕੱਚੀ ਹੈ
ਅਸੀਂ ਭੂਤ ਦੇ ਮੋਰੀਂ ਚੜ੍ਹੇ ਹੋਏ।
ਜਿੱਥੇ ਘਰ ਤੇ ਕਬਰ 'ਚ ਫ਼ਰਕ ਨਹੀਂ
ਉਥੇ ਕੀਮਤ ਕੀ ਸਵਾਸਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਜਿਨ੍ਹਾਂ ਸੋਚ ਆਪਣੀ ਧਰਤੀ ਤੋਂ
ਅਰਸ਼ਾਂ ਦੇ ਪਾਰ ਦੌੜਾਈ ਸੀ।
ਜਿਨ੍ਹਾਂ ਭੇਤ ਬ੍ਰਹਿਮੰਡ ਦੇ ਖੋਜਣ
ਲਈ ਕੀਤੀ ਅਕਲ ਅਜ਼ਮਾਈ ਸੀ।
ਉਨ੍ਹਾਂ ਗੁਰੂਆਂ ਪੀਰਾਂ ਦੀ ਹਸਤੀ
ਅਸੀਂ ਮੂਰਤ ਮੂਰਤ ਕਰ ਦਿੱਤੀ,
ਕੱਢ ਸੁੱਟੀਆਂ ਸੋਚਾਂ ਗੋਸ਼ਟੀਆਂ
ਵਿਚ ਸ਼ਰਧਾ ਸ਼ਰਧਾ ਭਰ ਦਿੱਤੀ।
ਜਾ ਸਕੋਗੇ ਸੋਚ ਉਨ੍ਹਾਂ ਦੀ ਤੱਕ
ਲੰਘ ਲਾਸ਼ ਸਾਡੇ ਜਜ਼ਬਾਤਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਜੋ ਵਾਂਗ ਹਵਾਵਾਂ ਵਗੇ ਸੀ ਉਹ
ਅਸੀਂ ਮਹਾਂਪੁਰਸ਼ ਪੱਥਰ ਕਰਤੇ,
ਉਨ੍ਹਾਂ ਸਿਰ ਵਰਤਣ ਦੀ ਜਾਚ ਦੱਸੀ
ਅਸੀਂ ਬਹਿ ਗਏ ਪੈਰਾਂ ਨੂੰ ਫੜ ਕੇ।
ਅਸੀਂ ਸੁਣ ਕੇ ਰੂੜ੍ਹੀ ਕਰ ਦੇਈਏ
ਨਾ ਗੱਲ ਗਿਆਨ ਦੀ ਪੱਚ ਸਕੇ,
ਅਸੀਂ ਸੱਤ ਸਮੁੰਦਰ ਟੱਪ ਲਏ।
ਨਾਇਕ ਵੀ ਰੂੜ੍ਹੀ ਟੱਪ ਸਕੇ।
ਸਾਡੇ ਗਿਰਦ ਹਿਮਾਲਾ ਤੋਂ ਉੱਚੀ
ਕੰਧ ਸਾਡੇ ਅੰਧ-ਵਿਸ਼ਵਾਸਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਅਸੀਂ ਲੜਨੋਂ ਮੁਨਕਰ ਹੋਏ ਜਦੋਂ
ਕੋਈ ਹਾਰ ਉਸ ਤੋਂ ਬੜੀ ਨਹੀਂ,
ਜੋ ਸੰਗ ਦਲੀਲ ਦੇ ਲੜਨੀ ਸੀ
ਅਸਾਂ ਉਹ ਲੜਾਈ ਲੜੀ ਨਹੀਂ।
ਬੱਸ ਤਾਹੀਉਂ ਇਕ ਭੜਾਸ ਜਿਹੀ
ਸਾਨੂੰ ਅੰਦਰੋਂ ਅੰਦਰ ਸਾੜ ਰਹੀ,
ਖਾ ਜਾਣ ਲਈ ਆਪਣਿਆਂ ਨੂੰ ਹੀ
ਹਰ ਸ਼ਖ਼ਸ ਦੀ ਅੱਖ ਹੈ ਤਾੜ ਰਹੀ।
ਦਿਲ ਪੱਥਰ ਅੱਗ ਉਗਲਦੇ ਨੇ
ਜਦ ਚੜ੍ਹ ਦੇ ਸਾਣ ਭੜਾਸਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਅਸੀਂ ਬੁੱਤਾਂ ਅੱਗੇ ਬੁੱਤ ਹੋਏ
ਯੁੱਗ ਸਾਡੇ ਵਿਚੀਂ ਲੰਘ ਦੇ ਗਏ,
ਕਈ ਭਗਤ ਸਰਾਭੇ ਤੇ ਗ਼ਦਰੀ
ਸਾਡੀ ਖਾਤਰ ਮੌਤ ਉਲੰਘਦੇ ਗਏ।
ਇਕ ਫਾਸੀ ਹਾਕਮ ਨੇ ਗੱਡੀ
ਇਕ ਫਾਂਸੀ ਅਸੀਂ ਚਲਾਉਂਦੇ ਗਏ।
ਉਨ੍ਹਾਂ ਫਾਸੀ ਚਾੜ੍ਹਿਆ ਜਿਸਮਾਂ ਨੂੰ
ਅਸੀਂ ਸੋਚ ਨੂੰ ਫਾਸੀ ਲਾਉਂਦੇ ਗਏ।
ਨਾ ਬਦਲੇ ਦੋ ਸੌ ਸਦੀਆਂ ਤੋਂ
ਕੀ ਕਰਨੇ ਉਂਗਲ ਧਰਵਾਸਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

ਕਈ ਪੀਰ ਪੈਗੰਬਰ ਰਿਸ਼ੀ-ਮੁਨੀ
ਸਾਡੇ ਹੱਠ ਦੇ ਸਾਹਮਣੇ ਆਏ ਗਏ।
ਸਾਨੂੰ ਮੱਤ ਦੇਣੇ ਦੇ ਜੁਰਮ ਹੇਠ
ਉਹ ਬੁੱਤਾਂ ਵਿਚ ਪਥਰਾਏ ਗਏ।
ਦੱਸ ਤੂੰ ਕਿਸ ਬਾਗ਼ ਦੀ ਮੂਲੀ ਏਂ
ਟਲ ਜਾ ਸ਼ਾਇਰਾ ਪਛਤਾਏਂਗਾ।
ਸਾਨੂੰ ਅਕਲਾਂ ਦਿੰਦਾ 'ਪਰਖ਼ਿਆ' ਤੂੰ
ਖੁਦ ਅਕਲਹੀਣ ਹੋ ਜਾਏਂਗਾ।
ਨਾ ਸੋਚਾਂ-ਪਿੱਟਿਆ ਝੱਲ ਸਕਨੈਂ
ਤੂੰ ਮਾਰ ਕਿੱਸਿਆਂ ਤੇ ਬਾਤਾਂ ਦੀ।
ਬੁੱਤ ਹੋ ਜਾਈਏ ਬੁੱਤ ਕਰ ਦੇਈਏ
ਅਸੀਂ ਕੌਮ ਹਾਂ ਬੁੱਤ ਤਰਾਸ਼ਾਂ ਦੀ।

---

### ਇਸ ਦੁਨੀਆਂ ਤੋਂ ਪਰ੍ਹੇ ਪਰ੍ਹੇ
#### (ਇਕ ਹੋਰ ਵੀ ਦੁਨੀਆ ਹੁੰਦੀ ਹੈ, ਜਿਹਦਾ ਖ਼ਾਬ ਗ਼ਦਰ ਲਹਿਰ ਨੇ ਦੇਖਿਆ)

ਜਿੱਥੇ ਪਲ ਵਿਚ ਵਸਦੇ ਵਰ੍ਹੇ ਵਰ੍ਹੇ
ਇਕ ਹੋਰ ਵੀ ਦੁਨੀਆਂ ਹੁੰਦੀ ਹੈ।
ਇਸ ਦੁਨੀਆਂ ਤੋਂ ਪਰ੍ਹੇ ਪਰ੍ਹੇ
ਇਕ ਹੋਰ ਵੀ ਦੁਨੀਆਂ ਹੁੰਦੀ ਹੈ।

ਇਸ ਦੁਨੀਆਂ ਵਿਚ ਬੰਦਾ, ਬੰਦਾ
ਬਣਦਾ ਬਣਦਾ ਰੁਕ ਜਾਂਦਾ,
ਹਰ ਸ਼ਖ਼ਸ ਪੇਤਲਾ ਆਪਣੀ ਹੀ
ਪਰਛਾਈ ਦੇ ਵਿਚ ਲੁਕ ਜਾਂਦਾ।
ਇੱਥੇ ਆਦਮੀ ਅੱਧ ਪਚੱਧਾ ਹੈ
ਮਰਨੇ ਤੋਂ ਪਹਿਲਾਂ ਮੁੱਕ ਜਾਂਦਾ,
ਇੱਥੇ ਫਲ ਲੱਗਣੇ ਤੋਂ ਪਹਿਲਾਂ ਹੀ
ਹਰ ਆਸ ਦਾ ਬੂਟਾ ਸੁੱਕ ਜਾਂਦਾ।
ਉੱਥੇ ਬਾਗ਼ ਮੌਲਦੇ ਹਰੇ ਭਰੇ

ਇਕ ਹੋਰ ਵੀ ਦੁਨੀਆਂ ਹੁੰਦੀ ਹੈ।

ਜਿੱਥੇ ਬੰਦਾ ਆਪਣੇ ਸੋਤੇ ਸੋਤੇ
ਦਿਸਹੱਦਿਆਂ ਦਾ ਬੰਦੀ ਨਹੀਂ।
ਜਿੱਥੇ ਬੰਦੇ ਦੇ ਵਿਸ਼ਵਾਸ ਨੇ ਬੰਦੇ
ਦੀ ਰੱਤ ਡੋਹਲਣੀ ਮੰਗੀ ਨਹੀਂ।
ਜਿੱਥੇ ਕੋਈ ਵੀ ਬੰਦਾ ਐਸਾ ਨਹੀਂ
ਜਿਨ ਸੋਚ ਤਰਕ 'ਤੇ ਚੰਡੀ ਨਹੀਂ।
ਜਿੱਥੇ ਅਕਲ ਦੇ ਉੱਤੇ ਪੈਸੇ ਦੀ
ਹਰ ਵਕਤ ਝੁਲਦੀ ਝੰਡੀ ਨਹੀਂ।
ਨਾ ਖ਼ਾਬਾਂ ਦੇ ਖੰਭ ਝਵੇ ਝੜੇ
ਇਕ ਹੋਰ ਵੀ ਦੁਨੀਆਂ ਹੁੰਦੀ ਹੈ

ਜਿੱਥੇ ਪਿਆਰ ਉੱਤੇ ਕੋਈ ਨਾਕਾ ਨਹੀਂ
ਨਾ ਸੱਧਰਾਂ 'ਤੇ ਪਾਬੰਦੀ ਹੈ।
ਜਿੱਥੇ ਰੂਹ ਦੇ ਵਾਂਗ ਆਜ਼ਾਦ ਬੰਦਾ
ਉਹ ਅਫ਼ਸਰ ਹੈ ਜਾਂ ਭਮਗੀ ਹੈ।
ਇੱਥੇ ਸਦਾ ਮੁਹੱਬਤ ਦੇ ਬੂਹੇ
'ਤੇ ਆ ਮਜਬੂਰੀ ਖੰਘੀ ਹੈ।
ਇੱਥੇ ਸਾਰੇ ਦਰਿਆ ਸੁੱਕ ਜਾਂਦੇ
ਜਦ ਪਿਆਸ ਪਕੜਦੀ ਘੰਡੀ ਹੈ।
ਉੱਥੇ ਦਰਿਆ ਰਹਿੰਦੇ ਭਰੇ ਭਰੇ

ਇਕ ਹੋਰ ਵੀ ਦੁਨੀਆਂ ਹੁੰਦੀ ਹੈ।

ਜਿੱਥੇ ਮੁਲਖ ਕੋਈ ਦੂਜੇ ਦੇਸ਼ ਉੱਪਰ
ਆਪਣੀ ਸੱਤਾ ਜਮਾਂਦਾ ਨਹੀਂ।
ਮਾਨਵ ਕਿਸੇ ਵੀ ਮਾਨਵ ਦਾ ਕੋਈ
ਹੱਕ ਖੋਹ ਕੇ ਲੈ ਜਾਂਦਾ ਨਹੀਂ।
ਜਿੱਥੇ ਧੱਕਿਆਂ ਦੀ ਥਾਂ 'ਸੋਚਾਂ' ਦਾ
ਚੱਲੇ ਤਰਕਸ਼ੀਲ ਬੋਲਬਾਲਾ ਹੈ,
ਹੱਕ ਇਨਸਾਫ਼ ਦੇ ਸੰਗ ਭਰਿਆ
ਮਨੁੱਖਤਾ ਦਾ ਭਾਈਚਾਰਾ ਹੈ,
ਇਸ ਧਰਤੀ ਉੱਪਰ ਯੁੱਗ ਵਸਦੀ

ਇਕ ਹੋਰ ਵੀ ਦੁਨੀਆਂ ਹੁੰਦੀ ਹੈ।

ਜਿੱਥੇ ਮੇਲੇ ਲੱਗਦੇ ਖ਼ਾਬਾਂ ਦੇ
ਨਾ ਰਹਿੰਦੀ ਆਸ ਅਧੂਰੀ ਹੈ।
ਜਦ ਚਾਹਵਣ ਦੋ ਦਿਲ ਇਕ ਹੋਸਣ
ਨਾ ਭਟਕਣ ਨਾ ਮਜਬੂਰੀ ਹੈ।
ਨਾ ਕੌਮਾਂ ਦੇ ਵਿਚ ਨਫ਼ਰਤ ਹੈ
ਨਾ ਧਰਮਾਂ ਦਾ ਕੋਈ ਦੰਗਾ ਹੈ।
ਸਭ ਪਰਦੇ ਸ਼ੀਸ਼ਾ ਸ਼ੀਸ਼ਾ ਨੇ
'ਪਰਖ਼ਾ' ਵੀ ਨੰਗ ਮਲੰਗਾ ਹੈ।
ਨਾ ਸੰਗੇ ਝਿਜਕੇ ਡਰੇ ਡਰੇ

ਇਕ ਹੋਰ ਵੀ ਦੁਨੀਆਂ ਹੁੰਦੀ ਹੈ

ਇਸ ਦੁਨੀਆ ਤੋਂ ਪਰ੍ਹੇ ਪਰ੍ਹੇ
ਜਿੱਥੇ ਪਲ ਵਿਚ ਵਸਦੇ ਵਰ੍ਹੇ ਵਰ੍ਹੇ
ਇਕ ਹੋਰ ਵੀ ਦੁਨੀਆਂ ਹੁੰਦੀ ਹੈ।
ਇਸ ਦੁਨੀਆਂ ਤੋਂ ਪਰ੍ਹੇ ਪਰ੍ਹੇ
ਇਕ ਹੋਰ ਵੀ ਦੁਨੀਆਂ ਹੁੰਦੀ ਹੈ।

## 'ਗ਼ਦਰ ਆਸ਼ਰਮ' ਸਾਨ ਫ਼ਰਾਂਸਿਸਕੋ ਦੇ ਸਰਕਾਰੀ ਪ੍ਰਬੰਧ ਦੀ ਮੰਦੀ ਹਾਲਤ

(ਪਿਛਲੇ ਸਫੇ ਦਾ ਬਾਕੀ)

ਲਾਇਬਰੇਰੀ ਨੂੰ ਭੇਟ ਕੀਤੀਆਂ ਸਨ। ਬੂਹਾ ਠਕੋਰਿਆ, ਵਾਰ-ਵਾਰ ਠਕੋਰਿਆ, ਕੋਈ ਹੁੰਗਾਰਾ ਨਾ ਮਿਲਿਆ। ਸ਼ਾਇਦ ਕੋਈ ਆਦਮੀ ਬਿਜਲੀ ਜਗਦੀ ਛੱਡ ਕੇ ਕਿਤੇ ਇਧਰ-ਉਧਰ ਚਲਿਆ ਗਿਆ ਸੀ।

ਕੌਂਸਲਖਾਨੇ ਨੂੰ ਫੋਨ ਕੀਤਾ, ਅਸੀਂ ਭਾਰਤ ਤੋਂ ਆਏ ਹਾਂ, ਤੁਹਾਡਾ ਆਦਮੀ ਇਥੋਂ ਗ਼ੈਰਹਾਜ਼ਰ ਹੈ। ਉੱਤਰ ਮਿਲਿਆ, ਦਿਨ ਨੂੰ ਸਾਡਾ ਆਦਮੀ ਇਥੇ ਹੁੰਦਾ ਹੀ ਨਹੀਂ, ਤੁਸੀਂ ਡੇਢ ਵਜੇ ਤੋਂ ਮਗਰੋਂ ਏਸ ਨੰਬਰ ਉਤੇ ਫੋਨ ਕਰਨਾ। ਨੰਬਰ ਦੇ ਕੇ ਫੋਨ ਬੰਦ ਹੋ ਗਿਆ। ਡੇਢ ਵਜੇ ਤੱਕ ਕੌਣ ਉਡੀਕੇ! ਏਨਾ ਲੰਮਾ ਸਮਾਂ ਬੈਠ ਕੇ ਉਡੀਕਣ ਵਾਲੀ ਕੋਈ ਥਾਂ ਵੀ ਨਹੀਂ ਸੀ। ਮਗਰੋਂ ਪਤਾ ਲਗਿਆ, ਭਾਰਤੀ ਕੌਂਸਲਖਾਨਾ ਇਥੇ ਸੁਤੰਤਰਤਾ ਦਿਵਸ ਅਤੇ ਗਣਰਾਜ ਦਿਵਸ, ਆਦਿ ਮਨਾਉਣ ਦੀ ਸਰਕਾਰੀ ਰਸਮ ਤਾਂ ਪੂਰੀ ਕਰਦਾ ਹੈ, ਪਰ ਬਾਕੀ ਸਾਰਾ ਸਾਲ ਦਿਨ ਸਮੇਂ ਇਥੇ ਕੋਈ ਨਹੀਂ ਹੁੰਦਾ। ਸ਼ਾਇਦ ਕੌਂਸਲਖਾਨੇ ਦਾ ਕੋਈ ਕਰਮਚਾਰੀ ਇਹਨੂੰ ਰਿਹਾਇਸ਼ ਵਜੋਂ ਵਰਤਦਾ ਹੋਵੇਗਾ ਅਤੇ ਦਿਨ ਵੇਲੇ ਨੌਕਰੀ ਲਈ ਗਿਆ ਇਥੇ ਕੌਂਸਲਖਾਨੇ ਦੀ ਹਾਜ਼ਰੀ ਦਿਖਾਉਣ ਵਾਸਤੇ ਬਿਜਲੀ ਜਗਦੀ ਛੱਡ ਜਾਂਦਾ ਹੋਵੇਗਾ।

ਇਹ ਘਟਨਾ ਸੁਣ ਕੇ ਪੰਜਾਬੀ ਯੂਨੀਵਰਸਿਟੀ ਦਾ ਪੜ੍ਹਿਆ ਅਤੇ ਉਥੇ ਮਿਲਣ ਮਗਰੋਂ ਮੇਰਾ ਮਿੱਤਰ ਬਣਿਆ ਸਿਆਸਤ ਸਿੰਘ ਕਹਿਣ ਲੱਗਿਆ, ਭਲਕੇ ਮੈਂ ਤੁਹਾਡੇ ਨਮਿੱਤ ਛੁੱਟੀ ਲਈ ਹੈ, ਆਪਾਂ ਗ਼ਦਰ ਯਾਦਗਾਰ ਚਲਦੇ ਹਾਂ। ਅਸੀਂ ਉਥੇ ਪਹੁੰਚਣਾ ਹੀ ਡੇਢ ਵਜੇ ਮਿਥ ਲਿਆ ਤਾਂ ਜੋ ਕੌਂਸਲਖਾਨੇ ਦੇ ਦੱਸੇ ਸਮੇਂ ਅਨੁਸਾਰ ਉਨ੍ਹਾਂ ਦੇ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕੀਤਾ ਜਾ ਸਕੇ। ਪਹਿਲੇ ਸਮੇਂ ਵਿਚ ਹੋਰ ਕੁਛ ਥਾਂਵਾਂ ਦੇਖਣ ਮਗਰੋਂ ਅਸੀਂ ਆਸ਼ਰਮ ਨੂੰ ਚੱਲ ਪਏ। ਕੀ ਪਤਾ ਹੈ, ਅੱਜ ਉਥੇ ਕੋਈ ਹੋਵੇ ਹੀ! ਪਹਿਲੇ ਦਿਨ ਵਾਂਗ ਹੀ ਬੂਹੇ ਉਤੇ ਦੋ ਬਲਬ ਜਗ ਰਹੇ ਸਨ। ਅਸੀਂ ਪੌੜੀਆਂ ਚੜ੍ਹ ਕੇ ਬੰਦ ਬੂਹਾ ਠਕੋਰਿਆ। ਫੇਰ ਠਕੋਰਿਆ। ਪਹਿਲੇ ਦਿਨ ਵਾਂਗ ਹੀ ਲਾਂਘੇ ਦੇ ਦੋਵੇਂ ਪਾਸੀਂ ਕਮਰੇ ਬੰਦ ਸਨ। ਪਹਿਲੇ ਦਿਨ ਵਾਂਗ ਹੀ ਸਾਹਮਣੇ ਲਾਇਬਰੇਰੀ ਵਾਲੇ ਕਮਰੇ ਦਾ ਬੂਹਾ ਖੁੱਲ੍ਹਾ ਸੀ ਅਤੇ ਬਿਜਲੀ ਜਗ ਰਹੀ ਸੀ। ਖ਼ਾਮੋਸ਼ੀ ਦਾ ਹੁੰਗਾਰਾ ਵੀ ਪਹਿਲੇ ਦਿਨ ਵਾਲਾ ਹੀ ਸੀ। ਬੰਦ ਬੂਹੇ ਦੇ ਅੱਗੇ ਛੱਜੇ ਉਤੇ ਖਲੋਤਿਆਂ ਹੀ ਸਿਆਸਤ ਸਿੰਘ ਨੇ ਭਾਰਤੀ ਕੌਂਸਲਖਾਨੇ ਨੂੰ ਫੋਨ ਕੀਤਾ। ਅੱਗੋਂ ਉਹਨੂੰ ਨਵਾਂ ਨੰਬਰ ਦੇ ਦਿੱਤਾ ਗਿਆ। ਉਸ ਨੰਬਰ ਉਤੇ ਫੋਨ ਕੀਤਿਆਂ ਉੱਤਰ ਮਿਲਿਆ, ਇਹ ਈਮੇਲ ਪਤਾ ਲਿਖ ਲਵੋ ਤੇ ਆਸ਼ਰਮ ਦੇਖਣ ਦੀ ਆਪਣੀ ਬੇਨਤੀ ਮੇਲ ਕਰ ਦੇਵੋ। ਇਹ ਬੇਨਤੀ ਕਿਸੇ ਵਿਜੇਅਨ ਨਾਂ ਦੇ ਕਰਮਚਾਰੀ ਨੂੰ ਭੇਜਣੀ ਸੀ। ਫੇਰ ਉਹਨੇ ਸਾਨੂੰ ਈਮੇਲ ਰਾਹੀਂ ਹੀ ਦੱਸਣਾ ਸੀ ਕਿ ਅਸੀਂ ਅਗਲੇ ਜਾਂ ਅਗਲੇਰੇ ਦਿਨ ਕਿੰਨੇ ਵਜੇ ਆਸ਼ਰਮ ਪੁੱਜੀਏ। ਇਹ ਰਾਧਾ ਨੂੰ ਨਚਾਉਣ ਲਈ ਨੌਂ ਮਨ ਤੇਲ ਇਕੱਠਾ ਕਰਨ ਵਾਲੀ ਗੱਲ ਸੀ!

'ਗ਼ਦਰ ਆਸ਼ਰਮ' ਦੇ ਦਰਸ਼ਨ ਕਰਨ ਵਿਚ ਦੋ ਵਾਰ ਨਾਕਾਮਯਾਬ ਰਹਿਣ ਪਿੱਛੋਂ ਮੈਂ ਇਹ ਗੱਲ ਉਥੇ ਸਭਾਵਾਂ ਵਿਚ ਬੋਲਦਿਆਂ ਬਹੁਤ ਸਾਰੇ ਪੰਜਾਬੀਆਂ ਨਾਲ, ਖਾਸ ਕਰ ਕੇ ਲੇਖਕਾਂ ਨਾਲ ਕੀਤੀ। ਮੇਰਾ ਸੁਝਾਅ ਸੀ ਕਿ ਉਹ ਇਕੱਠੇ ਹੋ ਕੇ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਨੂੰ ਮਿਲਣ ਅਤੇ ਇਹ ਅਫ਼ਸੋਸਨਾਕ ਹਾਲਤ ਦੱਸ ਕੇ ਕੋਈ ਵਾਜਬ ਪ੍ਰਬੰਧ ਕਰਨ ਲਈ ਕਹਿਣ। ਉਹ ਜ਼ੋਰ ਪਾਉਣ ਕਿ ਦਿਨ ਸਮੇਂ ਗ਼ਦਰ ਯਾਦਗਾਰ ਦਾ ਬੂਹਾ ਖੁੱਲ੍ਹਾ ਰਹਿਣਾ ਚਾਹੀਦਾ ਹੈ। ਹੋਰ ਨਹੀਂ ਤਾਂ ਕੌਂਸਲਖਾਨੇ ਦੇ ਕਿਸੇ ਕਰਮਚਾਰੀ ਦਾ ਦਫ਼ਤਰ ਉਥੇ ਬਦਲਿਆ ਜਾ ਸਕਦਾ ਹੈ। ਇਉਂ ਵਿਰਲੇ-ਟਾਂਵੇਂ ਆਉਂਦੇ ਦਰਸ਼ਕਾਂ ਤੇ ਸ਼ਰਧਾਲੂਆਂ ਲਈ ਯਾਦਗਾਰ ਦਾ ਬੂਹਾ ਵੀ ਖੁੱਲ੍ਹਾ ਰਹੇਗਾ ਅਤੇ ਕੌਂਸਲਖਾਨੇ ਨੂੰ ਕੋਈ ਨਵਾਂ ਆਦਮੀ ਵੀ ਰੱਖਣਾ ਨਹੀਂ ਪਵੇਗਾ। ਪੰਜਾਬੀ ਭਾਈਚਾਰੇ ਦੀ ਕਈ ਸਾਲਾਂ ਦੀ ਕੋਸ਼ਿਸ਼ ਦਾ ਆਖ਼ਰ ਨੂੰ ਜੇ ਨਤੀਜਾ ਨਿਕਲਿਆ ਵੀ ਤਾਂ ਬਹੁਤ ਮਾਮੂਲੀ! 'ਗ਼ਦਰ ਮੈਮੋਰੀਅਲ' ਹਰ ਬੁੱਧਵਾਰ 10 ਵਜੇ ਸਵੇਰ ਤੋਂ 1 ਵਜੇ ਦੁਪਹਿਰ ਤੱਕ ਤਿੰਨ ਘੰਟੇ ਖੁੱਲ੍ਹਾ ਰਹਿਣ ਲੱਗ ਪਿਆ। ਜੇ ਕੋਈ ਦਰਸ਼ਕ ਕਿਸੇ ਹੋਰ ਦਿਨ ਜਾਣਾ ਚਾਹੁੰਦਾ ਹੋਵੇ, ਕੌਂਸਲਖਾਨੇ ਨੇ ਇਕ ਲਿੰਕ ਦੇ ਦਿੱਤਾ ਤਾਂ ਜੋ ਸਮਾਂ ਲੈਣ ਵਾਸਤੇ ਉਨ੍ਹਾਂ ਨਾਲ ਅਗੇਤਾ ਸੰਪਰਕ ਕੀਤਾ ਜਾ ਸਕੇ।

ਗ਼ਦਰ ਆਸ਼ਰਮ ਦੇ ਦਰਸ਼ਨਾਂ ਦੀ ਪਰੇਸ਼ਾਨ ਕਰਨ ਵਾਲੀ ਕਹਾਣੀ ਵਾਂਗ ਹੀ ਉਹਦੀ ਇਮਾਰਤ ਦਾ ਕਿੱਸਾ ਵੀ ਬੜਾ ਪੇਚਦਾਰ ਹੈ। ਸਥਾਨਕ ਭਾਰਤੀ ਭਾਈਚਾਰੇ ਨੇ ਮਿਲਵਰਤਨ ਦਾ ਭਰੋਸਾ ਦੇ ਕੇ ਕੌਂਸਲਖਾਨੇ ਤੋਂ ਮੰਗ ਕੀਤੀ ਕਿ 1917 ਵਿਚ ਖ਼ਰੀਦੀ ਗਈ ਤੇ ਪੁਰਾਣੀ ਖਸਤਾ-ਹਾਲ ਹੋ ਚੁੱਕੀ ਮੂਲ ਇਮਾਰਤ ਦੀ ਮੁੜ-ਉਸਾਰੀ ਕਰ ਕੇ ਇਥੇ ਗ਼ਦਰੀਆਂ ਦੀ ਢੁੱਕਵੀਂ ਯਾਦਗਾਰ ਕਾਇਮ ਕੀਤੀ ਜਾਵੇ। ਭਾਰਤ ਸਰਕਾਰ ਨੇ 83,000 ਡਾਲਰ ਪਰਵਾਨ ਕਰ ਦਿੱਤੇ ਅਤੇ ਬਦੇਸ਼ ਮੰਤਰੀ ਸਰਦਾਰ ਸਵਰਨ ਸਿੰਘ ਨੇ ਸਤੰਬਰ 1974 ਵਿਚ ਨਵੀਂ ਇਮਾਰਤ ਦਾ ਟੱਕ ਲਾਇਆ। ਬਾਕੀ ਮਾਇਕ ਮਦਦ ਆਵਾਸੀਆਂ ਨੇ ਕੀਤੀ। ਨਵੀਂ ਉਸਰੀ ਦੋ-ਮੰਜ਼ਲੀ ਗ਼ਦਰ ਯਾਦਗਾਰ ਦਾ ਉਦਘਾਟਨ ਮਾਰਚ 1975 ਵਿਚ ਅਮਰੀਕਾ ਵਿਚ ਭਾਰਤੀ ਰਾਜਦੂਤ, ਸ੍ਰੀ ਟੀ. ਐਨ. ਕੌਲ ਨੇ ਕੀਤਾ। ਹੁਣ ਇਹੋ ਇਮਾਰਤ 'ਗ਼ਦਰ ਯਾਦਗਾਰ' ਹੈ।

2011 ਵਿਚ ਕਰਤਾਰ ਸਿੰਘ ਸਰਾਭਾ ਦੀ ਵਰ੍ਹੇਗੰਢ ਮੌਕੇ ਡਾ. ਚਮਨ ਲਾਲ ਨੂੰ ਭਾਸ਼ਣ ਦੇਣ ਲਈ ਬੁਲਾਇਆ ਗਿਆ ਸੀ। 22 ਮਈ ਨੂੰ ਭਾਸ਼ਣ ਸਮੇਂ ਉਨ੍ਹਾਂ ਨੇ ਮੰਗ ਕੀਤੀ ਕਿ 1974-75 ਵਿਚ ਉਸਾਰੀ ਗਈ 'ਗ਼ਦਰ ਮੈਮੋਰੀਅਲ' ਦੀ ਮੌਜੂਦਾ ਸਾਧਾਰਨ ਇਮਾਰਤ ਦੀ ਥਾਂ ਨਵੀਂ ਇਮਾਰਤ ਬਣਾਈ ਜਾਵੇ ਜੋ 1917 ਵਿਚ ਖ਼ਰੀਦੀ ਗਈ ਤੇ 1974 ਵਿਚ ਢਾਹੀ ਗਈ, ਗ਼ਦਰ ਪਾਰਟੀ ਦੀਆਂ ਸਰਗਰਮੀਆਂ ਦਾ ਕੇਂਦਰ ਰਹੀ, ਇਮਾਰਤ ਦੇ ਨਕਸ਼ੇ ਅਨੁਸਾਰ ਹੋਵੇ। ਇਸ ਮਗਰੋਂ ਇਹ ਮੰਗ ਪੰਜਾਬੀ ਭਾਈਚਾਰੇ ਨੇ ਗੰਭੀਰਤਾ ਨਾਲ ਕਰਨੀ ਸ਼ੁਰੂ ਕਰ ਦਿੱਤੀ।

8 ਜਨਵਰੀ 2013 ਨੂੰ ਕੋਚੀ ਵਿਚ 11ਵਾਂ ਪਰਵਾਸੀ ਭਾਰਤੀ ਦਿਵਸ ਮਨਾਇਆ ਗਿਆ। ਤਦਕਾਲੀ ਬਦੇਸ਼ ਮੰਤਰੀ ਵਿਆਲਾਰ ਰਵੀ ਨੇ ਆਪਣੇ ਸਵਾਗਤੀ ਭਾਸ਼ਨ ਵਿਚ ਆਖਿਆ, "ਇਹ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਹੈ ਜਦੋਂ ਕੈਨੇਡਾ ਤੇ ਅਮਰੀਕਾ ਵਿਚ ਗਏ ਹੋਏ ਭਾਰਤੀ ਪਰਵਾਸੀ ਮਾਤਭੂਮੀ ਵਾਸਤੇ ਆਪਣਾ ਪਿਆਰ ਦਰਸਾਉਂਦਿਆਂ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਭਾਰਤ ਦੀ ਬਰਤਾਨਵੀ ਹਕੂਮਤ ਵਿਰੁੱਧ ਉਠ ਖੜ੍ਹੇ ਹੋਏ। ਅੱਜ ਦਾ ਦਿਨ ਉਨ੍ਹਾਂ ਨੂੰ ਸ਼ਰਧਾ ਭੇਟ ਕਰਨ ਦਾ ਦਿਨ ਵੀ ਹੈ।" ਤਦਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ ਉਦਘਾਟਨੀ ਭਾਸ਼ਨ ਵਿਚ ਗ਼ਦਰ ਲਹਿਰ ਨੂੰ ਚੇਤੇ ਕਰਦਿਆਂ ਅਤੇ ਗ਼ਦਰੀ ਬਾਬਿਆਂ ਨੂੰ ਸ਼ਰਧਾ ਭੇਟ ਕਰਦਿਆਂ ਕਿਹਾ, "ਇਸ ਸਾਲ ਅਸੀਂ ਗ਼ਦਰ ਲਹਿਰ ਦੀ ਸ਼ਤਾਬਦੀ ਮਨਾ ਰਹੇ ਹਾਂ ਜੋ ਸਾਡੇ ਦੇਸ ਵਿਚ ਲੜੇ ਜਾ ਰਹੇ ਆਜ਼ਾਦੀ ਲਈ ਸੰਗਰਾਮ ਵਾਸਤੇ ਦੁਰੇਡੇ ਕੈਲੀਫ਼ੋਰਨੀਆ ਵਿਚ ਰਾਹ-ਦਿਖਾਵੀ ਰੌਸ਼ਨ ਮਸ਼ਾਅਲ ਸੀ। ਗ਼ਦਰ ਲਹਿਰ ਦੀ ਯਾਦ ਵਿਚ ਇਕ ਵਿਸ਼ੇਸ਼ ਡਾਕ-ਟਿਕਟ ਜਾਰੀ ਕਰਨ ਤੋਂ ਇਲਾਵਾ ਅਸੀਂ ਸਾਨ ਫ਼ਰਾਂਸਿਸਕੋ ਵਿਚ ਗ਼ਦਰ ਮੈਮੋਰੀਅਲ ਨੂੰ ਵੀ ਕਾਰਜਮੁਖੀ ਮਿਊਜ਼ਿਅਮ ਅਤੇ ਲਾਇਬਰੇਰੀ ਦੇ ਰੂਪ ਵਿਚ ਵਿਕਸਤ ਕਰਾਂਗੇ। ਉਥੇ ਇਸ ਮਹਾਨ ਲਹਿਰ ਦੇ ਨਾਇਕਾਂ, ਗ਼ਦਰੀ ਬਾਬਿਆਂ ਦੇ ਸਤਿਕਾਰ ਵਿਚ ਬੁੱਤ ਵੀ ਸਜਾਇਆ ਜਾਵੇਗਾ।"

ਸਾਨ ਫ਼ਰਾਂਸਿਸਕੋ ਦੇ ਭਾਰਤੀ ਕੌਂਸਲਖਾਨੇ ਅਤੇ ਪੰਜਾਬੀ ਆਵਾਸੀਆਂ ਵਿਚਕਾਰ ਸੰਪਰਕ ਬਣਿਆ ਰਿਹਾ। ਭਾਰਤ ਸਰਕਾਰ ਨੇ 90 ਲੱਖ ਡਾਲਰ ਪੁਜਦੇ ਕਰ ਦਿੱਤੇ। ਆਖ਼ਰ ਭਾਰਤੀ ਕੌਂਸਲਖਾਨੇ ਅਤੇ ਇਕ ਉਸਾਰੀ ਫ਼ਰਮ ਵਿਚਕਾਰ ਇਕਰਾਰਨਾਮਾ ਸਹੀਬੰਦ ਹੋ ਗਿਆ। ਉਸਾਰੀ ਫ਼ਰਮ ਨੇ ਆਰਕੀਟੈਕਟ ਤੋਂ ਮੂਲ ਇਮਾਰਤ ਵਰਗਾ ਨਕਸ਼ਾ ਬਣਵਾ ਕੇ ਕੌਂਸਲਖਾਨੇ ਤੋਂ ਪਰਵਾਨ ਵੀ ਕਰਵਾ ਲਿਆ। ਇਮਾਰਤ ਪੂਰੀ ਤਰ੍ਹਾਂ ਤਿਆਰ ਹੋ ਜਾਣ ਦੀ ਹੱਦ 2019 ਮਿਥੀ ਗਈ ਪਰ ਉਹ ਨਿਭ ਨਾ ਸਕੀ। ਤਤਕਾਲੀ ਭਾਰਤੀ ਰਾਜਦੂਤ ਹਰਸ਼ ਵਰਧਨ ਸ਼੍ਰਿੰਗਲਾ ਦੇ ਸਾਨ ਫ਼ਰਾਂਸਿਸਕੋ ਆਉਣ ਮੌਕੇ 21 ਜੂਨ 2019 ਨੂੰ ਕੌਂਸਲ ਜਨਰਲ ਸੰਜੈ ਪਾਂਡਾ ਨੇ ਕੁਛ ਆਵਾਸੀਆਂ ਅਤੇ ਹੋਰ ਮਹਿਮਾਨਾਂ ਨੂੰ ਭੋਜਨ ਲਈ ਸੱਦਿਆ। ਉਸ ਮੌਕੇ ਬੋਲਦਿਆਂ ਉਹਨੇ ਕਿਹਾ, "ਗ਼ਦਰ ਆਸ਼ਰਮ ਦੀ ਮੁੜ-ਉਸਾਰੀ, ਜੋ ਪਹਿਲਾਂ ਇਸ ਸਾਲ ਪੂਰੀ ਹੋਣੀ ਮਿਥੀ ਗਈ ਸੀ, ਹੁਣ 2021 ਤੱਕ ਪੂਰੀ ਹੋ ਜਾਣ ਦੀ ਪੱਕੀ ਆਸ ਹੈ।" ਪਰ ਅਫ਼ਸੋਸ ਦੀ ਗੱਲ ਹੈ ਕਿ ਇਸ ਵਾਰ ਵੀ 'ਪੱਕੀ ਆਸ' ਪੂਰੀ ਨਾ ਹੋ ਸਕੀ! ਇਸ ਵਾਰ ਕਰੋਨਾ ਵੀ ਇਕ ਕਾਰਨ ਬਣ ਗਿਆ।

ਇਹ ਲੇਖ ਲਿਖਣ ਸਮੇਂ ਮੈਂ ਬਿਲਕੁਲ ਸੱਜਰੀ ਜਾਣਕਾਰੀ ਲੈਣੀ ਠੀਕ ਸਮਝੀ। ਪਤਾ ਲਗਿਆ, ਨਵੀਂ ਇਮਾਰਤ ਦੀ ਉਸਾਰੀ ਨਾਲ ਸੰਬੰਧਿਤ ਉਥੇ ਕੋਈ ਵੀ ਹਿੱਲਜੁਲ ਨਹੀਂ। ਕਰੋਨਾ-ਕਾਲ ਤੋਂ ਮਗਰੋਂ ਹਾਲਤ ਬਿਲਕੁਲ ਸਾਧਾਰਨ ਹੋ ਜਾਣ ਦੇ ਬਾਵਜੂਦ ਗ਼ਦਰ ਆਸ਼ਰਮ ਬੁੱਧਵਾਰ ਨੂੰ ਦਸ ਵਜੇ ਤੋਂ ਇਕ ਵਜੇ ਤੱਕ ਖੁੱਲ੍ਹਾ ਰੱਖਣ ਦਾ ਪ੍ਰਬੰਧ ਵੀ ਬਹਾਲ ਨਹੀਂ ਕੀਤਾ ਗਿਆ। ਕੌਂਸਲਖਾਨੇ ਨੇ ਦਰਸ਼ਕਾਂ ਲਈ ਅਗੇਤਾ ਸਮਾਂ ਲੈਣ ਦਾ ਜੋ ਲਿੰਕ ਦਿੱਤਾ ਹੋਇਆ ਸੀ, ਉਹ ਵੀ ਬੰਦ ਪਿਆ ਹੈ। ਜੇ ਕੌਂਸਲਖਾਨੇ ਨਾਲ ਉਨ੍ਹਾਂ ਦੇ ਕਿਸੇ ਹੋਰ ਫੋਨ ਰਾਹੀਂ ਸੰਪਰਕ ਕੀਤਾ ਜਾਵੇ, ਅੱਗੋਂ ਕੋਈ ਜਵਾਬ ਨਹੀਂ ਮਿਲਦਾ। ਹੁਣ ਕੌਂਸਲਖਾਨੇ ਦੀ ਮਾਲਕੀ ਹੋਣ ਕਾਰਨ 'ਗ਼ਦਰ ਯਾਦਗਾਰ ਉਤੇ ਹਮਲੇ ਦੀ ਸੰਭਾਵਨਾ' ਵੀ ਉਹਦੇ ਬੰਦ ਰਹਿਣ ਦਾ ਇਕ ਬਹਾਨੇਬਾਜ਼ ਕਾਰਨ ਬਣ ਗਈ ਹੈ। ਚੇਤੇ ਰਹੇ ਕਿ 19 ਮਾਰਚ 2023 ਨੂੰ ਕੁਛ ਖ਼ਾਲਿਸਤਾਨੀਆਂ ਨੇ ਸਾਨ ਫ਼ਰਾਂਸਿਸਕੋ ਵਾਲੇ ਭਾਰਤੀ ਕੌਂਸਲਖਾਨੇ ਦੇ ਬੈਰੀਅਰ ਤੋੜ ਕੇ ਉਥੇ ਦੋ ਖ਼ਾਲਿਸਤਾਨੀ ਝੰਡੇ ਝੁਲਾ ਦਿੱਤੇ ਸਨ।

21 ਜੂਨ 2019 ਨੂੰ ਕੌਂਸਲ ਜਨਰਲ ਨੇ ਭਾਰਤੀ ਰਾਜਦੂਤ ਦੀ ਹਾਜ਼ਰੀ ਵਿਚ ਆਵਾਸੀ ਪ੍ਰਤੀਨਿਧਾਂ ਅਤੇ ਹੋਰ ਮਹਿਮਾਨਾਂ ਨੂੰ ਇਮਾਰਤ ਦੀ ਮੁੜ-ਉਸਾਰੀ 2021 ਤੱਕ ਪੂਰੀ ਹੋ ਜਾਣ ਦਾ ਪੱਕਾ ਭਰੋਸਾ ਦਿੱਤਾ ਸੀ। ਹੁਣ 2023 ਦਾ ਸਾਲ ਵੀ ਢਲ ਚੱਲਿਆ ਹੈ, ਭਾਵ ਪੱਕੇ ਭਰੋਸੇ ਦੀ ਮੁਨਿਆਦ ਲੰਘੀ ਨੂੰ ਵੀ ਦੋ ਸਾਲ ਹੋ ਗਏ ਹਨ। ਸਮੁੱਚੇ ਹਾਲਾਤ ਤੋਂ ਲਗਦਾ ਹੈ, ਹੋਰ ਪਤਾ ਨਹੀਂ ਕਿੰਨੇ ਦੋ-ਸਾਲ ਲੰਘਣਗੇ! ਮਜਬੂਰੀ ਦੀ ਇਸ ਹਾਲਤ ਵਿਚ ਉਸ ਭਾਗਾਂਵਾਲੇ ਦਿਨ ਦੀ ਉਡੀਕ ਹੀ ਕੀਤੀ ਜਾ ਸਕਦੀ ਹੈ ਜਦੋਂ ਤਦਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦਿਖਾਏ ਸੁਪਨੇ ਅਨੁਸਾਰ ਅਸੀਂ ਗ਼ਦਰ ਲਹਿਰ ਦੇ ਨਾਇਕਾਂ ਦੇ ਸਤਿਕਾਰ ਵਿਚ ਸਜਾਏ ਹੋਏ ਬੁੱਤ ਦੇ ਚਰਨਾਂ ਵਿਚ ਫੁੱਲ ਭੇਟ ਕਰ ਸਕਾਂਗੇ ਅਤੇ ਮਿਊਜ਼ਿਅਮ ਤੇ ਲਾਇਬਰੇਰੀ ਵਿਚ ਬਾਬਿਆਂ ਦੀ ਅਦਿੱਖ ਹੋਂਦ ਦੀ ਸੋਅ ਅਤੇ ਉਨ੍ਹਾਂ ਦੀਆਂ ਕਰਨੀਆਂ ਦੀ ਖ਼ੁਸ਼ਬੋ ਮਹਿਸੂਸ ਕਰ ਸਕਾਂਗੇ!

# ਐੱਸ ਵਾਈ ਐੱਲ ਕਲ਼ਾ ਦੀ ਜੜ੍ਹ ਕਿਵੇਂ ਬਣੀ ?

## ਲੇਖਾ-ਜੋਖਾ

ਪਾਣੀ ਜੀਵਨ ਦੀ ਮੁੱਢਲੀ ਲੋੜ ਹੈ। ਸਾਡਾ ਖਿੱਤਾ ਖੇਤੀ ਪ੍ਰਧਾਨ ਹੈ ਤੇ ਸਦੀਆਂ ਤੋਂ ਲੋਕ ਦਰਿਆਵਾਂ ਦੇ ਪਾਣੀਆਂ 'ਤੇ ਨਿਰਭਰ ਰਹੇ ਹਨ। ਇਸ ਸਮੇਂ ਪਾਣੀਆਂ ਦਾ ਮਸਲਾ ਫਿਰ ਉੱਭਰਿਆ ਹੈ। ਇਹ ਲੇਖ ਸਤਲੁਜ, ਰਾਵੀ ਤੇ ਬਿਆਸ ਦੇ ਪਾਣੀਆਂ ਬਾਰੇ ਤੱਥਾਂ ਸਹਿਤ ਜਾਣਕਾਰੀ ਦਿੰਦਾ ਹੈ।

ਪੰਜਾਬ ਦੇ ਪਾਣੀਆਂ ਦਾ ਮੁੱਦਾ ਇਕ ਵਾਰ ਫਿਰ ਭਖ ਗਿਆ ਹੈ। ਮੈਂ 1981 ਤੋਂ ਇਸ ਮੁੱਦੇ ਨਾਲ ਜੁੜਿਆ ਹੋਇਆ ਹਾਂ ਅਤੇ 1982 ਵਿਚ ਮੈਂ ਤਤਕਾਲੀ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਂਦਾ ਸੀ ਕਿ ਸਾਨੂੰ ਕੇਂਦਰ ਸਰਕਾਰ ਵੱਲੋਂ 1981 ਵਿਚ ਦਿੱਤੇ ਗਏ ਐਵਾਰਡ ਨੂੰ



**ਮਨਜੀਤ ਸਿੰਘ ਖਹਿਰਾ**
**ਫੋਨ: 98140-12519**

ਚੁਣੌਤੀ ਦੇਣੀ ਪਵੇਗੀ। ਇਕ ਰਿੱਟ ਪਟੀਸ਼ਨ ਦਾਇਰ ਕੀਤੀ ਗਈ ਜਿਸ ਉੱਪਰ ਮੇਰੇ ਮਿੱਤਰ ਮਰਹੂਮ ਸਰਦਾਰ ਰਵਿੰਦਰ ਸਿੰਘ ਕਾਲੇਕਾ ਅਤੇ ਗਿਆਨੀ ਅਰਜਨ ਸਿੰਘ ਐਡਵੋਕੇਟ ਦੇ ਦਸਤਖ਼ਤ ਸਨ ਅਤੇ ਇਸ ਵਿਚ ਪੰਜਾਬ, ਹਰਿਆਣਾ, ਦਿੱਲੀ, ਚੰਡੀਗੜ੍ਹ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਤੇ ਭਾਰਤ ਸਰਕਾਰ ਆਦਿ ਨੂੰ ਜਵਾਬਦੇਹ ਬਣਾਇਆ ਗਿਆ ਸੀ। ਇਨ੍ਹਾਂ ਸਾਰੀਆਂ ਧਿਰਾਂ ਨੇ ਪਟੀਸ਼ਨਰਾਂ ਵੱਲੋਂ ਇਹ ਪਟੀਸ਼ਨ ਦਾਇਰ ਕਰਨ ਦੇ ਵਾਹ ਵਾਸਤੇ (Locus standi) 'ਤੇ ਕਿੰਤੂ ਕੀਤਾ ਕਿਉਂਕਿ ਉਦੋਂ ਹਾਲੇ ਜਨਹਿੱਤ ਪਟੀਸ਼ਨ ਦਾ ਜ਼ਿਆਦਾ ਚਲਨ ਨਹੀਂ ਹੋਇਆ ਸੀ।

ਅਜਿਹੀ ਰਿੱਟ ਕੋਈ ਅਜਿਹਾ ਸ਼ਖ਼ਸ ਹੀ ਦਾਇਰ ਕਰ ਸਕਦਾ ਸੀ ਜਿਸ ਦੀ ਜ਼ਮੀਨ ਨੂੰ ਪਾਣੀ ਦੀ ਉਪਲੱਬਧਤਾ ਦੀ ਮਿਕਦਾਰ ਦੇ ਆਧਾਰ 'ਤੇ ਸਰਪਲੱਸ ਕਰਾਰ ਦਿੱਤਾ ਗਿਆ ਹੋਵੇ। ਇਸ ਲਈ ਇਕ ਰਿੱਟ 'ਤੇ ਸ. ਰਵਿੰਦਰ ਸਿੰਘ ਰਾਹੀਂ ਸ. ਪ੍ਰਕਾਸ਼ ਸਿੰਘ ਬਾਦਲ ਦੇ ਚਾਚਾ ਸਰਦਾਰ ਤੇਜਾ ਸਿੰਘ ਨੇ ਦਸਤਖ਼ਤ ਕੀਤੇ ਅਤੇ ਬਾਅਦ ਵਿਚ ਇਕ ਹੋਰ ਰਿੱਟ ਪਟੀਸ਼ਨ ਦਾਇਰ ਕੀਤੀ ਗਈ। ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਨੇ ਵੀ ਆਪਣੀ ਪਾਰਟੀ ਦੇ ਕਿਸਾਨ ਵਿੰਗ ਦੀ ਤਰਫ਼ੋਂ ਇਕ ਪਟੀਸ਼ਨ ਮੇਰੇ ਤੋਂ ਦਾਇਰ ਕਰਵਾਈ ਸੀ। ਸਾਲ ਤੋਂ ਵੀ ਵੱਧ ਇਹ ਪਟੀਸ਼ਨਾਂ ਲੰਬਿਤ ਪਈਆਂ ਰਹੀਆਂ। ਹਾਈਕੋਰਟ ਦੇ ਜਿਸ ਵੀ ਡਿਵੀਜ਼ਨ ਬੈਂਚ ਸਾਹਮਣੇ ਇਨ੍ਹਾਂ ਪਟੀਸ਼ਨਾਂ ਨੂੰ ਪੇਸ਼ ਕੀਤਾ ਗਿਆ ਤਾਂ ਇਕ ਜੱਜ ਆਪ ਹੀ ਸੁਣਵਾਈ ਤੋਂ ਲਾਂਭੇ ਹੋ ਜਾਂਦਾ ਸੀ। 14 ਮਹੀਨਿਆਂ ਬਾਅਦ ਤਤਕਾਲੀ ਚੀਫ ਜਸਟਿਸ ਐੱਸਐੱਸ ਸੰਧਾਵਾਲੀਆ ਨੇ ਇਨ੍ਹਾਂ ਪਟੀਸ਼ਨਾਂ ਨੂੰ ਆਪਣੇ ਬੈਂਚ ਕੋਲ ਤਬਦੀਲ ਕਰ ਲਿਆ ਤੇ ਡੇਢ ਕੁ ਦਿਨ ਦੀ ਸੁਣਵਾਈ ਤੋਂ ਬਾਅਦ ਹੀ ਇਹ ਮਾਮਲਾ ਤਿੰਨ ਜੱਜਾਂ ਦੇ ਬੈਂਚ ਕੋਲ ਪੱਕੀ ਸੁਣਵਾਈ ਲਈ ਭੇਜ ਕੇ ਦੋ ਹਫ਼ਤਿਆਂ ਬਾਅਦ ਸੁਣਵਾਈ ਦੀ ਤਰੀਕ ਮੁਕੱਰਰ ਕਰ ਦਿੱਤੀ। ਸੋਮਵਾਰ ਨੂੰ ਸੁਣਵਾਈ ਤੋਂ ਇਕ ਦਿਨ ਪਹਿਲਾਂ ਚੀਫ ਜਸਟਿਸ ਸੰਧਾਵਾਲੀਆ ਦਾ ਪਟਨਾ ਹਾਈਕੋਰਟ ਵਿਚ ਤਬਾਦਲਾ ਕਰ ਦਿੱਤਾ ਗਿਆ ਅਤੇ ਭਾਰਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਇਹ ਕੇਸ ਸੁਣਵਾਈ ਲਈ ਆਪਣੇ ਕੋਲ ਮੰਗਵਾਉਣ ਦੀ ਬੇਨਤੀ ਕੀਤੀ ਅਤੇ ਇਸ ਤਰ੍ਹਾਂ ਇਸ 'ਤੇ ਕਦੇ ਵੀ ਫ਼ੈਸਲਾ ਨਹੀਂ ਆ ਸਕਿਆ; ਪਟੀਸ਼ਨਰਾਂ ਨੂੰ ਕੋਈ ਜਾਣਕਾਰੀ ਦਿੱਤੇ ਬਗ਼ੈਰ ਹੀ 1986 ਵਿਚ ਇਸ ਕੇਸ ਨੂੰ ਖਾਰਜ ਕਰ ਦਿੱਤਾ ਗਿਆ।

24 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਉੱਪਰ ਸਹੀ ਪਾਈ ਗਈ ਸੀ ਜੋ ਪੰਜਾਬ ਸਮਝੌਤੇ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਸਮਝੌਤੇ ਦੀ ਪਾਣੀਆਂ ਬਾਬਤ ਮੱਦ ਇਸ ਪ੍ਰਕਾਰ ਹੈ:

9.1 : ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨਾਂ ਵੱਲੋਂ 21.7.1985 ਨੂੰ ਜਿੰਨਾ ਪਾਣੀ ਵਰਤਿਆ ਜਾ ਰਿਹਾ ਹੈ, ਓਨਾ ਪਾਣੀ ਮਿਲਦਾ ਰਹੇਗਾ ਅਤੇ ਖ਼ਪਤ ਦੇ ਮੰਤਵਾਂ ਲਈ ਵਰਤਿਆ ਜਾਂਦਾ ਪਾਣੀ ਵੀ ਪ੍ਰਭਾਵਿਤ ਨਹੀਂ ਹੋਵੇਗਾ। ਵਰਤੋਂ ਦੀ ਮਿਕਦਾਰ ਬਾਰੇ ਦਾਅਵਿਆਂ ਦੀ ਤਸਦੀਕ ਟ੍ਰਿਬਿਊਨਲ ਰਾਹੀਂ ਕੀਤੀ ਜਾਵੇਗੀ ਜਿਸ ਦਾ ਹਵਾਲਾ ਧਾਰਾ 9.2 ਵਿਚ ਇੰਝ ਦਿੱਤਾ ਗਿਆ ਹੈ:

9.2 : ਬਾਕੀ ਰਹਿੰਦੇ ਪਾਣੀ (Thier remaining waters) ਬਾਬਤ ਪੰਜਾਬ ਅਤੇ ਹਰਿਆਣਾ ਦੀ ਹਿੱਸੇਦਾਰੀ ਬਾਬਤ ਦਾਅਵਿਆਂ ਨੂੰ ਸਾਲਸੀ ਲਈ ਸੁਪਰੀਮ ਕੋਰਟ ਦੇ ਕਿਸੇ ਜੱਜ ਦੀ ਪ੍ਰਧਾਨਗੀ ਵਾਲੇ ਇਕ ਟ੍ਰਿਬਿਊਨਲ ਕੋਲ ਭੇਜਿਆ ਜਾਵੇਗਾ। ਟ੍ਰਿਬਿਊਨਲ ਦਾ ਫ਼ੈਸਲਾ ਛੇ ਮਹੀਨਿਆਂ ਵਿਚ ਆਵੇਗਾ ਅਤੇ ਇਹ ਦੋਵੇਂ ਧਿਰਾਂ ਇਸ ਦੀਆਂ ਪਾਬੰਦ ਹੋਣਗੀਆਂ ਅਤੇ ਇਸ ਸਬੰਧੀ ਸਾਰੇ ਕਾਨੂੰਨੀ ਅਤੇ ਸੰਵਿਧਾਨਕ ਕਦਮ ਤੇਜ਼ੀ ਨਾਲ ਪੂਰੇ ਕੀਤੇ ਜਾਣਗੇ।

9.3 : ਐੱਸਵਾਈਐੱਲ ਦੀ ਉਸਾਰੀ ਜਾਰੀ ਰਹੇਗੀ ਅਤੇ ਨਹਿਰ ਦੀ ਉਸਾਰੀ 15 ਅਗਸਤ 1986 ਤੱਕ ਪੂਰੀ ਕੀਤੀ ਜਾਵੇਗੀ।

ਅੱਜ ਤੱਕ ਇਹ ਭੇਤ ਬਣਿਆ ਹੋਇਆ ਹੈ ਕਿ ਸਮਝੌਤੇ ਦੇ ਮੂਲ ਖਰੜੇ ਵਿਚ ਪਾਣੀ ਦੀ ਸਮੁੱਚੀ ਵੰਡ ਦੇ ਸ਼ਬਦ 'ਪਾਣੀ (The Waters)' ਦੀ ਥਾਂ 'ਉਨ੍ਹਾਂ ਦਾ ਪਾਣੀ (Their Waters)' ਕਿਉਂ ਤੇ ਕਦੋਂ ਪਾਇਆ। ਇਸ ਨਾਲ ਇਸ ਧਾਰਾ ਦਾ ਮਤਲਬ ਇਹ ਬਣਾ ਦਿੱਤਾ ਗਿਆ ਕਿ ਪਾਣੀ ਦੀ ਵੰਡ ਜੋ ਪਹਿਲਾਂ ਹੋ ਚੁੱਕੀ ਸੀ ਉਸ ਦੀ ਅਸਲੀ ਵਰਤੋਂ ਨਿਰਧਾਰਤ ਕੀਤੀ ਜਾਵੇਗੀ, ਨਾ ਕਿ ਜਿੰਨੀ 21 ਜੁਲਾਈ 1985 ਨੂੰ ਵਰਤੋਂ ਕੀਤੀ ਜਾ ਰਹੀ ਸੀ।

ਬਾਕੀ ਰਹਿੰਦੇ ਪਾਣੀ ਦੀ ਵੰਡ ਤੈਅ ਕਰਨ ਵਾਸਤੇ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਵੀ. ਬਾਲਕ੍ਰਿਸ਼ਨ ਇਰਾਡੀ ਦੀ ਅਗਵਾਈ ਹੇਠ ਕਮਿਸ਼ਨ ਨਿਯੁਕਤ ਕੀਤਾ ਗਿਆ। ਲੰਮਾ ਚਿਰ ਚੱਲੀ ਸੁਣਵਾਈ ਤਹਿਤ ਪੰਜਾਬ ਦੇ ਕਾਨੂੰਨੀ ਮਾਹਿਰਾਂ ਅਤੇ ਅਧਿਕਾਰੀਆਂ ਦੀ ਟੀਮ ਵੱਲੋਂ ਦਸਤਾਵੇਜ਼ਾਂ ਸਹਿਤ, ਚੰਗੀ ਤਰ੍ਹਾਂ ਤਿਆਰ ਕੀਤਾ ਗਿਆ ਕੇਸ ਪੇਸ਼ ਕੀਤਾ ਗਿਆ। ਪੰਜਾਬ ਦਾ ਕੇਸ ਇਹ ਸੀ ਕਿ 21 ਜੁਲਾਈ ਨੂੰ ਵਰਤੋਂ ਤੈਅ ਕੀਤੇ ਜਾਣ ਦੇ ਤਿੰਨ ਰਾਹ ਸਨ: ਪਹਿਲਾ, 21 ਜੁਲਾਈ ਤੱਕ ਵਰਤੇ ਜਾਂਦੇ ਪਾਣੀ ਦੀ ਮਿਕਦਾਰ ਨੂੰ 365 ਨਾਲ ਗੁਣਾ ਕਰ ਦਿੱਤਾ ਜਾਵੇ; ਦੂਜਾ ਇਹ ਕਿ ਜਲ ਵਰ੍ਹੇ (ਭਾਰਤ ਵਿਚ 1 ਜੂਨ ਤੋਂ 31 ਮਈ ਤੱਕ) ਦੌਰਾਨ ਵਰਤਿਆ ਗਿਆ ਪਾਣੀ ਕੁੱਲ ਕਿੰਨਾ ਹੈ; ਅਤੇ ਤੀਜਾ ਇਹ ਕਿ ਕੈਲੰਡਰ ਸਾਲ ਦੌਰਾਨ ਵਰਤਿਆ ਗਿਆ ਕੁੱਲ ਪਾਣੀ ਕਿੰਨਾ ਹੈ। ਪਰ ਪੰਜਾਬ ਉਦੋਂ ਹੈਰਾਨ ਰਹਿ ਗਿਆ ਜਦੋਂ ਕਮਿਸ਼ਨ ਨੇ ਆਖਿਆ ਕਿ ਇਹ ਪੰਜਾਬ ਦੇ ਹਿੱਸੇ ਵਾਲੇ ਪਾਣੀ ਦੀ ਵਰਤੋਂ ਬਾਰੇ ਹੀ ਗ਼ੌਰ ਕਰੇਗਾ। ਇਹ ਰਾਜੀਵ-ਲੌਂਗੋਵਾਲ ਸਮਝੌਤੇ ਦੀ ਮਨਸ਼ਾ ਜਾਂ ਮੰਤਵ ਬਿਲਕੁਲ ਨਹੀਂ ਸੀ। ਮੁੱਢਲੀ ਰਿਪੋਰਟ ਆਉਣ ਤੋਂ ਬਾਅਦ ਇਸ ਬਾਰੇ ਇਤਰਾਜ਼ ਦਾਇਰ ਕੀਤੇ ਜਾ ਸਕਦੇ ਸਨ। ਉਦੋਂ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਣ ਕਰਕੇ ਮੈਂ ਇਹ ਮਾਮਲਾ ਰਾਜਪਾਲ ਐੱਸ.ਐੱਸ. ਰੇਅ ਕੋਲ ਉਠਾਇਆ। ਰਾਜਪਾਲ ਨੇ ਮੈਨੂੰ ਇਤਰਾਜ਼ਾਂ ਦਾ ਖਰੜਾ ਤਿਆਰ ਕਰਨ ਲਈ ਆਖਿਆ ਜੋ ਮੈਂ ਤਿਆਰ ਕਰ ਕੇ ਸਰਕਾਰ ਨੂੰ ਸੌਂਪ ਦਿੱਤਾ ਜਿਸ ਨੇ ਇਤਰਾਜ਼ਾਂ ਨੂੰ ਕਮਿਸ਼ਨ ਦੇ ਅੱਗੇ ਦਾਇਰ ਕਰ ਦਿੱਤਾ। ਹਾਲਾਂਕਿ ਕਮਿਸ਼ਨ 30 ਸਾਲ ਤੋਂ ਵੱਧ ਚੱਲਦਾ ਰਿਹਾ, ਪਰ ਹਾਲੇ ਤੱਕ ਇਸ ਦਾ ਅੰਤਿਮ ਫ਼ੈਸਲਾ ਨਹੀਂ ਦਿੱਤਾ ਗਿਆ। ਇਸ ਦੇ ਬਾਵਜੂਦ ਪੰਜਾਬ 'ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਐੱਸਵਾਈਐੱਲ ਨਹਿਰ ਬਣਾਏ।

### ਇਤਿਹਾਸਕ ਪਿਛੋਕੜ

ਭਾਖੜਾ ਡੈਮ ਦੀ ਯੋਜਨਾ ਅੰਗਰੇਜ਼ਾਂ ਵੇਲੇ ਬਣੀ ਸੀ ਅਤੇ ਇਸ ਦੇ ਪਾਣੀਆਂ ਦੀ ਨਿਆਂਪੂਰਨ ਵੰਡ ਪਹਿਲਾਂ ਹੀ ਨਿਰਧਾਰਤ ਕਰ ਦਿੱਤੀ ਗਈ। ਇਸ ਵਿਚ ਮੌਜੂਦਾ ਹਰਿਆਣਾ ਦੇ ਕੁਝ ਖੇਤਰਾਂ ਲਈ ਪਾਣੀ ਨੂੰ ਵੀ ਸ਼ਾਮਲ ਕੀਤਾ ਗਿਆ ਸੀ, ਪਰ ਅਜੀਬ ਗੱਲ ਹੈ ਕਿ ਰਾਵੀ ਅਤੇ ਬਿਆਸ ਦੇ ਪਾਣੀ ਉਪਲੱਬਧ ਹੋਣ ਅਤੇ ਇਕ ਸੁਰੰਗ ਰਾਹੀਂ ਬਿਆਸ ਦਾ ਪਾਣੀ ਭਾਖੜਾ ਝੀਲ ਵਿਚ ਪਾਏ ਜਾਣ ਤੋਂ ਬਾਅਦ ਸਮੁੱਚੀ ਵੰਡ ਨੂੰ ਨਵੇਂ ਸਿਰਿਓਂ ਖੋਲ੍ਹ ਦਿੱਤਾ ਗਿਆ। ਦੇਸ਼ ਦੀ ਵੰਡ ਤੋਂ ਬਾਅਦ 1947 ਵਿਚ ਪੂਰਬੀ ਅਤੇ ਪੱਛਮੀ ਪੰਜਾਬ ਵਿਚਕਾਰ ਵਿਵਾਦ ਉਦੋਂ ਪੈਦਾ ਹੋ ਗਿਆ ਜਦੋਂ ਭਾਰਤੀ ਪੰਜਾਬ ਨੇ ਪੱਛਮੀ ਪੰਜਾਬ ਲਈ ਨਹਿਰਾਂ ਵਿਚ ਪਾਣੀ ਦੀ ਸਪਲਾਈ ਰੋਕ ਦਿੱਤੀ। ਇਸ ਨਾਲ ਪਾਕਿਸਤਾਨ ਅੰਦਰ ਹਾਹਾਕਾਰ ਮੱਚ ਗਈ ਅਤੇ 4 ਮਈ 1948 ਨੂੰ ਇਕ ਯਥਾਸਥਿਤੀ (Status quo) ਸਮਝੌਤਾ ਸਹੀਬੰਦ ਕੀਤਾ ਗਿਆ ਜਿਸ ਉੱਪਰ ਭਾਰਤ ਦੀ ਤਰਫ਼ੋਂ ਪੰਡਿਤ ਜਵਾਹਰਲਾਲ ਨਹਿਰੂ, ਐੱਨਵੀ ਗਾਡਗਿਲ ਅਤੇ ਪੰਜਾਬ ਦੇ ਤਤਕਾਲੀ ਸਿੰਜਾਈ ਮੰਤਰੀ ਸਰਦਾਰ ਸਵਰਨ ਸਿੰਘ ਅਤੇ ਪਾਕਿਸਤਾਨ ਦੀ ਤਰਫ਼ੋਂ ਵਿੱਤ ਮੰਤਰੀ ਨੇ ਦਸਤਖ਼ਤ ਕੀਤੇ ਸਨ। ਇਸ ਕੌਮਾਂਤਰੀ ਸਮਝੌਤੇ ਤਹਿਤ ਪਾਕਿਸਤਾਨ ਨੂੰ ਹਰੀਕੇ ਪੱਤਣ ਰਾਹੀਂ ਇਕ ਸਾਲ ਲਈ ਪਾਣੀ ਛੱਡਿਆ ਜਾਣਾ ਸੀ। ਫਿਰ ਵੀ ਜਦੋਂ ਵਿਵਾਦ ਨਾ ਸੁਲਝ ਸਕਿਆ ਤਾਂ ਲੜਾਈ ਭੜਕਣ ਦੇ ਖ਼ਤਰੇ ਦੇ ਮੱਦੇਨਜ਼ਰ ਅਮਰੀਕਾ, ਬਰਤਾਨੀਆ ਦੀ ਪਹਿਲਕਦਮੀ 'ਤੇ ਵਿਸ਼ਵ ਬੈਂਕ ਇਹ ਵਿਵਾਦ ਸੁਲਝਾਉਣ ਲਈ ਮਦਦ ਦੇਣ ਵਾਸਤੇ ਅੱਗੇ ਆਇਆ। ਵਾਸ਼ਿੰਗਟਨ ਵਿਚ ਵਾਰਤਾ ਸ਼ੁਰੂ ਹੋਈ ਸੀ ਜਿਸ ਵਿਚ ਭਾਰਤ ਅਤੇ ਪਾਕਿਸਤਾਨ ਦੋਵਾਂ ਨੇ ਆਪੋ ਆਪਣੀਆਂ ਟੀਮਾਂ ਭੇਜੀਆਂ ਸਨ ਜਿਨ੍ਹਾਂ ਵਿਚ ਅਧਿਕਾਰੀ ਅਤੇ ਇੰਜਨੀਅਰ ਸ਼ਾਮਲ ਸਨ।

ਭਾਰਤੀ ਟੀਮ ਵਿਚ ਪੰਜਾਬ ਦੇ ਇਕ ਇੰਜਨੀਅਰ ਐੱਨ.ਡੀ. ਗੁਲਾਟੀ ਸ਼ਾਮਲ ਸਨ ਅਤੇ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਟੀਮ ਦਾ ਮੋਹਰੀ ਬਣਾ ਦਿੱਤਾ ਗਿਆ। ਵਾਰਤਾ ਦੌਰਾਨ ਕੇਂਦਰੀ ਜਲ ਅਤੇ ਊਰਜਾ ਕਮਿਸ਼ਨ ਨਾਲ ਕੰਮ ਕਰਦੇ ਡਾ. ਆਰ.ਸੀ. ਹੂਨ ਵੱਲੋਂ ਰਾਜਸਥਾਨ ਨਹਿਰ ਲਈ ਪ੍ਰਾਜੈਕਟ ਰਿਪੋਰਟ ਤਿਆਰ ਕੀਤੀ ਗਈ ਜਿਸ ਲਈ ਰੇਗਿਸਤਾਨੀ ਖੇਤਰਾਂ ਵਿਚ ਜ਼ਮੀਨੀ ਸਰਵੇਖਣ ਕਰਨ ਦੀ ਲੋੜ ਸੀ, ਪਰ ਇਹ ਸਰਵੇਖਣ ਕਦੇ ਵੀ ਨਹੀਂ ਕਰਵਾਇਆ ਗਿਆ। ਸਿੰਧ ਦਰਿਆ ਪ੍ਰਣਾਲੀ ਦੇ ਜਲ ਖੇਤਰ (ਬੇਸਿਨ) ਨੂੰ ਲੈ ਕੇ ਮੱਤਭੇਦ ਸਨ, ਪਰ ਵਿਸ਼ਵ ਬੈਂਕ ਦੇ ਪ੍ਰਸਤਾਵ ਤਹਿਤ ਜਲ ਖੇਤਰ ਦੀ ਹੱਦਬੰਦੀ ਦੇ ਸਵਾਲ ਨੂੰ ਅੱਖੋਂ ਓਹਲੇ ਕਰ ਦੇਣ ਨਾਲ ਭਾਰਤ ਨੂੰ ਵੱਡਾ ਲਾਹਾ ਮਿਲਿਆ। ਸ੍ਰੀ ਗੁਲਾਟੀ ਨੇ ਆਖਿਆ ਕਿ ਪਾਕਿਸਤਾਨ ਬਣਨ ਕਰਕੇ ਲਾਇਲਪੁਰ ਅਤੇ ਮਿੰਟਗੁਮਰੀ ਗੁਆਚਣ ਕਰਕੇ ਉਨ੍ਹਾਂ ਦੀ ਥਾਂ ਰਾਜਸਥਾਨ ਵਿਚ ਨਵੀਆਂ ਨਹਿਰੀ ਬਸਤੀਆਂ ਬਣਨਗੀਆਂ। ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਨੂੰ ਬਹੁਤ ਭਾਰੀ ਨੁਕਸਾਨ ਝੱਲਣਾ ਪਿਆ ਸੀ ਅਤੇ ਆਸ ਹੈ ਕਿ ਜਲਦੀ ਹੀ ਉਨ੍ਹਾਂ ਦੀ ਭਰਪਾਈ ਹੋ ਜਾਵੇਗੀ। ਗੁਲਾਟੀ ਨੇ ਭਾਰਤ ਸਰਕਾਰ ਨੂੰ ਸਰਹਿੰਦ ਫੀਡਰ ਦੀ ਉਸਾਰੀ ਅਤੇ ਰਾਜਸਥਾਨ ਨਹਿਰ ਦੀ ਮਨਜ਼ੂਰੀ ਲਈ ਠੋਸ ਕਦਮ ਪੁੱਟਣ ਦੀ ਸਲਾਹ ਦਿੱਤੀ ਤਾਂ ਕਿ ਜਨਵਰੀ 1955 ਜਦੋਂ ਵਿਸ਼ਵ ਬੈਂਕ ਵੱਲੋਂ ਜਲ ਖੇਤਰ ਦੇ ਸਟੱਡੀ ਟੂਰ ਕੀਤੇ ਜਾਣਗੇ, ਉਦੋਂ ਤੱਕ ਭਾਰਤ ਦੀਆਂ ਲੋੜਾਂ ਨੂੰ ਸਿੱਧ ਕੀਤਾ ਜਾ ਸਕੇ। ਗੁਲਾਟੀ ਨੇ ਪਾਣੀ ਦੀ ਵਰਤੋਂ ਬਾਬਤ ਇਕ ਅੰਤਰਰਾਜੀ ਸਮਝੌਤਾ ਕਰਨ 'ਤੇ ਵੀ ਜ਼ੋਰ ਦਿੱਤਾ ਸੀ।



ਜਦੋਂ ਵਿਸ਼ਵ ਬੈਂਕ ਦੀ ਟੀਮ ਅਧਿਐਨ ਲਈ ਪਹੁੰਚੀ ਤਾਂ ਉਸ ਨੂੰ ਜੀਪਾਂ ਵਿਚ ਬਿਠਾ ਕੇ ਰਾਜਸਥਾਨ ਦੇ ਟਿੱਬਿਆਂ 'ਤੇ ਘੁਮਾਇਆ ਗਿਆ। ਟੂਰ ਦੌਰਾਨ ਮਿੰਟਗੁਮਰੀ ਅਤੇ ਲਾਇਲਪੁਰ ਦੀਆਂ ਨਹਿਰੀ ਬਸਤੀਆਂ ਦੇ ਉੱਜੜੇ ਲੋਕਾਂ ਨੂੰ ਰਾਜਸਥਾਨ ਦੇ ਉਸੇ ਤਰ੍ਹਾਂ ਦੇ ਖੇਤਰਾਂ ਵਿਚ ਮੁੜ ਵਸਾਉਣ ਦੀ ਲੋੜ ਨੂੰ ਰੇਖਾਂਕਤ ਕੀਤਾ ਗਿਆ ਸੀ। ਜਨਵਰੀ 1955 ਦੇ ਅੰਤ ਤੱਕ ਭਾਰਤ ਦੇ ਤਤਕਾਲੀ ਸਿੰਜਾਈ ਅਤੇ ਊਰਜਾ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਰਾਵੀ ਅਤੇ ਬਿਆਸ ਦੇ ਪਾਣੀਆਂ ਬਾਬਤ ਇਕ ਸਮਝੌਤਾ ਕਰਾਇਆ ਜਿਸ ਲਈ ਸਿਰਫ਼ ਪੰਜਾਬ ਅਤੇ ਰਾਜਸਥਾਨ ਦੇ ਸਿੰਜਾਈ ਸਕੱਤਰਾਂ ਨੂੰ ਦਿੱਲੀ ਬੁਲਾਇਆ ਗਿਆ ਸੀ ਅਤੇ ਸਮਝੌਤੇ 'ਤੇ ਦਸਤਖ਼ਤ ਕਰਵਾ ਲਏ ਗਏ।

ਇਸ ਸਮਝੌਤੇ ਤਹਿਤ ਕੁੱਲ ਉਪਲੱਬਧ 15.85 ਐੱਮਏਐੱਫ ਪਾਣੀ ਵਿਚੋਂ 8 ਐੱਮਏਐੱਫ ਪਾਣੀ ਰਾਜਸਥਾਨ ਨੂੰ, 0.65 ਐੱਮਏਐੱਫ ਕਸ਼ਮੀਰ ਨੂੰ ਅਤੇ ਪੰਜਾਬ ਅਤੇ ਪੈਪਸੂ ਦੋਵਾਂ ਨੂੰ ਮਿਲਾ ਕੇ 7.2 ਐੱਮਏਐੱਫ ਪਾਣੀ ਦਿੱਤਾ ਗਿਆ। ਇਸ ਪ੍ਰਸਤਾਵ ਵਿਚ ਦਰਿਆਈ ਵਹਾਅ ਖੇਤਰ ਵਿਚ ਵਸਦੇ ਲੋਕਾਂ ਦੀ ਬਿਹਤਰੀ ਨੂੰ ਉੱਕਾ ਹੀ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਕੌਮਾਂਤਰੀ ਸੰਧੀ ਦੀਆਂ ਰਣਨੀਤਕ ਚਾਰਾਜੋਈਆਂ ਦੀ ਵਰਤੋਂ ਕਰਦਿਆਂ ਮੁੱਢਲੇ ਤੌਰ 'ਤੇ ਭਾਰਤ ਅਤੇ ਵਿਸ਼ੇਸ਼ ਰੂਪ ਵਿਚ ਪੰਜਾਬ ਲਈ ਪਾਣੀ ਹਾਸਲ ਕੀਤਾ ਗਿਆ ਜਿਸ ਦੇ ਦਾਇਰੇ ਵਿਚ ਉਦੋਂ ਹਰਿਆਣਾ ਵੀ ਆਉਂਦਾ ਸੀ। ਵਿਸ਼ਵ ਬੈਂਕ ਦੀ ਮੰਨ ਮਨਾਈ ਸਦਕਾ ਪਾਕਿਸਤਾਨ ਵੀ ਇਸ ਲਈ ਸਹਿਮਤ ਹੋ ਗਿਆ ਅਤੇ ਇਹ ਆਸ ਸੀ ਕਿ ਪਾਕਿਸਤਾਨ ਨੂੰ ਵੀ ਭਵਿੱਖ ਵਿਚ ਪਾਣੀ ਲਈ ਜੰਗ ਵਰਗੀ ਨੌਬਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਜੋ ਭਾਰਤ ਵੱਲੋਂ ਹਰੀਕੇ ਪੱਤਣ ਤੋਂ ਪਾਕਿਸਤਾਨ ਲਈ ਪਾਣੀ ਰੋਕ ਦੇਣ ਨਾਲ ਪੈਦਾ ਹੋ ਗਈ ਸੀ। ਤਿੰਨ ਦਰਿਆਵਾਂ (ਸਤਲੁਜ, ਰਾਵੀ ਅਤੇ ਬਿਆਸ) ਦਾ ਸਾਰਾ ਪਾਣੀ ਭਾਰਤ ਨੂੰ ਦੇ ਦਿੱਤਾ ਗਿਆ ਅਤੇ ਤਿੰਨ ਦਰਿਆਵਾਂ (ਸਿੰਧ, ਜੇਹਲਮ ਅਤੇ ਚਨਾਬ) ਦਾ ਪੂਰਾ ਪਾਣੀ ਪਾਕਿਸਤਾਨ ਨੂੰ ਦੇ ਦਿੱਤਾ ਗਿਆ ਤਾਂ ਕਿ ਭਵਿੱਖ ਵਿਚ ਕਿਸੇ ਤਰ੍ਹਾਂ ਦੀ ਸਮੱਸਿਆ ਪੈਦਾ ਨਾ ਹੋਵੇ।

### ਕੀ ਕਰਨਾ ਚਾਹੀਦਾ ਹੈ?

ਉਂਝ, ਭਾਰਤ ਵਿਚ ਸੂਬਿਆਂ ਦਰਮਿਆਨ ਇੰਟਰਨੈਸ਼ਨਲ ਲਾਅ ਐਸੋਸੀਏਸ਼ਨ ਦੀ ਅਗਸਤ 1966 ਨੂੰ ਹੈਲਸਿੰਕੀ ਵਿਚ ਹੋਈ ਮੀਟਿੰਗ ਵਿਚ ਤੈਅਸ਼ੁਦਾ ਅਸੂਲਾਂ ਮੁਤਾਬਕ ਪਾਣੀ ਦੀ ਵੰਡ ਕਰਨ ਦੀ ਲੋੜ ਸੀ। ਇਹ ਨੇਮ ਮੁੱਖ ਤੌਰ 'ਤੇ ਵਾਟਰਸ਼ੈੱਡ/ਨਦੀ ਜਲ ਖੇਤਰ ਵਿਚ ਹੀ ਪਾਣੀ ਦੀ ਵਰਤੋਂ ਲਈ ਤੈਅ ਕੀਤੇ ਗਏ ਸਨ। ਵਾਟਰਸ਼ੈੱਡ (ਜਲਮੋੜੇ) ਜਾਂ ਜਲ ਖੇਤਰ 'ਚੋਂ ਕਿਸੇ ਵੀ ਤਰ੍ਹਾਂ ਪਾਣੀ ਕੱਢਣ ਬਾਬਤ ਕੋਈ ਨੇਮ ਤੈਅ ਨਹੀਂ ਕੀਤਾ ਗਿਆ। 2004 ਵਿਚ ਜਲ ਸਰੋਤਾਂ ਬਾਰੇ ਕਾਨੂੰਨ ਤਿਆਰ ਕਰਨ ਹਿੱਤ ਇੰਟਰਨੈਸ਼ਨਲ ਲਾਅ ਐਸੋਸੀਏਸ਼ਨ ਦੀ (ਬਰਲਿਨ ਜਰਮਨੀ) ਵਿਖੇ ਮੀਟਿੰਗ ਹੋਈ। ਇਸ ਕਾਨੂੰਨ ਵਿਚ ਵਧੇਰੇ ਤਫ਼ਸੀਲ ਦਿੱਤੀ ਗਈ ਹੈ। ਸ਼ਬਦ 'ਸਟੇਟ' ਪ੍ਰਭੂਤਾਪੂਰਨ ਰਿਆਸਤਾਂ ਲਈ ਵਰਤਿਆ ਗਿਆ ਹੈ। ਉਂਝ, ਜਿੱਥੋਂ ਤੱਕ ਭਾਰਤ ਦਾ ਤਾਅਲੁਕ ਹੈ, ਸਾਡੇ ਸੰਵਿਧਾਨ ਵਿਚ ਪ੍ਰਭੂਸੱਤਾ ਨੂੰ ਅਮਲ ਵਿਚ ਲਿਆਉਣ ਲਈ ਤਿੰਨ ਸੂਚੀਆਂ ਬਣਾਈਆਂ ਗਈਆਂ ਹਨ ਅਤੇ ਪਾਣੀ ਦਾ ਵਿਸ਼ਾ ਸੂਬਾਈ ਸੂਚੀ ਵਿਚ 17ਵੇਂ ਨੰਬਰ 'ਤੇ ਹੈ ਜਿਸ ਵਿਚ ਦਰਜ ਹੈ ''ਪਾਣੀ ਭਾਵ ਪਾਣੀ ਸਪਲਾਈਜ਼, ਸਿੰਜਾਈ, ਨਹਿਰਾਂ, ਡਰੇਨੇਜ ਅਤੇ ਪ੍ਰਬੰਧਨ, ਪਾਣੀ ਭੰਡਾਰਨ ਅਤੇ ਪਣ ਬਿਜਲੀ ਪ੍ਰਾਜੈਕਟ ਪਰ ਇਹ ਪਹਿਲੀ ਸੂਚੀ ਵਿਚ 56 ਇੰਦਰਾਜ ਦੇ ਮੁਤਾਬਕ ਹੋਵੇਗੀ।'' ਪਹਿਲੀ ਸੂਚੀ ਦੇ 56 ਇੰਦਰਾਜ ਵਿਚ ਇਹ ਦਰਜ ਹੈ ''ਅੰਤਰਰਾਜੀ ਦਰਿਆ ਦਾ ਨਿਯਮਨ ਅਤੇ ਵਿਕਾਸ ਉਸ ਹੱਦ ਤੱਕ ਹੀ ਹੋ ਸਕਦਾ ਹੈ ਜੋ ਸੰਘ ਦੇ ਕੰਟਰੋਲ ਅਧੀਨ ਨਿਯਮਨ ਅਤੇ ਵਿਕਾਸ ਨੂੰ ਪਾਰਲੀਮੈਂਟ ਦੇ ਕਾਨੂੰਨ ਜ਼ਰੀਏ ਜਨ ਹਿੱਤ ਲਈ ਸੁਵਿਧਾਜਨਕ ਐਲਾਨਿਆ ਗਿਆ ਹੋਵੇ।'' ਇਨ੍ਹਾਂ ਦੋਵੇਂ ਇੰਦਰਾਜਾਂ ਦੀ ਪੜ੍ਹਤ ਤੋਂ ਸਾਫ਼ ਹੁੰਦਾ ਹੈ ਕਿ ਸੂਬਾ ਪਾਣੀ ਦੀ ਵੰਡ ਦੇ ਸੁਆਲ 'ਤੇ ਪ੍ਰਭੂਤਾਸੰਪੰਨ ਹੈ ਅਤੇ ਪਾਣੀ ਦੀ ਵਰਤੋਂ ਦਰਿਆਈ ਵਾਦੀ ਜਲ ਖੇਤਰ ਅੰਦਰ ਹੀ ਕੀਤੀ ਜਾ ਸਕਦੀ ਹੈ ਅਤੇ ਇਸ ਤੋਂ ਬਾਹਰ ਨਹੀਂ ਲਿਜਾਇਆ ਜਾ ਸਕਦਾ।

ਸਿੰਧ ਜਲ ਸੰਧੀ ਲਈ ਚੱਲ ਰਹੀ ਵਿਚਾਰ ਚਰਚਾ ਦੌਰਾਨ ਵੱਧ ਤੋਂ ਵੱਧ ਲਾਹਾ ਹਾਸਲ ਕਰਨ ਲਈ ਪੰਜਾਬ ਦਰਿਆਈ ਜਲ ਖੇਤਰ ਦੀ ਹੱਦਬੰਦੀ ਨੂੰ ਉਲੰਘ ਕੇ 1955 ਦਾ ਉਹ ਸਮਝੌਤਾ ਕਰਵਾਇਆ ਗਿਆ ਜਦੋਂਕਿ ਇਕ ਸਕੱਤਰ ਕੋਲ ਅਜਿਹਾ ਸਮਝੌਤਾ ਸਹੀਬੰਦ ਕਰਨ ਦਾ ਕੋਈ ਸੰਵਿਧਾਨਕ ਅਤੇ ਕਾਨੂੰਨੀ ਅਧਿਕਾਰ ਨਹੀਂ ਸੀ। ਪੰਜਾਬ ਨੇ ਇਸ ਬਾਬਤ ਇਸ ਕਰਕੇ ਕੁਝ ਨਹੀਂ ਕਿਹਾ ਤਾਂ ਕਿ ਇਸ ਨਾਲ ਕੌਮਾਂਤਰੀ ਵਿਚਾਰ-ਚਰਚਾ ਦੌਰਾਨ ਭਾਰਤ ਦੇ ਸਟੈਂਡ ਨੂੰ ਨੁਕਸਾਨ ਨਾ ਹੋਵੇ। ਇਨ੍ਹਾਂ ਵਾਰਤਾਵਾਂ ਦਾ ਉਦੇਸ਼ 1947 ਵਿਚ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿਚਕਾਰ ਪੈਦਾ ਹੋਏ ਵਿਵਾਦ ਨੂੰ ਸੁਲਝਾਉਣਾ ਸੀ। ਪੰਜਾਬ ਨੂੰ ਇਸ ਸਮਝੌਤੇ ਦਾ ਪਾਬੰਦ ਬਣਾਉਣ ਦੀ ਕੋਈ ਕਾਨੂੰਨੀ ਜਾਂ ਨੈਤਿਕ ਵਾਜਬੀਅਤ ਨਹੀਂ ਬਣਦੀ। ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਸਮਝੌਤੇ ਰੱਦ ਕਰਨ (ਟਰਮੀਨੇਸ਼ਨ ਆਫ ਐਗਰੀਮੈਂਟਸ) ਐਕਟ ਵਿਚ ਇਸ ਮਾਮਲੇ ਨੂੰ ਅਗਾਂਹ ਹੋਰ ਸਪੱਸ਼ਟ ਕੀਤਾ ਗਿਆ ਹੈ। ਪੰਜਾਬ ਵਿਚ ਪਾਣੀ ਦੀ ਵਰਤੋਂ ਬਾਬਤ ਕੋਈ ਟ੍ਰਿਬਿਊਨਲ ਜਾਂ ਸਮਝੌਤੇ 'ਤੇ ਅੱਪੜਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਸ ਵੱਲੋਂ ਆਪਣੇ ਹਿੱਸੇ ਦੇ ਬਣਦੇ ਪਾਣੀ ਦੀ ਪਹਿਲਾਂ ਹੀ ਵਰਤੋਂ ਕੀਤੀ ਜਾ ਰਹੀ ਸੀ। ਪੰਜਾਬ ਦੀ ਸਥਿਤੀ ਅਤੇ ਇਸ ਦੇ ਵਰਤਮਾਨ ਪੜਾਅ ਬਾਰੇ ਉੱਪਰਲੇ ਪੈਰਿਆਂ ਵਿਚ ਹੋਰ ਵਜਾਹਤ ਕੀਤੀ ਗਈ ਹੈ।

ਪੰਜਾਬ ਵਿਚ ਕੁਝ ਮਹੀਨੇ ਪਹਿਲਾਂ ਆਏ ਹੜ੍ਹਾਂ ਤੋਂ ਇਸ ਤੱਥ ਅਤੇ ਕਾਨੂੰਨ ਦੀ ਪੁਸ਼ਟੀ ਹੋਈ ਹੈ ਕਿ ਦਰਿਆਈ ਪਾਣੀ ਨੂੰ ਉਸ ਦੇ ਜਲ ਖੇਤਰ ਤੋਂ ਬਾਹਰ ਨਹੀਂ ਲਿਜਾਇਆ ਜਾਣਾ ਚਾਹੀਦਾ। ਹਰਿਆਣਾ (ਜਿਸ ਨੇ ਉਸ ਦੇ ਹਿੱਸੇ ਵਿਚ ਦਿੱਤੇ ਗਏ 1700 ਕਿਊਸਕ 'ਚੋਂ 1500 ਕਿਊਸਕ ਤੋਂ ਵੱਧ ਪਾਣੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ) ਅਤੇ ਰਾਜਸਥਾਨ ਨੇ ਸੰਭਾਵੀ ਹੜ੍ਹਾਂ ਦੇ ਖ਼ਤਰੇ ਦਾ ਹਵਾਲਾ ਦੇ ਕੇ ਆਪਣੇ ਹਿੱਸੇ ਦਾ ਪਾਣੀ ਹੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੌਰਾਨ, ਪੰਜਾਬ ਨੂੰ ਹੜ੍ਹਾਂ ਕਰਕੇ ਅਥਾਹ ਨੁਕਸਾਨ ਝੱਲਣਾ ਪਿਆ ਜਿਸ ਤੋਂ ਇਹ ਸਾਫ਼ ਹੁੰਦਾ ਹੈ ਕਿ ਹੜ੍ਹਾਂ ਦੀ ਮਾਰ ਪੰਜਾਬ ਨੂੰ ਝੱਲਣੀ ਪਵੇਗੀ ਜਦੋਂਕਿ ਹਰਿਆਣਾ ਅਤੇ ਰਾਜਸਥਾਨ ਦੇ ਗ਼ੈਰ-ਬੇਸਿਨ ਖੇਤਰਾਂ ਨੂੰ ਜਦੋਂ ਲੋੜ ਹੋਵੇਗੀ ਤਾਂ ਉਹ ਪਾਣੀ ਲੈ ਲੈਣਗੇ। ਪਾਣੀ ਦੀ ਵਰਤੋਂ ਬਾਰੇ ਕਿਸੇ ਵੀ ਕੌਮੀ ਜਾਂ ਕੌਮਾਂਤਰੀ ਕਾਨੂੰਨ ਦੀ ਅਜਿਹੀ ਮਨਸ਼ਾ ਨਹੀਂ ਹੋ ਸਕਦੀ।

ਸਾਰੀਆਂ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂ 'ਰਾਇਪੇਰੀਅਨ ਕਾਨੂੰਨ' ਦੇ ਨਾਮ ਨਿਹਾਦ ਨੇਮ ਦੀ ਦੁਹਾਈ ਦਿੰਦੇ ਰਹਿੰਦੇ ਹਨ, ਪਰ ਮੈਨੂੰ ਭਾਰਤ ਦੇ ਸੰਵਿਧਾਨ ਜਾਂ ਸੰਯੁਕਤ ਰਾਸ਼ਟਰ ਦੀ ਰਹਿਨੁਮਾਈ ਹੇਠ ਘੜੇ ਗਏ ਕੌਮੀ ਜਾਂ ਕੌਮਾਂਤਰੀ ਨੇਮਾਂ 'ਚੋਂ ਕਿਤੇ ਵੀ ਇਹ ਨੇਮ ਨਜ਼ਰ ਨਹੀਂ ਆਇਆ। ਸਾਰੇ ਕਾਨੂੰਨ ਅਤੇ ਨੇਮ ਵਾਟਰਸ਼ੈੱਡ ਨਦੀ ਖੇਤਰ ਜਿਸ ਨੂੰ ਡਰੇਨੇਜ ਖੇਤਰ ਆਖਿਆ ਜਾਂਦਾ ਹੈ, ਅੰਦਰ ਪਾਣੀ ਦੀ ਵਰਤੋਂ ਦੇ ਨੇਮ ਨੂੰ ਪਹਿਲ ਦਿੰਦੇ ਹਨ। ਇਸ ਮੁਤਾਬਕ ਲਾਗੂ ਹੁੰਦੇ ਕਾਨੂੰਨ ਅਤੇ ਨੇਮਾਂ ਪ੍ਰਤੀ ਅਣਜਾਣਤਾ ਕਰਕੇ ਅਣਇੱਛਤ ਨਤੀਜੇ ਅਤੇ ਭਰਮ ਭੁਲੇਖੇ ਪੈਦਾ ਹੋ ਸਕਦੇ ਹਨ। ਸਿਤਮਜ਼ਰੀਫ਼ੀ ਇਹ ਹੈ ਕਿ ਸਿਆਸਤਦਾਨ ਅਤੇ ਅਧਿਕਾਰੀ ਅਤੇ ਬਾਕੀ ਸਾਰੇ ਲੋਕ ਵੀ ਇਕੋ ਸੁਰ ਅਤੇ ਲਹਿਜੇ ਵਿਚ ਬੋਲਦੇ ਹਨ। ਅਜਿਹਾ ਕੌਣ ਹੈ ਜੋ ਪੂਰੀ ਜਾਣਕਾਰੀ ਅਤੇ ਦਿਆਨਤਦਾਰੀ ਨਾਲ ਪੰਜਾਬ ਦੇ ਕੇਸ ਦੀ ਪੈਰਵੀ ਕਰੇਗਾ? ਚੰਡੀਗੜ੍ਹ ਅਤੇ ਬਾਕੀ ਮੁੱਦਿਆਂ ਦੀ ਹੋਣੀ ਵੀ ਇਹੋ ਜਿਹੀ ਹੈ। ਅਕਸਰ ਸਿਆਸਤਦਾਨ ਉਦੋਂ ਇਹ ਮੁੱਦੇ ਉਠਾਉਂਦੇ ਹਨ ਜਦੋਂ ਸੱਤਾ 'ਚੋਂ ਬਾਹਰ ਹੁੰਦੇ ਹਨ, ਪਰ ਇਕੇਰਾਂ ਵੋਟਾਂ ਪੈਣ ਤੋਂ ਬਾਅਦ ਉਹ ਸਭ ਕੁਝ ਭੁੱਲ ਭੁਲਾ ਜਾਂਦੇ ਹਨ।


ਅਣਵੰਡੇ ਪੰਜਾਬ ਨੂੰ ਯਮੁਨਾ ਦੇ ਪਾਣੀ ਦੀ ਵਰਤੋਂ ਕਰਨ ਦਾ ਅਧਿਕਾਰ ਸੀ। ਪਰ ਹੁਣ ਉਹ ਸਾਰਾ ਪਾਣੀ ਹਰਿਆਣਾ ਨੂੰ ਮਿਲ ਗਿਆ ਹੈ ਅਤੇ ਪਾਣੀ ਦੀ ਵੰਡ ਦੀ ਗੱਲਬਾਤ ਵੇਲੇ ਇਸ ਪਹਿਲੂ ਨੂੰ ਕਦੇ ਛੋਹਿਆ ਹੀ ਨਹੀਂ ਗਿਆ। ਦੂਜੇ ਬੰਨੇ, ਜੰਮੂ-ਕਸ਼ਮੀਰ 'ਚੋਂ ਨਿਕਲਣ ਵਾਲੇ ਅਤੇ ਪਾਕਿਸਤਾਨ ਹੋ ਕਿ ਰਾਵੀ ਵਿਚ ਪੈਣ ਵਾਲੇ ਉਝ, ਆਦ ਦਰਿਆ ਦੇ ਪਾਣੀ ਨੂੰ ਪੰਜਾਬ ਦੇ ਹਿੱਸੇ ਵਿਚ ਦਰਸਾ ਦਿੱਤਾ ਗਿਆ ਹੈ। ਇਹੀ ਨਹੀਂ ਸਗੋਂ ਰਿਮ ਸਟੇਸ਼ਨਾਂ ਦੇ ਮੀਂਹ ਦੇ ਪਾਣੀ ਜਿਸ ਨਾਲ ਅਕਸਰ ਹੜ੍ਹ ਆਉਂਦੇ ਹਨ, ਨੂੰ ਵੀ ਪੰਜਾਬ ਦੇ ਖਾਤੇ ਪਾ ਦਿੱਤਾ ਗਿਆ ਹੈ। ਪਿਛਲੇ 37 ਸਾਲਾਂ ਦੌਰਾਨ ਪੰਜਾਬ ਦੇ ਕਿਸੇ ਵੀ ਸਿਆਸੀ ਆਗੂ ਨੇ ਸੰਸਦ ਜਾਂ ਕਿਸੇ ਜਨਤਕ ਮੰਚ 'ਤੇ ਇਹ ਮੁੱਦਾ ਕਦੇ ਵੀ ਪੂਰੀ ਗੰਭੀਰਤਾ ਤੇ ਵੇਰਵਿਆਂ ਸਹਿਤ ਨਹੀਂ ਉਠਾਇਆ। ਇਸ ਤੋਂ ਵੱਧ ਸਿਤਮਜ਼ਰੀਫ਼ੀ ਕੀ ਹੋ ਸਕਦੀ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤੇ ਦੀ ਇਕਮਾਤਰ ਮੱਦ ਜੋ ਨਹਿਰ ਬਣਾਉਣ ਨਾਲ ਜੁੜੀ ਹੈ, ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ ਜਦੋਂਕਿ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆਂ, ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਜਿਹੇ ਮੁੱਦਿਆਂ ਬਾਰੇ ਸਮਝੌਤੇ ਦੀਆਂ ਸਾਰੀਆਂ ਅਹਿਮ ਮੱਦਾਂ ਨੂੰ ਵਿਸਾਰ ਦਿੱਤਾ ਗਿਆ ਹੈ।

ਆਸ ਅਤੇ ਉਡੀਕ ਕੀਤੀ ਜਾਣੀ ਚਾਹੀਦੀ ਹੈ ਕਿ ਵਰਤਮਾਨ ਪ੍ਰਸ਼ਾਸਨ ਅਤੇ ਸਿਆਸੀ ਪਾਰਟੀਆਂ ਇਕਮੁੱਠ ਹੋ ਕੇ ਕੋਈ ਸਾਰਥਕ ਨਤੀਜਾ ਕੱਢਣਗੀਆਂ।

**** ਲੇਖਕ ਪੰਜਾਬ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ ਹਨ।***

# ਇਜ਼ਰਾਈਲ-ਫਲਸਤੀਨ ਜੰਗ ਬਾਰੇ ਕੁੱਝ ਹੋਰ ਨੁਕਤੇ

ਇਜ਼ਰਾਈਲ-ਫਲਸਤੀਨ ਜੰਗ ਬਹੁਤ ਖੂੰਖਾਰ ਦੌਰ 'ਚੋਂ ਲੰਘ ਰਹੀ ਹੈ। ਇਜ਼ਰਾਈਲ ਨੇ ਆਪਣੀ ਸਮੁੱਚੀ ਜੰਗੀ-ਮਸ਼ੀਨਰੀ ਹਰਕਤ 'ਚ ਲੈ ਆਂਦੀ ਹੈ। ਇਜ਼ਰਾਈਲ ਦੀ ਏਅਰਫੋਰਸ ਵਲੋਂ ਗਾਜ਼ਾ 'ਤੇ ਕੀਤੀ ਜਾ ਰਹੀ ਅੰਨ੍ਹੇਵਾਹ ਬੰਬਾਰੀ ਨੇ ਹਰ ਪਾਸੇ ਤਬਾਹੀ ਮਚਾਈ ਹੋਈ ਹੈ, ਸਕੂਲ ਤੇ ਹਸਪਤਾਲ ਵੀ ਸੁਰੱਖਿਅਤ ਨਹੀਂ, ਲਾਸ਼ਾਂ ਦੇ ਅੰਬਾਰ ਲੱਗ ਰਹੇ ਹਨ, ਘਰ ਮਲਬੇ ਦੇ ਢੇਰ ਬਣ ਰਹੇ ਹਨ ਅਤੇ ਬਹੁਤ ਕੁੱਝ ਹੋਰ। ਉਸ ਵਲੋਂ ਗਾਜ਼ਾ ਦੇ ਲੋਕਾਂ ਲਈ ਜਾਣ ਵਾਲੀ ਖਾਧ-ਖੁਰਾਕ, ਗੈਸ ਅਤੇ ਹੋਰ ਜ਼ਰੂਰੀ ਵਸਤਾਂ ਦੀ ਸਪਲਾਈ ਰੋਕ ਦਿੱਤੀ ਹੈ। ਲੜਾਈ ਦੇ ਪਹਿਲੇ ਦੋ ਦਿਨ ਦੀ ਲੜਾਈ 'ਚ, ਫਲਸਤੀਨ ਦੀ ਫੌਜੀ-ਸਿਆਸੀ ਜਥੇਬੰਦੀ 'ਹਮਾਸ' ਨੇ ਵੀ ਘੱਟ ਨਹੀਂ ਸੀ ਗੁਜ਼ਾਰੀ! 'ਗਾਜ਼ਾ' ਤੋਂ ਇਜ਼ਰਾਈਲ ਵੱਲ ਅੰਨ੍ਹੇਵਾਹ ਦਾਗੇ ਰਾਕਟਾਂ ਨੇ ਇਜ਼ਰਾਇਲੀ ਫੌਜੀਆਂ ਤੋਂ ਇਲਾਵਾ ਬਹੁਤ ਸਾਰੇ ਬੇਕਸੂਰ ਨਾਗਰਿਕਾਂ ਦੀ ਵੀ ਜਾਨ ਲੈ ਲਈ ਸੀ।



ਪੀ.ਐਸ.ਰੌਡੇ
ਫੋਨ: 737-274-2370

ਬੇਸ਼ੱਕ ਇਹ ਅਮਲ ਅਜੇ ਵੀ ਜਾਰੀ ਐ ਪਰ ਜਿਵੇਂ ਕਿ ਹੋਣਾ ਈ ਸੀ, ਹਮਾਸ ਹੁਣ ਆਪਾ-ਬਚਾਅ ਦੇ ਪੈਂਤੜੇ 'ਤੇ ਚਲਾ ਗਿਆ ਹੈ। ਅੱਜ ਦੀ ਤਰੀਕ 'ਚ ਉਹ ਇਜ਼ਰਾਈਲ ਈ ਹੈ ਜੋ ਕਤਲੇਆਮ ਤੇ ਤਬਾਹੀ ਦੀ ਖੇਡ ਖੁੱਲ੍ਹ ਕੇ ਖੇਡ ਰਿਹਾ ਹੈ। ਉਸਦੇ ਜਹਾਜ਼ ਅਕਾਸ਼ ਤੋਂ ਅੰਨ੍ਹੇਵਾਹ ਅਤੇ ਲਗਾਤਾਰ ਬੰਬਾਰੀ ਕਰ ਰਹੇ ਹਨ। ਟੈਂਕ, ਹਥਿਆਰਬੰਦ ਗੱਡੀਆਂ ਤੇ ਪੈਦਲ ਫੌਜ, ਫਲਸਤੀਨੀ ਲੋਕਾਂ 'ਤੇ ਝਪਟਣ ਲਈ ਬਾਰਡਰ 'ਤੇ ਤਿਆਰ-ਬਰ-ਤਿਆਰ ਖੜੀ ਹੈ। ਉਨ੍ਹਾਂ ਦੀ ਸਕੀਮ ਗਾਜ਼ਾ-ਪੱਟੀ ਦੇ ਇਕ ਹਿੱਸੇ 'ਤੇ ਪੱਕਾ ਕਬਜ਼ਾ ਕਰਨ ਦੀ ਲਗਦੀ ਐ। ਅਜੇ ਤੱਕ ਪੈਦਲ ਫੌਜ ਅਤੇ ਟੈਂਕਾਂ ਵਲੋਂ ਵੱਡਾ ਹਮਲਾ ਨਾ ਕਰਨ ਦਾ ਵੱਡਾ ਕਾਰਨ ਇਹ ਹੈ ਕਿ ਇਜ਼ਰਾਈਲ ਸਰਕਾਰ ਨੂੰ ਲਗਦਾ ਹੈ ਕਿ ਜੇ ਹਮਲਾ ਕੀਤਾ ਤਾਂ ਹਮਾਸ ਨੇ ਬੰਧਕ ਬਣਾਏ 200 ਦੇ ਕਰੀਬ ਵਿਅਕਤੀ ਮਾਰ ਦੇਣੇ ਹਨ। ਖ਼ਬਰ ਇਹ ਵੀ ਆ ਰਹੀ ਹੈ ਕਿ ਇਜ਼ਰਾਈਲ ਨੇ 'ਵ੍ਹਾਈਟ ਫਾਸਫੋਰਸ' ਨੂੰ ਵੀ ਹਥਿਆਰ ਵਜੋਂ ਵਰਤਿਆ ਹੈ ਜੋ ਮਨੁੱਖੀ ਚਮੜੀ ਨੂੰ ਹੱਡੀਆਂ ਤੱਕ ਸਾੜ ਦਿੰਦੀ ਹੈ। ਇਜ਼ਰਾਈਲ ਦੇ ਪੱਕੇ-ਆੜੀ ਅਮਰੀਕਾ ਨੇ ਉਸਦੀ ਵਾਰ-ਮਸ਼ੀਨਰੀ ਦੀ ਸਮਰੱਥਾ ਹੋਰ ਵਧਾਉਣ ਅਤੇ ਹਮਾਸ ਦੇ ਹਮਾਇਤੀ ਦੇਸ਼ਾਂ/ਲੋਕਾਂ ਨੂੰ ਡਰਾਉਣ ਲਈ, ਆਪਣੇ ਦੋ ਜੰਗੀ ਏਅਰਕਰਾਫਟ-ਕੈਰੀਅਰ, ਮੈਡੀਟੇਰੀਅਨ ਸਮੁੰਦਰ 'ਚ ਤਾਇਨਾਤ ਕਰ ਦਿੱਤੇ ਹਨ। ਇਸ ਭਿਆਨਕ ਜੰਗ 'ਚ ਅੱਜ 19 ਅਕਤੂਬਰ ਤੱਕ ਫਲਸਤੀਨ ਦੇ 3785 ਅਤੇ ਇਜ਼ਰਾਈਲ ਦੇ 1403 ਨਾਗਰਿਕ ਮਾਰੇ ਜਾ ਚੁੱਕੇ ਹਨ। ਇਜ਼ਰਾਈਲ ਵਲੋਂ ਗਾਜ਼ਾ ਹਸਪਤਾਲ 'ਤੇ ਮਾਰੀ ਇਕੋ ਮਿਜ਼ਾਇਲ ਨਾਲ 500 ਤੋਂ ਵੱਧ ਮਰੀਜ਼ ਤੇ ਮੈਡੀਕਲ-ਵਰਕਰਾਂ ਦਾ ਕਤਲੇਆਮ, ਜ਼ੁਲਮ ਦੀ ਇੰਤਹਾ ਹੈ।

ਇਜ਼ਰਾਈਲ ਦਾ ਪ੍ਰਧਾਨ ਮੰਤਰੀ ਨਿਤਨਯਾਹੂ ਬੜ੍ਹਕਾਂ ਮਾਰ ਰਿਹਾ ਹੈ ਕਿ ਉਹ ਇਸ ਲੜਾਈ 'ਚ ਹਮਾਸ ਦਾ ਖਾਤਮਾ ਕਰ ਦੇਵੇਗਾ। ਉਹ ਤਾਂ ਇਹ ਵੀ ਕਹਿ ਰਿਹਾ ਹੈ ਕਿ ਉਹ ਸਮੁੱਚੇ ਮਿਡਲ ਈਸਟ ਨੂੰ ਈ ਬਦਲ ਕੇ ਰੱਖ ਦੇਵੇਗਾ! ਉਹ ਤਾਂ ਹੋਰ ਵੀ ਬਹੁਤ ਕੁੱਝ ਕਰਨਾ ਚਾਹੁੰਦਾ ਹੋਵੇਗਾ ਪਰ ਜ਼ਮੀਨੀ ਹਕੀਕਤ ਕਿਸੇ ਦੀਆਂ ਨਿੱਜੀ ਇੱਛਾਵਾਂ ਦੀ ਗੁਲਾਮ ਨਹੀਂ ਹੁੰਦੀ! ਹਰ ਤਬਦੀਲੀ ਦਾ ਆਪਣਾ ਹੀ ਬਾਹਰਮੁਖੀ ਤਰਕ ਹੁੰਦਾ ਹੈ। ਜੇ ਪਹਿਲੀਆਂ ਲੜਾਈਆਂ ਦੇ ਮੁਕਾਬਲੇ ਇਸ ਲੜਾਈ 'ਚ ਉਹ ਫਲਸਤੀਨ ਦੇ ਵੱਧ ਨਾਗਰਿਕ ਮਾਰ ਦਿੰਦਾ ਹੈ ਅਤੇ ਵੱਧ ਤਬਾਹੀ ਮਚਾਉਂਦਾ ਹੈ ਤਾਂ ਇਸਨੂੰ ਤਬਦੀਲੀ ਨਹੀਂ ਕਿਹਾ ਜਾ ਸਕਦਾ। ਜੇ ਉਹ ਇਸ ਲੜਾਈ ਦੇ ਅਖੀਰ 'ਚ ਆਪਣੀ ਜਿੱਤ ਦੀ ਗੱਲ ਕਰਦਾ ਹੈ ਤਾਂ ਇਹ ਵੀ ਤਬਦੀਲੀ ਨਹੀਂ ਬਣਦੀ ਕਿਉਂਕਿ ਉਹ ਤਾਂ ਹਰ ਵਾਰ ਹੀ ਜਿੱਤਦਾ ਆਇਆ ਹੈ! ਵੈਸੇ ਇਸ ਜੰਗ ਨਾਲ ਤਬਦੀਲ ਤਾਂ ਬਹੁਤ ਕੁੱਝ ਹੋਇਆ ਹੈ ਪਰ ਉਹ ਨਹੀਂ ਜੋ ਨਿਤਨਯਾਹੂ ਕਰਨਾ ਚਾਹੁੰਦਾ ਸੀ।

1) ਇਸ ਲੜਾਈ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਅਤੇ ਉਸਦੀ ਸਰਕਾਰ ਦਾ ਹੰਕਾਰ ਤੋੜਿਆ ਹੈ! ਪਿਛਲੀਆਂ ਲੜਾਈਆਂ 'ਚ ਹਮਾਸ ਵਲੋਂ ਚਲਾਏ ਰਾਕਟਾਂ ਨੂੰ ਇਜ਼ਰਾਈਲ, ਭੂੰਡ-ਪਟਾਕਿਆਂ ਤੋਂ ਵੱਧ ਕੁੱਝ ਨਹੀਂ ਸੀ ਸਮਝਦਾ! ਲੜਾਈ ਦੇ ਪਹਿਲੇ ਹੀ ਦਿਨ, ਜਿੰਨੀ ਤਿਆਰੀ ਨਾਲ ਅਤੇ ਜਿਸ ਪੱਧਰ 'ਤੇ ਹਮਾਸ ਨੇ ਹਮਲਾ ਕੀਤਾ, ਦੇਖ ਕੇ ਸਾਰਾ ਇਜ਼ਰਾਈਲ ਹੀ ਦਹਿਲ ਗਿਆ। 'ਰੈਫਲ ਐਡਵਾਂਸ ਡੀਫੈਂਸ ਸਿਸਟਮ' ਅਤੇ 'ਇਜ਼ਰਾਈਲ ਐਰੋ-ਸਪੇਸ ਇੰਡਸਟਰੀਜ਼' ਵਲੋਂ ਸਾਂਝੇ ਤੌਰ 'ਤੇ ਤਿਆਰ ਕੀਤੇ 'ਆਇਰਨ ਡੋਮ' ਨਾਮ ਦੇ ਹਰ-ਮੌਸਮ 'ਚ ਕੰਮ ਕਰਨ ਵਾਲੇ 'ਮੋਬਿਲ ਏਅਰ ਡੀਫੈਂਸ ਸਿਸਟਮ' 'ਤੇ ਇਜ਼ਰਾਈਲ ਨੂੰ ਪੂਰਾ ਮਾਣ ਸੀ ਕਿ ਇਹ 100% ਕਾਮਯਾਬ ਹੈ! ਪਰ 'ਹਮਾਸ' ਦੇ ਰਾਕਟ/ਮਿਜ਼ਾਇਲਾਂ ਦੇ 'ਆਇਰਨ ਡੋਮ' ਤੋਂ ਵੀਰ੍ਹਕੇ ਆਪਣੇ ਠਿਕਾਣਿਆਂ 'ਤੇ ਪਹੁੰਚ ਜਾਣ 'ਤੇ, ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨਿਤਨਯਾਹੂ ਦਾ ਹੰਕਾਰ ਚੂਰ-ਚੂਰ ਹੋ ਗਿਆ ਹੈ! ਗਵਾਂਢੀ ਦੇਸ਼ ਮਿਸਰ ਦੀ ਸੂਹੀਆ ਏਜੰਸੀ ਨੇ 'ਹਮਾਸ' ਦੇ ਹਮਲੇ ਤੋਂ ਇਕ ਦਿਨ ਪਹਿਲਾਂ ਇਜ਼ਰਾਈਲ ਸਰਕਾਰ ਨੂੰ ਦੱਸ ਦਿਤਾ ਸੀ ਕਿ 'ਕੁੱਝ ਵੱਡਾ ਹੋਣ ਵਾਲਾ ਐ' ਪਰ ਆਪਣੇ ਹੰਕਾਰ ਦੀ ਵਜ੍ਹਾ ਕਰਕੇ ਹੀ ਇਜ਼ਰਾਈਲ ਸਰਕਾਰ ਨੇ ਇਸ ਚੇਤਾਵਨੀ ਨੂੰ ਗੰਭੀਰਤਾ ਨਾਲ ਨਹੀਂ ਲਿਆ! ਸਿੱਟਾ ਸੱਭ ਦੇ ਸਾਹਮਣੇ ਐ।

2) ਇਹ ਸੱਚ ਹੈ ਕਿ ਇਸ ਜੰਗ ਦੀ ਸ਼ੁਰੂਆਤ 'ਹਮਾਸ' ਨੇ ਕੀਤੀ ਐ ਅਤੇ ਉਸ ਵਲੋਂ ਇਜ਼ਰਾਈਲ 'ਤੇ ਰਾਕਟ ਦਾਗਣ ਤੋਂ ਬਾਅਦ ਹੀ ਜੰਗ ਦਾ ਅਖਾੜਾ ਮਘਿਆ ਹੈ! ਪਰ ਇੱਥੇ ਮਹੱਤਵਪੂਰਨ ਇਹ ਨਹੀਂ ਕਿ ਜੰਗ 'ਚ ਪਹਿਲ ਕਿਸ ਨੇ ਕੀਤੀ ਐ? ਮਹੱਤਵਪੂਰਨ ਇਹ ਹੈ ਕਿ ਜੰਗ ਲੜੀ ਕਿਨ੍ਹਾਂ ਮੁੱਦਿਆਂ 'ਤੇ ਜਾ ਰਹੀ ਐ! ਇਹੀ ਉਹ ਨੁਕਤਾ ਹੈ ਜਿੱਥੇ ਅਮਰੀਕਾ ਅਤੇ ਹੋਰ ਇਜ਼ਰਾਈਲ ਪੱਖੀ ਦੇਸ਼, ਘਚੋਲਾ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ! ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਦੇਸ਼ ਦੇ ਨਾਮ ਆਪਣੇ ਸੰਦੇਸ਼ 'ਚ ਇਸ ਲੜਾਈ ਨੂੰ ਫਿਰਕੂ ਰੰਗਤ ਦੇਣ ਦੀ ਕੋਸਿਸ਼ ਕੀਤੀ ਐ। ਉਸ ਨੇ ਮਸਲੇ ਨੂੰ ਇੰਜ ਪੇਸ਼ ਕੀਤਾ ਕਿ ਇਹ ਲੜਾਈ ਮੁਸਲਮਾਨਾਂ ਅਤੇ ਯਹੂਦੀਆਂ ਦੀ ਐ! ਜਦੋਂਕਿ ਅਸਲ ਮੁੱਦਾ ਫਲਸਤੀਨੀਆਂ ਵਲੋਂ ਲੜੀ ਜਾ ਰਹੀ ਆਜ਼ਾਦੀ ਅਤੇ ਆਪਣੇ ਵੱਖਰੇ ਦੇਸ਼ ਦੀ ਸਥਾਪਤੀ ਦੀ ਲੜਾਈ ਦਾ ਐ! ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਇਜ਼ਰਾਈਲ ਦੀ ਸਮਰੱਥਾ ਕਰਨ ਦਾ ਸੰਧਰਭ ਅਤੇ ਮੁੱਖ ਕਾਰਨ ਵੀ ਇਸ ਲੜਾਈ ਨੂੰ ਮੁਸਲਮਾਨਾਂ ਤੇ ਯਹੂਦੀਆਂ ਵਿਚਕਾਰ ਦੀ ਲੜਾਈ ਸਮਝਣਾ ਈ ਹੈ। ਇਜ਼ਰਾਈਲ ਦੀ ਸਹਾਇਤਾ ਕਰਨ ਵਾਲੇ ਦੇਸ਼ਾਂ ਦੀਆਂ ਸਮੁੱਚੀਆਂ ਕੋਸ਼ਿਸ਼ਾਂ ਦੇ ਬਾਵਜੂਦ ਠੰਢੇ-ਬਸਤੇ 'ਚ ਪਿਆ ਫਲਸਤੀਨ ਦੀ ਆਜ਼ਾਦੀ ਅਤੇ ਵੱਖਰੇ ਦੇਸ਼ ਦਾ ਮੁੱਦਾ, ਇਕ ਵਾਰ ਫਿਰ ਕੌਮਾਂਤਰੀ ਸਿਆਸੀ-ਸਮਾਜੀ ਮੰਚ 'ਤੇ ਹਕੀਕੀ ਰੂਪ 'ਚ ਉਭਰ ਆਇਆ ਹੈ!

3) ਫਲਸਤੀਨ ਦੀ ਲੋਕਾਂ ਵਲੋਂ ਚੁਣੀ ਸਿਆਸੀ-ਫੌਜੀ ਜਥੇਬੰਦੀ 'ਹਮਾਸ' ਵਲੋਂ ਕੀਤੇ ਅਚਾਨਕ ਅਤੇ ਵੱਡੇ ਹਮਲੇ ਨੇ, ਇਜ਼ਰਾਈਲ ਪੱਖੀ ਲੀਡਰਾਂ/ਸਰਕਾਰਾਂ ਨੂੰ ਇਕ ਵਾਰ ਤਾਂ ਝੰਜੋੜ ਕੇ ਰੱਖ ਦਿੱਤਾ ਸੀ। ਉਨ੍ਹਾਂ ਦੇ ਪਹਿਲੇ ਪ੍ਰਤੀਕਰਮ 'ਚੋਂ ਉਨ੍ਹਾਂ ਦੀ ਘਬਰਾਹਟ ਤੇ ਬੇਚੈਨੀ ਸਾਫ ਦਿਸ ਰਹੀ ਸੀ! ਜਿਸ ਦਿਨ ਟੀ ਵੀ ਚੈਨਲਾਂ 'ਤੇ ਇਹ ਖ਼ਬਰ ਵਾਰ-ਵਾਰ ਨਸ਼ਰ ਹੋਣ ਲੱਗੀ ਕਿ ਇਜ਼ਰਾਇਲੀ ਬੰਬਾਰਮੈਂਟ ਨਾਲ 266 ਫਲਸਤੀਨੀ ਬੱਚਿਆਂ ਦੀ ਮੌਤ ਹੋ ਗਈ ਹੈ ਤਾਂ ਇਜ਼ਰਾਇਲੀ ਨਿਊਜ਼ ਮੀਡੀਏ ਨੇ ਇਕ ਝੂਠੀ ਅਫਵਾਹ ਫੈਲਾਅ ਦਿੱਤੀ ਕਿ ਹਮਾਸ ਨੇ 40 ਇਜ਼ਰਾਇਲੀ ਬੱਚਿਆਂ ਦੀਆਂ ਧੌਣਾਂ ਲਾਹ ਦਿੱਤੀਆਂ ਹਨ! ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਇਸ ਖ਼ਬਰ ਦੀ ਭਰੋਸੇਯੋਗਤਾ ਜਾਣੇ ਬਗੈਰ ਹੀ ਬਿਆਨ ਦੇ ਦਿੱਤਾ ਕਿ ਉਹ ਹਮਾਸ ਵਲੋਂ 40 ਇਜ਼ਰਾਇਲੀ ਬੱਚਿਆਂ ਦੇ ਸਿਰ ਕੱਟਣ ਦੀ ਨਿਖੇਧੀ ਕਰਦਾ ਹੈ। ਫਿਰ ਜਦੋਂ ਪਤਾ ਲੱਗਾ ਕਿ ਇਹ ਖ਼ਬਰ ਤਾਂ ਝੂਠੀ ਐ ਤਾਂ ਉਹ ਬਹੁਤ ਕਸੂਤਾ ਫਸ ਗਿਆ! ਆਖਿਰ ਵ੍ਹਾਈਟ ਹਾਊਸ ਨੇ ਪਿਛਲ-ਮੋੜਾ ਕੱਟਿਆ ਅਤੇ ਉਸ ਖ਼ਬਰ ਨੂੰ ਝੂਠੀ ਕਹਿ ਕੇ ਹੀ ਬੁੱਤਾ ਸਾਰ ਲਿਆ। ਲੰਬੇ ਅਰਸੇ 'ਚ ਇਹ ਪਹਿਲੀ ਵਾਰ ਹੋਇਆ ਹੈ ਕਿ ਦੁਨੀਆਂ ਦੇ 'ਨੰਬਰ ਇਕ ਦੇਸ਼' ਦੇ 'ਨੰਬਰ ਇਕ ਲੀਡਰ' ਨੇ ਆਪਣੀ ਪ੍ਰੇਸ਼ਾਨੀ ਤੇ ਬੇਚੈਨੀ 'ਚੋਂ ਐਡਾ ਗ਼ੈਰ-ਜ਼ਿੰਮੇਦਾਰ ਬਿਆਨ ਦਿੱਤਾ ਹੋਵੇ! ਹੁਣ ਫਿਰ ਜਦੋਂ ਇਜ਼ਰਾਈਲ ਨੇ ਹਸਪਤਾਲ 'ਤੇ ਬੰਬਾਰੀ ਕਰ ਕੇ ਵੱਡਾ ਕਤਲੇਆਮ ਰਚਾਇਆ ਹੈ ਤਾਂ ਰਾਸ਼ਟਰਪਤੀ ਜੋਅ ਬਾਈਡਨ ਨੇ ਇਹ ਜਾਣਦੇ ਹੋਏ ਵੀ ਕਿ ਗਾਜਾ



ਹਸਪਤਾਲ 'ਤੇ ਮਿਜ਼ਾਇਲ ਇਜ਼ਰਾਈਲ ਨੇ ਹੀ ਦਾਗੀ ਹੈ, ਉਸਨੇ ਇਜ਼ਰਾਈਲ ਦੀ ਫੌਜ ਵਲੋਂ ਮਾਰੇ ਵੱਡੇ-ਝੂਠ ਨੂੰ ਹੀ ਦੁਹਰਾ ਦਿੱਤਾ ਕਿ ਹਸਪਤਾਲ 'ਤੇ ਹਮਾਸ ਦਾ ਰਾਕਟ ਡਿੱਗਿਆ ਹੈ।

4) ਜਦੋਂ ਕਿਸੇ ਖਾੜਕੂ ਵਿਅਕਤੀ ਜਾਂ ਜਥੇਬੰਦੀ ਵਲੋਂ ਕਿਸੇ ਨਿਹੱਥੇ ਵਿਅਕਤੀ ਦਾ ਕਤਲ ਕੀਤਾ ਜਾਂਦਾ ਹੈ ਤਾਂ ਇਸ ਨੂੰ ਕਰੂਰ ਤੇ ਕਾਇਰਤਾ-ਭਰੀ ਕਾਰਵਾਈ ਕਿਹਾ ਜਾਂਦਾ ਹੈ ਪਰ ਹੁਣ ਜਦੋਂ ਇਜ਼ਰਾਇਲੀ ਜਹਾਜ਼ਾਂ ਵਲੋਂ ਨਿਹੱਥੇ ਫਲਸਤੀਨੀ ਲੋਕਾਂ 'ਤੇ ਬੰਬਾਰਮੈਂਟ ਕੀਤੀ ਜਾ ਰਹੀ ਐ ਤਾਂ ਇਹ ਦਲੇਰਾਨਾ ਕਾਰਵਾਈ ਕਿਵੇਂ ਹੋਈ? ਤੁਸੀਂ ਲੋਕ ਇਸ ਨੂੰ ਇਜ਼ਰਾਈਲ ਦੀ ਬੁਜ਼ਦਿਲੀ ਤੇ ਕਰੂਰਤਾ ਕਿਉਂ ਨਹੀਂ ਕਹਿ ਰਹੇ? ਫਲਸਤੀਨੀ ਹਮਾਸ ਕੋਲ ਨਾ ਏਅਰ ਫੋਰਸ ਹੈ, ਨਾ ਟੈਂਕ ਹਨ ਅਤੇ ਨਾ ਹੀ ਐਂਟੀ ਏਅਰ-ਕਰਾਫਟ ਗੰਨ! ਫਿਰ ਇਹ ਵੀ ਤਾਂ ਨਿਹੱਥੇ ਈ ਨੇ?

ਰਾਸ਼ਟਰਪਤੀ ਜੋਅ ਬਾਈਡਨ ਅਤੇ ਯੂਰਪੀਅਨ ਲੀਡਰ, ਗਾਜ਼ਾ 'ਤੇ ਹਮਲੇ ਦੀ ਹਮਾਇਤ ਕਰਦਿਆਂ ਕਹਿ ਰਹੇ ਹਨ ਕਿ ਇਜ਼ਰਾਈਲ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਕਿ ਫਲਸਤੀਨੀ ਹਮਾਸ ਅਜਿਹਾ ਹਮਲਾ ਮੁੜ ਕਦੇ ਨਾ ਕਰ ਸਕੇ! ਭਾਵ ਉਸਦਾ ਪੂਰੀ-ਤਰ੍ਹਾਂ ਖਾਤਮਾ ਕਰ ਦੇਣਾ ਚਾਹੀਦਾ ਹੈ! ਪਰ ਕੀ ਇਹ ਸੰਭਵ ਹੈ? ਮੰਨ ਲਓ ਕਿ ਤੁਸੀਂ ਸਾਰੇ ਫਲਸਤੀਨੀ ਨੌਜਵਾਨਾਂ ਨੂੰ ਖ਼ਤਮ ਕਰ ਦਿੰਦੇ ਹੋ ਪਰ ਜੇ ਉਨ੍ਹਾਂ ਦਾ ਆਜ਼ਾਦੀ ਅਤੇ 'ਆਜ਼ਾਦ ਦੇਸ਼' ਵਾਲਾ ਮਸਲਾ ਹੱਲ ਨਹੀਂ ਹੁੰਦਾ ਤਾਂ ਜਿਹੜੇ ਅੱਜ 12-13 ਸਾਲ ਦੇ ਬੱਚੇ ਹਨ, ਹੋਰ ਚਾਰ ਸਾਲਾਂ ਨੂੰ ਗੱਭਰੂ ਹੋ ਕੇ ਨਵਾਂ 'ਹਮਾਸ' ਜਾਂ ਅਜਿਹਾ ਹੀ ਕੁੱਝ ਹੋਰ ਬਣਾ ਲੈਣਗੇ! ਤਾਂ ਕੀ ਫਿਰ ਤੁਸੀਂ ਉਨ੍ਹਾਂ ਨੂੰ ਵੀ ਮਾਰੋਗੇ? 'ਪਿਆਰੇ' ਡਾਕੂ ਜੀ, ਫਲਸਤੀਨੀਆਂ ਨੂੰ ਆਜ਼ਾਦੀ ਅਤੇ ਆਪਣਾ ਆਜ਼ਾਦ ਦੇਸ਼ ਬਣਾਉਣ ਦੀ ਇਜਾਜ਼ਤ ਤਾਂ ਦਿਓ! ਫਲਸਤੀਨੀ ਲੋਕ ਖੁਦ 'ਹਮਾਸ' ਤੋਂ ਦੂਰ ਹੋ ਜਾਣਗੇ!

5) ਫਲਸਤੀਨੀਆਂ ਦਾ ਮਸਲਾ, 75 ਸਾਲ ਪਹਿਲਾਂ ਨਵੇਂ ਦੇਸ਼ ਇਜ਼ਰਾਈਲ ਦੇ ਬਣਨ ਅਤੇ ਫਲਸਤੀਨੀਆਂ ਦੇ ਉਜਾੜੇ ਨਾਲ ਸ਼ੁਰੂ ਹੋਇਆ ਸੀ! ਉਸ ਤੋਂ ਬਾਅਦ ਸ਼ੁਰੂ ਹੋਈ ਲੜਾਈ, ਆਪਣਾ ਖੁੱਸਿਆ ਹੋਇਆ ਦੇਸ਼ ਵਾਪਿਸ ਲੈਣ ਦੀ ਲੜਾਈ। ਹੌਲੀ ਹੌਲੀ ਇਹ ਲੜਾਈ ਘਟ ਕੇ ਇਜ਼ਰਾਈਲ ਦੇ ਕਾਇਮ ਰਹਿੰਦਿਆਂ ਇਕ ਵੱਖਰਾ ਦੇਸ਼ ਫਲਸਤੀਨ ਬਣਾਉਣ ਤੱਕ ਸੀਮਤ ਹੋ ਗਈ। ਫਿਰ ਜਦੋਂ ਇਜ਼ਰਾਈਲ ਨੇ ਉਨ੍ਹਾਂ ਦੇ ਹੋਰ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਤਾਂ ਲੜਾਈ ਘਟ ਕੇ ਉਹ ਇਲਾਕੇ ਵਾਪਿਸ ਲੈਣ ਤੱਕ ਸੀਮਤ ਹੋ ਗਈ! ਫਿਰ ਜਦੋਂ ਇਜ਼ਰਾਈਲ ਨੇ ਨਵੇਂ ਦੱਬੇ ਇਲਾਕੇ 'ਤੇ ਆਪਣੇ ਲੋਕਾਂ ਨੂੰ ਵਸਾਉਣਾ ਸ਼ੁਰੂ ਕਰ ਦਿੱਤਾ ਤਾਂ ਅਮਲੀ ਤੌਰ 'ਤੇ ਫਲਸਤੀਨੀਆਂ ਦੀ ਇਹ ਲੜਾਈ ਸੁੰਗੜ ਕੇ ਉਨ੍ਹਾਂ ਨੂੰ ਉੱਥੇ ਵਸਣ ਤੋਂ ਰੋਕਣ ਤੱਕ ਸੀਮਤ ਹੋ ਗਈ! ਪਰ ਹੁਣ ਹਮਾਸ ਦੇ ਇਸ ਤਾਜ਼ਾ ਹਮਲੇ ਨੇ, ਇਕੋ ਝਟਕੇ ਨਾਲ ਲੜਾਈ ਦਾ ਘੇਰਾ ਮੁੜ ਆਜ਼ਾਦੀ ਅਤੇ ਪ੍ਰਭੂਸੱਤਾ-ਸੰਪੰਨ ਦੇਸ਼ ਦੀ ਸਥਾਪਤੀ ਲਈ ਲੜਾਈ ਤੱਕ ਵਧਾ ਦਿੱਤਾ ਹੈ, ਉਹ ਦੁਨੀਆਂ ਦੇ ਬਹੁਤ ਵੱਡੇ ਹਿੱਸੇ ਨੂੰ ਇਸ ਲੜਾਈ ਦੀ ਵਾਜਬੀਅਤ ਜਤਾਉਣ 'ਚ ਸਫਲ ਵੀ ਹੋਏ ਹਨ।

6) 1948 'ਚ ਇਜ਼ਰਾਈਲ ਦੇਸ਼ ਦੇ ਜਨਮ ਮੌਕੇ, ਸਾਰੇ ਅਰਬ ਦੇਸ਼/ਭਾਈਚਾਰਾ ਇਜ਼ਰਾਈਲ ਦੇ ਵਿਰੋਧ 'ਚ ਖੜੇ ਸਨ। ਜਿਵੇਂ ਜਿਵੇਂ ਫਲਸਤੀਨ ਦੀ ਲੜਾਈ ਅਤੇ ਇਸਨੂੰ ਅਰਬ ਲੋਕਾਂ ਦੀ ਹਮਾਇਤ ਠੰਢੀ ਪੈਂਦੀ ਗਈ, ਤਿਵੇਂ ਤਿਵੇਂ 'ਕੱਲਾ-'ਕੱਲਾ ਅਰਬ ਦੇਸ਼ ਇਜ਼ਰਾਈਲ ਵੱਲ ਨੂੰ ਖਿਸਕਣਾ ਸ਼ੁਰੂ ਹੋ ਗਿਆ। 1979 'ਚ ਮਿਸਰ ਅਤੇ 1994 'ਚ ਜਾਰਡਨ ਨੇ ਇਜ਼ਰਾਈਲ ਨਾਲ ਗੂੜ੍ਹੇ ਸਫਾਰਤੀ ਸਬੰਧ ਬਣਾ ਲਏ। ਫਿਰ 2020 'ਚ ਸੁਡਾਨ, ਯੂਨਾਈਟਡ ਅਰਬ ਗਣਰਾਜ, ਅਤੇ ਮਰਾਕੋ ਨੇ ਵੀ ਉਸ ਨਾਲ ਵਧੀਆ ਸਫਾਰਤੀ ਸਬੰਧ ਸਥਾਪਤ ਕਰ ਲਏ। ਹੁਣ ਪਿਛਲੇ ਕੁੱਝ ਸਮੇਂ ਤੋਂ ਅਜਿਹੇ ਈ ਸਬੰਧ ਬਣਾਉਣ ਲਈ 'ਸਾਊਦੀ ਅਰਬ' ਅਤੇ ਇਜ਼ਰਾਈਲ 'ਚ ਗੱਲਬਾਤ ਚੱਲ ਰਹੀ ਸੀ ਜਿਹੜੀ ਹਮਾਸ-ਇਜ਼ਰਾਈਲ 'ਚ ਚੱਲ ਰਹੀ ਇਸ ਨਵੀਂ ਲੜਾਈ ਨੇ ਘੱਟੇ ਰੋਲ ਦਿੱਤੀ ਹੈ! ਇਜ਼ਰਾਈਲ ਵੱਲੋਂ ਗਾਜ਼ਾ 'ਚ ਫਲਸਤੀਨੀ ਲੋਕਾਂ ਖ਼ਿਲਾਫ ਝੁਲਾਏ ਜ਼ੁਲਮ ਦੇ ਝੱਖੜ ਅਤੇ ਦੁਨੀਆਂ ਭਰ 'ਚ ਫਲਸਤੀਨੀਆਂ ਦੇ ਹੱਕ 'ਚ ਉੱਠੇ ਲੋਕ-ਉਭਾਰ ਨੇ, ਸਾਊਦੀ ਅਰਬ ਨੂੰ ਪਿੱਛਲ-ਖੁਰੀ ਮੁੜਨ ਲਈ ਮਜਬੂਰ ਕਰ ਦਿੱਤਾ ਤਾਂ ਹੀ ਉਸਨੇ ਇਹ ਗੱਲਬਾਤ ਹੀ ਕੈਂਸਲ ਕਰ ਦਿੱਤੀ ਹੈ। ਫਲਸਤੀਨ ਦੇ ਹੱਕ 'ਚ ਹੋ ਰਹੇ ਵਿਸ਼ਾਲ ਮੁਜ਼ਾਹਰੇ ਸੱਚਮੁੱਚ ਈ ਅਣਕਿਆਸੇ ਹਨ ਜਿਨ੍ਹਾਂ ਤੋਂ ਯੂਰਪ ਤੇ ਅਮਰੀਕਾ ਵੀ ਅਣਭਿੱਜ ਨਹੀਂ ਰਹੇ। ਸਭ ਤੋਂ ਵੱਧ ਜਲੂਸ, ਬੋਲਣ ਅਤੇ ਰੋਸ ਜ਼ਾਹਰ ਕਰਨ ਦੀ ਆਜ਼ਾਦੀ ਦੀਆਂ ਟਾਹਰਾਂ ਮਾਰਨ ਵਾਲੀ ਫਰਾਂਸ ਸਰਕਾਰ ਦਾ ਨਿਕਲਿਆ ਜਦੋਂ ਉਸਨੇ ਫਲਸਤੀਨ ਦੇ ਹੱਕ 'ਚ ਰੋਸ-ਮੁਜ਼ਾਹਰੇ ਕਰਨ 'ਤੇ ਹੀ ਪਾਬੰਦੀ ਲਾ ਦਿੱਤੀ। ਯਮਨ 'ਚ ਇਕ ਰੋਸ-ਮੁਜ਼ਾਹਰੇ 'ਚ ਲੋਕਾਂ ਦੀ ਗਿਣਤੀ ਇਕ ਲੱਖ ਤੋਂ ਵੱਧ ਸੀ ਅਤੇ ਬਹੁਤ ਸਾਰੇ ਲੋਕਾਂ ਦੇ ਹੱਥਾਂ 'ਚ ਓਖ-47 ਫੜੀਆਂ ਹੋਈਆਂ ਸਨ!

ਇਸ ਲੜਾਈ 'ਚ ਬੇਕਸੂਰ ਲੋਕਾਂ ਦਾ ਬਹੁਤ ਘਾਣ ਹੋਇਆ ਹੈ ਜੀਹਦੇ ਲਈ ਹਮਾਸ ਤੇ ਇਜ਼ਰਾਈਲ ਦੋਵੇਂ ਹੀ ਜ਼ਿੰਮੇਵਾਰ ਹਨ। ਜੇ ਕਿਧਰੇ ਇਹ ਲੜਾਈ ਆਲੇ-ਦੁਆਲੇ ਦੇ ਦੇਸ਼ਾਂ ਤੱਕ ਫੈਲ ਗਈ ਤਾਂ ਕਿੰਨਾ ਤੇ ਕਿਹੋ-ਜਿਹਾ ਵਿਨਾਸ਼ ਹੋਵੇਗਾ? ਇਸਦਾ ਤਾਂ ਅੰਦਾਜ਼ਾ ਲਾਉਣਾ ਵੀ ਮੁਸ਼ਕਲ ਹੈ! ਲੋਕ-ਹਿੱਤ ਮੰਗ ਕਰਦੇ ਹਨ ਕਿ ਇਹ ਲੜਾਈ ਛੇਤੀ ਤੋਂ ਛੇਤੀ ਖ਼ਤਮ ਹੋਵੇ ਪਰ ਯੂ ਐਨ ਸਕਿਉਰਟੀ ਕੌਂਸਲ ਦੀ ਐਮਰਜੈਂਸੀ ਮੀਟਿੰਗ 'ਚ, ਬ੍ਰਾਜ਼ੀਲ ਤੇ ਰੂਸ ਵਲੋਂ ਜੰਗਬੰਦੀ ਲਈ ਲਿਆਂਦੇ ਦੋਨਾਂ ਮਤਿਆਂ 'ਤੇ ਅਮਰੀਕਾ ਨੇ ਵੀਟੋ ਕਰ ਦਿੱਤੀ ਹੈ ਇਸ ਲਈ ਉਹ ਪਾਸ ਨਹੀਂ ਹੋ ਸਕੇ।

ਇਜ਼ਰਾਈਲ ਦੇ ਦੋ ਸ਼ਹਿਰਾਂ 'ਹੈਫਾ' ਅਤੇ 'ਜਾਫਾ' 'ਚ, ਅਰਬਾਂ ਅਤੇ ਯਹੂਦੀਆਂ ਨੇ ਅਮਨ-ਸ਼ਾਂਤੀ ਲਈ ਸਾਂਝੀਆਂ ਕੋਸ਼ਿਸ਼ਾਂ ਵਿੱਢੀਆਂ ਹੋਈਆਂ ਹਨ ਜੋ ਕਿ ਸਲਾਹੁਣਯੋਗ ਹੀਲਾ ਹੈ। ਪਿਛਲੇ ਕੁੱਝ ਸਮੇਂ ਤੋਂ ਇਜ਼ਰਾਈਲ ਦੇ 'ਕਮਿਊਨਿਸਟਾਂ' ਅਤੇ ਫਲਸਤੀਨ ਦੇ 'ਖੱਬੇ-ਪੱਖੀਆਂ' ਨੇ ਬਹੁਤ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਅਮਨ ਲਈ ਪ੍ਰਚਾਰ ਦੇ ਉਪਰਾਲੇ ਜਾਰੀ ਰੱਖੇ ਹੋਏ ਹਨ, ਇਹ ਵੀ ਸਲਾਹੁਣਯੋਗ ਹੈ। ਨਿਊਯਾਰਕ 'ਚ ਯਹੂਦੀ ਲੋਕਾਂ ਵਲੋਂ ਫਲਸਤੀਨੀਆਂ ਦੇ ਹੱਕ 'ਚ ਕੀਤੇ ਰੋਸ-ਮੁਜ਼ਾਹਰੇ ਦੀ ਘਟਨਾ ਬਹੁਤ ਹੀ ਮਹੱਤਵਪੂਰਨ ਹੈ! ਸਾਨੂੰ ਆਸ ਰੱਖਣੀ ਚਾਹੀਦੀ ਹੈ ਕਿ ਇਹ ਘਟਨਾ, ਇਕ ਰੁਝਾਨ-ਨਿਰਧਾਰਤ ਕਰਨ ਵਾਲੀ ਘਟਨਾ ਬਣ ਜਾਵੇ!

# ਆਖਰੀ ਕਿਆਮਤ !

ਦੂਰ-ਦੂਰ ਤੱਕ ਅੱਗ ਵਰ੍ਹਾਉਂਦੇ ਸੂਰਜ ਹੇਠ ਬੰਜਰ ਧਰਤੀ ਦਿਖਾਈ ਦੇ ਰਹੀ ਹੈ ਜਾਂ ਧੁਆਂਖੀਆਂ ਸੜੀਆਂ ਇਮਾਰਤਾਂ ਦਾ ਮਲਬਾ। ਵਨਸਪਤੀ, ਜੀਵ ਜੰਤੂ ਜਾਂ ਕਿਸੇ ਮਨੁੱਖੀ ਹਲਚਲ ਦਾ ਨਾਮੋ-ਨਿਸ਼ਾਨ ਨਹੀਂ। ਬੇਹੱਦ ਗਰਮੀ ਨਾਲ ਘੁਟ ਰਹੇ ਸਾਹ ਦੌਰਾਨ



ਹਰਜੀਤ ਦਿਓਲ

ਦੂਰ ਇਕ ਇਮਾਰਤਨੁਮਾ ਸੰਰਚਨਾ ਦੇਖ ਉਸ ਵੱਲ ਵਧਦੇ ਹਾਂ। ਅੰਦਰ ਦਾਖਲ ਹੁੰਦੇ ਹੀ ਸਾਹ 'ਚ ਸਾਹ ਅਇਆ। ਇਸ ਏਅਰ-ਕੰਡੀਸ਼ਨਡ ਪ੍ਰਯੋਗਸ਼ਾਲਾ ਵਿਚ ਕੁਝ ਏਲੀਅਨ ਆਪਣੇ ਕੰਮੀਂ ਰੁੱਝੇ ਹਨ। ਧਰਤੀ ਨਾਲੋਂ ਜ਼ਿਆਦਾ ਵਿਕਸਤ ਕਿਸੇ ਗ੍ਰਹਿ ਤੋਂ ਇਨ੍ਹਾਂ ਦੀ ਉੜਨ ਤਸ਼ਤਰੀ ਆਖਰ ਇੱਥੇ ਲੈਂਡ ਕਰ ਹੀ ਗਈ ਪਰ ਬਹੁਤ ਦੇਰ ਹੋ ਚੁੱਕੀ ਸੀ ਕਿਉਂਕਿ ਧਰਤੀ ਦੇ ਮਨੁੱਖ ਨੇ ਤਾਂ ਆਪਣੇ ਹੱਥੀਂ ਇਸ ਖੂਬਸੂਰਤ ਗ੍ਰਹਿ ਦਾ ਮਲੀਆਮੇਟ ਕਰ ਲਿਆ ਸੀ।

ਪਿਛਲੇ ਸੌ ਕੁ ਸਾਲ ਤੋਂ ਦੂਜੇ ਗ੍ਰਹਿ ਦੇ ਇਹ ਪ੍ਰਾਣੀ ਐਥੇ ਪ੍ਰਯੋਗਸ਼ਾਲਾ ਸਥਾਪਤ ਕਰ ਅਧਿਐਨ ਕਰ ਰਹੇ ਹਨ ਕਿ ਆਖਰ ਇਸ ਪਲੈਨੇਟ 'ਤੇ ਵਾਪਰਿਆ ਕੀ? ਸਾਹਮਣੇ ਰੈਕ 'ਤੇ ਕੁਝ ਫਾਈਲਾਂ ਨਜ਼ਰ ਆ ਰਹੀਆਂ ਹਨ। ਆਓ ਇਨ੍ਹਾਂ 'ਤੇ ਨਜ਼ਰ ਮਾਰੀਏ। ਹੁਣ ਤੱਕ ਦੇ ਲੱਭੇ ਡੇਟਾ ਦੱਸਦੇ ਹਨ ਕਿ ਹਜ਼ਾਰ ਕੁ ਸਾਲ ਪਹਿਲਾਂ ਤੱਕ ਇਹ ਇੱਕ ਘੁੱਗ ਵਸਦਾ ਗ੍ਰਹਿ ਸੀ ਜਿਸ 'ਤੇ ਲੱਖਾਂ ਪ੍ਰਜਾਤੀਆਂ ਦੇ ਜੀਵ-ਜੰਤੂ ਅਤੇ ਵਨਸਪਤੀ ਮੌਜੂਦ ਸੀ।

ਹੋਰ ਅੰਕੜੇ ਦੱਸਦੇ ਹਨ ਕਿ ਇਨ੍ਹਾਂ ਵਿਚੋਂ ਸਭ ਤੋਂ ਬੁੱਧੀਮਾਨ ਕਹੇ ਜਾਂਦੇ ਮਨੁੱਖ ਨੇ ਵਿਗਿਆਨ ਦੇ ਖੇਤਰ ਵਿਚ ਬੇਤਹਾਸ਼ਾ ਪ੍ਰਗਤੀ ਕਰ ਲਈ ਪਰ ਮਨੁੱਖ ਲਈ ਵਰਦਾਨ ਬਣੀ ਇਹੀ ਤਰੱਕੀ ਆਖਰ ਇਸ ਖੂਬਸੂਰਤ ਪਲੈਨੇਟ ਦੇ ਵਿਨਾਸ਼ ਦਾ ਕਾਰਨ ਬਣੀ। ਸੁਪਰ ਇੰਟੈਲੀਜੈਂਟ ਇਨ੍ਹਾਂ ਏਲੀਅਨਾਂ ਨੇ ਇਹ ਵੀ ਪਤਾ ਲਗਾ ਲਿਆ ਕਿ ਆਖਰ ਐਨੇ ਸਿਆਣੇ ਮਨੁੱਖ ਨੇ ਆਪਣਾ ਹੀ ਸਰਵਨਾਸ਼ ਕਿਉਂ ਕਰ ਲਿਆ। ਇਕ ਹੋਰ ਫਾਈਲ ਵਿਚ ਇਸ ਦਾ ਵਿਸਤ੍ਰਿਤ ਵਰਣਨ ਹੈ। ਇਸ ਗ੍ਰਹਿ ਦੇ ਵੱਖ ਵੱਖ ਹਿੱਸਿਆਂ ਵਿਚ ਵਸਦੇ ਮਨੁੱਖਾਂ ਵਿਚ ਤਿੰਨ ਭਿਆਨਕ ਜੰਗਾਂ ਹੋਈਆਂ ਜਿਨ੍ਹਾਂ ਵਿਚ ਤੀਸਰੀ ਜੰਗ ਅਤਿਅੰਤ ਵਿਨਾਸ਼ਕਾਰੀ ਸਿੱਧ ਹੋਈ ਕਿਉਂਕਿ ਇਸ ਸਮੇਂ ਤੱਕ ਇੱਕ ਬੇਹੱਦ ਮਾਰੂ ਪਰਮਾਣੂ ਬੰਬ ਨਾਂਅ ਦਾ ਹਥਿਆਰ ਇਨ੍ਹਾਂ ਵਿਕਸਤ ਕਰ ਲਿਆ ਸੀ। ਐਨੇ ਸਿਆਣੇ ਮਨੁੱਖ ਨੇ ਆਪਣੇ ਹੱਥੀਂ ਹੀ ਆਪਣੀ ਬਰਬਾਦੀ ਕਿਵੇਂ ਕਰ ਲਈ ਇਸ ਬਾਰੇ ਜੋ ਤੱਥ ਸਾਹਮਣੇ ਆਏ ਹਨ ਉਨ੍ਹਾਂ ਵਿਚਕਾਰ ਇਸ ਗ੍ਰਹਿ ਦੇ ਵਾਸੀਆਂ ਵਿਚ "ਧਰਮ" ਨਾਂਅ ਦੀ ਇਕ ਵਿਲੱਖਣ ਫਿਤਰਤ ਦਾ ਜ਼ਿਕਰ ਆਉਂਦਾ ਹੈ ਜਿਸ ਕਰਕੇ ਇਹ ਵੱਖ-ਵੱਖ ਫਿਰਕਿਆਂ ਵਿਚ ਵੰਡੇ ਗਏ ਅਤੇ ਆਪਸ ਵਿਚ ਲੜ ਮਰੇ। ਦੂਸਰੇ ਗ੍ਰਹਿ ਦੇ ਇਹ ਵਾਸੀ ਹੁਣ ਬੜੀ ਡੂੰਘਾਈ ਨਾਲ 'ਧਰਮ' ਨਾਮੀ ਵਾਇਰਸ ਬਾਰੇ ਜਾਣਕਾਰੀ ਇਕੱਤਰ ਕਰ ਰਹੇ ਹਨ ਤਾਂ ਕਿ ਇਹ ਆਪਣੇ ਗ੍ਰਹਿ ਨੂੰ ਇਸ ਨਾਮੁਰਾਦ ਬੀਮਾਰੀ ਤੋਂ ਦੂਰ ਰੱਖ 'ਆਖਰੀ ਕਿਆਮਤ' ਤੋਂ ਬਚ ਸਕਣ। ਰੱਬ (ਜਿਸ ਇਸ ਧਰਤੀ ਦਾ ਬੇੜਾ ਡੋਬਿਆ ਹੈ) ਇਨ੍ਹਾਂ ਦੀ ਮਨੋਕਾਮਨਾ ਪੂਰੀ ਕਰੇ।

# ਇਕ ਵਿਲੱਖਣ ਕਿਸਮ ਦੀ 'ਸਫ਼ਰਨਾਮਾ ਲਿਖਤ'

**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਚਰਨਜੀਤ ਸਿੰਘ ਪੰਨੂ ਬਹੁ-ਵਿਧਾਈ ਲੇਖਕ ਹੈ। ਉਹਦਾ ਸ਼ੁਮਾਰ ਪੰਜਾਬੀ ਦੇ ਜ਼ਿਕਰਯੋਗ ਕਥਾਕਾਰਾਂ ਵਿਚ ਹੁੰਦਾ ਹੈ ਪਰ ਕਹਾਣੀ ਤੋਂ ਇਲਾਵਾ ਉਸ ਨੇ ਕਵਿਤਾ, ਨਾਵਲ ਅਤੇ ਵਾਰਤਕ ਉਤੇ ਵੀ ਹੱਥ ਅਜ਼ਮਾਇਆ ਹੈ। ਵਾਰਤਕ ਵਿਚ ਵੀ ਉਹਦੀ ਵਿਸ਼ੇਸ਼ ਦਿਲਚਸਪੀ ਵਾਰਤਕ ਦੀ ਵੰਨਗੀ ਸਫ਼ਰਨਾਮਾ ਲਿਖਣ ਵਿਚ ਹੈ। ਹਥਲੀ ਲਿਖਤ ਤੋਂ ਪਹਿਲਾਂ ਵੀ ਉਹ ਅਲਾਸਕਾ ਸਫ਼ਰਨਾਮਾ ਲਿਖ ਚੁੱਕਾ ਹੈ।



ਇਸ ਸਫ਼ਰਨਾਮੇ ਵਿਚ, ਜਿਵੇਂ ਇਹਦੇ ਨਾਂ 'ਮੇਰੀ ਵਾਈਟ ਹਾਊਸ ਫੇਰੀ' ਤੋਂ ਹੀ ਜ਼ਾਹਿਰ ਹੈ, ਵਾਈਟ ਹਾਊਸ ਵਿਚ ਹੋਏ ਸਿੱਖ ਸੰਮੇਲਨ ਦੇ ਹਵਾਲੇ ਨਾਲ ਕੀਤੀ ਯਾਤਰਾ ਦਾ ਪ੍ਰਸੰਗ ਦਰਜ ਹੈ ਅਤੇ ਇਸ ਪ੍ਰਸੰਗ ਦੇ ਬਹਾਨੇ ਅਮਰੀਕਾ ਦੀ ਧਰਤੀ, ਉਹਦੇ ਇਤਿਹਾਸ, ਰਾਜਨੀਤੀ ਅਤੇ ਇਸ ਨਾਲ ਜੁੜੇ ਅਨੇਕਾਂ ਰੰਗਾਂ-ਪ੍ਰਸੰਗਾਂ ਨੂੰ ਚਰਨਜੀਤ ਸਿੰਘ ਪੰਨੂ ਆਪਣੀ ਰਚਨਾ-ਵਸਤ ਬਣਾਉਂਦਾ ਹੈ। ਪੰਨੂ ਪਿਛਲੇ ਕਈ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਉਸਨੇ ਅਮਰੀਕਾ ਨੂੰ ਘੁੰਮ ਫਿਰ ਕੇ ਵੀ ਵੇਖਿਆ ਹੈ ਅਤੇ ਆਪਣੀ ਨਜ਼ਰ ਵਿਚੋਂ ਜਾਣਿਆਂ-ਪਛਾਣਿਆਂ ਵੀ ਹੈ। ਕਿਸੇ ਵਿਸ਼ੇਸ਼ ਮਕਸਦ ਲਈ ਕੀਤੀ ਯਾਤਰਾ ਤੇ ਉਸਤੋਂ ਪਰਾਪਤ ਅਨੁਭਵ ਦਾ ਕਲਾਤਮਕ ਬਿਆਨ ਆਪਣੇ ਆਪ ਵਿਚ ਵਿਸ਼ੇਸ਼ ਸਾਹਿਤਕ ਮਹੱਤਵ ਅਖ਼ਤਿਆਰ ਕਰ ਜਾਂਦਾ ਹੈ। ਪਰਦੇਸਾਂ ਵਿਚ ਤਾਂ ਬਹੁਤੇ ਲੋਕ ਰੱਟ ਵਿਚ ਪਿਆ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਕੋਲ ਘੁੰਮਣ ਫਿਰਨ ਤੇ ਲੋਕਾਂ ਦੇ ਮਨਾਂ ਨੂੰ ਪੜ੍ਹਨ ਦਾ ਸਮਾਂ ਹੀ ਕਿੱਥੇ ਹੁੰਦਾ ਹੈ! ਮੈਂ ਅਜਿਹੇ ਅਨੇਕ ਲੋਕਾਂ ਨੂੰ ਜਾਣਦਾ ਹਾਂ ਜਿਹੜੇ ਕਈ ਸਾਲਾਂ ਤੋਂ ਟਰਾਂਟੋ ਵਿਚ ਰਹਿ ਰਹੇ ਹਨ ਪਰ ਨਿਆਗਰਾ ਫ਼ਾਲਜ਼ ਤਾਂ ਦੂਰ ਰਿਹਾ ਉਨ੍ਹਾਂ ਨੇ ਆਪਣੇ ਸ਼ਹਿਰ ਦੇ 'ਸੀ ਐਨ ਟਾਵਰ' ਨੂੰ ਵੀ ਅੰਦਰ ਜਾ ਕੇ ਤੇ ਉਸ 'ਤੇ ਚੜ੍ਹ ਕੇ ਨਹੀਂ ਵੇਖਿਆ। ਚਾਰੇ ਪਾਸਿਓਂ ਸਮੁੰਦਰ ਵਿਚ ਘਿਰੇ ਇੰਗਲੈਂਡ ਵਿਚ ਅਜਿਹੇ ਅਨੇਕਾਂ ਪੰਜਾਬੀ ਮਿਲ ਜਾਣਗੇ ਜਿਨ੍ਹਾਂ ਨੇ ਨੇੜੇ ਜਾ ਕੇ ਸਮੁੰਦਰੀ ਛੱਲਾਂ ਦਾ ਨਜ਼ਾਰਾ ਨਹੀਂ ਵੇਖਿਆ। ਚਰਨਜੀਤ ਸਿੰਘ ਪੰਨੂ ਦੇ ਵਾਸ਼ਿੰਗਟਨ ਡੀ. ਸੀ. ਵਿਚ ਰਹਿੰਦੇ ਜਾਣਕਾਰ ਨੂੰ ਵੀ ਇਹ ਸਵੀਕਾਰ ਕਰਨ ਵਿਚ ਕੋਈ ਝਿਜਕ ਨਹੀਂ ਕਿ ਓਥੇ ਰਹਿੰਦਿਆਂ ਵੀ ਉਹ ਦੁਨੀਆਂ ਦੀ ਖਿੱਚ ਦੇ ਕੇਂਦਰ ਬਣੇ 'ਵਾਈਟ ਹਾਊਸ' ਨੂੰ ਨਹੀਂ ਵੇਖ ਸਕੇ। ਉਸਦਾ ਮੇਜ਼ਬਾਨ ਇਸ ਸਚਾਈ ਨੂੰ ਕੁਝ ਇਸ ਪ੍ਰਕਾਰ ਸਵੀਕਾਰ ਕਰਦਾ ਹੈ:


'ਕੰਮਾਂ ਕਾਰਾਂ ਦੇ ਲਾਲਚ ਵਿਚ ਏਨੀ ਫ਼ੁਰਸਤ ਕਿੱਥੇ?... ਦੀਵੇ ਥੱਲੇ ਹਨੇਰਾ। ਅਸੀਂ ਵਾਈਟ ਹਾਊਸ ਦੇ ਕਦਮਾਂ ਵਿਚ ਰਹਿ ਕੇ ਵੀ ਨੇੜੇ ਦੇ ਦਰਸ਼ਨ ਨਹੀਂ ਕਰ ਸਕੇ...ਤੁਸੀਂ ਕਰਮਾਂ ਵਾਲੇ ਹੋ ਜਿਨ੍ਹਾਂ ਨੂੰ ਅੰਦਰ ਜਾਣ ਦਾ ਮੌਕਾ ਮਿਲਿਆ ਹੈ। ਕੋਹਲੂ ਦੇ ਬਲਦ ਵਾਂਗ ਜਾਂ ਸਮਝ ਲਓ ਖੂਹ ਦੇ ਡੱਡੂ ਵਾਂਗ ਅਸੀਂ ਆਪਣੀ ਰੋਟੀ ਪਾਣੀ ਦੇ ਦਾਇਰੇ ਵਿਚੋਂ ਬਾਹਰ ਨਹੀਂ ਨਿਕਲ ਸਕੇ। ਸਾਨੂੰ ਨਾ ਅਜੇਹਾ ਸ਼ੌਕ ਹੈ ਤੇ ਨਾ ਹੀ ਕਦੇ ਇਹ ਸੋਚ ਮਨ ਵਿਚ ਲਿਆਂਦੀ ਹੈ।'

ਕੀਤੀ ਯਾਤਰਾ ਰਾਹੀਂ ਵੇਖੇ-ਜਾਣੇ-ਮਾਣੇ ਨੂੰ ਹਰੇਕ ਲੇਖਕ ਨੇ ਆਪਣੀ ਪ੍ਰਤਿਭਾ ਤੇ ਸਮਰਥਾ ਅਨੁਸਾਰ ਹੀ ਰਚਨਾ ਵਿਚ ਢਾਲਣਾ ਹੁੰਦਾ ਹੈ। ਮੇਰਾ ਮੰਨਣਾ ਹੈ ਕਿ ਤਿੱਖੀ ਤੇ ਬਰੀਕ ਨਜ਼ਰ ਵਾਲਾ ਲੇਖਕ ਥੋੜ੍ਹੇ ਸਮੇਂ ਵਿਚ ਵੀ ਜ਼ਿੰਦਗੀ ਦੇ ਕਈ ਰੰਗ ਵੇਖਣ ਦੀ ਸਮਰੱਥਾ ਰੱਖਦਾ ਹੈ। ਰੇਤ ਵਿਚ ਪਏ ਸੁਨਹਿਰੀ ਕਿਣਕਿਆਂ ਨੂੰ ਵੇਖਣ ਤੇ ਪਛਾਨਣ ਲਈ ਜੌਹਰੀ ਦੀ ਨਜ਼ਰ ਲੋੜੀਂਦੀ ਹੈ। ਇਹ ਵੀ ਹੋ ਸਕਦਾ ਹੈ ਕਿ ਉਸ ਰੇਤ ਵਿਚ ਹਰ ਰੋਜ਼ ਲੇਟਣੀਆਂ ਲੈਣ ਵਾਲਾ ਇਸ ਨਜ਼ਰ ਤੋਂ ਵਿਹੂਣਾ ਬੰਦਾ ਉਨ੍ਹਾਂ ਸੁਨਹਿਰੀ ਕਿਣਕਿਆਂ ਨੂੰ ਨਾ ਪਛਾਣ ਸਕੇ! ਜੇ ਅਜਿਹੀ ਜੌਹਰੀ ਨਜ਼ਰ ਵਾਲਾ ਲੇਖਕ ਤੁਹਾਡੇ ਲਈ ਕੁੱਝ ਕਿਣਕੇ ਲੱਭ ਕੇ ਲਿਆਉਂਦਾ ਹੈ ਤਾਂ ਉਸਨੂੰ ਖੁੱਲ੍ਹੇ ਦਿਲ ਨਾਲ ਜੀ ਆਇਆਂ ਆਖਣ ਦੀ ਲੋੜ ਹੈ। ਚਰਨਜੀਤ ਸਿੰਘ ਪੰਨੂ ਕੋਲ 'ਸੁਨਹਿਰੀ ਕਿਣਕਿਆਂ' ਨੂੰ ਲੱਭਣ ਵਾਲੀ ਜੌਹਰੀ-ਨਜ਼ਰ ਹੈ ਅਤੇ ਉਹ ਖੁੱਲ੍ਹੇ ਦਿਲ ਨਾਲ ਸਾਡੇ ਵੱਲੋਂ ਆਖੀ 'ਜੀ ਆਇਆਂ' ਦਾ ਹੱਕਦਾਰ ਹੈ।

ਸਫ਼ਰਨਾਮੇ ਵਿਚ ਯਾਤਰੀ ਲੇਖਕ ਹੁਣ ਤੱਕ ਅਣਵੇਖੇ ਕਿਸੇ ਨਵੇਂ ਭੂ-ਭਾਗ ਦੀ ਯਾਤਰਾ ਨਾਲ ਜੁੜੇ ਵੇਰਵੇ ਬਿਆਨ ਕਰਦਿਆਂ, ਓਥੋਂ ਦੇ ਇਤਿਹਾਸ-ਮਿਥਿਹਾਸ, ਪ੍ਰਸਿੱਧ ਇਮਾਰਤਾਂ, ਵਿਭਿੰਨ ਖੇਤਰਾਂ ਦੇ ਚਰਚਿਤ ਨਾਵਾਂ, ਵੇਖਣਯੋਗ ਥਾਵਾਂ ਦਾ ਜ਼ਿਕਰ ਵੀ ਕਰਦਾ ਹੈ ਅਤੇ ਵੇਖੇ-ਜਾਣੇ ਵੇਰਵਿਆਂ ਨੂੰ ਆਪਣੇ ਨਜ਼ਰੀਏ ਤੋਂ ਬਿਆਨਦਾ ਵੇਖੀ ਸਮਝੀ ਹਕੀਕਤ ਬਾਰੇ ਆਪਣਾ ਵਿਸ਼ੇਸ਼ ਮੱਤ ਵੀ ਪੇਸ਼ ਕਰਦਾ ਹੈ। ਇੰਜ ਲੇਖਕ ਆਪਣੀ ਭਾਸ਼ਾ ਦੇ ਪਾਠਕਾਂ ਨੂੰ ਇਕ ਨਵੇਂ, ਵੱਖਰੇ ਅਤੇ ਨੇੜੇ ਤੋਂ ਘੱਟ ਜਾਣੇ ਖ਼ਿੱਤੇ ਬਾਰੇ ਪ੍ਰੀਚਤ ਕਰਵਾਉਂਦਾ ਹੈ। ਉਸਨੂੰ ਉਨ੍ਹਾਂ ਦੇ ਹੋਰ ਨੇੜੇ ਕਰਦਾ ਹੈ; ਉਸ ਵਿਸ਼ੇਸ਼ ਖ਼ਿੱਤੇ ਬਾਰੇ ਹੋਰ ਜਾਣਨ-ਸਮਝਣ ਦੀ ਦ੍ਰਿਸ਼ਟੀ ਵੀ ਮੁਹੱਈਆ ਕਰਦਾ ਹੈ ਅਤੇ ਇੰਜ ਉਨ੍ਹਾਂ ਦੇ ਗਿਆਨ ਵਿਚ ਵਾਧਾ ਵੀ ਕਰਦਾ ਹੈ। ਇਸ ਸਫ਼ਰਨਾਮੇ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ। ਉਸਦਾ ਇਕ ਪ੍ਰਮੁੱਖ ਭਾਗ ਤਾਂ ਉਸ ਯਾਤਰਾ ਨਾਲ ਸੰਬੰਧਤ ਹੈ ਜੋ ਉਸਨੇ ਸੈਨਹੋਜ਼ੇ ਤੋਂ ਵਾਸ਼ਿੰਗਟਨ ਡੀ. ਸੀ. ਤੱਕ ਕੀਤੀ ਹੈ। ਅਮਰੀਕਾ ਦੇ ਚੋਣਵੇਂ ਵਿਅਕਤੀਆਂ ਵਿਚ ਸ਼ਾਮਲ ਆਪਣੇ ਲੜਕੇ ਡਾ ਦਲਵੀਰ ਸਿੰਘ ਪੰਨੂ ਨੂੰ ਵਾਈਟ ਹਾਊਸ ਵਿਚ ਹੋਣ ਵਾਲੇ 'ਸਿੱਖ ਸੰਮੇਲਨ' ਵਿਚ ਹਾਜ਼ਰ ਹੋਣ ਲਈ ਮਿਲੇ ਸੱਦੇ ਦੇ ਬਹਾਨੇ ਪੰਨੂ ਦਾ ਇਹ ਯਾਤਰਾ ਕਰਨ ਦਾ ਸਬੱਬ ਬਣਦਾ ਹੈ। ਉਸ ਵੱਲੋਂ ਕੀਤੀ ਯਾਤਰਾ ਦਾ ਬਿਰਤਾਂਤ ਬਹੁਤ ਹੀ ਰੌਚਕ ਤੇ ਮਾਨਵੀ ਛੂਹਾਂ ਨਾਲ ਲਬਰੇਜ਼ ਹੈ।

ਇਸ ਸਫ਼ਰਨਾਮੇ ਦੀ ਵਿਸ਼ੇਸ਼ਤਾ ਹੈ ਕਿ ਇਸ ਯਾਤਰਾ-ਬਿਰਤਾਂਤ ਵਿਚ ਅਬਰਾਹਮ ਲਿੰਕਨ, ਮਾਰਟਨ ਲੂਥਰ ਕਿੰਗ, ਭਗਤ ਸਿੰਘ ਥਿੰਦ, ਦਲੀਪ ਸਿੰਘ ਸੌਂਧ, ਪਾਖ਼ਰ ਸਿੰਘ ਗਿੱਲ ਅਤੇ ਹੋਰਨਾਂ ਦੇ ਜੀਵਨੀ-ਅੰਸ਼; ਪੰਨੂ ਦੀ ਆਤਮ-ਕਥਾ ਦੇ ਸਵੈ-ਜੀਵਨਕ ਟੋਟਕੇ; ਯਾਤਰਾ ਦੌਰਾਨ ਮਿਲੇ ਲੋਕਾਂ ਦੇ ਸੰਖੇਪ ਰੇਖਾ-ਚਿਤਰ; ਯਾਤਰਾ ਸਥਲਾਂ ਤੇ ਇਮਾਰਤਾਂ ਬਾਰੇ ਨਿਬੰਧਾਤਮਕ ਜਾਣਕਾਰੀ ਤੋਂ ਇਲਾਵਾ ਗਲਪ, ਸੰਸਮਰਣ ਤੇ ਡਾਇਰੀ ਜਿਹੀਆਂ ਕਈ ਵਿਧਾਵਾਂ ਘੁਲ-ਮਿਲ ਗਈਆਂ ਹਨ। ਪੰਨੂ ਕੋਲ ਗਲਪ ਲੇਖਕ ਵਾਲੀ ਪਾਤਰ ਸਿਰਜਣਾ ਦਾ ਕਲਾਤਮਕ ਹੁਨਰ ਹੋਣ ਕਰ ਕੇ ਉਹ ਮਿਲੇ ਬੰਦਿਆਂ ਦੇ ਸਜੀਵ ਚਿਤਰ ਪਾਠਕ ਦੀ ਨਜ਼ਰ ਸਾਹਵੇਂ ਸਾਮਰਤੱਖ ਲਿਆ ਖਲਿਆਰਦਾ ਹੈ। ਨਾਟਕੀ ਛੋਹਾਂ ਵਾਲੇ ਇਸ ਬਿਆਨ ਵਿਚ ਤੇਜ਼-ਤਿੱਖੇ ਵਾਰਤਾਲਾਪ ਤੇ ਭਾਸ਼ਾਈ ਕੌਸ਼ਲਤਾ ਦਾ ਜਲੌਅ ਇਸ ਦੀ ਪੜ੍ਹਨ-ਯੋਗਤਾ ਵਿਚ ਵਾਧਾ ਕਰਦਾ ਹੈ। ਪੇਸ਼ ਕੀਤੇ ਗਏ ਪਾਤਰ, ਘਟਨਾਵਾਂ ਤੇ ਸਥਿਤੀਆਂ ਵਿਚੋਂ ਕੁਝ ਇਕ ਤਾਂ ਪਾਠਕ ਦੀ ਚੇਤਨਾ ਵਿਚ ਸਥਾਈ ਟਿਕਾਣਾ ਬਣਾ ਕੇ ਬਹਿ ਜਾਂਦੇ ਹਨ। ਆਪਣਾ ਦਰਦ ਬਿਆਨਦਾ ਗਾਲੜੀ ਜਾਪਦਾ ਟੈਕਸੀ ਡਰਾਈਵਰ ਜਦੋਂ ਪੰਨੂ ਵੱਲੋਂ ਟਿੱਪ ਸਮੇਤ ਕਿਰਾਏ ਵਜੋਂ ਦਿੱਤਾ ਪੰਜਾਹ ਦਾ ਨੋਟ ਲੈਣਾ ਪ੍ਰਵਾਨ ਨਹੀਂ ਕਰਦਾ ਸਗੋਂ ਤੀਹ ਡਾਲਰ ਨਿਮਰਤਾ ਨਾਲ ਮੋੜ ਕੇ ਪੰਨੂ ਵੱਲੋਂ ਦਿੱਤੇ ਪੰਜਾਹ ਦੇ ਨੋਟ ਨੂੰ ਚੁੰਮਦਾ ਹੈ ਤਾਂ ਪਾਠਕ ਦੀਆਂ ਅੱਖਾਂ ਵਿਚ ਨਮੀ ਉਤਰ ਆਉਂਦੀ ਹੈ। ਪੰਨੂ ਇਹ ਨੁਕਤਾ ਪਾਠਕ ਦੇ ਸੋਚਣ ਲਈ ਅਣਕਿਹਾ ਛੱਡ ਜਾਂਦਾ ਹੈ ਕਿ ਡਰਾਈਵਰ ਤਾਂ ਚੈਖ਼ਵ ਦੀ ਕਹਾਣੀ 'ਦੁੱਖ' ਵਾਂਗ ਆਪਣਾ ਦੱਖ ਸੁਣ ਲੈਣ ਲਈ ਪੰਨੂ ਪ੍ਰਤੀ ਕਿਰਤੱਗਤਾ ਦੇ ਅਹਿਸਾਸ ਨਾਲ ਭਰਿਆ ਪਿਆ ਹੈ। ਇੰਜ ਹੀ ਐਲਨ ਗਿੱਲ ਵਾਲਾ ਬਿਰਤਾਂਤ ਉਸ ਔਰਤ ਦੀ ਪਾਕ ਮੁਹੱਬਤ ਨੂੰ ਸਲਾਮ ਹੈ ਅਤੇ ਇਸ ਪ੍ਰਚਲਿਤ ਤੇ ਪ੍ਰਚਾਰੀ 'ਸਚਾਈ' ਨੂੰ ਝੂਠ ਸਾਬਤ ਕਰਦਾ ਹੈ ਕਿ ਇਹਨਾਂ ਮੁਲਕਾਂ ਦੀਆਂ ਔਰਤਾਂ ਸੱਚੀ ਮੁਹੱਬਤ ਨਹੀਂ ਕਰਦੀਆਂ। ਉਂਜ ਧੋਖੇਬਾਜ਼ ਮਰਦ-ਔਰਤਾਂ ਦਾ ਤਾਂ ਕਿਸੇ ਵੀ ਮੁਲਕਾਂ ਵਿਚ ਕਾਲ ਨਹੀਂ। ਐਲਨ ਗਿੱਲ ਨੂੰ ਉਹਦਾ ਪੰਜਾਬੀ ਪ੍ਰੇਮੀ ਧੋਖਾ ਦੇ ਜਾਂਦਾ ਹੈ ਤੇ ਵਾਈਟਹਾਊਸ ਦੇ ਬਾਹਰ ਮਿਲੇ ਪਾਕਿਸਤਾਨੀ ਦਾ ਘਰ ਵੰਡਾ ਕੇ ਓਸੇ ਘਰ ਵਿਚ ਕਿਸੇ ਹੋਰ ਨਾਲ ਰਹਿੰਦੀ ਸਾਬਕਾ ਪਤਨੀ ਉਸ ਪਾਕਿਸਤਾਨੀ ਦੀਆਂ ਅੱਖਾਂ ਸਾਹਵੇਂ ਉਹਦੀ ਹਿੱਕ 'ਤੇ ਮੂੰਗ ਦਲਦੀ ਹੈ। ਮੁਹੱਬਤ ਵਿਚ ਵਫ਼ਾ ਤੇ ਬੇਵਫ਼ਾਈ ਕਿਸੇ ਵਿਸ਼ੇਸ਼ ਭਾਈਚਾਰੇ ਦੀ ਨਿੱਜੀ ਮਲਕੀਅਤ ਨਹੀਂ। ਇੰਜ ਪੰਨੂ ਕੋਲ ਬੰਦਿਆਂ ਦੇ ਧੁਰ ਅੰਦਰ ਝਾਕ ਸਕਣ ਵਾਲੀ ਬਾਰੀਕ, ਪੱਖ-ਪਾਤ ਰਹਿਤ ਤੇ ਸੰਵੇਦਨਸ਼ੀਲ ਨਜ਼ਰ ਹੈ। ਪੰਨੂ ਬਿਰਤਾਂਤਕ ਵਹਾਅ ਨੂੰ ਬਣਾਈ ਰੱਖਣ ਲਈ ਇਹਨਾਂ ਵੱਖ ਵੱਖ ਰਚਨਾ-ਜੁਗਤਾਂ ਦੀ ਠੋਕਰ ਲਾਈ ਜਾਂਦਾ ਹੈ ਤੇ ਪਾਠਕ ਨੂੰ ਨਾਲ ਤੋਰੀ ਜਾਂਦਾ ਹੈ। ਕੁਝ ਹੀ ਸਤਰਾਂ ਵਿਚ ਦ੍ਰਿਸ਼ ਨੂੰ ਅੱਖਾਂ ਸਾਹਵੇਂ ਬੰਨ੍ਹ ਦੇਣ ਦਾ ਹੁਨਰ ਵੇਖੋ:

'ਮੇਰੀ ਸਹਿਕਰਮੀ ਇੱਕ ਗੋਰੀ ਨਾਲ ਮੈਂ ਹੱਕ ਰਚਾਇਆ ਸੀ। ਮਿਰਾਂਡਾ ਬੇਗ਼ਮ ਦੀਆਂ ਦੋ ਬੇਟੀਆਂ ਪੈਦਾ ਹੋਈਆਂ ਪਰ ਉਸ ਖ਼ਾਤੂਨ ਨੂੰ ਮੇਰੀ ਸੁੰਨਤ ਪਸੰਦ ਨਹੀਂ ਆਈ।...ਕੁੜੀਆਂ ਲੈ ਕੇ ਫ਼ਰਾਰ ਹੋ ਗਈ ਤੇ ਕਿਸੇ ਓਪਰੇ ਸ਼ੈਤਾਨ ਦੀ ਬੁੱਕਲ ਵਿਚ ਜਾ ਵੜੀ। ਮੈਂ ਪਿੱਛਾ ਕੀਤਾ...।' ਜਾਪਿਆ ਉਹ ਦੁਖੀ ਮਨ ਆਪਣੀ ਗੱਲ ਮੁਕਾਉਣ ਦੀ ਕਾਹਲ ਵਿਚ ਸੀ।




'ਸੌਰੀ' ਮੇਰੇ ਕੋਲੋਂ ਏਨਾ ਹੀ ਸਰਿਆ...ਮੈਂ ਏਨਾ ਹੀ ਕਹਿ ਸਕਿਆ।

'ਹਫ਼ਤੇ ਬਾਦ ਆਪੇ ਮੁੜ ਆਈ...ਪਰ ਘਰ ਵਿਚ ਕੰਧ ਮਾਰ ਬੈਠੀ। ਉਸ ਕਾਲੇ ਬਹੂਸ ਨੂੰ ਮੇਰੇ ਸਾਹਮਣੇ ਲਿਆ ਕੇ ਹੁਣ ਮੇਰੀ ਹਿੱਕ ਤੇ ਮੂੰਜ ਦਰੜਦੀ ਹੈ ਹਰ ਰੋਜ਼।...ਬੱਸ ਹੋਰ ਨਾ ਪੁੱਛਿਓ ਕਿਉਂ ਕਿਵੇਂ।'-

ਚਰਨਜੀਤ ਸਿੰਘ ਪੰਨੂ ਦਾ ਬਿਆਨ ਬੜੇ ਨਿਰਉਚੇਚ ਢੰਗ ਨਾਲ ਹਕੀਕਤ ਦੀ ਨਿਸ਼ਾਨਦੇਹੀ ਕਰ ਜਾਂਦਾ ਹੈ। ਲੇਖਕ ਦੀ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਆਪ ਨੂੰ ਸਰਬਗਿਆਤਾ ਨਹੀਂ ਦਰਸਾਉਂਦਾ। ਉਹਨੂੰ ਇਹ ਦੱਸਣੋਂ ਝਿਜਕ ਨਹੀਂ ਕਿ ਉਹ ਸਿੱਖ ਵਿਦਵਾਨ ਤੇ ਲੰਮਾ ਸਮਾਂ ਅਮਰੀਕੀ ਸ਼ਹਿਰੀਅਤ ਦੀ ਕਾਨੂੰਨੀ ਲੜਾਈ ਲੜਨ ਵਾਲੇ ਭਗਤ ਸਿੰਘ ਥਿੰਦ ਬਾਰੇ ਨਹੀਂ ਜਾਣਦਾ। ਉਹ ਇਸ ਗੱਲ ਵੱਲ ਧਿਆਨ ਦਿਵਾਉਣੋਂ ਨਹੀਂ ਉਕਦਾ ਕਿ ਅਜਿਹੇ ਸੈਮੀਨਾਰ ਮਿਲਣ-ਗਿਲਣ ਲਈ ਕੀਤੇ ਇਕੱਠ ਹੀ ਹੁੰਦੇ ਹਨ। ਚਲਾਵੀਂ ਜਿਹੀ ਗੱਲ-ਬਾਤ ਤੋਂ ਇਲਾਵਾ ਮਸਲਿਆਂ ਤੇ ਮੁੱਦਿਆਂ ਬਾਰੇ ਗੰਭੀਰ ਚਰਚਾ ਸ਼ਾਇਦ ਇਨ੍ਹਾਂ ਦਾ ਮਕਸਦ ਨਹੀਂ ਹੁੰਦਾ। ਉਹਨੂੰ ਹੈਰਾਨੀ ਤੇ ਗਿਲਾਨੀ ਹੁੰਦੀ ਹੈ ਕਿ ਸਿੱਖਾਂ ਦੇ ਸੌ-ਸਾਲਾ ਸਮਾਗਮ ਵਿਚ ਤੇ 'ਗ਼ਦਰ ਲਹਿਰ ਦੇ ਸ਼ਤਾਬਦੀ ਸਾਲ ਵਿਚ' ਵੀ ਗ਼ਦਰੀ ਬਾਬਿਆਂ ਨੂੰ ਚਰਚਾ ਦਾ ਬਿੰਦੂ ਹੀ ਨਹੀਂ ਬਣਾਇਆ ਗਿਆ। ਏਸੇ ਘਾਟ ਦੀ ਪੂਰਤੀ ਲਈ ਉਹਨੂੰ ਗ਼ਦਰੀ ਬਾਬਿਆਂ ਬਾਰੇ ਵੱਖਰੇ ਤੌਰ 'ਤੇ ਜਾਣਕਾਰੀ ਦੇਣੀ ਪਈ। ਉਹ ਸਿੱਖੀ ਦੀ ਇਨਕਲਾਬੀ ਵਿਰਾਸਤ ਦਾ ਕਦਰਦਾਨ ਹੈ, ਸਿੱਖਾਂ ਨਾਲ ਭਾਰਤ ਅਤੇ ਅਮਰੀਕਾ ਵਿਚ ਹੁੰਦੇ ਵਿਤਕਰਿਆਂ ਦਾ ਵੀ ਉਸਨੂੰ ਦੁੱਖ ਹੈ। ਪਰ ਅਮਰੀਕਾ ਵਿਚ ਰਹਿੰਦੇ ਸਿੱਖਾਂ ਵਿਚਲੀ ਗੁਰਦਵਾਰਿਆਂ ਦੀ ਗੱਦੀ ਲਈ ਕੀਤੀ ਜਾਂਦੀ ਲੜਾਈ ਤੇ ਧੋਹਾ-ਮਾਹੀ ਦਾ ਬੇਬਾਕ ਵਰਨਣ ਕਰਨ ਤੋਂ ਵੀ ਉਹ ਨਹੀਂ ਝਿਜਕਦਾ।

'ਜਿੱਥੇ ਸਿੱਖ ਹਨ, ਉੱਥੇ ਗੁਰਦੁਆਰੇ ਹੋਣਗੇ। ਜਿੱਥੇ ਗੁਰਦੁਆਰੇ ਹੋਣਗੇ ਉੱਥੇ ਗੋਲਕ ਹੋਵੇਗਾ। ਜਿੱਥੇ ਗੋਲਕ ਹੋਵੇਗਾ ਉੱਥੇ ਕਿਰਪਾਨਾਂ, ਤਲਵਾਰਾਂ ਹੋਣਗੀਆਂ। ਜਿੱਥੇ ਇਹ ਹਥਿਆਰ ਤੇ ਗੋਲਕ ਹੋਣਗੇ ਉੱਥੇ ਲੜਾਈ, ਝਗੜੇ ਵਧਾਂਗੇ ਹੋਣਗੇ। ਸਿੱਖ ਪੱਗੋ-ਪੱਗੀ ਹੋਣਗੇ...ਕਿਰਪਾਨੋ-ਕਿਰਪਾਨੀ ਹੋਣਗੇ।'

ਵੱਖ ਵੱਖ ਕੋਣਿਆਂ ਤੋਂ ਸੱਚ ਦਾ ਬੇਬਾਕ ਬਿਆਨ ਕਰਨਾ ਹੀ ਸੱਚੇ ਲੇਖਕ ਦਾ ਧਰਮ ਹੈ। ਪੰਨੂ ਇਹ ਧਰਮ ਨਿਭਾਉਣ ਵਿਚ ਕਾਮਯਾਬ ਰਿਹਾ ਹੈ।

ਯਾਤਰਾ-ਪ੍ਰਸੰਗ ਨੂੰ ਵੱਖਰੇ ਤੌਰ 'ਤੇ ਸਮੇਟ ਕੇ ਪੰਨੂ ਅਮਰੀਕਾ ਬਾਰੇ ਪ੍ਰਾਪਤ ਗਿਆਨ ਨੂੰ ਇਕ ਪ੍ਰਬੰਧ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ। ਉਹ ਅਮਰੀਕਾ ਨੂੰ ਖੋਜਣ, ਜਿੱਤਣ ਅਤੇ ਵਸਾਏ ਜਾਣ ਦੇ ਯਤਨਾਂ ਤੋਂ ਲੈ ਕੇ ਇਸਦੇ ਵਰਤਮਾਨ ਉਸਾਰ ਤੱਕ ਦਾ ਸੰਖਿਪਤ ਤੇ ਸੰਗਠਿਤ ਬਿਆਨ ਵੀ ਪੜ੍ਹਨਯੋਗ ਰੌਚਕ ਸ਼ੈਲੀ ਵਿਚ ਕਰਦਾ ਹੈ। ਪੁਸਤਕ ਦੇ ਸਾਰੇ ਭਾਗ ਮਿਲ ਕੇ ਅਮਰੀਕਾ ਨੂੰ ਇਕ ਸਮੁੱਚ ਵਿਚ ਉਭਾਰਦੇ ਹਨ। ਵਾਈਟ ਹਾਊਸ ਨਾਲ ਸੰਬੰਧਤ ਚੈਪਟਰ ਵਿਚ ਇਸਦੀ ਸਥਾਪਨਾ; ਇਸ ਵਿਚ ਰਹਿਣ ਵਾਲੇ ਪ੍ਰਧਾਨਾਂ; ਉਨ੍ਹਾਂ ਦੇ ਸੁਭਾ, ਕੰਮਾਂ, ਇਸ਼ਕਾਂ-ਮੁਸ਼ਕਾਂ, ਖ਼ੂਬੀਆਂ, ਖ਼ਾਮੀਆਂ ਅਤੇ ਕਾਰਜਕਾਲ ਦੇ ਵੇਰਵੇ ਵੀ ਉਪਲਬਧ ਹਨ। ਕੋਲੰਬਸ ਵੱਲੋਂ ਅਮਰੀਕਾ ਦੀ ਲੱਭਤ ਤੋਂ ਲੈ ਕੇ ਮੂਲ ਵਾਸੀਆਂ ਨੂੰ ਬੇਘਰੇ, ਗ਼ੁਲਾਮ ਤੇ ਬੇਬਸ ਬਣਾ ਦੇਣ ਦੇ ਬਿਰਤਾਂਤ ਸਮੇਤ ਅਨੇਕਾਂ ਯੁੱਧਾਂ, ਸੰਘਰਸ਼ਾਂ ਤੇ ਅਮਰੀਕਾ ਦੇ ਵਰਤਮਾਨ ਮੁਕਾਮ ਤੱਕ ਪੁੱਜਣ ਦਾ ਬਿਆਨ ਵੀ ਸ਼ਾਮਲ ਹੈ। ਵਾਸ਼ਿੰਗਟਨ ਡੀ. ਸੀ. ਵਾਲੇ ਚੈਪਟਰ ਵਿਚ ਅਮਰੀਕਾ ਨਾਲ ਜੁੜੇ ਹੋਰ ਇਤਿਹਾਸ ਤੋਂ ਇਲਾਵਾ ਪ੍ਰਸਿੱਧ ਇਮਾਰਤਾਂ ਤੇ ਸਥਲਾਂ ਦਾ ਵੇਰਵਾ ਵੀ ਸ਼ਾਮਲ ਹੈ। ਇਕ ਵੱਖਰੇ ਚੈਪਟਰ ਵਿਚ ਗ਼ਦਰ ਲਹਿਰ ਦੇ ਇਤਿਹਾਸ ਸਮੇਤ ਅਮਰੀਕਾ ਤੇ ਭਾਰਤ ਦੀ ਰਿਸ਼ਤਗੀ ਦਾ ਇਤਿਹਾਸ ਵੀ ਦਰਜ ਹੈ ਅਤੇ ਭਾਰਤੀਆਂ ਅਤੇ ਵਿਸ਼ੇਸ਼ ਕਰ ਕੇ ਸਿੱਖਾਂ ਦੇ ਅਮਰੀਕਾ ਵਿਚ ਸਥਾਪਤ ਹੋਣ ਦਾ ਇਤਿਹਾਸ ਵੀ ਦਰਜ ਹੈ।

ਏਨੇ ਵਿਸ਼ਾਲ ਇਤਿਹਾਸਕ ਦਾਇਰੇ ਨੂੰ ਸਮਝਣ ਤੇ ਸਮੇਟਣ ਲਈ ਜਿੱਥੇ ਡੂੰਘੀ ਖੋਜ ਵਿਚੋਂ ਪ੍ਰਾਪਤ ਗਿਆਨ ਲੋੜੀਂਦਾ ਹੈ ਓਥੇ ਪੇਸ਼ਕਾਰੀ ਦੇ ਸਿਰਜਣਾਤਮਕ ਹੁਨਰ ਸਮੇਤ ਮੁੱਦਿਆਂ ਤੇ ਮਸਲਿਆਂ ਨੂੰ ਵਿਸ਼ਲੇਸ਼ਤ ਕਰਨ ਲਈ ਸੰਤੁਲਿਤ ਨਜ਼ਰੀਆ ਵੀ ਲੋੜੀਂਦਾ ਹੈ। ਇੰਡੀਆ ਲੱਭਣ ਦੇ ਯਤਨ ਵਜੋਂ ਇਕ ਅਮਰੀਕਾ ਕੋਲੰਬਸ ਨੇ ਲੱਭਿਆ ਸੀ ਅਤੇ ਇਕ ਅਮਰੀਕਾ ਇੰਡੀਅਨ ਜਾਂ ਪੰਜਾਬੀ ਪਾਠਕਾਂ ਨੂੰ ਚਰਨਜੀਤ ਸਿੰਘ ਪੰਨੂ ਨੇ ਲੱਭ ਕੇ ਦਿੱਤਾ ਹੈ। ਅਮਰੀਕਾ ਬਾਰੇ ਸਿਰਜਣਾਤਮਕ ਵਾਰਤਕ ਵਿਚ ਏਨੀ ਵਿਵਿਧ ਪਰਕਾਰ ਦੀ ਜਾਣਕਾਰੀ ਮੁਹੱਈਆ ਕਰਵਾਉਣ ਵਾਲੀ, ਮੇਰੀ ਜਾਚੇ ਪੰਜਾਬੀ ਵਿਚ ਛਪੀ ਇਹ ਪਹਿਲੀ ਪੁਸਤਕ ਹੈ। ਇਹ ਪਹਿਲ ਕਰਨ ਲਈ ਪੰਨੂ ਮੁਬਾਰਕ ਦਾ ਹੱਕਦਾਰ ਤਾਂ ਹੈ ਹੀ।

ਕਿਹਾ ਜਾ ਸਕਦਾ ਹੈ ਕਿ ਅੱਜ-ਕੱਲ੍ਹ ਤਾਂ ਕਿਸੇ ਵੀ ਮੁਲਕ ਜਾਂ ਖ਼ਿੱਤੇ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਤੇ ਗਿਆਨ ਹਾਸਲ ਕਰਨ ਲਈ ਇੰਟਰਨੈੱਟ ਉੱਤੇ ਢੇਰਾਂ ਦੇ ਢੇਰ ਮਸਾਲਾ ਮਿਲ ਜਾਂਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਹਰੇਕ ਪੰਜਾਬੀ ਪਾਠਕ ਦੀ ਇੰਟਰਨੈੱਟ ਤੱਕ ਪਹੁੰਚ ਨਹੀਂ। ਜਿਸਦੀ ਪਹੁੰਚ ਵੀ ਹੋਵੇ, ਜ਼ਰੂਰੀ ਨਹੀਂ, ਉਹ ਉਚੇਚ ਨਾਲ ਅਮਰੀਕਾ ਬਾਰੇ ਏਨਾ ਗਹਿਨ ਗਿਆਨ ਪ੍ਰਾਪਤ ਕਰਨ ਦੀ ਅਭਿਲਾਸ਼ਾ ਰੱਖਦਾ ਹੋਵੇ। ਉਹ ਤਾਂ ਆਪਣੀ ਰੁਚੀ ਵਾਲੇ ਮਾਮਲਿਆਂ ਬਾਰੇ ਹੀ ਜਾਨਣਾ ਚਾਹੇਗਾ। ਉਂਜ ਵੀ ਨੈੱਟ 'ਤੇ ਗਿਆਨ ਟੋਟਿਆਂ ਵਿਚ ਖਿਲਰਿਆ ਹੁੰਦਾ ਹੈ। ਪੰਨੂ ਨੇ ਖਿਲਰੇ ਟੋਟਿਆਂ ਨੂੰ ਇਕ ਸਮੁੱਚ ਵਿਚ ਜੋੜਨ, ਸਮਝਣ ਅਤੇ ਸੰਪਾਦਤ ਕਰਨ ਵਿਚ ਕਾਫ਼ੀ ਮਿਹਨਤ ਕੀਤੀ ਹੈ। ਉਸ ਨੇ ਅਮਰੀਕੀ ਇਤਿਹਾਸ, ਰਾਜਨੀਤੀ, ਸਭਿਆਚਾਰ ਅਤੇ ਸੰਸਾਰ ਵਿਆਪੀ ਮਸਲਿਆਂ ਬਾਰੇ ਅਮਰੀਕਾ ਦੀ ਪਹੁੰਚ ਬਾਰੇ ਡੂੰਘੀ ਖੋਜ-ਪੜਤਾਲ ਕੀਤੀ ਹੈ। ਇੰਜ ਪ੍ਰਾਪਤ ਕੀਤੇ ਖਿਲਰੇ-ਪੁੱਲਰੇ ਗਿਆਨ ਨੂੰ ਸੰਚਿਤ ਤੇ ਸੰਪਾਦਤ ਕਰ ਕੇ ਅਤੇ ਆਪਣੇ ਅਨੁਭਵ ਦੀ ਕੁਠਾਲੀ ਵਿਚ ਢਾਲ ਕੇ ਇਕ ਅਜਿਹੇ ਸਮੁੱਚ ਵਿਚ ਪੇਸ਼ ਕੀਤਾ ਹੈ ਜਿਸ ਵਿਚ ਉਸਦਾ ਆਪਣਾ ਵਿਸ਼ੇਸ਼ ਦ੍ਰਿਸ਼ਟੀਕੋਣ ਵੀ ਸ਼ਾਮਲ ਹੋ ਗਿਆ ਹੈ। ਇੰਜ ਇਹ ਲਿਖਤ ਕਿਸੇ ਖ਼ੁਸ਼ਕ ਗਿਆਨ ਦਾ ਸ੍ਰੋਤ ਹੀ ਨਹੀਂ ਰਹਿੰਦੀ ਸਗੋਂ ਇਸ ਵਿਚ ਲੇਖਕ ਦਾ ਨਿੱਜਤਵ ਸ਼ਾਮਲ ਹੋਣ ਕਰ ਕੇ ਇਹ ਰਚਨਾ ਦਿਲਚਸਪ ਸਿਰਜਿਤ ਪ੍ਰਵਚਨ ਹੋ ਨਿਬੜਦੀ ਹੈ। ਚਰਨਜੀਤ ਸਿੰਘ ਪੰਨੂ ਦੇ ਸਫ਼ਰਨਾਮੇ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਉਸਦਾ ਨਿੱਜਤਵ ਸ਼ਾਮਲ ਹੈ। ਇਹ ਨਿੱਜਤਵ ਹੀ ਪਾਠਕ ਨੂੰ ਇਸ ਲਿਖਤ ਦੇ ਨੇੜੇ ਕਰਦਾ ਹੈ ਅਤੇ ਏਸੇ ਨੇੜ ਵਿਚੋਂ ਉਹ ਸਹਿਜ ਨਾਲ ਪੇਸ਼ ਕੀਤੇ ਗਿਆਨ ਜਾਂ ਜਾਣਕਾਰੀ ਵਿਚੋਂ ਗੁਜ਼ਰ ਜਾਂਦਾ ਹੈ। ਏਸੇ ਵਿਚ ਲੇਖਕ ਦੀ ਕਲਾਕਾਰੀ ਹੈ।

ਲੰਮੇ ਅਧਿਐਨ ਅਤੇ ਖੋਜ ਰਾਹੀਂ ਪ੍ਰਾਪਤ ਕੀਤੇ ਗਿਆਨ ਨੂੰ ਕੁੱਜੇ ਵਿਚ ਸਮੁੰਦਰ ਨੂੰ ਬੰਦ ਕਰਨ ਵਾਲੀ ਅਜਿਹੀ ਕਲਾਕਾਰੀ ਪ੍ਰਾਪਤ ਕਰਨਾ ਸਹਿਲ ਕਾਰਜ ਨਹੀਂ। ਅਜਿਹੀ ਲਿਖਤ ਦੀ ਸਭ ਤੋਂ ਪਹਿਲੀ ਤੇ ਵਿਸ਼ੇਸ਼ ਲੋੜ ਇਹ ਹੁੰਦੀ ਹੈ ਕਿ ਉਸ ਉੱਤੇ ਲੇਖਕ ਦੀ ਸੰਬੰਧਤ ਵਿਸ਼ੇ ਬਾਰੇ ਅਧਿਕਾਰਪੂਰਨ ਜਾਣਕਾਰੀ ਅਤੇ ਭਰੋਸੇਯੋਗਤਾ ਦੀ ਮੁਹਰ-ਛਾਪ ਲੱਗੀ ਹੋਵੇ। ਕਿਸੇ ਵਿਸ਼ੇ ਬਾਰੇ ਚੌਤਰਫ਼ੀ ਵਿਸ਼ਾਲ ਤੇ ਗਹਿਨ ਗਿਆਨ ਪ੍ਰਾਪਤ ਕਰਨਾ ਖ਼ਾਲਾ ਜੀ ਦਾ ਵਾੜਾ ਨਹੀਂ। ਨਾ ਕੋਲੰਬਸ ਨੂੰ ਅਮਰੀਕਾ ਏਨੀ ਸੌਖੀ ਤਰ੍ਹਾਂ ਲੱਭਿਆ ਸੀ ਨਾ ਪੰਨੂ ਦੇ ਰਾਹ ਜਾਂਦਿਆਂ ਪੈਰ ਥੱਲੇ ਬਟੇਰਾ ਆਇਆ ਹੈ। ਇਹ ਪੁਸਤਕ ਉਹਦੇ ਅਧਿਐਨ ਅਤੇ ਅਨੁਭਵ ਵਿਚੋਂ ਕਸ਼ੀਦ ਹੋ ਕੇ ਨਿਕਲੀ ਹੈ। ਇਹ ਲਿਖਤ ਬ੍ਰਿਟਿਸ਼ ਸਾਮਰਾਜ ਤੇ ਦੂਜੀਆਂ ਯੂਰਪੀਨ ਜਾਤੀਆਂ ਵੱਲੋਂ ਅਮਰੀਕਾ ਦੇ ਮੂਲ ਵਾਸੀਆਂ ਨੂੰ ਗ਼ੁਲਾਮ ਬਨਾਉਣ, ਉਨ੍ਹਾਂ ਦੀ ਧਰਤੀ ਦੇ ਕੀਮਤੀ ਸੋਮਿਆਂ ਨੂੰ ਖੋਹਣ ਤੋਂ ਲੈ ਕੇ ਕਾਲੇ ਗ਼ੁਲਾਮਾਂ ਦੀ ਵਹਿਸ਼ੀ ਕੁੱਟ, ਲੁੱਟ ਅਤੇ ਉਨ੍ਹਾਂ ਉੱਤੇ ਹੋਏ ਜ਼ੁਲਮ ਦੀ ਦਾਸਤਾਂ ਵੀ ਬਿਆਨ ਕਰਦੀ ਹੈ ਅਤੇ ਫਿਰ ਉਨ੍ਹਾਂ ਦੀ ਆਜ਼ਾਦੀ ਦੀ ਲੜਾਈ ਅਤੇ ਸੰਘਰਸ਼ ਨੂੰ ਵੀ ਨਜ਼ਰ ਗੋਚਰੇ ਲਿਆਉਂਦੀ ਹੈ। ਇਸ ਵਿਚ ਅਮਰੀਕਾ ਦੇ ਬ੍ਰਿਟਿਸ਼ ਸਾਮਰਾਜ ਹੱਥੋਂ ਆਜ਼ਾਦ ਹੋਣ ਦਾ ਸੰਘਰਸ਼ ਵੀ ਸ਼ਾਮਲ ਹੈ ਅਤੇ ਉਸ ਅਮਰੀਕਾ ਦਾ ਜ਼ਿਕਰ ਵੀ ਹੈ ਜਿਹੜਾ ਇਕ ਦੌਰ ਵਿਚ ਆਜ਼ਾਦੀ ਦੀ ਲੜਾਈ ਲੜਨ ਵਾਲੇ ਮੁਲਕਾਂ ਦਾ ਵੀ ਪ੍ਰੇਰਨਾ ਸ੍ਰੋਤ ਬਣ ਗਿਆ ਸੀ। ਨਵੇਂ ਉਸਰ ਰਹੇ ਅਮਰੀਕਾ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਲੜਨ ਵਾਲੇ ਸੂਰਮਿਆਂ, ਰਾਜਨੀਤੀਵਾਨਾਂ, ਪ੍ਰਧਾਨਾਂ ਆਦਿ ਦੇ ਸੰਖੇਪ ਜੀਵਨ ਵੇਰਵੇ ਤੇ ਕਾਰਕਰਦਗੀ ਵੀ ਇਸ ਪੁਸਤਕ ਵਿਚ ਪੜ੍ਹਨ ਨੂੰ ਮਿਲੇਗੀ। ਪੰਨੂ ਉਸ ਅਮਰੀਕਾ ਦੇ 'ਦਰਸ਼ਨ-ਦੀਦਾਰੇ' ਵੀ ਕਰਾਉਂਦਾ ਹੈ ਜੋ ਇਸ ਵੇਲੇ ਸਾਰੀ ਦੁਨੀਆਂ ਨੂੰ ਆਪਣੇ ਜਕੜ-ਜਾਲ ਵਿਚ ਲੈਣ, ਖੋਹਣ ਅਤੇ 'ਮੋਹਣ' ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ।

ਕਿਸੇ ਸਮੇਂ ਆਜ਼ਾਦੀ ਲਈ ਲੜੇ ਜਾਣ ਵਾਲੇ ਸੰਘਰਸ਼ ਦਾ ਪ੍ਰਤੀਕ ਅਮਰੀਕਾ ਅੱਜ ਧੱਕੇ ਅਤੇ ਧੌਂਸ ਨਾਲ ਕਮਜ਼ੋਰ ਮੁਲਕਾਂ ਨੂੰ ਆਰਥਿਕ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਬੰਨ੍ਹਣ ਲਈ ਅਤੇ ਉਨ੍ਹਾਂ ਦੀ ਆਜ਼ਾਦੀ ਖੋਹਣ ਲਈ ਵੀ ਹਲਕਾਨ ਹੋਇਆ ਫਿਰਦਾ ਹੈ। ਪੰਨੂ ਇਸ ਬਹੁਰੰਗੇ ਅਮਰੀਕਾ ਬਾਰੇ ਜਾਣਕਾਰੀ ਦੇ ਕੇ ਪਾਠਕ ਦੀ ਚੇਤਨਾ ਵਿਚ ਅਮਰੀਕਾ ਦਾ ਸੰਖੇਪ ਪਰ ਸਮੁੱਚਤ ਬਿੰਬ ਉਜਾਗਰ ਕਰ ਦਿੰਦਾ ਹੈ। ਸੱਚ ਕਿਹਾ ਜਾਵੇ ਤਾਂ ਵਾਈਟ ਹਾਊਸ ਤਾਂ ਮਹਿਜ਼ ਇਕ ਪ੍ਰਤੀਕ ਹੈ। ਇਹ ਅਮਰੀਕੀ ਸੱਤਾ ਦਾ ਕੇਂਦਰ ਹੈ। ਦੁਨੀਆਂ ਦੀ ਰਾਜਨੀਤੀ ਤੇ ਆਰਥਿਕਤਾ ਨੂੰ ਪ੍ਰਭਾਵਤ ਕਰਨ ਵਾਲੇ ਸਾਰੇ ਚੰਗੇ-ਮੰਦੇ ਫ਼ੈਸਲੇ ਮੁਢਲੇ ਰੂਪ ਵਿਚ ਏਥੇ ਹੀ ਲਏ ਜਾਂਦੇ ਹਨ। ਅਸਲ ਵਿਚ ਵਾਈਟ ਹਾਊਸ ਤਾਂ ਇਕ ਪ੍ਰਤੀਨਿਧ ਆਈਨਾ ਹੈ ਜਿਸ ਵਿਚੋਂ ਮੁੱਢ ਤੋਂ ਲੈ ਕੇ ਵਰਤਮਾਨ ਤੱਕ ਦੇ ਅਮਰੀਕਾ ਦਾ ਚਿਹਰਾ-ਮੁਹਰਾ ਦ੍ਰਿਸ਼ਟੀ ਗੋਚਰ ਹੁੰਦਾ ਹੈ। ਇਸ ਚਿਹਰੇ ਤੋਂ ਅਮਰੀਕਾ ਦੀ ਵਿਸ਼ੇਸ਼ ਇਤਿਹਾਸਕ ਖ਼ੂਬਸੂਰਤੀ ਵੀ ਨਿਰੂਪਤ ਹੁੰਦੀ ਹੈ ਅਤੇ ਸਾਰੇ ਚਿੱਥਾਂ ਸਮੇਤ ਉਸਦੀ ਵਰਤਮਾਨ ਹੈਂਸਿਆਰੀ ਕਰੂਪਤਾ ਵੀ ਨਜ਼ਰ ਆਉਂਦੀ ਹੈ।

ਇਸ ਸਿਰਜਿਤ ਬਿਰਤਾਂਤ ਦੇ ਹੋਰ ਨੇੜੇ ਕਰਨ ਲਈ ਉਹ ਪੰਜਾਬੀ ਪਾਠਕ ਨੂੰ ਅਮਰੀਕਾ ਨਾਲ ਭਾਰਤ ਦੀ ਇਤਿਹਾਸਕ ਤੇ ਵਰਤਮਾਨ ਰਿਸ਼ਤਗੀ ਦੇ ਹਵਾਲੇ ਨਾਲ ਜੋੜ ਲੈਂਦਾ ਹੈ। ਏਸੇ ਧਰਤੀ ਤੋਂ ਦੇਸ਼ ਨੂੰ ਮੁਕੰਮਲ ਤੌਰ 'ਤੇ ਆਜ਼ਾਦ ਕਰਵਾਉਣ ਅਤੇ ਅਮਰੀਕੀ ਤਰਜ਼ 'ਤੇ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਵਾਲਾ ਜਮਹੂਰੀ ਰਾਜ ਤੇ ਸਮਾਜ ਕਾਇਮ ਕਰਨ ਲਈ ਹਥਿਆਰਬੰਦ ਲੜਾਈ ਲੜਨ ਦਾ ਬਿਗੁਲ ਗ਼ਦਰੀ ਸੂਰਬੀਰਾਂ ਨੇ ਵਜਾਇਆ ਸੀ। ਪੰਨੂ ਇਸ ਸਾਰੇ ਬਿਰਤਾਂਤ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਜਿੱਥੇ ਉਹ ਦੇਸ਼ ਦੀ ਆਜ਼ਾਦੀ ਲਈ ਲੜੇ ਸੰਘਰਸ਼ ਅਤੇ ਉਹਨੇ ਉਭਾਰ ਨੂੰ ਇਸ ਲਿਖਤ ਵਿਚ ਸ਼ਾਮਲ ਕਰਦਾ ਹੈ ਓਥੇ ਪਹਿਲੇ ਭਾਰਤੀ ਭਾਈ ਬਖ਼ਸ਼ੀਸ਼ ਸਿੰਘ ਸੂਰ ਸਿੰਘ ਦੀ ਅਮਰੀਕਾ ਵਿਚ ਆਮਦ ਤੋਂ ਲੈ ਕੇ ਭਾਰਤੀਆਂ ਵੱਲੋਂ ਰੋਜ਼ੀ-ਰੋਟੀ ਲਈ ਲੜੇ ਸੰਘਰਸ਼ ਅਤੇ ਹੁਣ ਤੱਕ ਉਨ੍ਹਾਂ ਦੇ ਅਮਰੀਕਾ ਵਿਚ ਸਥਾਪਤ ਹੋਣ ਲਈ ਕੀਤੇ ਯਤਨਾਂ ਅਤੇ ਸਿਰ ਪਏ ਸੰਕਟਾਂ ਨਾਲ ਨਜਿੱਠਣ ਦਾ ਬਿਰਤਾਂਤ ਵੀ ਇਸ ਲਿਖਤ ਵਿਚ ਸ਼ਾਮਲ ਹੈ।

ਵਿਚਾਰਧਾਰਕ ਪੱਖੋਂ ਚਰਨਜੀਤ ਸਿੰਘ ਪੰਨੂ ਕੋਲ ਇਕ ਸੰਤੁਲਤ ਨਜ਼ਰੀਆ ਹੈ। ਉਹ ਆਮ ਤੌਰ 'ਤੇ ਕਿਸੇ ਉਲਾਰ ਤੋਂ ਬਿਨਾਂ ਘਟਨਾਵਾਂ ਤੇ

(ਬਾਕੀ ਅਗਲੇ ਸਫੇ 'ਤੇ)

## ਬੰਬੇ ਉੱਚ ਅਦਾਲਤ ਦਾ ਸ਼ਲਾਘਾਯੋਗ ਫੈਸਲਾ

# 'ਦੇਸ਼ ਭਗਤੀ ਦਾ ਮਤਲਬ ਗੁਆਂਢੀ ਮੁਲਕ ਨਾਲ ਦੁਸ਼ਮਣੀ ਨਹੀਂ ਹੁੰਦਾ'

ਬੰਬੇ ਹਾਈ ਕੋਰਟ ਨੇ ਇਕ ਬੜਾ ਹੀ ਸ਼ਲਾਘਾਯੋਗ ਫੈਸਲਾ ਸੁਣਾਇਆ ਹੈ, ਜੋ ਅੰਤਰਰਾਸ਼ਟਰੀ ਭਾਈਚਾਰੇ, ਖਾਸ ਤੌਰ 'ਤੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਕੌਮਾਂਤਰੀ ਅਮਨ-ਸ਼ਾਂਤੀ ਨੂੰ ਕਲਾ ਰਾਹੀਂ ਉਤਸ਼ਾਹਤ ਕਰਨ ਦਾ ਪ੍ਰੇਰਕ ਹੈ।

ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਬੰਬੇ ਉੱਚ ਅਦਾਲਤ ਦੇ ਇਕ ਡਿਵੀਜ਼ਨ ਬੈਂਚ ਨੇ ਕਿਹਾ ਕਿ 'ਦੇਸ਼ ਭਗਤੀ ਦਾ ਮਤਲਬ ਵਿਦੇਸ਼ਾਂ, ਖਾਸ ਕਰਕੇ ਗੁਆਂਢੀ ਮੁਲਕਾਂ ਨਾਲ ਦੁਸ਼ਮਣੀ ਨਹੀਂ ਹੁੰਦਾ'!



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਇਸ ਬੈਂਚ ਵਿਚ ਜਸਟਿਸ ਸੁਨੀਲ ਸ਼ੁਕਰੇ ਅਤੇ ਜਸਟਿਸ ਫਿਰਦੌਸ ਪੂਨੀਵਾਲਾ ਸ਼ਾਮਿਲ ਹਨ।

ਫੈਜ਼ ਅਨਵਰ ਕੁਰੈਸ਼ੀ ਵਲੋਂ ਦਾਇਰ ਪਟੀਸ਼ਨ, ਜਿਸ ਵਿਚ ਪਾਕਿਸਤਾਨੀ ਕਲਾਕਾਰਾਂ ਉਪਰ ਭਾਰਤ ਵਿਚ ਪੇਸ਼ਕਾਰੀ ਕਰਨ ਉਪਰ ਪੂਰਨ ਪਾਬੰਦੀ ਲਗਾਉਣ ਲਈ ਬੇਨਤੀ ਕੀਤੀ ਗਈ ਸੀ, ਨੂੰ ਖਾਰਜ ਕਰਦਿਆਂ ਬੈਂਚ ਨੇ ਆਪਣੀ ਮਹੱਤਵਪੂਰਨ ਟਿੱਪਣੀ ਵਿਚ ਕਿਹਾ, 'ਕਲਾ, ਸੰਗੀਤ, ਖੇਡਾਂ, ਸਭਿਆਚਾਰ, ਡਾਂਸ ਤੇ ਹੋਰ ਕਲਾਵਾਂ ਅਜਿਹੀਆਂ ਗਤੀਵਿਧੀਆਂ ਹਨ ਜੋ ਕੌਮੀਅਤਾਂ, ਸਭਿਆਚਾਰਾਂ ਅਤੇ ਕੌਮਾਂ ਤੋਂ ਉੱਪਰ ਹੁੰਦੇ ਹਨ ਅਤੇ ਸੱਚੀ-ਮੁਚੀ ਰਾਸ਼ਟਰ ਅੰਦਰ ਤੇ ਕੌਮਾਂ ਦਰਮਿਆਨ ਅਮਨ-ਸ਼ਾਂਤੀ, ਏਕਤਾ ਅਤੇ ਸਦਭਾਵ ਪੈਦਾ ਕਰਦੇ ਹਨ'!

ਆਪਣੇ ਫੈਸਲੇ ਵਿਚ ਬੈਂਚ ਨੇ ਕਿਹਾ, 'ਇਕ ਦੇਸ਼ ਭਗਤ ਬਣਨ ਲਈ ਕਿਸੇ ਨੂੰ ਵੀ ਵਿਦੇਸ਼ਾਂ ਵਾਲਿਆਂ, ਖਾਸ ਤੌਰ 'ਤੇ ਗੁਆਂਢੀ ਮੁਲਕਾਂ ਪ੍ਰਤੀ ਦੁਸ਼ਮਣੀ ਵਾਲਾ ਰਵੱਈਆ ਰੱਖਣ ਦੀ ਲੋੜ ਨਹੀਂ। ਦਿਲ ਦਾ ਚੰਗਾ ਬੰਦਾ ਆਪਣੇ ਮੁਲਕ ਵਿਚ ਕਿਸੇ ਵੀ ਅਜਿਹੀ ਗਤੀਵਿਧੀ ਦਾ ਸੁਆਗਤ ਕਰੇਗਾ ਜੋ ਦੇਸ਼ ਅੰਦਰ ਤੇ ਸਰਹੱਦ ਪਾਰ ਅਮਨ-ਸ਼ਾਂਤੀ, ਸਦਭਾਵ ਅਤੇ ਏਕਤਾ ਨੂੰ ਪ੍ਰੋਤਸਾਹਿਤ ਕਰਦੀ ਹੋਵੇ'।

ਇਥੇ ਹੀ ਬਸ ਨਹੀਂ। ਬੈਂਚ ਨੇ ਇਕ ਸੱਚੇ ਦੇਸ਼ ਭਗਤ ਨੂੰ ਪਰਿਭਾਸ਼ਿਤ ਵੀ ਕੀਤਾ।

ਬੈਂਚ ਅਨੁਸਾਰ, 'ਇਕ ਸੱਚਾ ਦੇਸ਼ ਭਗਤ ਉਹ ਹੈ ਜੋ ਨਿਰ-ਸੁਆਰਥ ਹੈ, ਜੋ ਆਪਣੇ ਵਤਨ ਦੇ 'ਕਾਜ਼' ਨੂੰ ਸਮਰਪਿਤ ਹੈ ਅਤੇ ਅਜਿਹਾ ਉਹ ਉਦੋਂ ਤਕ ਨਹੀਂ ਬਣ ਸਕਦਾ ਜਿੰਨਾ ਚਿਰ ਉਹ ਇਕ ਨੇਕ ਦਿਲ ਇਨਸਾਨ ਨਹੀਂ ਹੁੰਦਾ। ਜੋ ਬੰਦਾ ਦਿਲ ਦਾ ਅੱਛਾ ਹੁੰਦੈ, ਉਹ ਆਪਣੇ ਮੁਲਕ ਵਿਚ ਕਿਸੇ ਵੀ ਐਸੀ ਗਤੀਵਿਧੀ ਨੂੰ ਜੀ ਆਇਆਂ ਕਹੇਗਾ ਜਿਸ ਗਤੀਵਿਧੀ ਨਾਲ ਮੁਲਕ ਅੰਦਰ ਅਤੇ ਸਰਹੱਦ ਦੇ ਪਾਰ ਅਮਨ-ਚੈਨ, ਸਦਭਾਵ ਅਤੇ ਸ਼ਾਂਤੀ ਨੂੰ ਉਤਸ਼ਾਹ ਮਿਲੇ'।

ਵੱਖ ਵੱਖ ਕਿਸਮ ਦੀਆਂ ਕਲਾਵਾਂ ਨੂੰ ਅਮਨ-ਚੈਨ ਤੇ ਸਦਭਾਵ ਪੈਦਾ ਕਰਨ ਵਾਲੀਆਂ ਕਹਿੰਦਿਆਂ ਬੈਂਚ ਨੇ ਭਾਰਤ ਵਿਚ ਹੋ ਰਹੇ ਮੌਜੂਦਾ ਕ੍ਰਿਕਟ ਵਰਲਡ ਕੱਪ ਦਾ ਹਵਾਲਾ ਦਿੱਤਾ ਜਿਸ ਵਿਚ ਪਾਕਿਸਤਾਨ ਦੀ ਕ੍ਰਿਕਟ ਟੀਮ ਭਾਗ ਲੈ ਰਹੀ ਹੈ।

ਭਾਰਤ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਬੈਂਚ ਨੇ ਕਿਹਾ,"ਅਜਿਹਾ ਤਦ ਹੀ ਸੰਭਵ ਹੋਇਆ ਜਦ ਭਾਰਤ ਸਰਕਾਰ ਨੇ ਸਮੁੱਚੇ ਤੌਰ 'ਤੇ ਅਮਨ ਅਤੇ ਸਦਭਾਵ ਦੇ ਹਿਤ ਵਿਚ ਇਕ ਸਕਾਰਾਤਮਕ ਤੇ ਪ੍ਰਸ਼ੰਸਾਯੋਗ ਫੈਸਲਾ ਲਿਆ ਜੋ ਸੰਵਿਧਾਨ ਦੇ ਅਨੁਛੇਦ 51 ਦੇ ਅਨੁਰੂਪ ਹੈ, ਜਿਹੜਾ ਅੰਤਰ-ਰਾਸ਼ਟਰੀ ਸ਼ਾਂਤੀ ਤੇ ਸੁਰੱਖਿਆ ਨੂੰ ਵਧਾਉਣ ਨਾਲ ਸਬੰਧਤ ਹੈ"।

ਵਿਦੇਸ਼ਾਂ, ਖਾਸ ਕਰਕੇ ਪਾਕਿਸਤਾਨ ਸਮੇਤ ਗੁਆਂਢੀ ਮੁਲਕਾਂ ਨਾਲ ਸਦਭਾਵ ਤੇ ਅਮਨ-ਚੈਨ ਪ੍ਰੋਤਸਾਹਿਤ ਕਰਨ ਵਾਲਾ ਕਿਸੇ ਭਾਰਤੀ ਉੱਚ ਨਿਆਇਆਲੇ ਵਲੋਂ ਬਾ-ਕਮਾਲ (ਤੇ ਸ਼ਾਇਦ ਅਜਿਹਾ ਪਹਿਲਾ) ਫੈਸਲਾ ਹੈ ਤੇ ਉਹ ਵੀ ਉਸ ਵੇਲੇ ਜਦ ਸਮੇਂ ਦੇ ਹਾਕਮ ਅਤੇ ਉਨ੍ਹਾਂ ਦੇ ਪਿਆਦੇ ਦੋਵਾਂ ਮੁਲਕਾਂ ਵਿਚ ਦੁਸ਼ਮਣੀ ਅਤੇ ਜੰਗਬਾਜ਼ੀ ਨੂੰ ਟੀਸੀ ਉਪਰ ਲਿਜਾਣ ਦਾ ਨਿਤ-ਦਿਨ ਉੱਚ-ਸੁਰੀ ਬਿਰਤਾਂਤ ਬੁਣਦੇ ਅਤੇ ਬੋਲਦੇ ਰਹਿੰਦੇ ਹੋਣ।



(ਉਂਜ ਅਸੀਂ ਭਾਰਤ ਸਰਕਾਰ ਵਲੋਂ ਪਾਕਿਸਤਾਨੀ ਕ੍ਰਿਕਟ ਟੀਮ ਨੂੰ ਵਰਲਡ ਕ੍ਰਿਕਟ ਕੱਪ ਵਿਚ ਸ਼ਾਮਿਲ ਹੋਣ ਦਾ ਸੱਦਾ ਦੇਣ ਦੀ ਪ੍ਰਸ਼ੰਸਾ ਕਰਦੇ ਹਾਂ ਅਤੇ ਅਹਿਮਦਾਬਾਦ (ਗੁਜਰਾਤ) ਵਿਚ ਦੋਨਾਂ ਟੀਮਾਂ ਦਰਮਿਆਨ ਹੋਏ ਮੁਕਾਬਲੇ ਨੂੰ ਦੇਖਣ ਲਈ ਟਿਕਟਾਂ ਦੀ ਹਜ਼ਾਰਾਂ ਰੁਪਏ ਵਿਚ ਬਲੈਕ 'ਚ ਵਿਕਰੀ ਇਸ ਗੱਲ ਦਾ ਸਬੂਤ ਹੈ ਕਿ ਕ੍ਰਿਕਟ ਫੈਨਜ਼ ਦੋਵਾਂ ਟੀਮਾਂ ਵਿਚਲਾ ਮੁਕਾਬਲਾ ਦੇਖਣ ਲਈ ਕਿੰਨੇ ਉਤਸਕ ਹਨ)।

ਖੈਰ, ਉਪਰੋਕਤ ਪਟੀਸ਼ਨ ਆਖਿਰ ਹੈ ਕੀ?

ਫੈਜ਼ ਅਨਵਰ ਕੁਰੈਸ਼ੀ ਵਲੋਂ ਦਾਇਰ ਇਸ ਪਟੀਸ਼ਨ ਵਿਚ ਕੋਰਟ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਭਾਰਤ ਸਰਕਾਰ ਨੂੰ ਨਿਰਦੇਸ਼ ਦੇਣ ਕਿ ਪਾਕਿਸਤਾਨੀ ਕਲਾਕਾਰਾਂ ਉਪਰ ਭਾਰਤ ਵਿਚ ਪੇਸ਼ਕਾਰੀ ਦੀ ਪੂਰਨ ਪਾਬੰਦੀ ਲਗਾਈ ਜਾਵੇ ਅਤੇ ਕਿਸੇ ਨੂੰ ਵੀ ਵੀਜ਼ਾ ਨਾ ਦਿੱਤਾ ਜਾਵੇ।

ਪਟੀਸ਼ਨਕਰਤਾ ਨੇ ਕੋਰਟ ਨੂੰ ਇਲਤਜਾਅ ਕੀਤੀ, ''ਭਾਰਤ ਸਰਕਾਰ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਉਹ ਕਿਸੇ ਵੀ ਭਾਰਤੀ ਨਾਗਰਿਕ ਵਲੋਂ, ਕੰਪਨੀ, ਫਰਮ ਜਾਂ ਐਸੋਸੀਏਸ਼ਨ ਵਲੋਂ ਕਿਸੇ ਵੀ ਪਾਕਿਸਤਾਨੀ ਕਲਾਕਾਰ ਦੀਆਂ ਸੇਵਾਵਾਂ, ਕੰਮ, ਪੇਸ਼ਕਾਰੀ, ਸਿਨਮੇ 'ਚ ਅਦਾਕਾਰੀ, ਗਾਇਕੀ, ਸੰਗੀਤ, ਗੀਤਕਾਰੀ ਜਾਂ ਟੈਕਨੀਕਲ ਸੇਵਾਵਾਂ ਪ੍ਰਾਪਤ ਕਰਨ ਉਪਰ ਪੂਰਨ ਪਾਬੰਦੀ ਲਗਾਏ''।

ਪਟੀਸ਼ਨ ਕਰਤਾ ਨੇ ਡਰ ਪ੍ਰਗਟਾਇਆ ਕਿ ਕ੍ਰਿਕਟ ਵਰਲਡ ਕੱਪ ਵਿਚ ਪਾਕਿਸਤਾਨੀ ਟੀਮ ਦੀ ਸ਼ਮੂਲੀਅਤ ਨੂੰ ਮੁਹਰਾ ਬਣਾ ਕੇ ਕਿਤੇ ਹੁਣ ਪਾਕਿਸਤਾਨੀ ਕਲਾਕਾਰਾਂ, ਅਦਾਕਾਰਾਂ, ਗਾਇਕਾਂ, ਗੀਤਕਾਰਾਂ ਅਤੇ ਟੈਕਨੀਸ਼ੀਅਨਾਂ ਨੂੰ ਵੀ ਭਾਰਤ ਆਉਣ ਦੀ ਆਗਿਆ ਨਾ ਦਿੱਤੀ ਜਾਵੇ ਕਿਉਂਕਿ ਅਜਿਹਾ ਕਰਨ ਨਾਲ ਭਾਰਤੀ ਕਲਾਕਾਰਾਂ ਦਾ ਕੰਮਕਾਰ ਤੇ ਨੌਕਰੀਆਂ ਪ੍ਰਭਾਵਿਤ ਹੋਣਗੀਆਂ।

ਬੈਂਚ ਨੇ ਪਟੀਸ਼ਨ ਨੂੰ ਪਿਛਾਂਹਖਿੱਚੂ ਗਰਦਾਨਦਿਆਂ ਪਟੀਸ਼ਨਕਰਤਾ ਵਲੋਂ ਪ੍ਰਗਟਾਏ ਖਦਸ਼ਿਆਂ ਨੂੰ ਨਿਰਮੂਲ ਤੇ ਅਣਉਚਿੱਤ ਦਸਿਆ।

ਅਸੀਂ ਸ਼ੁਰੂ ਤੋਂ ਹੀ ਭਾਰਤ ਅਤੇ ਪਾਕਿਸਤਾਨ ਵਿਚ ਖੇਡਾਂ, ਕਲਾਕਾਰਾਂ ਅਤੇ ਵਪਾਰ ਦੇ ਆਦਾਨ-ਪ੍ਰਦਾਨ/ਪ੍ਰੋਤਸਾਹਨ ਅਤੇ ਲੋਕਾਂ ਵਿਚਲੇ ਮੇਲ ਮਿਲਾਪ ਦੇ ਹੱਕ ਵਿਚ ਹਾਂ। ਦੋਵਾਂ ਮੁਲਕਾਂ ਵਿਚ ਬੜੇ ਟੇਡੇ ਮਸਲੇ ਮੌਜੂਦ ਹਨ, ਉਨ੍ਹਾਂ ਦਾ ਹੱਲ ਵੀ ਜੇ ਨਾਮੁਮਕਿਨ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਦੇਸ਼ ਭਗਤੀ ਅੰਨ੍ਹੀ ਨਹੀਂ ਹੋਣੀ ਚਾਹੀਦੀ ਤੇ ਨਾ ਹੀ ਸਿਆਸਤ ਤੋਂ ਪ੍ਰੇਰਿਤ। ਦੇਸ਼ ਦੀ ਸੁਰੱਖਿਆ ਨੂੰ ਖਤਰੇ ਦੀ ਸੂਰਤ ਵਿਚ ਸਖ਼ਤ ਸਟੈਂਡ ਲੈਣਾ ਲਾਜ਼ਮੀ ਹੁੰਦੈ ਪਰ ਹਰ ਵੇਲੇ ਤਣਾ-ਤਣੀ ਦਾ ਮਾਹੌਲ ਦੋਵਾਂ ਦੇਸ਼ਾਂ ਲਈ ਮੁਆਫਕ ਨਹੀਂ।

ਡਾ. ਬਸ਼ੀਰ ਬਦਰ ਨੇ ਬੜਾ ਹੀ ਖੂਬਸੂਰਤ ਕਿਹੈ-

"ਦੁਸ਼ਮਣੀ ਜਮ ਕਰ ਕਰੋ ਲੇਕਿਨ ਯੇ ਗੁੰਜਾਇਸ਼ ਰਹੇ
ਜਬ ਕਭੀ ਹਮ ਦੋਸਤ ਹੋ ਜਾਏਂ ਤੋ ਸ਼ਰਮਿੰਦਾ ਨਾ ਹੋ"।

ਜੰਗ ਵੀ ਭਲਾ ਕਿਸੇ ਮਸਲੇ ਦਾ ਹਲ ਹੋਈ ਹੈ!

ਸਾਹਿਰ ਲੁਧਿਆਣਵੀ ਦੀਆਂ ਮਸ਼ਹੂਰ ਲਾਈਨਾਂ ਹਨ-

"ਜੰਗ ਤੋ ਖੁਦ ਏਕ ਮਸਲਾ ਹੈ
ਜੰਗ ਕਯਾ ਮਸਲੋਂ ਕਾ ਹਲ ਦੇਗੀ
ਆਗ ਔਰ ਖੂਨ ਆਜ ਬਖਸ਼ੇਗੀ
ਭੂਕ ਔਰ ਏਹਤਿਆਜ ਕਲ ਦੇਗੀ
ਇਸ ਲੀਏ ਐ ਸ਼ਰੀਫ ਇਨਸਾਨੋਂ
ਜੰਗ ਟਲਤੀ ਰਹੇ ਤੋ ਬਿਹਤਰ ਹੈ
ਆਪ ਔਰ ਹਮ ਸਭੀ ਕੇ ਆਂਗਨ ਮੇਂ
ਸ਼ਮਾ ਜਲਤੀ ਰਹੇ ਤੋ ਬਿਹਤਰ ਹੈ!

## ਇਕ ਵਿਲੱਖਣ ਕਿਸਮ ਦੀ 'ਸਫ਼ਰਨਾਮਾ ਲਿਖਤ'

*(ਪਿਛਲੇ ਸਫੇ ਦੀ ਬਾਕੀ)*

ਵਰਤਾਰਿਆਂ ਦਾ ਮੁਲਾਂਕਣ ਕਰਦਾ ਹੈ। ਉਸਦੀ ਵਿਸ਼ੇਸ਼ਤਾ ਹੈ ਕਿ ਅਮਰੀਕਾ ਵਿਚ ਰਹਿੰਦਿਆਂ ਵੀ ਉਹਦਾ ਨਜ਼ਰੀਆ 'ਅਮਰੀਕੀ' ਨਹੀਂ ਬਣਿਆ। ਉਹ ਨਾ ਤਾਂ ਅਮਰੀਕਾ ਦਾ ਅੰਨ੍ਹੇਵਾਹ ਨਿੰਦਕ ਹੈ ਅਤੇ ਨਾ ਹੀ ਡੁੱਲ੍ਹ ਡੁੱਲ੍ਹ ਪੈਂਦਾ ਆਸ਼ਕ ਤੇ ਪ੍ਰਸ਼ੰਸਕ। ਇਸ ਲਿਖਤ ਦਾ ਪਾਠ ਸਾਡੇ ਕਥਨ ਦਾ ਗਵਾਹ ਬਣੇਗਾ। ਆਪਣੇ ਸਵੈ-ਹਿਤ ਲਈ ਦੁਨੀਆਂ ਭਰ ਵਿਚ ਹਥਿਆਰ ਵੇਚਣ ਅਤੇ ਲੜਾਈਆਂ ਲੜਾਉਣ ਤੇ ਕਰਨ-ਕਰਾਉਣ ਵਾਲੇ ਅਮਰੀਕਾ ਦਾ ਦਿੱਖ ਦੀ ਪੱਧਰ 'ਤੇ ਦਾਅਵਾ ਤਾਂ ਹੈ ਕਿ ਉਹ ਇਹ ਸਭ ਕੁਝ 'ਵਿਸ਼ਵ ਸ਼ਾਂਤੀ' ਲਈ ਕਰ ਰਿਹਾ ਹੈ, ਪਰ ਪੰਨੂ ਉਹਦੇ ਅਜਿਹੇ 'ਸ਼ਾਂਤੀ ਯਤਨਾਂ' ਨੂੰ ਵਿਅੰਗਾਤਮਕ ਟੋਚ ਨਾਲ ਵੇਖਦਾ ਹੈ। ਏਨਾ ਹੀ ਨਹੀਂ, ਪੰਨੂ ਤਾਂ ਲੋਕਾਂ ਦੇ ਘਰਾਂ ਵਿਚ ਵੜ ਕੇ ਉਨ੍ਹਾਂ ਨੂੰ ਤਬਾਹ ਕਰਨ ਦੇ ਅਮਰੀਕੀ ਯਤਨਾਂ ਦੇ ਪ੍ਰਤੀਉੱਤਰ ਵਜੋਂ ਅਮਰੀਕਾ ਨੂੰ ਵੀ ਹਿੰਸਾ ਦੀ ਜਿਸ ਭੱਠੀ ਵਿਚ ਭੁੱਜਣਾ ਪੈ ਰਿਹਾ ਹੈ, ਉਸ ਪੱਖ 'ਤੇ ਵੀ ਬਰਾਬਰ ਨਜ਼ਰ ਰੱਖਦਾ ਹੈ। ਉਹਦੇ ਆਪਣੇ ਸ਼ਬਦਾਂ ਵਿਚ:

'ਦੀਵੇ ਥੱਲੇ ਅੰਧੇਰੇ ਵਾਂਗ ਸਾਰੀ ਦੁਨੀਆ ਨੂੰ ਰੋਸ਼ਨੀ ਵੰਡਣ ਵਾਲਾ ਦੀਵਾ ਆਪ ਹਨੇਰੇ ਵਿਚ ਹੈ। ਹੋਰਾਂ ਦੀ ਹਿੰਸਾ ਤੇ ਆਹ ਭਰਨ ਵਾਲਾ ਇਹ ਟਿੱਲਾ ਆਪ ਹਿੰਸਕ ਵਾਰਦਾਤਾਂ ਤੋਂ ਬਚਿਆ ਨਹੀਂ। ਇਸ ਵਿਸ਼ਾਲ ਦੇਸ਼ ਵਿਚ ਹਰ ਰੋਜ਼ ਕਿਤੇ ਨਾ ਕਿਤੇ ਬੰਬ ਬਰੂਦ ਦੇ ਛਾਣੇ ਵੱਜਦੇ ਰਹਿੰਦੇ ਹਨ। ਸਾਰੀ ਦੁਨੀਆ ਤੇ ਕਾਂ ਅੱਖ ਰੱਖਣ ਵਾਲਾ ਇਹ ਸਰਪੰਚ ਆਪ ਵੀ ਘਿਰਣਤ ਅਪਰਾਧਾਂ ਤੋਂ ਬਚਿਆ ਨਹੀਂ ਤੇ ਇੱਥੇ ਹਰ ਰੋਜ਼ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਹਨ। ਅਸਲਾ ਗੰਨ, ਬੰਦੂਕ, ਹਥਿਆਰ ਹਰ ਕਿਸੇ ਦੀ ਪਹੁੰਚ ਵਿਚ ਹੈ ਤੇ ਜਲਦੀ ਹੀ ਠਾਹ-ਠੂਹ ਕਰ ਕੇ ਸੱਥਰ ਵਿਛਾ ਦਿੰਦੀ ਹੈ। ਹਥਿਆਰਾਂ ਦੀ ਰੋਕਥਾਮ ਬਾਰੇ ਨਵੇਂ ਪ੍ਰਸਤਾਵਿਤ ਕਾਨੂੰਨ ਵਿਵਾਦਾਂ ਵਿਚ ਘਿਰ ਗਏ ਤੇ ਪਾਸ ਨਹੀਂ ਹੋ ਸਕੇ।'

ਇਨ੍ਹਾਂ ਉਪ੍ਰੋਕਤ ਸਤਰਾਂ ਵਿਚ ਦੋਹਰੇ ਅਮਰੀਕੀ ਵਿਹਾਰ ਦਾ ਬਿੰਬ ਤਾਂ ਪ੍ਰਸਤੁਤ ਹੋਇਆ ਹੀ ਹੈ, ਸਗੋਂ ਇਹ ਸਤਰਾਂ ਸਿਰਜਣਾਤਮਕ ਵਾਰਤਕ ਦੇ ਉਸ ਹੁਸਨ ਨੂੰ ਵੀ ਪ੍ਰਤੀਬਿੰਬਤ ਕਰਦੀਆਂ ਹਨ, ਜਿਹੜਾ ਇਸ ਰਚਨਾ ਨੂੰ ਮਹਿਜ਼ ਕੋਰੇ ਗਿਆਨ ਦੀ ਪੇਸ਼ਕਾਰੀ ਤੋਂ ਨਿਖੇੜ ਕੇ ਕਲਾਤਮਕ ਆਭਾ ਬਖ਼ਸ਼ਦਾ ਹੈ। ਰੂਪਕੀ ਸਿਰਜਣਾ ਵਾਲੇ ਇਸ ਪੈਰ੍ਹੇ ਵਿਚ ਸ਼ਬਦਾਂ ਨੂੰ ਜੋੜਨ-ਬੀੜਨ ਦਾ ਹੁਨਰ ਵੀ ਵਿਦਮਾਨ ਹੈ, ਕਾਵਿਕ ਖੂਬਸੂਰਤੀ ਵੀ ਹੈ, ਵਿਅੰਗ ਦੀ ਤਿੱਖੀ ਚੋਭ ਵੀ ਹੈ ਅਤੇ ਹਕੀਕਤ ਦਾ ਸੰਤੁਲਤ ਬਿਆਨ ਵੀ ਹੈ। ਅਜਿਹੀ ਖੂਬਸੂਰਤ ਦੇ ਝਲਕਾਰੇ ਪਾਠਕ ਨੂੰ ਇਸ ਲਿਖਤ ਵਿਚ ਕਈ ਥਾਈਂ ਨਜ਼ਰ ਆਉਣਗੇ।

ਯਾਤਰਾ-ਪ੍ਰਸੰਗ ਅਤੇ ਇਸ ਵਿਚੋਂ ਉਪਜੀ ਸਹਿ-ਲਿਖਤ, ਅਮਰੀਕਾ ਬਾਰੇ ਜਾਣਕਾਰੀ, ਨੂੰ ਦੋ ਭਾਗਾਂ ਵਿਚ ਵੰਡ ਕੇ ਪੰਨੂ ਨੇ ਨਵਾਂ ਤਜਰਬਾ ਕੀਤਾ ਹੈ। ਇਸ ਸਫ਼ਰਨਾਮੇ ਵਿਚ ਰਵਾਇਤੀ ਸਫ਼ਰਨਾਮੇ ਵਾਲਾ 'ਬਹੁਤ ਕੁਝ' ਹੋਣ ਦੇ ਬਾਵਜੂਦ ਬਹੁਤ ਕੁੱਝ ਨਵਾਂ ਤੇ ਵੱਖਰਾ ਵੀ ਹੈ। ਇਸ ਵਿਚ ਬਾਹਰੀ ਸੰਸਾਰ ਦੇ ਠੋਸ ਤੱਥਾਤਮਕ ਵੇਰਵੇ ਵੀ ਹਨ ਅਤੇ ਬੰਦੇ ਦੇ ਮਨ ਵਿਚਲੇ ਸੂਖਮ ਅਹਿਸਾਸਾਂ ਦੀ ਤਰਲਤਾ ਨੂੰ ਫੜ੍ਹਨ ਦਾ ਸਾਹਿਤਕ ਯਤਨ ਵੀ ਹੈ। ਸਾਹਿਤ ਦੀ ਕਿਸੇ ਵੀ ਵਿਧਾ ਜਾਂ ਵੰਨਗੀ ਦੇ ਨੇਮ ਸਥਾਈ ਤੇ ਸਦੀਵੀ ਨਹੀਂ ਹੁੰਦੇ। ਪ੍ਰਤਿਭਾਵਾਨ ਲੇਖਕ ਪ੍ਰਵਾਨਤ ਨੇਮਾਂ ਨੂੰ ਤੋੜਦੇ ਵੀ ਆਏ ਹਨ ਤੇ ਸੰਬੰਧਤ ਵਿਧਾ ਦੇ ਕਲਾਵੇ ਨੂੰ ਮੋਕਲਾ ਵੀ ਕਰਦੇ ਰਹਿੰਦੇ ਹਨ। ਚਰਨਜੀਤ ਸਿੰਘ ਪੰਨੂ ਨੇ ਵੀ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਦੇ ਆਲੋਚਕ ਜਾਂ ਪਾਠਕ ਇਸ ਕੋਸ਼ਿਸ਼ ਨੂੰ ਕਿਵੇਂ ਲੈਂਦੇ ਹਨ, ਇਸ ਨੂੰ ਉਨ੍ਹਾਂ 'ਤੇ ਛੱਡਦੇ ਹੋਏ ਅਸੀਂ ਪੰਨੂ ਨੂੰ ਇਕ ਵੱਖਰੀ ਕਿਸਮ ਦੀ 'ਸਫ਼ਰਨਾਮਾ ਲਿਖਤ' ਲਿਖਣ ਲਈ ਮੁਬਾਰਕ ਦਿੰਦੇ ਹਾਂ।

**(ਸੰਗਮ ਪਬਲੀਕੇਸ਼ਨ ਪਟਿਆਲਾ ਵੱਲੋਂ ਛਾਪੀ ਗਈ ਇਹ ਸੁੰਦਰ ਪੁਸਤਕ ਲੈਣ ਲਈ ਪਬਲਿਸ਼ਰ ਜਾਂ ਲੇਖਕ ਨਾਲ ਸੰਪਰਕ ਕੀਤਾ ਜਾ ਸਕਦਾ ਹੈ)**

## ਰੱਬ ਦੇ ਰੰਗ

### ਮਿੰਨੀ ਕਹਾਣੀ

ਰਸੀਲਾ ਰਾਮ ਭਗਵਾਨ ਵਿਚ ਅਥਾਹ ਵਿਸ਼ਵਾਸ ਰੱਖਣ ਵਾਲਾ ਭਗਤ ਸੀ। ਮੰਦਿਰ ਵਿਚ ਜਾ ਕੇ ਮੂਰਤੀਆਂ ਨਾਲ ਇਓਂ ਗੱਲਾਂ ਕਰਨੀਆਂ ਜਿਵੇਂ ਸਾਖਸ਼ਾਤ ਭਗਵਾਨ ਉਸ ਦੇ ਰੂ-ਬਰੂ ਖੜੇ ਹੋਣ। ਇੱਕ ਦਿਨ ਮੰਦਿਰ ਵਿਚ ਗਿਆ, ਪੂਜਾ ਅਰਚਨਾ ਉਪਰੰਤ ਭਗਵਾਨ ਦੀ ਮੂਰਤੀ ਕੋਲ ਖੜਾ ਹੋ ਕੇ ਬੇਨਤੀ ਕਰਦਾ ਹੈ- ਹੈ ਭਗਵਾਨ ਸਾਰਾ ਦਿਨ ਇਥੇ ਖੜੇ ਰਹਿੰਦੇ ਹੋ, ਜਾਓ ਅੱਜ ਕਿਤੇ ਘੁੰਮ ਫਿਰ ਆਓ, ਮੈਂ ਖਲੋਂਦਾ ਹਾਂ ਇਥੇ, ਬਿਲਕੁਲ ਸਾਵਧਾਨੀ ਨਾਲ ਡਿਊਟੀ ਕਰਾਂਗਾ।



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

ਭਗਵਾਨ ਉਸ ਨੂੰ ਕੌਤਕ ਵਿਖਾਉਣ ਲਈ ਪ੍ਰਗਟ ਹੋਏ। ਉਸ ਨੂੰ ਕਹਿੰਦੇ ਕਿ ਆ ਜਾ ਇਥੇ ਖੜ੍ਹਾ ਹੋ ਜਾ ਅਤੇ ਯਾਦ ਰੱਖੀਂ ਕਿ ਮੈਂ ਤੈਨੂੰ ਇਥੇ ਖੜ੍ਹਾ ਕਰ ਕੇ ਜਾ ਰਿਹਾ ਹਾਂ, ਪ੍ਰਵਚਨ ਕਰਨ ਵਾਸਤੇ ਨਹੀਂ, ਕਿਸੇ ਨੂੰ ਸ਼ਾਬਾਸ਼ ਨਹੀਂ ਦੇਣੀ, ਕਿਸੇ ਦੀ ਕੀਤੀ ਹੋਈ ਕਿਸੇ ਹਰਕਤ ਤੇ ਕੋਈ ਰੀਐਕਸ਼ਨ ਨਹੀਂ ਕਰਨਾ, ਸਿਰਫ ਮੂਰਤੀ ਬਣ ਕੇ ਖੜ੍ਹੇ ਹੋਣਾ ਇਹ ਮੇਰੀ ਤਾਕੀਦ ਹੈ। ਸੇਵਕ ਨਿਯੁਕਤ ਜਗ੍ਹਾ ਤੇ ਖੜੋ ਗਿਆ। ਸ਼ਰਧਾਵਾਨ ਆਉਣ ਮੱਥਾ ਟੇਕਣ, ਘੜਿਆਲ /ਟੱਲ ਵਜਾਉਣ ਤੇ ਚਲੇ ਜਾਣ।

ਵੇਖਦੇ ਵੇਖਦੇ ਇੱਕ ਭਗਤ ਆਇਆ ਮੱਥਾ ਟੇਕਿਆ ਤੇ ਵਾਪਸ ਜਾਣ ਲਈ ਜਦ ਹੀ ਮੁੜਿਆ, ਉਸ ਦਾ ਬਟੂਆ ਡਿੱਗ ਪਿਆ। ਸੇਠ ਬੇਖਬਰ ਵਾਪਸ ਚਲਾ ਗਿਆ। ਹੁਣ ਇੱਕ ਗਰੀਬ ਦਿਖ ਵਾਲਾ ਵਿਅਕਤੀ ਆਇਆ, ਜੋ ਆਉਂਦੇ ਹੀ ਗਿੜਗਿੜਾਇਆ-ਹੇ ਭਗਵਾਨ! ਬੱਚੇ ਭੁੱਖੇ ਹਨ, ਘਰ ਵਿੱਚ ਫੁੱਟੀ ਕੌਡੀ ਵੀ ਨਹੀਂ, ਅੱਜ ਕੋਈ ਚਮਤਕਾਰ ਕਰੋ, ਕੁਝ ਪੈਸੇ ਮਿਲਣ ਤੇ ਘਰ ਦਾ ਚੁੱਲ੍ਹਾ ਚੱਲੇ।


ਏਨੀ ਗੱਲ ਕਰਕੇ ਪਿੱਛੇ ਮੁੜਿਆ ਤੇ ਉਸ ਦੀ ਨਜ਼ਰ ਸਿੱਧੀ ਬਟੂਏ ਤੇ ਪਈ। ਉਸ ਨੇ ਬਟੂਆ ਚੁੱਕਿਆ, ਭਗਵਾਨ ਦਾ ਸ਼ੁਕਰ ਮਨਾਇਆ। ਉਸ ਤੋਂ ਬਾਅਦ ਇੱਕ ਵਿਅਕਤੀ ਆਇਆ, ਜਿਸ ਨੇ ਅਰਦਾਸ ਕੀਤੀ ਕਿ ਉਹ ਇਕ ਮਲਾਹ ਹੈ, ਕਾਰੋਬਾਰ ਦੇ ਸਿਲਸਿਲੇ ਵਿੱਚ ਕੁਝ ਹਫ਼ਤਿਆਂ ਵਾਸਤੇ ਜਾ ਰਿਹਾ ਹੈ, ਇਸ ਯਾਤਰਾ ਦੌਰਾਨ ਉਸ ਦੀ ਰੱਖਿਆ ਕਰਿਓ। ਇਹ ਕਹਿ ਕੇ ਉਹ ਵਿਅਕਤੀ ਮੰਦਰ ਤੋਂ ਬਾਹਰ ਨਿਕਲਿਆ, ਮੰਦਰ ਤੋਂ ਬਾਹਰ ਨਿਕਲਦੇ ਹੀ ਉਹ ਸੇਠ ਜਿਸ ਦਾ ਬਟੂਆ ਡਿੱਗਾ ਸੀ, ਪੁਲਿਸ ਨੂੰ ਨਾਲ ਲੈ ਕੇ ਸਾਹਮਣੇ ਖੜ੍ਹਾ ਸੀ, ਤਾਂ ਪੁਲਿਸ ਨੇ ਉਹ ਮਲਾਹ ਫੜ ਲਿਆ ਤੇ ਕਹਿਣ ਲੱਗੇ ਕਿ ਸਾਡੇ ਨਾਲ ਥਾਣੇ ਚੱਲ ਜਾਂ ਇਸ ਦਾ ਬਟੂਆ ਵਾਪਸ ਕਰ। ਉਹ ਵਿਚਾਰਾ ਹੈਰਾਨ ਹੋ ਗਿਆ ਕਿ ਕਿਹੜਾ ਬਟੂਆ ਤੇ ਕਿਹੜਾ ਥਾਣਾ, ਪਰ ਉਸ ਦੀ ਸੁਣੇ ਕੌਣ। ਰੌਲਾ ਜਿਹਾ ਪੈ ਗਿਆ, ਇਮਤਿਹਾਨ ਦੀ ਘੜੀ ਸੀ।

ਹੁਣ ਮੂਰਤੀ ਬਣਿਆ ਵਿਅਕਤੀ ਸਾਹਮਣੇ ਆਇਆ ਤੇ ਸਾਰੀ ਵਿਥਿਆ ਦੱਸੀ ਕਿ ਸੇਠ ਦਾ ਬਟੂਆ ਇਸ ਕੋਲ ਨਹੀਂ ਹੈ, ਉਹ ਫਲਾਣਾ ਆਦਮੀ ਲੈ ਗਿਆ ਹੈ। ਪੁਲਿਸ ਨੇ ਮਲਾਹ ਨੂੰ ਛੱਡ ਦਿੱਤਾ ਤੇ ਖੁਦ ਸਾਖਤ ਭਗਵਾਨ ਦੀ ਨਿਸ਼ਾਨਦੇਹੀ 'ਤੇ ਪਿੰਡ ਦੇ ਗਰੀਬ ਆਦਮੀ ਨੂੰ ਜਾ ਫੜਿਆ। ਉਸ ਕੋਲੋਂ ਬਟੂਆ ਵੀ ਬਰਾਮਦ ਹੋ ਗਿਆ। ਭਗਵਾਨ ਬਣਿਆ ਵਿਅਕਤੀ ਆਪਣੇ ਕੀਤੇ 'ਤੇ ਬਹੁਤ ਖੁਸ਼ ਸੀ।

ਭਗਵਾਨ ਦੇ ਵਾਪਸ ਆਉਣ 'ਤੇ ਖੁਸ਼ੀ ਖੁਸ਼ੀ ਆਪਣੀ ਕਾਬਲੀਅਤ ਬਾਰੇ ਦੱਸਿਆ ਕਿ ਕਿਵੇਂ ਉਸ ਨੇ ਬੇਕਸੂਰ ਮਲਾਹ ਨੂੰ ਪੁਲਿਸ ਕੋਲੋਂ ਬਚਾਇਆ ਹੈ। ਉਹ ਖੁਸ਼ ਸੀ ਪਰ ਭਗਵਾਨ ਨਾਰਾਜ਼ ਸਨ ਕਿ ਅੱਜ ਤੇਰੀ ਭੁੱਲ ਨੇ ਇੱਕ ਨਹੀਂ ਦੋ ਘਰ ਉਜਾੜ ਦਿੱਤੇ। ਜੇ ਤੂੰ ਚੁੱਪ ਰਹਿੰਦਾ ਤਾਂ ਮਲਾਹ ਜੇਲ੍ਹ ਵਿਚ ਚਲਾ ਜਾਂਦਾ ਤਾਂ ਸਮੁੰਦਰ ਵਿਚ ਆਉਣ ਵਾਲੇ ਤੂਫ਼ਾਨ ਵਿਚ ਘਿਰ ਕੇ ਮਰਨੋ ਬਚ ਜਾਂਦਾ, ਤੇ ਉਧਰ ਗਰੀਬ ਆਦਮੀ ਜੋ ਬਟੂਆ ਚੁੱਕਣ ਵਿੱਚ ਫਸ ਗਿਆ, ਆਪਣੇ ਬੱਚਿਆਂ ਨੂੰ ਰੋਟੀ ਖੁਆ ਲੈਂਦਾ ਪਰ ਹੁਣ ਬਹੁਤ ਦੇਰ ਹੋ ਚੁੱਕੀ ਹੈ। ਲਿਹਾਜ਼ਾ ਕਦੇ ਵੀ ਰੱਬ ਦੇ ਕੰਮ ਉੱਤੇ ਕਿੰਤੂ ਨਾ ਕਰੋ ਸਾਨੂੰ ਇੱਕ ਦੀ ਚਿੰਤਾ ਹੁੰਦੀ ਹੈ ਜਦ ਕਿ ਉਸ ਨੂੰ ਸਾਰੀ ਸ੍ਰਿਸ਼ਟੀ ਦੀ।

# ਹਨੇਰੇ ਰਾਹ

***ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।***




## ਕਾਂਡ ਚੌਧਾਂ - ਭਾਗ ਇੱਕ

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਇਸੇ ਦੌਰਾਨ ਉਸ ਦੀ ਨੇੜਤਾ ਜੀਤੀ ਨਾਂ ਦੀ ਇਕ ਸਟੂਡੈਂਟ ਨਾਲ ਵਧ ਜਾਂਦੀ ਹੈ। ਸਮਾਂ ਪਾ ਕੇ ਗੁਰਸੀਰ ਦਾ ਭਰਾ ਬਲਵੀਰ ਅਤੇ ਪਤਨੀ ਅਮ੍ਰਿਤ ਵੀ ਕੈਨੇਡਾ ਪੁੱਜ ਜਾਂਦੇ ਹਨ। ਹੁਣ ਪੜ੍ਹੋ ਇਸ ਤੋਂ ਅਗਾਂਹ...***

ਕਰਨਵੀਰ ਤੇ ਗੁਰਸੀਰ

ਸਰਹੱਦ 'ਤੇ ਪੁੱਛੇ ਜਾਣ ਵਾਲੇ ਸੰਭਾਵੀ ਸਵਾਲਾਂ ਦੇ ਜਵਾਬ ਮੁੜ ਮੁੜ ਆਪਣੇ ਚੇਤੇ ਵਿਚ ਦੁਹਰਾਉਂਦਾ ਕਰਨਵੀਰ ਵੈਨਕੂਵਰ ਦੇ ਹਵਾਈ ਅੱਡੇ 'ਤੇ ਟਰੱਕ ਕੰਪਨੀ ਦੇ ਮਾਲਕ ਸ਼ਮਿੰਦਰ ਦੀ ਉਡੀਕ ਕਰ ਰਿਹਾ ਸੀ। ਇੱਥੋਂ ਹੀ ਉਸ ਨੂੰ ਸ਼ਮਿੰਦਰ ਨੇ ਵਰਕ ਪਰਮਿਟ ਦਿਵਾਉਣ ਲਈ ਅਮਰੀਕਾ ਦੀ ਸਰਹੱਦ 'ਤੇ ਲੈ ਕੇ



**ਹਰਪ੍ਰੀਤ ਸੇਖਾ**
**ਫੋਨ: +1-778-231-1189**

ਜਾਣਾ ਸੀ। ਇਨ੍ਹਾਂ ਸਵਾਲਾਂ ਜਵਾਬਾਂ ਦੀ ਤਿਆਰੀ ਉਸ ਨੂੰ ਚਿੱਟੀ ਨੇ ਕਰਵਾਈ ਸੀ। ਇਨ੍ਹਾਂ ਵਿਚੋਂ ਭਟਕ ਕੇ ਕਰਨਵੀਰ ਦਾ ਧਿਆਨ ਬੈਗ ਵਿਚ ਰੱਖੇ ਗਿਆਰਾਂ ਹਜ਼ਾਰ ਡਾਲਰਾਂ ਵਾਲੇ ਲਿਫ਼ਾਫ਼ੇ ਵੱਲ ਚਲਾ ਗਿਆ। ਉਸ ਨੇ ਲਿਫ਼ਾਫ਼ੇ ਨੂੰ ਮੁੜ ਟੋਹਿਆ। ਉਹ ਉੱਥੇ ਹੀ ਸੀ। ਇਹ ਉਸ ਦੀ ਸਪੇਨ ਵਿਚ ਦੇਹ ਤੋੜਵੀਂ ਕਮਾਈ ਨਾਲ਼ ਜੋੜੀ ਪੂੰਜੀ ਤੇ ਬੈਂਕ ਤੋਂ ਲਿਆ ਕਰਜ਼ਾ ਸੀ। 'ਬਾਕੀ ਬਚੇ ਬਾਰਾਂ ਸੌ ਨਾਲ਼ ਸਰਨਾ ਨਹੀਂ। ਕੀ ਪਤਾ ਕਦੋਂ ਪਹਿਲੀ ਤਨਖਾਹ ਦੇਵੇ? ਕੋਈ ਰਹਿਣ ਦਾ ਬੰਦੋਬਸਤ ਨਹੀਂ, ਕੋਈ ਜਾਣ-ਪਛਾਣ ਨਹੀਂ ਇੱਥੇ। ਕਿਵੇਂ ਚੱਲੂ?' ਉਸ ਨੂੰ ਮੁੜ ਇਸ ਫ਼ਿਕਰ ਨੇ ਘੇਰ ਲਿਆ। ਉਸ ਦੇ ਦਿਮਾਗ਼ ਵਿਚ ਫਿਰ ਆਇਆ ਕਿ ਲਿਫ਼ਾਫ਼ੇ ਵਿਚਲੇ ਗਿਆਰਾਂ ਹਜ਼ਾਰ ਵਿਚੋਂ ਇਕ ਹਜ਼ਾਰ ਆਪਣੇ ਲਈ ਰੱਖ ਲਵੇ। ਇਹ ਖਿਆਲ ਉਸ ਦੇ ਦਿਮਾਗ਼ ਵਿਚ ਜਹਾਜ਼ੋਂ ਉਤਰਨ ਤੋਂ ਬਾਅਦ ਗ਼ੁਸਲਖਾਨੇ ਵਿਚ ਜਾ ਕੇ ਵੱਖ ਵੱਖ ਜੇਬਾਂ ਵਿਚ ਰੱਖੇ ਡਾਲਰਾਂ ਨੂੰ ਕੱਢ ਕੇ ਇਕ ਲਿਫ਼ਾਫ਼ੇ ਵਿਚ ਪਾਉਂਦਿਆਂ ਵੀ ਆਇਆ ਸੀ ਪਰ ਉਸ ਨੇ ਆਪਣੇ ਆਪ ਨੂੰ ਰੋਕ ਲਿਆ ਸੀ। ਉਂਝ ਇਸ ਵਾਰ ਇਸ ਖਿਆਲ ਦੀ ਤੀਬਰਤਾ ਪਹਿਲੇ ਨਾਲੋਂ ਜ਼ਿਆਦਾ ਸੀ। ਉਹ ਇਹ ਕਰਨ ਬਾਰੇ ਸੋਚ ਹੀ ਰਿਹਾ ਸੀ ਕਿ ਉਸ ਦੇ ਦਿਮਾਗ਼ ਵਿਚ ਆਇਆ ਕਿ ਇਕ ਹਜ਼ਾਰ ਪਿੱਛੇ ਬਣਿਆ ਬਣਾਇਆ ਕੰਮ ਖ਼ਰਾਬ ਨਾ ਹੋ ਜਾਵੇ। 'ਕਹਿ ਦੇਵਾਂਗਾ ਕਿ ਇਹ ਹਜ਼ਾਰ ਡਾਲਰ ਬਾਅਦ ਵਿਚ ਹਰ ਮਹੀਨੇ ਦੀ ਕਿਸ਼ਤ ਵਧਾ ਕੇ ਮੋੜ ਦੇਵਾਂਗਾ।' ਇਸ ਦਲੀਲ ਨਾਲ਼ ਉਹ ਮੁੜ ਆਪਣੇ ਪਹਿਲੇ ਖਿਆਲ ਵੱਲ ਝੁਕ ਗਿਆ ਪਰ ਅਗਲੇ ਹੀ ਪਲ ਉਸ ਨੇ ਸੋਚਿਆ, 'ਕੀ ਪਤਾ ਅਗਲਾ ਇਹ ਸੋਚ ਕੇ ਨੌਕਰੀ ਦੇਣੋਂ ਹੀ ਇਨਕਾਰ ਨਾ ਕਰ ਦੇਵੇ ਕਿ ਇਹ ਤਾਂ ਪਹਿਲਾਂ ਹੀ ਸਵਾਲ ਪਾਉਣ ਲੱਗ ਪਿਆ ਏ।' 'ਫਿਰ ਸਰੇਗਾ ਕਿਵੇਂ?' 'ਦੇਖੀ ਜਾਏਗੀ, ਜਦੋਂ ਟਾਈਮ ਆਏਗਾ' ਸੋਚ ਕੇ ਉਹ ਮੁੜ ਉਸ ਵੱਲ ਆਉਂਦੀਆਂ ਕਾਰਾਂ ਵੱਲ ਦੇਖਣ ਲੱਗਾ ਜਿਨ੍ਹਾਂ ਵਿਚੋਂ ਇਕ ਕਾਰ ਨੇ ਉਸ ਨੂੰ ਨਵੀਂ ਮੰਜ਼ਿਲ ਵੱਲ ਲੈ ਕੇ ਜਾਣਾ ਸੀ। ਘੰਟੇ ਕੁ ਦੀ ਉਡੀਕ ਬਾਅਦ ਉਹ ਉਸ ਕਾਰ ਵਿਚ ਸਵਾਰ ਹੋਇਆ। ਕਾਰ ਉਸ ਨੂੰ ਟਰੱਕ ਕੰਪਨੀ ਦੇ ਦਫ਼ਤਰ ਲੈ ਗਈ। ਕਾਰ ਵਿਚੋਂ ਨਿਕ਼ਲਣ ਤੋਂ ਪਹਿਲਾਂ ਸ਼ਮਿੰਦਰ ਬੋਲਿਆ, "ਤੇਰਾ ਸਮਾਨ ਇੱਥੇ ਰੱਖ ਜਾਈਏ, ਫੇਰ ਬਾਰਡਰ 'ਤੇ ਚਲਦੇ ਇਆਂ। ਚਿੱਟੀ ਹੋਰਾਂ ਨੇ ਕੈਸ਼ ਬਾਰੇ---।"

ਬੈਗ ਵਿਚੋਂ ਲਿਫ਼ਾਫ਼ਾ ਕੱਢ ਕੇ ਫੜਾਉਂਦਿਆਂ ਕਰਨਵੀਰ ਦੇ ਹੱਥ ਕੰਬੇ। ਉਹ ਬੋਲਿਆ, "ਕੰਮ ਬਣ ਜਾਏਗਾ ਨਾ, ਸਰ?"

"ਤੇਰੇ 'ਤੇ ਇਆ। ਜੇ ਤੂੰ ਸਹੀ ਜਵਾਬ ਦਿੱਤੇ ਤਾਂ ਕਿਉਂ ਨਾ ਬਣੇਗਾ। ਚਿੱਟੀ ਹੋਰਾਂ ਨੇ ਤਿਆਰੀ ਕਰਵਾਈ ਹੋਵੇਗੀ ਤੇਰੀ।"

ਸ਼ਮਿੰਦਰ ਦੇ ਇਸ ਜਵਾਬ ਨਾਲ ਕਰਨਵੀਰ ਦੀ ਤਸੱਲੀ ਨਾ ਹੋਈ ਪਰ ਟਰੱਕ ਕੰਪਨੀ ਦਾ ਦਫ਼ਤਰ ਦੇਖ ਕੇ ਉਸ ਦੇ ਮਨ ਨੂੰ ਕੁਝ ਟਿਕਾਅ ਜ਼ਰੂਰ ਆ ਗਿਆ ਕਿ ਕਿਸੇ ਫਰਜ਼ੀ ਕੰਪਨੀ ਦੇ ਜਾਲ ਵਿਚ ਨਹੀਂ ਸੀ ਫਸਿਆ।



ਬਾਰਡਰ ਵੱਲ ਜਾਣ ਲਈ ਮੁੜ ਕਾਰ ਵਿਚ ਬੈਠਦਾ ਸ਼ਮਿੰਦਰ ਬੋਲਿਆ, "ਆਪਣਾ ਲਾਈਸੰਸ ਦੇ।"

ਆਪਣਾ ਲਾਈਸੰਸ ਦਿਖਾਉਂਦਾ ਕਰਨਵੀਰ ਬੋਲਿਆ, "ਮੈਂ ਜੀ ਆਟੋਮੈਟਿਕ ਗੇਅਰਾਂ ਵਾਲੇ ਟਰੱਕ 'ਤੇ ਸਿੱਖਿਆ ਏ। ਸਟੈਂਡਰਡ ਨੀ ਚਲਾਇਆ ਕਦੇ।" ਕਰਨਵੀਰ ਦੇ ਚਿੱਤ 'ਚ ਆਈ, 'ਇਹ ਗੱਲ ਡਾਲਰ ਦੇਣ ਤੋਂ ਪਹਿਲਾਂ ਕਿਉਂ ਨਾ ਕੀਤੀ, ਕਿਤੇ...?'

ਪਰ ਸ਼ਮਿੰਦਰ ਦੇ ਬੋਲ ਸੁਣ ਕੇ ਉਸ ਨੂੰ ਆਪਣਾ ਇਹ ਡਰ ਨਿਰਮੂਲ ਲੱਗਾ। ਸ਼ਮਿੰਦਰ ਬੋਲਿਆ, "ਲਾਈਸੰਸ ਠੀਕ ਹੋਣਾ ਚਾਹੀਦਾ ਇਆ। ਸਟੈਂਡਰਡ ਜਾਂ ਆਟੋਮੈਟਿਕ ਗੇਅਰਾਂ ਦਾ ਕੋਈ ਚੱਕਰ ਨੀ, ਉਹ ਸਿੱਖ ਜਾਂਦੈ ਬੰਦਾ ਟਰੱਕ ਚਲਾਉਂਦਾ ਹੀ।"

ਸ਼ਮਿੰਦਰ ਦੀ ਇਹ ਗੱਲ ਸੁਣ ਕੇ ਕਰਨਵੀਰ ਨੂੰ ਲੱਗਾ ਕਿ ਉਸ ਨੂੰ ਆਪਣੇ ਰਹਿਣ ਦੇ ਟਿਕਾਣੇ ਅਤੇ ਹੋਰ ਸਵਾਲਾਂ ਬਾਰੇ ਵੀ ਹੁਣੇ ਹੀ ਗੱਲ ਕਰ ਲੈਣੀ ਚਾਹੀਦੀ ਹੈ। ਹਵਾਈ ਅੱਡੇ ਤੋਂ ਆਉਂਦਿਆਂ ਉਸ ਨੂੰ ਇਹ ਮੌਕਾ ਨਹੀਂ ਸੀ ਮਿਲਿਆ। ਸ਼ਮਿੰਦਰ ਸਾਰਾ ਸਮਾਂ ਫੋਨ 'ਤੇ ਹੀ ਰੁੱਝਿਆ ਰਿਹਾ ਸੀ; ਤੇ ਹੁਣ ਵੀ ਕਰਨਵੀਰ ਹਾਲੇ ਗੱਲ ਤੋਰਨ ਬਾਰੇ ਸੋਚ ਹੀ ਰਿਹਾ ਸੀ ਕਿ ਸ਼ਮਿੰਦਰ ਨੇ ਕਿਸੇ ਨੂੰ ਫੋਨ ਮਿਲਾ ਲਿਆ। ਉਹ ਕਿਸੇ ਨੂੰ ਆਖਣ ਲੱਗਾ, "ਤੂੰ ਇੱਥੇ ਵੇਟ ਕਰ। ਪਿੱਕ ਅਪ ਹਾਲੇ ਕਨਫਰਮ ਨੀ ਹੋਈ। ਹੋ ਸਕਦਾ ਇਆ ਕਿ ਤੈਨੂੰ ਹੈਥੇ ਕੈਲਗਰੀ ਹੀ ਰੁਕਣਾ ਪਵੇ ਅੱਜ।" ਤੇ ਫੇਰ ਕਿਸੇ ਹੋਰ ਨੂੰ ਫੋਨ ਮਿਲਾ ਕੇ ਉਹ ਦੱਸਣ ਲੱਗਾ, "ਤੇਰੇ ਵਿਨੀਪੈਗ ਪਹੁੰਚਣ ਸਾਰ ਹੀ ਉਥੋਂ ਟਰਾਂਟੋ ਜਾਣ ਵਾ਼ਲਾ ਲੋਡ ਤਿਆਰ ਹੋਵੇਗਾ...।" ਕਰਨਵੀਰ ਉਸ ਦੀਆਂ ਇਹ ਗੱਲਾਂ ਸੁਣ ਕੇ ਆਪਣੇ ਆਪ ਨੂੰ ਧਰਵਾਸ ਦੇਣ ਦੀ ਕੋਸ਼ਿਸ਼ ਕਰਨ ਲੱਗਾ ਕਿ ਕੰਪਨੀ ਕੋਲ ਬਹੁਤ ਕੰਮ ਹੈ ਤੇ ਉਹ ਛੇਤੀ ਹੀ ਖਰਚੇ ਡਾਲਰ ਕਮਾ ਲਵੇਗਾ ਪਰ ਧੁਰ ਅੰਦਰੋਂ ਉਸ ਅੰਦਰ ਡਰ ਸੀ ਕਿ ਜੇ ਬਾਰਡਰ ਤੋਂ ਵਰਕ ਪਰਮਿਟ ਮਿਲਣ ਤੋਂ ਇਨਕਾਰ ਹੋ ਗਿਆ ਤਾਂ ਕੀ ਸ਼ਮਿੰਦਰ ਉਸ ਦੇ ਗਿਆਰਾਂ ਹਜ਼ਾਰ ਡਾਲਰ ਵਾਪਸ ਕਰ ਦੇਵੇਗਾ। ਇਹ ਡਰ ਉਹ ਉਦੋਂ ਹੀ ਜ਼ਾਹਿਰ ਕਰ ਸਕਦਾ ਸੀ, ਜਦੋਂ ਸ਼ਮਿੰਦਰ ਵਿਹਲਾ ਹੁੰਦਾ ਪਰ ਉਹ ਬਾਰਡਰ 'ਤੇ ਪਹੁੰਚ ਕੇ ਹੀ ਫੋਨ ਵੱਲੋਂ ਵਿਹਲਾ ਹੋਇਆ। ਉਨ੍ਹਾਂ ਨੇ ਆਪਣੀ ਕਾਰ ਕੈਨੇਡਾ ਵਾਲੇ ਪਾਸੇ ਰੋਕੀ ਅਤੇ ਤੁਰ ਕੇ ਅਮਰੀਕਾ ਦੀ ਸਰਹੱਦ ਵੱਲ ਚੱਲ ਪਏ। ਇੱਥੇ ਉਨ੍ਹਾਂ ਨੇ ਫਲੈਗ ਪੋਲਿੰਗ ਕਰਨੀ ਸੀ। ਜਦੋਂ ਚਿੱਟੀ ਨੇ ਪਹਿਲੀ ਵਾਰ ਇਹ ਸ਼ਬਦ ਵਰਤਿਆ ਸੀ, ਕਰਨਵੀਰ ਨੂੰ ਸਮਝ ਨਹੀਂ ਸੀ ਲੱਗੀ। ਉਸ ਨੇ ਪੁੱਛਿਆ ਸੀ, "ਵਕੀਲ ਸਾਬ੍ਹ, ਫਲੈਗ ਪੋਲਿੰਗ ਕੀ ਹੁੰਦੀ ਏ?"

"ਵਰਕ ਪਰਮਿਟ ਲੈਣ ਅਤੇ ਕੈਨੇਡਾ ਵਿਚ ਆਪਣੇ ਸਟੇਟਸ ਨੂੰ ਵੈਲੀਡੇਟ ਕਰਨ ਲਈ ਇਹ ਤੁਰਤ ਫੁਰਤ ਤਰੀਕਾ ਵਰਤਿਆ ਜਾਂਦਾ। ਇਸ ਤਰੀਕੇ ਨਾ਼ਲ ਕੈਨੇਡਾ 'ਚੋਂ ਇਕ ਵਾਰ ਬਾਹਰ ਜਾਈਦੈ ਤੇ ਅਮਰੀਕਾ ਵੱਲੋਂ ਇਨਕਾਰ ਦੀ ਮੋਹਰ ਲਗਵਾ ਕੇ ਮੁੜ ਕੈਨੇਡਾ ਪਰਤ ਆਈਦੈ, ਇਸ ਨੂੰ 'ਫਲੈਗ ਪੋਲਿੰਗ' ਆਖਦੇ ਆ।"

"ਅੱਛਾ।" ਆਖ ਕੇ ਕਰਨਵੀਰ ਨੇ ਉਦੋਂ ਚਿੱਟੀ ਨੂੰ ਹੁੰਗਾਰਾ ਤਾਂ ਭਰ ਦਿੱਤਾ ਸੀ ਪਰ ਉਸ ਨੂੰ ਸਮਝ ਨਹੀਂ ਸੀ ਲੱਗੀ। ਹੁਣ ਵੀ ਉਸ ਨੂੰ ਪੂਰੀ ਸਮਝ ਨਹੀਂ ਸੀ ਕਿ ਅੱਗੇ ਕੀ ਹੋਵੇਗਾ। ਉਹ ਭਵੰਤਰਿਆ ਜਿਹਾ ਕਦੇ ਸਰਹੱਦ 'ਤੇ ਪਾਰਕ ਵਿਚ ਖੜ੍ਹੇ ਪੀਸ ਆਰਚ ਗੇਟ ਵੱਲ ਦੇਖਦਾ ਜਿਸ ਉੱਪਰ ਕੈਨੇਡਾ ਅਤੇ ਅਮਰੀਕਾ ਦੇ ਝੰਡੇ ਝੁੱਲ ਰਹੇ ਸਨ, ਕਦੇ ਅੱਗੇ ਅਮਰੀਕਾ ਦੀ ਸਰਹੱਦ ਵੱਲ ਜਿੱਧਰ ਕਾਰਾਂ ਦੀਆਂ ਲੰਬੀਆਂ ਕਤਾਰਾਂ ਸਰਕ ਰਹੀਆਂ ਸਨ। ਯੂਰਪ ਵਿਚ ਇਸ ਤਰ੍ਹਾਂ ਦੀ ਕੋਈ ਸਰਹੱਦ ਉਸ ਨੇ ਨਹੀਂ ਸੀ ਦੇਖੀ। ਉਹ ਸ਼ਮਿੰਦਰ ਦੇ ਪਿੱਛੇ-ਪਿੱਛੇ ਇਕ ਅਫਸਰ ਕੋਲ ਜਾ ਖੜ੍ਹਾ। ਸ਼ਮਿੰਦਰ ਅਫਸਰ ਨੂੰ ਪਾਸਪੋਰਟ ਫੜਾਉਂਦਾ ਬੋਲਿਆ, "ਫਲੈਗ ਪੋਲਿੰਗ ਕਰਨੀ ਹੈ।"

ਅਫਸਰ ਨੇ ਪਾਸਪੋਰਟ ਚੈੱਕ ਕਰਦੇ ਨੇ ਪੁੱਛਿਆ, "ਕਦੇ ਪਹਿਲਾਂ ਅਮਰੀਕਾ ਦੇ ਵੀਜ਼ੇ ਤੋਂ ਇਨਕਾਰ ਹੋਇਆ ਸੀ?"

"ਨਹੀਂ।"

ਅਫਸਰ ਦੋ ਕੁ ਮਿੰਟ ਆਪਣੇ ਕੰਪਿਊਟਰ ਦੀ ਸਕਰੀਨ ਵੱਲ ਦੇਖਦਾ ਰਿਹਾ, ਫਿਰ ਉਸ ਨੇ ਕਰਨਵੀਰ ਦੀਆਂ ਉਂਗਲਾਂ ਦੇ ਨਿਸ਼ਾਨ ਲਏ ਅਤੇ ਉਸ ਦੀ ਫੋਟੋ ਖਿੱਚ ਕੇ ਫਲੈਗ ਪੋਲਿੰਗ ਵਾਲੀ ਪਰਚੀ ਉਨ੍ਹਾਂ ਦੇ ਹਵਾਲੇ ਕਰ ਦਿੱਤੀ। ਪਰਚੀ ਲੈ ਕੇ ਉਹ ਕੈਨੇਡਾ 'ਚ ਵੜਨ ਤੋਂ ਪਹਿਲਾਂ ਕਾਗਜ਼-ਪੱਤਰ ਜਾਂਚਣ ਲਈ ਬਣੇ ਬੂਥਾਂ ਵਿਚੋਂ ਇਕ ਮੂਹਰੇ ਜਾ ਖੜ੍ਹੇ। ਇਹ ਬੂਥ ਤੁਰ ਕੇ ਲੰਘਣ ਵਾਲਿਆਂ ਲਈ ਸੀ।

ਫਲੇਗ ਪੋਲਿੰਗ ਵਾਲੀ ਪਰਚੀ ਅਫਸਰ ਨੂੰ ਫੜਾ ਕੇ ਉਨ੍ਹਾਂ ਨੇ ਆਪਣੇ ਮਕਸਦ ਬਾਰੇ ਦੱਸਿਆ। ਅਫਸਰ ਨੇ ਪੇਪਰਾਂ ਦੀ ਜਾਂਚ ਕੀਤੀ ਤੇ ਉਨ੍ਹਾਂ ਨੂੰ ਇਮਾਰਤ ਦੇ ਅੰਦਰ ਛੱਡ ਆਇਆ। ਅੰਦਰ ਜਾ ਕੇ ਸ਼ਮਿੰਦਰ ਨੇ ਕਰਨਵੀਰ ਨੂੰ ਫਾਈਲ ਫੜਾਉਂਦਿਆਂ ਕਿਹਾ, "ਇਸ ਵਿਚ ਸਾਰੇ ਲੋੜੀਂਦੇ ਪੇਪਰ ਇਆ। ਧਿਆਨ ਨਾਲ ਜਵਾਬ ਦੇਵੀਂ।"

ਸ਼ਮਿੰਦਰ ਪਿੱਛੇ ਖੜ੍ਹ ਗਿਆ ਅਤੇ ਕਰਨਵੀਰ ਅਫਸਰ ਕੋਲ ਚਲਾ ਗਿਆ। ਅਫਸਰ ਨੇ ਦੂਰੋਂ ਹੀ ਪੁੱਛਿਆ, "ਕੀ ਕਰ ਸਕਦਾਂ ਤੇਰੇ ਲਈ?"

"ਵਰਕ ਪਰਮਿਟ ਲੈਣਾ।" ਆਖਦਿਆਂ ਕਰਨਵੀਰ ਨੇ ਆਪਣੇ ਕਾਗ਼ਜ਼ ਅਫਸਰ ਦੇ ਹਵਾਲੇ ਕਰ ਦਿੱਤੇ।

ਅਫਸਰ ਨੇ ਉਸ ਤੋਂ ਕਾਗ਼ਜ਼ ਫੜ ਲਏ, ਉਨ੍ਹਾਂ ਨੂੰ ਕੁਝ ਦੇਰ ਘੋਖਦਾ ਰਿਹਾ, ਫਿਰ ਉਨ੍ਹਾਂ ਨੂੰ ਪੀਲੇ ਰੰਗ ਦੀ ਸਲਿੱਪ ਦੇ ਅੰਦਰ ਚਲਿਆ ਗਿਆ। ਵਾਪਸ ਆ ਕੇ ਉਸ ਨੇ ਕਰਨਵੀਰ ਨੂੰ ਸੱਦ ਲਿਆ ਤੇ ਪੁੱਛਿਆ, "ਨੌਕਰੀ ਕਿੱਥੋਂ ਲੱਭੀ?"

"ਵਰਕ ਬੀ ਸੀ ਦੀ ਵੈੱਬਸਾਈਟ ਤੋਂ।"

"ਕਿੱਥੇ ਸੀ, ਜਦੋਂ ਨੌਕਰੀ ਦੀ ਤਲਾਸ਼ ਕਰ ਰਿਹਾ ਸੀ?

"ਟਰਾਂਟੋ।"

"ਉਥੇ ਕੀ ਕਰਦਾ ਸੀ?"

"ਆਪਣੇ ਚਚੇਰੇ ਭਰਾ ਨੂੰ ਮਿਲਣ ਆਇਆ ਸੀ।"

"ਟਰੱਕ ਚਲਾਉਣ ਦਾ ਲਾਈਸੰਸ ਕਿੱਥੋਂ ਲਿਆ?"

"ਟਰਾਂਟੋ ਤੋਂ।"

"ਓਥੇ ਮਿਲਣ ਆਇਆ ਸੀ ਕਿ ਲਾਈਸੰਸ ਲੈਣ?" ਇਹ ਸਵਾਲ ਸੁਣ ਕੇ ਕਰਨਵੀਰ ਨੂੰ ਆਪਣੀਆਂ ਲੱਤਾਂ ਕੰਬਦੀਆਂ ਲੱਗੀਆਂ। ਜਿਵੇਂ ਉਸ ਨੂੰ ਚਿੱਟੀ ਨੇ ਸਿਖਾਇਆ ਸੀ, ਉਸ ਨੇ ਆਪਣਾ ਡਰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੇ ਹੋਏ ਜਵਾਬ ਦਿੱਤਾ, "ਮਿਲਣ ਆਇਆ ਸੀ ਪਰ ਕਈ ਵਾਰ ਘਰ ਵਿਹਲਾ ਹੁੰਦਾ ਸੀ, ਸੋਚਿਆ ਕਿ ਲਾਈਸੰਸ ਲੈ ਲਵਾਂ।"

"ਸਿੱਧਾ ਆਖ ਕਿ ਨੌਕਰੀ ਲੱਭਣ ਹੀ ਆਇਆ ਸੀ।" ਅਫਸਰ ਨੇ ਕਰਨਵੀਰ ਦੇ ਚਿਹਰੇ 'ਤੇ ਅੱਖਾਂ ਗੱਡ ਕੇ ਕਿਹਾ। ਕਰਨਵੀਰ ਜਰਕ ਗਿਆ ਪਰ ਉਸ ਨੇ ਆਪਣੇ ਆਪ 'ਤੇ ਕਾਬੂ ਪਾਉਂਦੇ ਹੋਏ ਕਿਹਾ, "ਮੇਰੇ ਕੋਲ ਸਪੇਨ ਵਿਚ ਨੌਕਰੀ ਸੀ। ਆਇਆ ਤਾਂ ਸਿਰਫ ਮਿਲਣ ਵਾਸਤੇ ਹੀ ਸੀ।"

"ਕਿਤੇ ਘੁੰਮਿਆ ਫਿਰਿਆ?"

"ਹਾਂ।"

"ਕੀ ਦੇਖਿਆ ਕੈਨੇਡਾ 'ਚ?"

"ਸੀ ਐੱਨ ਟਾਵਰ, ਨਿਆਗਰਾ ਫਾਲਜ਼।" ਆਖ ਕੇ ਕਰਨਵੀਰ ਰੁਕਿਆ ਤੇ ਫਿਰ ਬੋਲਿਆ, "ਸੈਂਟਰਲ ਆਈਲੈਂਡ, ਐਫਰੀਕਨ ਲਾਇਨ ਸਫਾਰੀ।" ਪਿੱਛੋਂ ਕਹੀਆਂ ਦੋਨੇ ਥਾਵਾਂ ਕਰਨਵੀਰ ਨੇ ਦੇਖੀਆਂ ਨਹੀਂ ਸਨ, ਚਿੱਟੀ ਨੇ ਉਸ ਨੂੰ ਇਹ ਨਾਂ ਯਾਦ ਕਰਵਾਏ ਸਨ। ਨਿਆਗਰਾ ਫਾਲਜ਼ ਦੇਖਣ ਲਈ ਉਸ ਨੇ ਜੀਤੀ ਨਾਲ ਜਾਣਾ ਸੀ ਪਰ ਇਸ ਦਾ ਸਮਾਂ ਹੀ ਨਹੀਂ ਸੀ ਮਿਲਿਆ।

"ਇਸ ਨੌਕਰੀ ਲਈ ਕਿਸੇ ਨੂੰ ਕੋਈ ਰਾਸ਼ੀ ਵੀ ਦਿੱਤੀ?"

ਕਰਨਵੀਰ ਨੂੰ ਲੱਗਾ ਕਿ ਫਸ ਗਿਆ ਸੀ ਪਰ ਉਸ ਨੇ ਆਪਣੇ ਆਪ 'ਤੇ ਕਾਬੂ ਪਾ ਕੇ ਕਿਹਾ, "ਉਹ ਕਿਸ ਲਈ?"

"ਮੈਂ ਤੈਨੂੰ ਪ੍ਰਸ਼ਨ ਪੁੱਛ ਰਿਹਾ ਹਾਂ। ਸਿੱਧਾ ਜਵਾਬ ਦੇ।"

"ਨਹੀਂ।"

"ਕੰਮ ਮਾਲਕ ਨੂੰ ਕਿਵੇਂ ਜਾਣਦੈਂ?"

"ਨਿੱਜੀ ਤੌਰ 'ਤੇ ਨਹੀਂ ਜਾਣਦਾ। ਨੌਕਰੀ ਵਾਸਤੇ ਇੰਟਰਵਿਊ ਦੇਣ ਮੌਕੇ ਹੀ ਮਿਲਿਆ ਹਾਂ।"

"ਠੀਕ ਹੈ। ਬੈਠ ਕੇ ਉਡੀਕ ਕਰ।" ਆਖ ਕੇ ਅਫਸਰ ਅੰਦਰ ਚਲਿਆ ਗਿਆ। ਉਡੀਕ ਦੇ ਉਹ ਪਲ ਕਰਨਵੀਰ ਨੂੰ ਪਹਾੜ ਜਿੱਡੇ ਲੱਗੇ ਸਨ। ਉਸ ਨੂੰ ਲੱਗਾ ਕਿ ਜਾਂ ਤਾਂ ਅਗਲੇ ਕੁਝ ਮਿੰਟਾਂ ਵਿਚ ਉਹ ਆਪਣੀ ਸਾਰੀ ਕਮਾਈ ਅਤੇ ਸਪੇਨ ਦੇ ਬੈਂਕ ਤੋਂ ਲਏ ਕਰਜ਼ੇ ਤੋਂ ਹੱਥ ਧੋ ਬੈਠੇਗਾ ਜਾਂ ਫਿਰ ਚਿੱਟੀ ਤੇ ਟਰੱਕ ਟਰੇਨਰ ਦਰਸ਼ਨ ਦੇ ਕਹਿਣ ਵਾਂਗ ਉਸ ਦੇ ਦੁੱਖ ਕੱਟੇ ਜਾਣਗੇ। ਦਸਾਂ ਮਿੰਟਾਂ ਬਾਅਦ ਜਦੋਂ ਅਫਸਰ ਨੇ ਕਿਹਾ, "ਫੀਸ ਜਮ੍ਹਾਂ ਕਰਾ ਕੇ ਆਪਣਾ ਵਰਕ ਪਰਮਿਟ ਲੈ ਲਾ।" ਕਰਨਵੀਰ ਨੂੰ ਜਿਵੇਂ ਆਪਣੇ ਕੰਨਾਂ 'ਤੇ ਯਕੀਨ ਨਾ ਆਇਆ ਹੋਵੇ। ਵਰਕ ਪਰਮਿਟ ਵਾਲਾ ਪੇਪਰ ਲੈ ਕੇ ਕਰਨਵੀਰ ਹੌਲਾ-ਫੁਲ ਹੋ ਗਿਆ। ਆਪਣੀ ਕਾਰ 'ਚ ਬੈਠਦਾ ਸ਼ਮਿੰਦਰ ਬੋਲਿਆ, "ਲੈ ਬਈ ਤਿਆਰ ਰਹੀਂ ਮੇਰਾ ਕੋਈ ਡਰਾਈਵਰ ਤੈਨੂੰ ਕਾਲ ਕਰੇਗਾ ਜਿਸ ਨਾਲ ਤੂੰ ਜਾਣਾ ਹੋਇਆ।"

"ਮੇਰੇ ਵੱਲੋਂ ਤਾਂ ਭਾਵੇਂ ਹੁਣੇ ਭੇਜ ਦੇਵੋ ਕਿਸੇ ਟਰੱਕ 'ਤੇ।" ਕਰਨਵੀਰ ਨੇ ਝੱਟ ਕਿਹਾ। ਸ਼ਮਿੰਦਰ ਨੇ ਸ਼ਾਇਦ ਇਹ ਸੁਣਿਆ ਵੀ ਨਾ ਹੋਵੇ। ਉਹ ਮੁੜ ਆਪਣੇ ਫੋਨ 'ਤੇ ਕਿਸੇ ਨਾਲ ਗੱਲ ਕਰਨ ਲੱਗਾ। ਕਰਨਵੀਰ ਆਪਣੇ ਰਹਿਣ ਦੇ ਬੰਦੋਬਸਤ ਬਾਰੇ ਗੱਲ ਕਰਨੀ ਚਾਹੁੰਦਾ ਸੀ ਪਰ ਸ਼ਮਿੰਦਰ ਨੇ ਉਸ ਨੂੰ ਵਾਪਸ ਆਉਂਦਿਆਂ ਇਸ ਦਾ ਮੌਕਾ ਹੀ ਨਾ ਦਿੱਤਾ। ਦਫ਼ਤਰ ਵਿਚ ਪਹੁੰਚ ਕੇ ਕਰਨਵੀਰ ਨੇ ਉੱਥੇ ਡੱਠੇ ਸੋਫੇ ਵੱਲ ਇਸ਼ਾਰਾ ਕਰ ਕੇ ਪੁੱਛ ਹੀ ਲਿਆ, "ਸਰ, ਜਿੰਨੀ ਦੇਰ ਮੇਰਾ ਕਿਤੇ ਰਹਿਣ ਦਾ ਪ੍ਰਬੰਧ ਨਹੀਂ ਹੋ ਜਾਂਦਾ, ਮੈਂ ਇਸ ਸੋਫੇ 'ਤੇ ਹੀ ਸੌਂ ਜਾਇਆ ਕਰਾਂ।"

"ਇਹ ਦਫ਼ਤਰ ਇਆ। ਰਹਿਣ ਦੀ ਜ਼ਿੰਮੇਵਾਰੀ ਸਾਡੀ ਨੀ। ਜੇ ਕੋਈ ਰਿਸ਼ਤੇਦਾਰ ਹੈਨੀ ਤਾਂ ਮੋਟਲ ਦੱਸ ਕਿਹੜੇ 'ਚ ਛੱਡ ਕੇ ਆਵਾਂ? ਏਨਾ ਕੁ ਮੈਂ ਕਰ ਸਕਦਾ ਇਆਂ।"

ਤੇ ਕਰਨਵੀਰ ਨੇ ਸਰੀ ਮੋਟਲ ਦਾ ਨਾਂ ਲੈ ਦਿੱਤਾ। ਟਰਾਂਟੋ ਏਅਰਪੋਰਟ 'ਤੇ ਬੈਠਿਆਂ ਉਹ ਆਪਣੇ ਫੋਨ 'ਤੇ ਸਰੀ ਵਿਚ ਸਭ ਤੋਂ ਸਸਤੇ ਮੋਟਲ ਦੀ ਤਲਾਸ਼ ਕਰਦਾ ਰਿਹਾ ਸੀ।

---

ਜਦ ਕਰਨਵੀਰ ਦੀ ਅੱਖ ਖੁੱਲ੍ਹੀ, ਉਸ ਦੀ ਨਿਗ੍ਹਾ ਬੈੱਡ ਦੇ ਨਾਲ ਪਏ ਸਟੂਲ ਉਪਰ ਪਈ ਘੜੀ ਦੇ ਨੌਂ ਵਜਾਉਂਦੇ ਲਾਲ ਹਿੰਦਸਿਆਂ 'ਤੇ ਪਈ ਤਾਂ ਉਸ ਨੇ ਛੇਤੀ ਨਾ਼ਲ ਚਾਰਜ 'ਤੇ ਲਾਏ ਆਪਣੇ ਫੋਨ ਨੂੰ ਚੁੱਕ ਕੇ ਦੇਖਿਆ। ਉਸ ਨੂੰ ਲੱਗਾ ਕਿ ਕਿਤੇ ਉਸ ਨੇ ਕਾਲ ਮਿੱਸ ਨਾ ਕਰ ਦਿੱਤੀ ਹੋਵੇ ਪਰ ਕੋਈ ਕਾਲ ਨਹੀਂ ਸੀ ਆਈ ਹੋਈ। ਕਰਨਵੀਰ ਝੱਟ ਬਿਸਤਰੇ 'ਚੋਂ ਨਿਕਲਿਆ ਅਤੇ ਕਮਰੇ ਨਾ਼ਲ ਜੁੜੇ ਗ਼ੁਸਲਖਾਨੇ ਵਿਚ ਵੜ ਗਿਆ। ਰਾਤ ਪਹਿਲਾਂ ਜਦੋਂ ਉਹ ਸਰੀ ਮੋਟਲ ਦੇ ਇਸ ਗ਼ੁਸਲਖਾਨੇ ਵਿਚ ਨਹਾਉਣ ਦੇ ਇਰਾਦੇ ਨਾ਼ਲ ਵੜਿਆ ਸੀ ਤਾਂ ਉੱਥੋਂ ਆਉਂਦੀ ਕੱਚੇ ਮਾਸ ਵਰਗੀ ਗੰਧ ਨੂੰ ਮਹਿਸੂਸ ਕਰ ਕੇ ਉਸ ਨੇ ਆਪਣਾ ਇਰਾਦਾ ਬਦਲ ਲਿਆ ਸੀ। ਟੱਬ ਅਤੇ ਸਿੰਕ ਦੁਆਲੇ ਲਿੱਪੀ ਸਿਲੀਕੋਨ 'ਤੇ ਕਾਲੇ ਧੱਬਿਆਂ ਵੱਲ ਦੇਖ ਕੇ ਉਸ ਨੂੰ ਕਚਿਆਣ ਆਈ। ਫਰਸ਼ ਦੀਆਂ ਟੁੱਟੀਆਂ ਟਾਈਲਾਂ ਦੇਖ ਕੇ ਉਸ ਨੇ ਇਕ ਵਾਰ ਤਾਂ ਸੋਚਿਆ ਕਿ ਕਿਸੇ ਹੋਰ ਮੋਟਲ ਵਿਚ ਚਲਿਆ ਜਾਵੇ ਪਰ ਆਪਣੀ ਜੇਬ 'ਚ ਬਚੇ ਕੁਝ ਹੀ ਨੋਟਾਂ ਬਾਰੇ ਸੋਚ ਕੇ ਉਸ ਨੇ ਆਪਣਾ ਇਰਾਦਾ ਬਦਲ ਲਿਆ। ਹੁਣ ਵੀ ਉਸ ਨੇ ਗ਼ੁਸਲਖਾਨੇ ਦੀ ਬੱਤੀ ਜਗਾਏ ਤੋਂ ਬਿਨਾਂ ਹੀ ਅੱਖਾਂ ਮੀਚੀ ਦੰਦਾਂ 'ਤੇ ਬੁਰਸ਼ ਕੀਤਾ ਅਤੇ ਉਸੇ ਤਰ੍ਹਾਂ ਹੀ ਨਹਾ ਕੇ ਛੇਤੀ ਛੇਤੀ ਗ਼ੁਸਲਖਾਨੇ ਵਿਚੋਂ ਬਾਹਰ ਆ ਗਿਆ। ਉਸ ਨੇ ਸੋਚਿਆ ਕਿ ਟਰੱਕ 'ਤੇ ਜਾਣ ਵੇਲੇ ਆਪਣੇ ਨਾ਼ਲ ਕੀ ਲੈ ਕੇ ਜਾਵੇ। ਛੋਟਾ ਅਟੈਚੀ ਤੇ ਪਿੱਠੂ? ਦੋਨੋਂ ਹੀ ਜਾਂ ਕੁਝ ਕੱਪੜੇ ਅਟੈਚੀ ਵਿਚੋਂ ਕੱਢ ਕੇ ਪਿੱਠੂ ਵਿਚ ਪਾ ਲਵੇ? ਕੁਝ ਪਲ ਉਸ ਨੂੰ ਪਤਾ ਨਾ ਲੱਗਾ। ਫਿਰ ਉਸ ਨੇ ਦੋ-ਤਿੰਨ ਕੱਛੇ ਬੁਨੈਣਾਂ, ਸਵਿਟ ਪੈਂਟ ਤੇ ਟੀ ਸ਼ਰਟ ਅਟੈਚੀ ਵਿਚੋਂ ਕੱਢ ਕੇ ਪਿੱਠੂ ਵਿਚ ਪਾ ਲਏ।

ਫਿਰ ਉਸ ਨੂੰ ਰਸਤੇ ਵਿਚ ਖਾਣ-ਪੀਣ ਦੇ ਸਮਾਨ ਬਾਰੇ ਖਿਆਲ ਆਇਆ। ਉਸ ਨੇ ਸੁਣ ਰੱਖਿਆ ਸੀ ਕਿ ਡਰਾਈਵਰ ਪੰਜ-ਸੱਤ ਦਿਨਾਂ ਦੀਆਂ ਰੋਟੀਆਂ ਅਤੇ ਦਾ਼ਲਾਂ ਸਬਜ਼ੀਆਂ ਬਣਾ ਕੇ ਆਪਣੇ ਨਾਲ ਲੈ ਜਾਂਦੇ ਹਨ ਅਤੇ ਰਾਹ ਵਿਚ ਗਰਮ ਕਰ ਕੇ ਖਾ ਲੈਂਦੇ ਹਨ। 'ਰੋਟੀਆਂ ਕਿੱਥੇ ਬਣਾਵਾਂ ਹੁਣ? ਚੱਲ ਡਰਾਈਵਰ ਆਪਣਾ ਬੰਦਾ ਹੀ ਹੋਵੇਗਾ। ਉਸ ਨਾ਼ਲ ਹੀ ਰਲ ਮਿਲ ਕੇ ਪਹਿਲੇ ਗੇੜੇ ਸਾਰ ਲਵਾਂਗਾ।' ਉਸ ਨੇ ਸੋਚਿਆ। ਫਿਰ ਉਸ ਨੇ ਪਿੱਠੂ ਵਿਚੋਂ ਟਰਾਂਟੋ ਤੋਂ ਨਾ਼ਲ ਲਿਆਂਦੀਆਂ ਕੁੱਕੀਆਂ ਅਤੇ ਪਿੰਨੀਆਂ ਵਾਲੇ ਮੋਮੀ ਲਿਫ਼ਾਫ਼ੇ ਨੂੰ ਬਾਹਰ ਕੱਢਿਆ ਅਤੇ ਇਕ ਪਿੰਨੀ ਖਾ ਲਈ। ਲਿਫ਼ਾਫ਼ੇ ਨੂੰ ਪਿੱਠੂ ਵਿਚ ਰੱਖ ਕੇ ਉਸ ਨੂੰ ਵੱਡੇ ਅਟੈਚੀ ਉੱਤੇ ਰੱਖਿਆ ਜਿਸ ਵਿਚ ਕੰਬਲ ਤੇ ਹੋਰ ਇਸ ਤਰ੍ਹਾਂ ਦਾ ਨਿੱਕ ਸੁਕ ਸੀ, ਤੇ ਬੋਲਿਆ, "ਲੈ ਹੁਣ ਜਦੋਂ ਮਰਜ਼ੀ ਕਾਲ

***(ਬਾਕੀ ਅਗਲੇ ਸਫੇ 'ਤੇ)***

# ਕਿਰਾਏ 'ਤੇ ਜ਼ਿੰਦਗੀ

ਗੱਲਾਂ ਦੋਵੇਂ ਹੀ ਔਖੀਆਂ ਹਨ- ਕਿਰਾਏ 'ਤੇ ਰਹਿਣਾ ਵੀ, ਤੇ ਕਿਰਾਏਦਾਰ ਰੱਖਣਾ ਵੀ...।

ਕਿਰਾਏਦਾਰ ਦੀ ਜ਼ਿੰਦਗੀ ਅਧੀਨਗੀ ਵਾਲੀ ਹੁੰਦੀ ਹੈ। ਕਿਰਾਏਦਾਰ ਦੋ ਨੰਬਰ ਦਾ ਨਾਗਰਿਕ ਹੁੰਦਾ। ਤੁਸੀਂ ਓਨੀ ਦੇਰ ਹੀ ਕਿਰਾਏ ਦੇ ਮਕਾਨ ਵਿਚ ਰਹਿ ਸਕਦੇ ਹੋ ਜਿੰਨੀ ਦੇਰ ਤੱਕ ਤੁਹਾਡੀ ਸੁਰ ਮਕਾਨ ਮਾਲਕ ਨਾਲ ਮਿਲਦੀ ਹੈ।

**ਜਸਬੀਰ ਢੰਡ**
ਫੋਨ: +91-94172-87399

ਕਿਰਾਏ 'ਤੇ ਮਕਾਨ ਪੁੱਛਣ ਜਾਓ ਤਾਂ ਮਾਲਕ ਸ਼ੱਕ ਦੀ ਨਿਗਾਹ ਨਾਲ ਇੰਝ ਦੇਖੇਗਾ ਜਿਵੇਂ ਤੁਸੀਂ ਕੋਈ ਚੋਰ-ਉਚੱਕੇ ਹੋਵੋ!

"ਪਹਿਲਾਂ ਕਿੱਥੇ ਰਹਿੰਦੇ ਸੀ? ਉਹ ਮਕਾਨ ਕਿਉਂ ਛੱਡ ਦਿੱਤਾ? ਬੱਚੇ ਕਿੰਨੇ ਹਨ? ਤਨਖਾਹ ਕਿੰਨੀ ਹੈ? ਰਾਤ ਨੂੰ ਕਿੰਨੇ ਵਜੇ ਘਰੇ ਵੜਦੇ ਹੋ? ਨੌਂ ਵਜੇ ਤੋਂ ਬਾਅਦ ਗੇਟ ਨਹੀਂ ਖੁੱਲ੍ਹੇਗਾ...।" ਰਿਮਾਂਡ 'ਤੇ ਲਏ ਮੁਜਰਿਮ ਤੋਂ ਪੁਲਿਸ ਇੰਨੇ ਸਵਾਲ ਨਹੀਂ ਪੁੱਛਦੀ ਹੋਣੀ ਜਿੰਨੇ ਮਾਲਕ ਮਕਾਨ ਕਿਰਾਏਦਾਰ ਤੋਂ ਪੁੱਛਦਾ ਹੈ।

ਤੇ ਫਿਰ ਸ਼ਰਤਾਂ ਦੀ ਲੰਮੀ ਲਿਸਟ: "ਇੰਝ ਨਹੀਂ ਕਰਨਾ... ਉਂਝ ਨਹੀਂ ਕਰਨਾ...।"

ਦੂਜੇ ਪਾਸੇ, ਕਿਰਾਏਦਾਰਾਂ ਦੇ ਕਿੱਸੇ ਵੀ ਬਥੇਰੇ ਦੇਖੇ ਸੁਣੇ ਹਨ ਜਦੋਂ ਉਹ ਕਿਰਾਇਆ ਦੇਣ ਦਾ ਨਾਉਂ ਨਹੀਂ ਲੈਂਦੇ, ਮਕਾਨ ਦਾ ਸੱਤਿਆਨਾਸ ਮਾਰ ਦਿੰਦੇ ਹਨ, ਮਕਾਨ ਦੱਬ ਲੈਂਦੇ ਹਨ। ਮਕਾਨ ਮਾਲਕ ਵਰ੍ਹਿਆਂ ਬੱਧੀ ਕੋਰਟਾਂ-ਕਚਹਿਰੀਆਂ ਵਿਚ ਖੱਜਲ-ਖੁਆਰ ਹੁੰਦੇ ਫਿਰਦੇ ਹਨ।

...ਤੇ ਅਜਿਹੇ ਮਕਾਨ ਮਾਲਕ ਵੀ ਦੇਖੇ ਹਨ ਜੋ ਕਿਰਾਇਆ ਨਾ ਦੇਣ 'ਤੇ, ਜਾਂ ਮਕਾਨ ਖਾਲੀ ਨਾ ਕਰਨ 'ਤੇ ਭਾਂਡੇ ਚਲਾ ਕੇ ਗਲੀ ਵਿਚ ਮਾਰਦੇ ਹਨ, ਜਾਂ ਭਾੜੇ ਦੇ ਗੁੰਡਿਆਂ ਤੋਂ ਕੁਟਾਪਾ ਚਾੜ੍ਹ ਕੇ ਮਕਾਨ ਖਾਲੀ ਕਰਵਾ ਲੈਂਦੇ ਹਨ।

ਮੈਂ ਚੁਤਾਲੀ ਸਾਲ ਦੀ ਉਮਰ ਤੱਕ ਕਿਰਾਏ ਦੇ ਮਕਾਨਾਂ ਵਿਚ ਜ਼ਿੰਦਗੀ ਗੁਜ਼ਾਰੀ ਹੈ। ਬਹੁਤ ਸਾਰੇ ਖੱਟੇ-ਮਿੱਠੇ, ਕੌੜੇ-ਕੁਸੈਲੇ ਅਨੁਭਵ ਹੱਡੀਂ ਹੰਢਾਏ ਹਨ। ਇਕੱਲਾ ਕਮਾਉਣ ਵਾਲਾ, ਤਨਖਾਹ ਥੋੜ੍ਹੀ, ਪਤਨੀ ਤੇ ਦੋ ਬੱਚੇ। ਉਪਰੋਂ ਬਾਪ ਦੀ ਕਬੀਲਦਾਰੀ, ਸੱਤ ਭੈਣ-ਭਰਾ। ਹਰ ਦੂਜੇ ਤੀਜੇ ਸਾਲ ਕਿਸੇ ਭੈਣ ਜਾਂ ਭਰਾ ਦੇ ਵਿਆਹ ਲਈ ਬਣਦਾ ਹਿੱਸਾ ਪਾਉਣਾ। ਬਾਪ ਤਾਂ ਦੋ ਵਿਆਹ ਕਰ ਕੇ ਹਾਰ ਗਿਆ ਸੀ। ਉੱਪਰੋਂ ਉਸ ਦੀ ਟੀ.ਬੀ. ਦੀ ਨਾ-ਮੁਰਾਦ ਬਿਮਾਰੀ ਦਾ ਖਰਚ। 1933 ਦਾ ਮੈਟ੍ਰਿਕੁਲੇਟ ਬਾਪ (ਜਦੋਂ ਦਸਵੀਂ ਪਾਸ ਨਾਇਬ ਤਹਿਸੀਲ ਲੱਗ ਜਾਂਦੇ ਸਨ) ਵੱਡੀ ਕਬੀਲਦਾਰੀ ਦਾ ਭੰਨਿਆ ਸਾਰੀ ਉਮਰ ਆਪਣਾ ਮਕਾਨ ਨਾ ਬਣਾ ਸਕਿਆ।

ਉਦੋਂ ਮੇਰਾ ਵਿਆਹ ਨਹੀਂ ਹੋਇਆ ਸੀ। ਟੱਬਰ ਸਾਂਝਾ ਸੀ। ਬੰਦ ਗਲੀ ਵਾਲੇ ਮਕਾਨ ਵਿਚ ਮਕਾਨ ਮਾਲਕ ਦਾ ਭਣੋਈਆ ਫੌਜ ਵਿਚੋਂ ਸੇਵਾ ਮੁਕਤ ਹੋ ਕੇ ਆ ਗਿਆ ਸੀ। ਸਾਨੂੰ ਮਕਾਨ ਖਾਲੀ ਕਰਨ ਲਈ ਆਖ ਦਿੱਤਾ ਗਿਆ। ਨਾਲ ਵਾਲੀ ਗਲੀ ਵਿਚ ਕਿਸੇ ਖਾਲੀ ਮਕਾਨ ਦੀ ਦੱਸ ਪਈ। ਬੁੱਢਾ ਤੇ ਬੁੱਢੀ ਸੀ ਬੇ-ਔਲਾਦ। ਮਕਾਨ ਵਿਚ ਆਪ ਰਹਿੰਦੇ ਸਨ। ਇੱਕ ਪੋਰਸ਼ਨ ਸੀ- ਦੋ ਕਮਰੇ, ਰਸੋਈ ਤੇ ਸਾਂਝਾ ਗੁਸਲਖਾਨਾ ਮੰਨ ਗਏ ਕਿਰਾਏ 'ਤੇ ਦੇਣ ਲਈ। ਕਿਰਾਇਆ ਤੇ ਹੋਰ ਸ਼ਰਤਾਂ ਵੀ ਖੋਲ੍ਹ ਲਈਆਂ। ਕਹਿੰਦੇ- ਅੱਜ ਸਾਫ਼-ਸਫ਼ਾਈ ਕਰ ਲਓ, ਭਲਕੇ ਸਮਾਨ ਧਰ ਲੈਣਾ। ਮੈਂ, ਮਾਂ, ਭੈਣ ਤੇ ਛੋਟੇ ਭਰਾ ਨੇ ਰਲ਼ ਕੇ ਸਾਰੀਆਂ ਕੰਧਾਂ ਤੋਂ ਜਾਲ਼ੇ ਲਾਹੇ। ਨਲ਼ਕੇ ਤੋਂ ਬਾਲਟੀਆਂ ਭਰ ਭਰ ਇੱਟਾਂ ਵਾਲੇ ਫਰਸ਼ ਧੋਤੇ। ਗੱਲ ਮੁਕਾਓ, ਸਾਰੀ ਸਾਫ਼-ਸਫ਼ਾਈ ਕਰ ਕੇ ਰਾਤ ਨੂੰ ਥੱਕ ਟੁੱਟ ਕੇ ਪੈ ਗਏ। ਅਗਲੇ ਦਿਨ ਜਦੋਂ ਪੁੱਛਣ ਗਏ ਬਈ ਸਮਾਨ ਲੈ ਆਈਏ ਤਾਂ ਬੁੱਢਾ ਮੁੱਕਰ ਗਿਆ! "ਨਹੀਂ ਦੇਣਾ ਅਸੀਂ ਮਕਾਨ!"

ਮਕਾਨ ਨਾ ਦੇਣ ਦਾ ਕਾਰਨ ਪੁੱਛਿਆ ਤਾਂ ਰੁੱਖਾ ਜਿਹਾ ਬੋਲਿਆ, "ਕਾਰਨ ਕੀ? ਬੱਸ ਕਹਿ ਦਿੱਤਾ ਬਈ ਨਹੀਂ ਦੇਣਾ, ਕੋਈ ਜ਼ਬਰਦਸਤੀ ਐ?"

ਇੰਨੀ ਬੇਇਜ਼ਤੀ! ਇੰਨੀ ਜ਼ਿੱਲਤ!!

ਉਦੋਂ ਭੋਲੇ ਦੇ ਮਕਾਨ ਵਿਚ ਰਹਿੰਦਾ ਸਾਂ। ਇੱਕ ਕਮਰਾ, ਨਾਲ ਨਿੱਕੀ ਜਿਹੀ ਰਸੋਈ, ਪਰਲੇ ਖੂੰਜੇ ਵਿਚ ਬੋਰ ਵਾਲੀ ਲੈਟਰੀਨ। ਕੱਚੇ ਵਿਹੜੇ ਵਿਚ ਉਹਨਾਂ ਦੀ ਮੱਝ ਬੰਨ੍ਹੀ ਹੁੰਦੀ। ਨਾਲ ਹੀ ਰੂੜੀ ਲੱਗੀ ਹੁੰਦੀ। ਕਈ ਵਾਰ ਕੋਲੋਂ ਲੰਘਦਿਆਂ ਮੱਝ ਨੇ ਗੋਹ ਤੇ ਮੂਤ ਨਾਲ ਲਿੱਬੜੀ ਪੂਛ ਮਾਰ ਕੇ ਧੋਤੇ ਕੱਪੜਿਆਂ 'ਤੇ ਚਿੱਤਰਕਾਰੀ ਕਰ ਦੇਣੀ। ਨਾਲ ਵਾਲੇ ਕਮਰੇ ਵਿਚ ਉਹਨਾਂ ਤੂੜੀ ਪਾਈ ਹੋਈ ਸੀ। ਹਵਾ ਚੱਲਦੀ ਤਾਂ ਬਰੀਕ ਰੀਣ ਹਵਾ ਵਿਚ ਉੱਡੀ ਫਿਰਦੀ ਅੱਖਾਂ ਵਿਚ ਵੀ ਪੈ ਜਾਂਦੀ ਤੇ ਸਮਾਨ 'ਤੇ ਵੀ।

ਮੁਹੱਲੇ 'ਚ ਵਿਆਹ ਸੀ। ਸਜੀਆਂ ਫੱਬੀਆਂ ਤ੍ਰੀਮਤਾਂ ਸਿਰ 'ਤੇ ਪਰਾਤ ਚੁੱਕੀ ਭਾਜੀ ਘਰੋ-ਘਰ ਵੰਡਦੀਆਂ ਫਿਰ ਰਹੀਆਂ ਸਨ, ਬਾਰ ਮੂਹਰੇ ਆ ਕੇ ਰੁਕ ਗਈਆਂ:

"ਕੁੜੇ ਆਹ ਘਰ?"

"ਨਹੀਂ... ਨਹੀਂ... ਅਗਾਂਹ ਚੱਲੋ! ਇਹ ਤਾਂ ਕਿਰਾਏਦਾਰ ਐ।"

ਸਕੂਲੋਂ ਛੁੱਟੀ ਹੋਣ 'ਤੇ ਜਦੋਂ ਘਰ ਆਇਆ ਤਾਂ ਪਤਨੀ ਹੁਬਕੀਂ ਰੋ ਰਹੀ ਸੀ।

ਸਕੂਲ ਦੀ ਨੁੱਕਰ ਵਾਲਾ ਮਕਾਨ ਬੁਢਲਾਡੇ ਦੇ ਇੱਕ ਆਰੇ ਵਾਲੇ ਦਾ ਸੀ। ਉਸ ਦੀ ਸ਼ਰਤ ਸੀ ਕਿ ਕਿਰਾਇਆ ਆਪ ਬੁਢਲਾਡੇ ਦੇ ਕੇ ਜਾਣਾ ਹੈ। ਛੋਟੀ ਭੈਣ ਦਾ ਵਿਆਹ ਸੀ। ਉਸ ਮਹੀਨੇ ਕਿਰਾਇਆ ਦੇਣ ਨਾ ਜਾ ਹੋਇਆ। ਜਦੋਂ ਬਾਪ ਨੇ ਅਗਲੇ ਮਹੀਨੇ ਮੈਨੂੰ ਦੋ ਮਹੀਨੇ ਦਾ ਕਿਰਾਇਆ ਦੇਣ ਬੁਢਲਾਡੇ ਭੇਜਿਆ ਤਾਂ ਆਰੇ ਵਾਲਾ ਲੋਹਾ ਲਾਖਾ ਹੋਇਆ ਬੈਠਾ ਸੀ- "ਪਿਛਲੇ ਮਹੀਨੇ ਕਿਉਂ ਨਹੀਂ ਦੇਣ ਆਏ ਕਿਰਾਇਆ?"

ਮੈਂ ਦੱਸਿਆ ਕਿ ਭੈਣ ਦਾ ਵਿਆਹ ਸੀ। "ਲੈ ਜਾ ਮੋੜ ਕੇ... ਕਹਿ ਦੇਈਂ ਆਪਣੇ ਬਾਪ ਨੂੰ ਹੋਰ ਮਕਾਨ ਲੱਭ ਲਵੇ।" ਮੈਂ ਨਿੰਮੋਝੂਣਾ ਜਿਹਾ ਹੋਇਆ, ਨਾ ਖੜ੍ਹਨ ਜੋਗਾ, ਨਾ ਮੁੜਨ ਜੋਗਾ। ਪੈਰ ਘੜੀਸਦਾ ਗੇਟ ਵੱਲ ਤੁਰਿਆ ਤਾਂ ਪਿੱਛੋਂ ਆਵਾਜ਼ ਆਈ, "ਆਹ ਜਿਹੜਾ ਲੈ ਕੇ ਆਇਐਂ, ਇਹ ਤਾਂ ਫੜਾ ਜਾ...।" ਕਿਰਾਇਆ ਫੜਾ ਦਿੱਤਾ ਤੇ ਮਣ-ਮਣ ਦੇ ਪੈਰ ਘੜੀਸਦਾ ਬਸ ਚੜ੍ਹ ਆਇਆ।

ਤੇ ਫੇਰ ਨਵੇਂ ਮਕਾਨ ਦੀ ਤਲਾਸ਼ ਸ਼ੁਰੂ ਹੋ ਗਈ।

---

> ***ਜੀਤੀ ਨੇ ਦੱਸਿਆ, "ਉਹਦਾ ਇਕਦਮ ਹੀ ਐਟੀਚਿਊਡ ਬਦਲ ਗਿਆ। ਪਹਿਲਾਂ ਕਦੇ ਵੀ ਉਸ ਨੇ ਐਸੀ-ਵੈਸੀ ਗੱਲ ਨਹੀਂ ਸੀ ਕੀਤੀ। ਮੈਨੂੰ ਲਗਦੈ, ਉਹਨੂੰ ਲੱਗਾ ਕਿ ਜਿਹੜੀ ਬੁਆਏ ਫ੍ਰੈਂਡ ਬਣਾ ਕੇ ਰੱਖਦੀ ਐ, ਚਾਲੂ ਹੋਵੇਗੀ। ਜ਼ਿਆਦਾ ਹੀ ਪਿਆਰ ਜਿਹਾ ਦਿਖਾਈ ਜਾਵੇ। ਕਹਿੰਦਾ ਕਿਸੇ ਦਿਨ ਘੁੰਮਣ ਚੱਲਾਂਗੇ। ਅਗਲੇ ਦਿਨ ਪਿੱਛੋਂ ਮੇਰੇ ਦੁਆਲੇ ਬਾਹਾਂ ਵਲ ਕੇ ਕਹਿੰਦਾ, 'ਆਈ ਲਵ ਯੂ'। ਮੈਨੂੰ ਸਮਝ ਹੀ ਨਾ ਲੱਗੇ ਕਿ ਕੀ ਹੋ ਗਿਆ। ਉਸ ਦੀਆਂ ਬਾਹਾਂ 'ਚੋਂ ਨਿਕਲ ਕੇ ਮੈਂ ਘਰ ਆਉਣ ਲੱਗੀ ਤਾਂ ਮਿੰਨਤਾਂ ਕੱਢਣ ਲੱਗ ਪਿਆ ਕਿ ਕਿਸੇ ਨੂੰ ਦੱਸਾਂ ਨਾ।***

ਆ ਜੇ।" ਫਿਰ ਉਸ ਦੇ ਚਿੱਤ 'ਚ ਆਈ ਕਿ ਵੱਡੇ ਅਟੈਚੀ ਨੂੰ ਕਿੱਥੇ ਰੱਖੇਗਾ? 'ਚੱਲ ਜਦੋਂ ਡਰਾਈਵਰ ਦਾ ਫੋਨ ਆਇਆ, ਉਸੇ ਤੋਂ ਹੀ ਪੁੱਛ ਲਵਾਂਗਾ। ਆਪਣਾ ਬੰਦਾ ਹੀ ਹੋਵੇਗਾ। ਐਨੀ ਮਦਦ ਤਾਂ ਕਰ ਹੀ ਦੇਵੇਗਾ', ਸੋਚ ਕੇ ਕਰਨਵੀਰ ਨੇ ਮੁੜ ਫੋਨ ਵੱਲ ਦੇਖਿਆ ਅਤੇ ਫਿਰ ਆਪਣੀ ਜਾਇਦਾਦ ਦੇ ਤਿੰਨਾਂ ਨਗਾਂ 'ਤੇ ਨਿਗ੍ਹਾ ਮਾਰ ਕੇ ਕਮਰੇ ਵਿਚੋਂ ਬਾਹਰ ਨਿਕਲ ਗਿਆ।

ਮੋਟਲ ਦੀ ਲਾਬੀ ਵਿਚ ਕੌਫ਼ੀ ਮਸ਼ੀਨ ਪਈ ਸੀ ਪਰ ਉੱਥੋਂ ਕੌਫ਼ੀ ਪੀਣ ਲਈ ਉਸ ਦਾ ਮਨ ਨਾ ਕੀਤਾ। ਮੋਟਲ ਵਿਚੋਂ ਬਾਹਰ ਆ ਕੇ ਉਸ ਨੇ ਭਰਵਾਂ ਸਾਹ ਲਿਆ ਅਤੇ ਨਾਸ਼ਤਾ ਕਰਨ ਲਈ ਕੋਈ ਰੈਸਟੋਰੈਂਟ ਲੱਭਣ ਲਈ ਆਪਣੇ ਫੋਨ ਵੱਲ ਦੇਖਣ ਲੱਗਾ। ਮੈਕਡੌਨਲਡ ਰੈਸਟੋਰੈਂਟ ਨੇੜੇ ਹੀ ਸੀ। ਉਹ ਉੱਥੇ ਜਾਣ ਲਈ ਪੈਦਲ ਤੁਰ ਪਿਆ। ਕੌਫ਼ੀ, ਇੰਗ ਮੈਕਮਫਨ ਤੇ ਹੈਸ਼ ਬਰਾਊਨ ਲੈ ਕੇ ਉਹ ਇਕ ਕੋਨੇ ਵਿਚ ਬੈਠ ਗਿਆ। 'ਮੋਟਲ ਵਿਚ ਬੈਠ ਕੇ ਕਾਲ ਉਡੀਕਣ ਨਾਲੋਂ ਇੱਥੇ ਬੈਠ ਕੇ ਉਡੀਕਣਾ ਬਿਹਤਰ ਹੈ', ਉਸ ਨੇ ਸੋਚਿਆ। 'ਪਤਾ ਨਹੀਂ ਕਦੋਂ ਕਾਲ ਆਵੇ?' ਉਸ ਦੇ ਚਿੱਤ 'ਚ ਆਈ। ਉਹ ਸ਼ਮਿੰਦਰ ਦੇ ਬੋਲਾਂ ਨੂੰ ਰਿੜਕਣ ਲੱਗਾ। ਉਸ ਨੇ ਕਿਹਾ ਸੀ, "ਕਿਸੇ ਵੇਲੇ ਵੀ ਕਾਲ ਆ ਸਕਦੀ ਇਆ---।" 'ਇਸ ਦਾ ਮਤਲਬ ਤਾਂ ਅੱਜ ਹੀ ਕਾਲ ਆਊ, ਨਹੀਂ ਤਾਂ ਉਸ ਨੇ ਕਹਿਣਾ ਸੀ ਕਿ ਕਿਸੇ ਦਿਨ ਵੀ ਕਾਲ ਆ ਸਕਦੀ ਏ। ਤੇ ਜਿੰਨਾ ਚਿਰ ਕਾਲ ਨਹੀਂ ਆਉਂਦੀ, ਉਨਾ ਚਿਰ ਕੀ ਕਰੂੰ? ਉਡੀਕਦਾ ਹੀ ਰਹੂੰ? ਹੋ ਸਕਦਾ ਹੈ ਕਿ ਕਿਸੇ ਵੇਲੇ ਤੋਂ ਮਤਲਬ ਕਿਸੇ ਦਿਨ ਹੀ ਹੋਵੇ? ਤੇ ਫਿਰ ਮੈਂ ਐਨਾ ਚਿਰ ਇਸੇ ਸੜਿਆਂਦ ਮਾਰਦੇ ਖਸਤੇ ਤੇ ਸਸਤੇ ਮੋਟਲ ਵਿਚ ਰਹੂੰ? ਕਿਉਂ ਨਾ ਕੋਈ ਪੱਕਾ ਟਿਕਾਣਾ ਹੀ ਲੱਭ ਲਵਾਂ ਅੱਜ, ਨਾਲ਼ੇ ਵੱਡੇ ਅਟੈਚੀ ਦਾ ਫ਼ਿਕਰ ਮੁੱਕੂ, ਨਾਲ਼ੇ ਆਪਣੀ ਰੋਟੀ ਬਣਾ ਲਿਆ ਕਰਾਂਗਾ---।' ਇਨ੍ਹਾਂ ਸੋਚਾਂ ਵਿਚ ਖੁਭਿਆ ਹੀ ਉਹ ਨਾਸ਼ਤਾ ਕਰਦਾ ਰਿਹਾ। ਫਿਰ ਉਸ ਨੂੰ ਖਿਆਲ ਆਇਆ ਕਿ ਉਹ ਕਿਸੇ ਗੁਰਦੁਆਰੇ ਜਾਵੇ। ਉਸ ਨੇ ਸੁਣ ਰੱਖਿਆ ਸੀ ਕਿ ਬ੍ਰੈਂਪਟਨ ਵਾਂਗ ਸਰੀ ਵਿਚ ਵੀ ਬਹੁਤ ਸਾਰੇ ਪੰਜਾਬੀ ਅੰਤਰ-ਰਾਸ਼ਟਰੀ ਵਿਦਿਆਰਥੀ ਗੁਰਦੁਆਰਿਆਂ ਵਿਚੋਂ ਲੰਗਰ ਛਕਦੇ ਹਨ। 'ਹੋ ਸਕਦਾ ਏ ਕਿ ਕੋਈ ਜਾਣ-ਪਛਾਣ ਵਾਲ਼ਾ ਮਿਲ ਜਾਵੇ। ਜੇ ਨਾ ਵੀ ਮਿਲਿਆ ਤਾਂ ਕੋਈ ਬੰਦੋਬਸਤ ਤਾਂ ਉੱਥੇ ਹੋ ਹੀ ਜਾਵੇਗਾ', ਇਹ ਸੋਚ ਕੇ ਉਹ ਆਪਣੇ ਫੋਨ 'ਤੇ ਸਰੀ ਦੇ ਗੁਰਦੁਆਰੇ ਲੱਭਣ ਲੱਗਾ। ਤੁਰ ਕੇ ਜਾਣ ਦੀ ਦੂਰੀ 'ਤੇ ਉਸ ਨੂੰ ਕੋਈ ਗੁਰਦੁਆਰਾ ਨਾ ਲੱਭਿਆ। ਫਿਰ ਉਹ ਨੇੜੇ ਵਾਲੇ ਗੁਰਦੁਆਰੇ ਤਕ ਅੱਪੜਨ ਲਈ ਬੱਸ ਰੂਟ ਦੇਖਣ ਲੱਗਾ। ਬੱਸ 'ਤੇ ਬਾਰਾਂ ਮਿੰਟ ਦੀ ਦੂਰੀ 'ਤੇ ਉਸ ਨੂੰ ਗੁਰੂ ਨਾਨਕ ਸਿੱਖ ਟੈਂਪਲ ਮਿਲ ਗਿਆ। ਉੱਥੇ ਜਾਣ ਲਈ ਉੱਠਣ ਤੋਂ ਪਹਿਲਾਂ ਫਿਰ ਉਸ ਦੇ ਦਿਮਾਗ਼ ਵਿਚ ਆ ਗਿਆ ਕਿ ਜੇ ਡਰਾਈਵਰ ਦਾ ਫੋਨ ਆ ਗਿਆ? ਪਰ ਅਗਲੇ ਹੀ ਪਲ ਉਸ ਨੇ ਇਹ ਡਰ ਝਟਕ ਦਿੱਤਾ। ਉਸ ਨੇ ਸੋਚਿਆ, 'ਡਰਾਈਵਰ ਦੋ-ਚਾਰ ਘੰਟੇ ਪਹਿਲਾਂ ਫੋਨ ਕਰੇਗਾ ਹੀ। ਜੇ ਨਾ ਵੀ ਏਨਾ ਪਹਿਲਾਂ ਕਰੇਗਾ ਤਾਂ ਫੇਰ ਵੀ ਕੋਈ ਚੱਕਰ ਨਹੀਂ। ਸਿੱਧਾ ਰਾਹ ਏ, ਝੱਟ ਵਾਪਸ ਆ ਜਾਵਾਂਗਾ।' ਰੈਸਟੋਰੈਂਟ ਵਿਚੋਂ ਬਾਹਰ ਨਿਕ਼ਲ ਕੇ ਉਹ ਦਿਸ਼ਾਵਾਂ ਦਾ ਅੰਦਾਜ਼ਾ ਲਾਉਂਦਾ ਹੋਇਆ ਕਿੰਗਜੌਰਜ ਬੁਲੇਵਰਡ ਅਤੇ 72 ਐਵੇਨਿਊ ਦੇ ਚੌਰਸਤੇ ਵੱਲ ਤੁਰ ਪਿਆ। ਬ੍ਰੈਂਪਟਨ ਵਿਚ ਪਿਛਲੇ ਤਿੰਨ-ਚਾਰ ਮਹੀਨੇ ਬਸਾਂ ਵਿਚ ਸਫ਼ਰ ਕਰਦਿਆਂ ਉਸ ਨੂੰ ਲੱਗਣ ਲੱਗਾ ਸੀ ਕਿ ਉਸ ਨੇ ਕੈਨੇਡਾ ਦੀ ਬੱਸ ਸਰਵਿਸ ਦਾ ਭੇਤ ਪਾ ਲਿਆ ਸੀ। ਝੱਟ ਹੀ ਬੱਸ ਆ ਗਈ। ਕਰਨਵੀਰ ਨੇ ਫੋਨ ਨੂੰ ਹੱਥ ਵਿਚ ਹੀ ਫੜੀ ਰੱਖਿਆ। ਬੱਸ ਦੇ ਸ਼ੋਰ ਵਿਚ ਉਹ ਕਾਲ ਨਹੀਂ ਸੀ ਖੁੰਝਾਉਣੀ ਚਾਹੁੰਦਾ। ਵੀਹਾਂ ਮਿੰਟਾਂ ਵਿਚ ਉਹ ਗੁਰਦੁਆਰੇ ਸੀ। ਉਸ ਨੂੰ ਹਾਲੇ ਭੁੱਖ ਨਹੀਂ ਸੀ, ਫਿਰ ਵੀ ਉਹ ਥਾਲੀ ਲੈ ਕੇ ਪਾੜ੍ਹੇ ਲੱਗਦੇ ਮੁੰਡਿਆਂ ਕੋਲ ਜਾ ਬੈਠਾ। ਬ੍ਰੈਂਪਟਨ ਦੇ ਗੁਰਦੁਆਰਿਆਂ ਵਿਚ ਵੀ ਉਹ ਕਿਸੇ ਨਾਲ ਨੇੜਤਾ ਬਣਾਉਣ ਲਈ ਇਹੀ ਤਰੀਕਾ ਵਰਤਦਾ ਰਿਹਾ ਸੀ। ਉਦੋਂ ਉਸ ਦੀ ਤਲਾਸ਼ ਵੱਖਰੀ ਸੀ। ਉਦੋਂ ਗੁੱਲੀ ਦੇ ਜੁਗਾੜ ਦੀ ਤਲਾਸ਼ ਸੀ ਤੇ ਹੁਣ ਨਾਲ ਕੁੱਲੀ ਦੀ ਵੀ। ਉੱਥੇ ਉਹ ਆਪਣਾ ਆਪ ਲੁਕੋ ਕੇ, ਸੰਭਲ ਕੇ ਅਗਲੇ ਨੂੰ ਜੋਹਦਾ ਸੀ। ਉਹ ਪਤਾ ਨਹੀਂ ਸੀ ਲੱਗਣ ਦੇਣਾ ਚਾਹੁੰਦਾ ਹੁੰਦਾ ਕਿ ਉਹ ਵਿਜ਼ਟਰ ਵੀਜ਼ੇ 'ਤੇ ਹੈ ਅਤੇ ਵਰਕ ਪਰਮਿਟ ਲੈਣ ਦੇ ਜੁਗਾੜ ਵਿਚ ਹੈ। ਇੱਥੇ ਉਸ ਨੂੰ ਆਪਣਾ ਆਪ ਲੁਕੋਣ ਦੀ ਲੋੜ ਨਹੀਂ ਸੀ। ਉਸ ਦਾ ਜੀਅ ਕਰਦਾ ਸੀ ਕਿ ਕੋਈ ਉਸ ਦੀ ਜਾਣ ਪਛਾਣ ਵਾਲਾ ਮਿਲੇ, ਆਸੇ-ਪਾਸੇ ਦੇ ਪਿੰਡੋਂ ਜਾਂ ਦੂਰੋਂ ਨੇੜਿਓਂ ਕੋਈ ਰਿਸ਼ਤੇਦਾਰ। ਜਿਨ੍ਹਾਂ ਕੋਲ ਉਹ ਬੈਠ ਕੇ ਲੰਗਰ ਛਕਣ ਲੱਗਾ ਸੀ, ਉਨ੍ਹਾਂ ਨੇ ਕੋਈ ਲੜ ਸਿਰਾ ਨਾ ਫੜਾਇਆ। 'ਇਹ ਵੀ ਓਪਰੇ ਬੰਦੇ ਤੋਂ ਆਪਣਾ ਆਪ ਲੁਕੋਂਦੇ ਹੋਣਗੇ', ਉਸ ਨੇ ਸੋਚਿਆ। ਮੁੰਡਿਆਂ ਨੇ ਬਾਹਰਲੀ ਕੰਧ ਵੱਲ ਇਸ਼ਾਰਾ ਕਰ ਦਿੱਤਾ ਜਿੱਥੇ ਕਿਰਾਏ 'ਤੇ ਦੇਣ ਲਈ ਬੇਸਮੈਂਟਾਂ ਦੇ ਇਸ਼ਤਿਹਾਰ ਚਿਪਕਾਏ ਹੋਏ ਸਨ। ਲੰਗਰ ਛਕ ਕੇ ਕਰਨਵੀਰ ਉਸ ਕੰਧ ਵੱਲ ਤੁਰ ਪਿਆ। ਉੱਥੋਂ ਨੰਬਰ ਲੈ ਕੇ ਦੋ-ਤਿੰਨ ਥਾਵਾਂ 'ਤੇ ਫੋਨ ਕੀਤੇ। ਐਡਰੈੱਸ ਲੈ ਲਏ। ਕਿਰਾਇਆ ਪੁੱਛ ਲਿਆ। ਕਿਰਾਏ ਬਾਰੇ ਸੁਣ ਕੇ ਉਸ ਨੂੰ ਲੱਗਾ ਕਿ ਉਹ ਇਕੱਲਾ ਐਨਾ ਕਿਰਾਇਆ ਨਹੀਂ ਦੇ ਸਕੇਗਾ। ਉਸ ਨੂੰ ਕਿਸੇ ਨਾਲ ਸਾਂਝੀ ਰਿਹਾਇਸ਼ ਕਰਨੀ ਪਵੇਗੀ। 'ਪਰ ਕਿਸ ਨਾ਼ਲ?' ਇਸ ਸਵਾਲ ਨੇ ਉਸ ਨੂੰ ਮੁੜ ਲੰਗਰ ਹਾਲ ਵੱਲ ਲੈ ਆਂਦਾ। ਉਹ ਪਾੜ੍ਹਿਆਂ ਦੀ ਤਲਾਸ਼ ਕਰਨ ਲੱਗਾ। ਉਹ ਮੁੰਡੇ ਅਠਾਰਾਂ-ਉੱਨੀਆਂ ਸਾਲਾਂ ਦੇ ਗੇੜ ਵਿਚ ਸਨ ਤੇ ਕਰਨਵੀਰ ਪੱਚੀਆਂ ਦਾ ਹੋ ਗਿਆ ਸੀ। ਜਿਸ ਨੂੰ ਵੀ ਕਰਨਵੀਰ ਮਿਲਦਾ, ਉਹ ਇਸ਼ਤਿਹਾਰਾਂ ਵਾਲੀ ਕੰਧ ਵੱਲ ਇਸ਼ਾਰਾ ਕਰ ਦਿੰਦਾ। ਕਰਨਵੀਰ ਮੁੜ ਕਿਸੇ ਨਾ ਕਿਸੇ ਬੇਸਮੈਂਟ ਲਈ ਫੋਨ ਕਰ ਦਿੰਦਾ। ਫਿਰ ਉਸ ਨੂੰ ਲੱਗਾ ਕਿ ਉਹ ਕੁਝ ਜ਼ਿਆਦਾ ਹੀ ਕਾਹਲੀ ਕਰ ਰਿਹਾ ਸੀ। ਉਸ ਨੂੰ ਤਾਂ ਹਾਲੇ ਇਹ ਵੀ ਨਹੀਂ ਸੀ ਪਤਾ ਕਿ ਕੰਮ ਕਿੱਥੋਂ ਸ਼ੁਰੂ ਕਰਨਾ ਹੋਇਆ ਕਰੇਗਾ ਤੇ ਕਿਸ ਪਾਸੇ ਬੇਸਮੈਂਟ ਲੱਭੇ। 'ਜਦੋਂ ਡਰਾਈਵਰ ਦਾ ਫੋਨ ਆਇਆ, ਉਸ ਤੋਂ ਜਾਣਕਾਰੀ ਲੈ ਕੇ ਫੇਰ ਹੀ ਇਹ ਬੰਦੋਬਸਤ ਕਰਾਂਗੇ। ਆਪਣਾ ਬੰਦਾ ਹੋਵੇਗਾ, ਉਹ ਵੀ ਤਾਂ ਕੋਈ ਮਦਦ ਕਰੇਗਾ ਹੀ', ਇਹ ਸੋਚ ਕੇ ਕਰਨਵੀਰ ਆਪਣੇ ਆਪ ਨੂੰ ਟਿਕਾਉਣ ਦੀ ਕੋਸ਼ਿਸ਼ ਕਰਨ ਲੱਗਾ।

ਉਸ ਨੇ ਚਾਹ ਵਾ਼ਲਾ ਗਲਾਸ ਚੁੱਕਿਆ ਅਤੇ ਲੰਗਰ ਹਾਲ ਦੇ ਕੋਨੇ ਵਿਚ ਰੱਖੀਆਂ ਕੁਰਸੀਆਂ 'ਤੇ ਬੈਠੇ ਬਜ਼ੁਰਗਾਂ ਵੱਲ ਚਲਾ ਗਿਆ। ਉਸ ਨੂੰ ਲਗਦਾ ਸੀ ਕਿ ਬਜ਼ੁਰਗ ਉਸ ਤੋਂ ਉਸ ਦੇ ਪਿੰਡ ਗੋਤ ਬਾਰੇ ਪੁੱਛਣਗੇ, ਹੋ ਸਕਦਾ ਹੈ ਕਿ ਕਿਸੇ ਨਾਲ ਕੋਈ ਗੰਢ ਜੁੜ ਜਾਵੇ ਪਰ ਕਿਸੇ ਨੇ ਇਹ ਨਹੀਂ ਸੀ ਪੁੱਛਿਆ। ਉਸ ਦੀ ਸਾਰਿਆਂ ਨੂੰ ਸਾਂਝੀ ਬੁਲਾਈ 'ਸਾਸਰੀਕਾਲ' ਦਾ ਕੁਝ ਕੁ ਨੇ ਹੀ ਜਵਾਬ ਦਿੱਤਾ। ਉਹ ਆਪਣੀਆਂ ਗੱਲਾਂ ਵਿਚ ਲੱਗੇ ਰਹੇ। ਕਰਨਵੀਰ ਨੂੰ ਇਹ ਭੁੱਲ ਗਿਆ ਸੀ ਕਿ ਇਹ ਸਪੇਨ ਦਾ ਕੋਈ ਸ਼ਹਿਰ ਨਹੀਂ ਸੀ ਸਗੋਂ ਕੈਨੇਡਾ ਦਾ ਸਰੀ ਸ਼ਹਿਰ ਸੀ ਜਿੱਥੇ ਅਨੇਕਾਂ ਨਵੇਂ ਚਿਹਰੇ ਨਿੱਤ ਪ੍ਰਗਟ ਹੁੰਦੇ ਸਨ। ਇੱਥੋਂ ਦੇ ਬਜ਼ੁਰਗਾਂ ਲਈ ਪਿਛੋਕੜ ਪੁੱਛਣ ਵਾਲੇ ਸਵਾਲ ਉਨੇ ਦਿਲਚਸਪ ਨਹੀਂ ਸੀ ਰਹੇ ਸਗੋਂ ਉਨ੍ਹਾਂ ਨੂੰ ਕਿਸੇ ਦੂਰ ਦੀ ਰਿਸ਼ਤੇਦਾਰੀ ਵਾਲੇ ਨੂੰ ਪਛਾਣ ਕੇ ਉਸ ਨੂੰ ਘਰ ਰੱਖਣ ਦੇ ਰੂਪ ਵਿਚ ਇਹ ਮਹਿੰਗੇ ਪੈ ਸਕਦੇ ਸਨ। ਉਹ ਕਿਸ ਕਿਸ ਤੋਂ ਉਸ ਦਾ ਪਿਛੋਕੜ ਪੁੱਛਦੇ! ਜਦ ਉਨ੍ਹਾਂ 'ਚੋਂ ਕਿਸੇ ਨੇ ਵੀ ਕਰਨਵੀਰ ਵੱਲ ਧਿਆਨ ਨਾ ਦਿੱਤਾ ਤਾਂ ਉਹ ਤੱਪੜ 'ਤੇ ਬੈਠ ਗਿਆ ਅਤੇ ਕੰਧ ਨਾ਼ਲ ਢੋਅ ਲਾ ਲਈ। ਫਿਰ ਫੋਨ ਵੱਲ ਦੇਖਿਆ। 'ਪਤਾ ਨਹੀਂ ਕਿੰਨੇ ਦਿਨ ਫੋਨ ਨਾ ਆਵੇ। ਜੇਬ ਖਾਲੀ ਹੋਣ ਕਿਨਾਰੇ ਏ। ਮੋਟਲ ਦਾ ਖਰਚਾ ਵੱਖਰਾ', ਇਹ ਸੋਚ ਕੇ ਉਸ ਤੋਂ ਹੋਰ ਉੱਥੇ ਨਾ ਬੈਠਿਆ ਗਿਆ। ਉਹ ਲੰਗਰ ਹਾਲ 'ਚੋਂ ਬਾਹਰ ਆ ਗਿਆ। ਉਹਨੂੰ ਇਕ ਇਮਾਰਤ ਗੁਰਦੁਆਰੇ ਦੀ ਪਾਰਕਿੰਗ ਲਾਟ ਦੇ ਅਖੀਰ 'ਚ ਦਿਸੀ ਅਤੇ ਇਕ ਗੁਰਦੁਆਰੇ ਦੀ ਸੱਜੀ ਵੱਖੀ ਵਿਚ। ਉਸ ਦੇ ਚਿਹਰੇ 'ਤੇ ਮੁਸਕਾਨ ਆ ਗਈ। ਉਨ੍ਹਾਂ ਇਮਾਰਤਾਂ ਦੁਆਲੇ ਗੇੜਾ ਕੱਢ ਕੇ ਉਹ ਲੰਗਰ ਹਾਲ 'ਚ ਆ ਗਿਆ। ਪ੍ਰਸ਼ਾਦਾ ਵਰਤਾਉਂਦੇ ਸਿੰਘ ਕੋਲ ਜਾ ਕੇ ਬੋਲਿਆ, "ਸਿੰਘ ਜੀ, ਇਹ ਜਿਹੜੀਆਂ ਦੋ ਬਿਲਡਿੰਗਾਂ ਨੇ, ਇਹ ਗੁਰਦੁਆਰਾ ਸਾਹਬ ਦੀਆਂ ਨੇ?"

"ਹਾਂ ਜੀ।"

"ਬਾਹਰੋਂ ਆਇਆਂ ਦੀ ਰਿਹਾਇਸ਼ ਵਾਸਤੇ ਹੋਣਗੀਆਂ?"

"ਨਹੀਂ ਜੀ, ਇਕ ਸਿਨੀਅਰ ਸਿਟੀਜ਼ਨ ਸੈਂਟਰ ਐ ਤੇ ਦੂਜੀ ਰਾਗੀ ਸਿੰਘਾਂ ਦੀ ਰਿਹਾਇਸ਼ ਵਾਸਤੇ ਐ।"

ਕਰਨਵੀਰ ਦੇ ਮੂੰਹੋਂ ਮਸਾਂ "ਅੱਛਾ" ਨਿਕਲਿਆ। ਉਹ ਫਿਰ ਕੰਧ ਨਾ਼ਲ ਢੋਅ ਲਾ ਕੇ ਬੈਠ ਗਿਆ। ਉਸ ਦੇ ਦਿਮਾਗ਼ ਵਿਚ ਜੀਤੀ ਆ ਗਈ। ਉਸ ਦਾ ਜੀਅ ਕੀਤਾ ਕਿ ਉਸ ਨੂੰ ਸੁਨੇਹਾ ਲਿਖ ਦੇਵੇ। ਕੱਲ੍ਹ ਜਿੰਨੀ ਦੇਰ ਤਕ ਉਸ ਨੇ ਸ਼ਮਿੰਦਰ ਨੂੰ ਡਾਲਰ ਫੜਾ ਨਹੀਂ ਸੀ ਦਿੱਤੇ, ਉਸ ਅੰਦਰ ਆਸ ਬਣੀ ਹੋਈ ਸੀ ਕਿ ਕਾਸ਼! ਜੀਤੀ ਦਾ 'ਹਾਂ' ਕਹਿੰਦਾ ਕੋਈ ਸੁਨੇਹਾ ਆ ਜਾਵੇ ਤੇ ਉਸ ਦੀ ਇਹ ਕਮਾਈ ਅਜਾਈਂ ਹੀ ਨਾ ਜਾਵੇ ਪਰ ਉਸ ਦੀ ਇਹ ਆਸ ਪੂਰੀ ਨਹੀਂ ਸੀ ਹੋਈ। ਰਾਤ ਵੀ ਕਰਨਵੀਰ ਦੇ ਚਿੱਤ 'ਚ ਆਈ ਸੀ ਕਿ ਜੀਤੀ ਨਾ਼ਲ ਵਰਕ ਪਰਮਿਟ ਮਿਲ ਜਾਣ ਦੀ ਖੁਸ਼ਖਬਰੀ ਸਾਂਝੀ ਕਰ ਲਵੇ ਪਰ ਉਸ ਨੇ ਆਪਣੇ ਆਪ ਨੂੰ ਰੋਕ ਲਿਆ ਸੀ। ਹੁਣ ਉਸ ਤੋਂ ਆਪਣੇ ਆਪ ਨੂੰ ਰੋਕ ਨਾ ਹੋਇਆ। ਉਸ ਨੇ ਸੁਨੇਹਾ ਲਿਖ ਦਿੱਤਾ, "ਜਦੋਂ ਟਾਈਮ ਹੋਇਆ ਦੱਸ ਦੇਈਂ, ਮੈਂ ਕਾਲ ਕਰਾਂਗਾ।"

ਜੀਤੀ ਦਾ ਝੱਟ ਮੁੜਵਾਂ ਸੁਨੇਹਾ ਆ ਗਿਆ, "ਜਦੋਂ ਮਰਜ਼ੀ ਕਾਲ ਕਰ ਲਵੀਂ।"

ਕਰਨਵੀਰ ਨੇ ਪਾਰਕਿੰਗ ਲਾਟ ਵਿਚ ਜਾ ਕੇ ਫੋਨ ਮਿਲਾ ਲਿਆ।

"ਆ ਗਿਆ ਚੇਤਾ?" ਫੋਨ ਚੁਕਦਿਆਂ ਹੀ ਜੀਤੀ ਬੋਲੀ।

"ਹਾਂ, ਤੈਨੂੰ ਤਾਂ ਨਹੀਂ ਆਇਆ। ਤੂੰ ਤਾਂ ਐਸ ਵੇਲੇ ਕੰਮ 'ਤੇ ਹੁੰਨੀ ਏਂ। ਕਿਵੇਂ ਮਿਲ ਗਿਆ ਟਾਈਮ?"

"ਕੰਮ 'ਤੇ ਨੀ ਜਾਂਦੀ ਹੁਣ।"

"ਕਿਉਂ, ਤਿੰਨ-ਚਾਰ ਦਿਨਾਂ 'ਚ ਐਸਾ ਕੀ ਹੋ ਗਿਆ?"

"ਬਹੁਤ ਕੁਝ।" ਆਖਦੀ ਜੀਤੀ ਦੀ ਆਵਾਜ਼ ਕਰਨਵੀਰ ਨੂੰ ਭਰੜਾ ਗਈ ਲੱਗੀ। ਉਸ ਨੇ ਫ਼ਿਕਰਮੰਦ ਆਵਾਜ਼ 'ਚ ਪੁੱਛਿਆ, "ਜੀਤੀ, ਕੀ ਗੱਲ ਏ?"

ਜੀਤੀ ਰੋ ਪਈ। ਕਰਨਵੀਰ ਤੋਂ ਉਹ ਰੋਂਦੀ ਸਹਾਰੀ ਨਾ ਗਈ। "ਜੀਤੀ, ਗੱਲ ਤਾਂ ਦੱਸ। ਕੀ ਹੋ ਗਿਆ? ਯਾਰ ਦੱਸੇਂਗੀ ਵੀ?" ਆਖਦਾ ਕਰਨਵੀਰ ਉਤੇਜਿਤ ਹੋ ਗਿਆ। ਕੁਝ ਦੇਰ ਬਾਅਦ ਸੰਭਲ ਕੇ ਜੀਤੀ ਨੇ ਦੱਸਿਆ, "ਗੁਰਮੀਤ ਟੱਚਡ ਮੀ ਇਨਐਪਰੋਪਰੀਏਟਲੀ (ਗੁਰਮੀਤ ਨੇ ਮੈਨੂੰ ਗ਼ਲਤ ਤਰੀਕੇ ਨਾਲ ਛੇੜਿਆ)"

"ਵੱਟ? ਕਦੋਂ ? ਕਿਵੇਂ? ਕਹੇਂ ਤਾਂ ਮੈਂ ਆਵਾਂ ਜੀਤੀ?" ਕਰਨਵੀਰ ਇਕੋ ਸਾਹੇ ਹੀ ਆਖ ਗਿਆ।

ਜੀਤੀ ਫਿਰ ਫਿੱਸ ਪਈ। ਕਰਨਵੀਰ ਬੋਲਿਆ, "ਜੀਤੀ ਯਾਰ, ਸਟਰੌਂਗ ਹੋ ਕੇ ਦੱਸ ਕਿ ਹੋਇਆ ਕੀ।"

ਕੁਝ ਦੇਰ ਬਾਅਦ ਸੰਭਲ ਕੇ ਜੀਤੀ ਨੇ ਦੱਸਿਆ, "ਜਿੱਦਣ ਤੂੰ ਮਿਲਣ ਆਇਆ ਸੀ ਨਾ, ਤੇਰੇ ਜਾਣ ਤੋਂ ਬਾਅਦ ਤੇਰੇ ਬਾਰੇ ਪੁੱਛਣ ਲੱਗਾ। ਤੈਨੂੰ ਮੈਂ ਦੱਸਿਆ ਸੀ ਨਾ ਕਿ ਉਹ ਮੇਰੇ ਕੋਲ ਆਪਣੀ ਘਰਵਾ਼ਲੀ ਦੀਆਂ ਗੱਲਾਂ ਕਰ ਲੈਂਦਾ ਸੀ। ਮੈਂ ਦੱਸ ਦਿੱਤਾ ਕਿ ਤੂੰ ਕਿਵੇਂ ਆਇਆ ਸੀ। ਸੁਣ ਕੇ ਕਹਿੰਦਾ, 'ਤੂੰ ਫਸ ਨਾ ਜਾਈਂ। ਠੱਗ ਹੁੰਦੇ ਐ ਐਹੋ-ਜਿਹੇ। ਪੱਕਾ ਹੋਣ ਲਈ ਤੇਰੇ ਮਗਰ ਫਿਰਦੈ। ਉਹਨੂੰ ਲਗਦਾ ਹੋਊ ਕਿ 'ਕੱਲੀ ਕੁੜੀ ਐ ਫਸਾ ਲਊਂ। ਫ਼ਿਕਰ ਨਾ ਕਰੀਂ, ਮੈਂ ਤੇਰੇ ਨਾ਼ਲ ਐਂ। ਤੈਨੂੰ ਮੈਂ ਪੱਕੀ ਕਰਵਾਊਂ ਏਥੇ।"

"ਬਾਸਟਰਡ।"

ਜੀਤੀ ਨੇ ਅੱਗੇ ਦੱਸਿਆ, "ਉਹਦਾ ਇਕਦਮ ਹੀ ਐਟੀਚਿਊਡ ਬਦਲ ਗਿਆ। ਪਹਿਲਾਂ ਕਦੇ ਵੀ ਉਸ ਨੇ ਐਸੀ-ਵੈਸੀ ਗੱਲ ਨਹੀਂ ਸੀ ਕੀਤੀ। ਮੈਨੂੰ ਲਗਦੈ, ਉਹਨੂੰ ਲੱਗਾ ਕਿ ਜਿਹੜੀ ਬੁਆਏ ਫ੍ਰੈਂਡ ਬਣਾ ਕੇ ਰੱਖਦੀ ਐ, ਚਾਲੂ ਹੋਵੇਗੀ। ਜ਼ਿਆਦਾ ਹੀ ਪਿਆਰ ਜਿਹਾ ਦਿਖਾਈ ਜਾਵੇ। ਕਹਿੰਦਾ ਕਿਸੇ ਦਿਨ ਘੁੰਮਣ ਚੱਲਾਂਗੇ। ਅਗਲੇ ਦਿਨ ਪਿੱਛੋਂ ਮੇਰੇ ਦੁਆਲੇ ਬਾਹਾਂ ਵਲ ਕੇ ਕਹਿੰਦਾ, 'ਆਈ ਲਵ ਯੂ'। ਮੈਨੂੰ ਸਮਝ ਹੀ ਨਾ ਲੱਗੇ ਕਿ ਕੀ ਹੋ ਗਿਆ। ਉਸ ਦੀਆਂ ਬਾਹਾਂ 'ਚੋਂ ਨਿਕਲ ਕੇ ਮੈਂ ਘਰ ਆਉਣ ਲੱਗੀ ਤਾਂ ਮਿੰਨਤਾਂ ਕੱਢਣ ਲੱਗ ਪਿਆ ਕਿ ਕਿਸੇ ਨੂੰ ਦੱਸਾਂ ਨਾ। ਹੁਣ ਵੀ ਉਸ ਦਾ ਵਾਰੀ ਵਾਰੀ ਫੋਨ ਆਈ ਜਾਂਦੈ। ਮਾਫੀ ਮੰਗੀ ਜਾਂਦੈ।"

"ਚਪੇੜ ਮਾਰਦੀ ਐਹੋ ਜਿਹੇ ਦੇ।"

"ਪਤਾ ਈ ਨੀ ਲੱਗਾ ਕਿ ਕੀ ਕਰਾਂ, ਐਨਾ ਅਚਾਨਕ ਹੋਇਆ ਇਹ। ਮੇਰਾ ਤਾਂ ਰੋਣ ਨਿਕਲ ਗਿਆ। ਮੇਰਾ ਜੀਅ ਕਰਦੈ ਕਿ ਪੁਲੀਸ ਕੋਲ ਕੰਪਲੇਂਟ ਕਰ ਦਿਆਂ ਪਰ ਮੇਰੀਆਂ ਫ੍ਰੈਂਡਾਂ ਕਹਿੰਦੀਐ ਕਿ ਓਹਨੂੰ ਸਬਕ ਮਿਲ ਗਿਐ, ਰਹਿਣ ਦਿਆਂ। ਫੇਰ ਓਹਨੇ ਐਕਸਪੀਰੀਐਂਸ ਲੈਟਰ ਵੀ ਨਹੀਂ ਦੇਣੀ ਪਰ ਮੈਂ ਕਾਲਜ ਦੀ ਕਾਉਂਸਲਰ ਨਾਲ ਸਲਾਹ ਕਰ ਕੇ ਕਰ ਦੇਣੀ ਐ ਕੰਪਲੇਂਟ।"

"ਸਬਕ ਕਿੱਥੇ ਮਿਲਿਐ। ਜੀਤੀ, ਤੂੰ ਆਪਣੇ ਆਪ ਨੂੰ ਇਕੱਲੀ ਨਾ ਸਮਝੀਂ। ਜਿਵੇਂ ਤੂੰ ਫ਼ੈਸਲਾ ਕਰੇਂਗੀ, ਮੈਂ ਤੇਰੇ ਨਾ਼ਲ ਵਾਂ। ਨਾ਼ਲੇ ਵਿਆਹ ਲਈ ਜ਼ੋਰ ਮੈਂ ਪੱਕਾ ਹੋਣ ਲਈ ਨਹੀਂ ਸੀ ਪਾਉਂਦਾ। ਮੈਨੂੰ ਲਗਦੈ ਕਿ ਆਪਾਂ ਰਲ-ਮਿਲ ਕੇ ਛੇਤੀ ਸੈੱਟ ਹੋ ਜਾਵਾਂਗੇ। ਤੂੰ ਤਾਂ ਆਪ ਕੱਚੀ ਏਂ ਹਾਲੇ। ਜੇ ਸਿਰਫ ਪੱਕਾ ਹੋਣ ਵਾਲੀ ਗੱਲ ਹੁੰਦੀ ਤਾਂ ਮੈਂ ਦਿਲਰੀਤ ਵਰਗੀ ਪੱਕੀ ਦੇ ਮਗਰ ਜਾਂਦਾ। ਮੈਂ ਤੈਨੂੰ ਪਿਆਰ ਕਰਦਾ ਵਾਂ। ਤੇਰੇ ਨਾ਼ਲ ਹੀ ਵਿਆਹ ਕਰਵਾਵਾਂਗਾ, ਜਦੋਂ ਕਹੇਂਗੀ। ਫ਼ਿਕਰ ਨਾ ਕਰੀਂ, ਮੈਂ ਇਕ ਦੋ ਦਿਨਾਂ 'ਚ ਜਦੋਂ ਟਰੱਕ ਚਲਾਉਣ ਲੱਗਾ, ਤੈਨੂੰ ਮਿਲਣ ਆਵਾਂਗਾ।"

ਜੀਤੀ ਨਾ਼ਲ ਗੱਲਾਂ ਕਰ ਕੇ ਕਰਨਵੀਰ ਫਿਰ ਲੰਗਰ ਹਾਲ ਵਿਚ ਆ ਗਿਆ। ਉਹ ਸ਼ਾਮ ਦੀ ਰੋਟੀ ਖਾ ਕੇ ਆਪਣੇ ਮੋਟਲ ਵੱਲ ਚੱਲ ਪਿਆ। ਮੋਟਲ ਨੇੜੇ ਪਹੁੰਚ ਕੇ ਉਹ ਖਾਲੀ ਪਏ ਬੱਸ ਸਟਾਪ ਦੇ ਬੈਂਚ 'ਤੇ ਬੈਠ ਗਿਆ। ਉਸ ਨੇ ਸੋਚਿਆ ਕਿ ਜੀਤੀ ਜਾਗਦੀ ਹੋਈ ਤਾਂ ਉਸ ਨਾ਼ਲ ਗੱਲਾਂ ਕਰ ਲਵੇਗਾ। ਜੀਤੀ ਉਸ ਦੀਆਂ ਅੱਖਾਂ ਤੋਂ ਪਾਸੇ ਨਹੀਂ ਸੀ ਹੋ ਰਹੀ।

ਜੀਤੀ ਜਾਗਦੀ ਹੀ ਸੀ। ਕਰਨਵੀਰ ਉਸ ਨੂੰ ਆਪਣੇ ਸਫ਼ਰ ਬਾਰੇ ਦੱਸਣ ਲੱਗ ਪਿਆ। ਉਸ ਦਾ ਰਿਹਾਇਸ਼ ਬਾਰੇ ਫ਼ਿਕਰ ਸੁਣ ਕੇ ਜੀਤੀ ਨੇ ਧਰਵਾਸਾ ਦਿੰਦਿਆਂ ਕਿਹਾ, "ਜਿਵੇਂ ਗੁਰਦੁਆਰੇ 'ਚ ਰੋਟੀ ਦਾ ਬੰਦੋਬਸਤ ਹੋ ਗਿਆ, ਉਵੇਂ ਹੀ ਰਹਿਣ ਦਾ ਹੋ ਜਾਵੇਗਾ। ਡਰਾਈਵਰ ਆਪਣਾ ਬੰਦਾ ਹੋਵੇਗਾ, ਮਦਦ ਕਰੂਗਾ ਹੀ।" ਜੀਤੀ ਨਾਲ ਗੱਲਾਂ ਕਰਦਿਆਂ ਹੀ ਕਰਨਵੀਰ ਨੂੰ ਕਾਲ ਆ ਗਈ। ਉਸ ਨੇ ਦੇਖਿਆ ਕਿ ਕੋਈ ਓਪਰਾ ਨੰਬਰ ਸੀ। ਕਰਨਵੀਰ ਨੇ ਝੱਟ ਜੀਤੀ ਨਾਲ ਗੱਲਬਾਤ ਬੰਦ ਕਰ ਦਿੱਤੀ ਅਤੇ ਛੇਤੀ ਨਾਲ "ਹੈਲੋ" ਕਿਹਾ ਪਰ ਅੱਗੋਂ ਕੋਈ ਵੀ ਨਾ ਬੋਲਿਆ। ਕਰਨਵੀਰ ਨੇ ਫਿਰ ਆਪ ਕਈ ਵਾਰ ਉਸ ਨੰਬਰ 'ਤੇ ਫੋਨ ਮਿਲਾਉਣ ਦੀ ਕੋਸ਼ਿਸ਼ ਕੀਤੀ ਪਰ ਫੋਨ ਬੰਦ ਆਉਂਦਾ ਸੀ। ***(ਚੱਲਦਾ)***

# ਦਿੱਲੀ ਤੋਂ ਹਾਂਗਜ਼ੂ : ਏਸ਼ਿਆਈ ਖੇਡਾਂ ਵਿਚ ਪੰਜਾਬੀਆਂ ਦਾ ਯੋਗਦਾਨ

**ਹਾਕਮਾਂ ਨੂੰ ਹੁਣ ਮੰਨ ਹੀ ਲੈਣਾ ਚਾਹੀਦੈ, ਪੰਜਾਬੀ ਨੌਜਵਾਨ ਨਿਕੰਮੇ, ਨਸ਼ਈ, ਗੈਂਗਸਟਰ, ਅਤਿਵਾਦੀ ਜਾਂ ਵੱਖਵਾਦੀ ਨਹੀਂ, ਭਾਰਤੀ ਹਾਕੀ ਤੇ ਹੋਰ ਖੇਡਾਂ ਦੇ ਸੱਚਮੁੱਚ ਸਰਦਾਰ ਹਨ। ਹੁਣੇ ਹੋਈਆਂ ਏਸ਼ਿਆਈ ਖੇਡਾਂ 'ਚੋਂ 32 ਪੰਜਾਬੀ ਖਿਡਾਰੀਆਂ ਨੇ 20 ਮੈਡਲ ਜਿੱਤ ਕੇ ਭਾਰਤ ਮਾਂ ਦੀ ਝੋਲੀ ਭਰਨ ਵਿਚ ਵੱਡਾ ਯੋਗਦਾਨ ਪਾਇਆ। ਇਹ ਤੱਥ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਣ ਵਾਲਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ 16 ਖਿਡਾਰੀਆਂ ਨੇ ਏਸ਼ਿਆਈ ਖੇਡਾਂ 'ਚੋਂ 13 ਤਗਮੇ ਜਿੱਤੇ! ਕੀ ਭਾਰਤ ਦੀ ਕਿਸੇ ਹੋਰ ਯੂਨੀਵਰਸਿਟੀ ਨੇ ਖੇਡ ਖੇਤਰ ਵਿਚ ਏਡੀ ਵੱਡੀ ਛਾਲ ਮਾਰੀ ਹੈ? ਭਾਰਤ ਦੇ ਸੁਤੰਤਰਤਾ ਸੰਗਰਾਮ ਤੋਂ ਲੈ ਕੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਤਕ ਪੰਜਾਬੀਆਂ ਨੇ ਬੇਅੰਤ ਕੁਰਬਾਨੀਆਂ**



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**
principalsarwansingh@gmail.com

**ਦਿੱਤੀਆਂ। ਭੁੱਖੇ ਭਾਰਤ ਦਾ ਢਿੱਡ ਭਰਦੇ ਹੋਏ ਤੇ ਪਰਦੇਸਾਂ 'ਚ ਦੂਹਰੀਆਂ ਸ਼ਿਫਟਾਂ ਲਾ ਕੇ ਕਰੜੀਆਂ ਕਮਾਈਆਂ ਕਰਦੇ ਹੋਏ ਫੌਰਨ ਐਕਚੇਂਜ ਨਾਲ ਭਾਰਤ ਦੀਆਂ ਤਜੌਰੀਆਂ ਭਰਨ ਦੇ ਨਾਲ ਹੋਰ ਅਨੇਕਾਂ ਪਰਉਪਕਾਰ ਦੇ ਕਾਰਜ ਕੀਤੇ। ਪਰ ਭਾਰਤੀ ਹਾਕਮਾਂ ਨੇ ਪੰਜਾਬੀਆਂ ਦੇ ਪਰਉਪਕਾਰਾਂ ਬਦਲੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੇ ਦਰਿਆਈ ਪਾਣੀ, ਜ਼ਮੀਨੀ ਪਾਣੀ, ਫਸਲਾਂ ਦੀ ਬੇਕਿਰਕ ਲੁੱਟ, ਧਰਤ ਪੰਜਾਬ ਦੀ ਉਪਜਾਊ ਸ਼ਕਤੀ, ਵਾਤਾਵਰਨ ਦੀ ਸ਼ੁਧਤਾ ਤੇ ਹੋਰ ਪਤਾ ਨਹੀਂ ਕਿੰਨਾ ਕੁਝ ਪੰਜਾਬ ਤੋਂ ਖੋਹ ਲਿਆ? ਉਤੋਂ ਲੋਹੜਾ ਇਹ ਮਾਰਿਆ ਕਿ ਪੰਜਾਬੀਆਂ ਨੂੰ ਹੀ ਬੱਦੂ ਕੀਤਾ ਜਾ ਰਿਹੈ ਤੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਜੜ੍ਹੋਂ ਉਖਾੜਨ ਦਾ ਜੁਗਾੜ ਕੀਤਾ ਜਾ ਰਿਹੈ!**

ਦੁਨੀਆ ਦੀ ਦੋ-ਤਿਹਾਈ ਆਬਾਦੀ ਏਸ਼ੀਆ ਵਿਚ ਵਸਦੀ ਹੈ। ਓਲੰਪਿਕ ਖੇਡਾਂ ਪਿੱਛੋਂ ਏਸ਼ਿਆਈ ਖੇਡਾਂ ਸਭ ਤੋਂ ਵੱਡੀਆਂ ਖੇਡਾਂ ਮੰਨੀਆਂ ਜਾਂਦੀਆਂ ਹਨ। ਪਹਿਲੀਆਂ ਏਸ਼ਿਆਈ ਖੇਡਾਂ 1951 ਵਿਚ ਨਵੀਂ ਦਿੱਲੀ 'ਚ ਹੋਈਆਂ ਸਨ। 19ਵੀਆਂ ਏਸ਼ਿਆਈ ਖੇਡਾਂ ਚੀਨ ਦੇ ਸ਼ਹਿਰ ਹਾਂਗਜ਼ੂ ਵਿਚ ਹੋਈਆਂ ਹਨ। 1948 ਦੀਆਂ ਓਲੰਪਿਕ ਖੇਡਾਂ ਸਮੇਂ ਲੰਡਨ ਵਿਖੇ ਪੰਜਾਬ ਦੇ ਪ੍ਰੋਫੈਸਰ ਗੁਰੂ ਦੱਤ ਸੋਂਧੀ ਨੇ ਫਿਲਪਾਈਨ ਦੇ ਖੇਡ ਪ੍ਰੋਮੋਟਰ ਜਾਰਜ ਬੀ ਵਾਰਗਸ ਨਾਲ ਏਸ਼ਿਆਈ ਖੇਡਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਿਸ ਦੇ ਫਲਸਰੂਪ ਏਸ਼ੀਅਨ ਐਮੇਚਿਓਰ ਅਥਲੈਟਿਕ ਫੈਡਰੇਸ਼ਨ ਬਣੀ। ਫੈਡਰੇਸ਼ਨ ਦੀ ਪਹਿਲੀ ਮੀਟਿੰਗ 12-13 ਫਰਵਰੀ 1949 ਨੂੰ ਨਵੀਂ ਦਿੱਲੀ ਦੇ ਪਟਿਆਲਾ ਹਾਊਸ ਵਿਚ ਹੋਈ। ਫਿਲਪਾਈਨ, ਸਿਆਮ, ਇੰਡੋਨੇਸ਼ੀਆ, ਬਰਮਾ, ਸੀਲੋਨ, ਨਿਪਾਲ, ਅਫ਼ਗ਼ਾਨਿਸਤਾਨ, ਪਾਕਿਸਤਾਨ ਤੇ ਭਾਰਤ ਦੇ ਨੁਮਾਇੰਦੇ ਉਸ ਵਿਚ ਸ਼ਾਮਲ ਹੋਏ। ਉਥੇ ਏਸ਼ੀਅਨ ਅਥਲੈਟਿਕ ਫੈਡਰੇਸ਼ਨ ਦਾ ਨਾਂ ਬਦਲ ਕੇ 'ਏਸ਼ੀਅਨ ਖੇਡ ਫੈਡਰੇਸ਼ਨ' ਰੱਖ ਦਿੱਤਾ ਤੇ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਫੈਡਰੇਸ਼ਨ ਦਾ ਪ੍ਰਧਾਨ ਚੁਣ ਲਿਆ ਗਿਆ। ਪਹਿਲੀਆਂ ਏਸ਼ਿਆਈ ਖੇਡਾਂ ਕਰਾਉਣ ਦੀ ਜ਼ਿੰਮੇਵਾਰੀ ਨਵੀਂ ਦਿੱਲੀ ਨੇ ਚੁੱਕੀ ਤੇ ਦੂਜੀਆਂ ਮਨੀਲਾ ਨੂੰ ਸੌਂਪੀਆਂ ਗਈਆਂ।

ਇੰਡੀਆ ਗੇਟ ਦੇ ਸਾਹਮਣੇ ਨੈਸ਼ਨਲ ਸਟੇਡੀਅਮ ਉਸਾਰਿਆ ਗਿਆ ਜਿਸ ਦੇ ਟਰੈਕ ਦੁਆਲੇ ਸਾਈਕਲ ਪੱਟੀ ਵਿਛਾਈ ਗਈ। ਤੈਰਨ ਤਲਾਅ ਤੇ ਹੋਰ ਖੇਡ ਭਵਨ ਤਿਆਰ ਕਰਨ ਨਾਲ ਨੇੜੇ ਲੱਗਦੀਆਂ ਫੌਜੀ ਬੈਰਕਾਂ 'ਓਲੰਪਿਕ ਪਿੰਡ' ਬਣਾ ਦਿੱਤੀਆਂ ਗਈਆਂ। ਮਿਥੇ ਦਿਨ ਏਸ਼ਿਆਈ ਮੁਲਕਾਂ ਦੇ ਰੰਗ-ਬਰੰਗੇ ਝੰਡੇ ਨੈਸ਼ਨਲ ਸਟੇਡੀਅਮ ਦੀਆਂ ਬਾਹੀਆਂ 'ਤੇ ਲਹਿਰਾਉਣ ਲੱਗੇ। ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਏਸ਼ੀਆ ਦੇ ਖਿਡਾਰੀਆਂ ਨੂੰ ਨਾਹਰਾ ਦਿੱਤਾ: ਖੇਡ ਨੂੰ ਖੇਡ ਭਾਵਨਾ ਨਾਲ ਖੇਡੋ। ਫਿਰ ਖੇਡਾਂ ਦੇ ਮਾਟੋ 'ਐਵਰ ਆਨਵਰਡ' ਉਤੇ ਅਮਲ ਕਰਨ ਲਈ ਏਸ਼ੀਆ ਦੇ ਖਿਡਾਰੀ ਖੇਡ ਮੈਦਾਨਾਂ ਵਿਚ ਜੁਝਣ ਲੱਗੇ।

ਏਸ਼ਿਆਈ ਖੇਡਾਂ 4 ਮਾਰਚ 1951 ਨੂੰ ਆਰੰਭ ਹੋਈਆਂ। ਲਾਲ ਕਿਲੇ 'ਚੋਂ ਖੇਡਾਂ ਦੀ ਮਸ਼ਾਲ ਜਗਾਈ ਗਈ। ਓਲੰਪੀਅਨ ਬ੍ਰਿਗੇਡੀਅਰ ਦਲੀਪ ਸਿੰਘ ਨੇ ਮਸ਼ਾਲ ਲੈ ਕੇ ਸਟੇਡੀਅਮ ਦਾ ਚੱਕਰ ਲਾਇਆ ਤੇ ਏਸ਼ਿਆਈ ਖੇਡਾਂ ਦੀ ਜੋਤ ਜਗਾਈ। ਸਟੇਡੀਅਮ 'ਚ 11 ਦੇਸ਼ਾਂ ਦੇ 489 ਖਿਡਾਰੀ ਖੜ੍ਹੇ ਸਨ। ਭਾਰਤੀ ਦਲ ਦੇ ਝੰਡਾਬਰਦਾਰ ਬਲਦੇਵ ਸਿੰਘ ਨੇ ਸਮੂਹ ਖਿਡਾਰੀਆਂ ਵੱਲੋਂ ਸਹੁੰ ਚੁੱਕੀ। ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ। ਖੇਡਾਂ 'ਚ ਭਾਗ ਲੈਣ ਵਾਲੇ ਮੁਲਕ ਅਫ਼ਗ਼ਾਨਿਸਤਾਨ, ਬਰਮਾ, ਸੀਲੋਨ, ਇੰਡੋਨੇਸ਼ੀਆ, ਇਰਾਨ, ਜਪਾਨ, ਨੇਪਾਲ, ਫਿਲਪਾਈਨ, ਮਲਾਇਆ, ਥਾਈਲੈਂਡ ਤੇ ਭਾਰਤ ਸਨ। ਚੀਨ ਤੇ ਪਾਕਿਸਤਾਨ ਨੇ ਪਹਿਲੀਆਂ ਏਸ਼ਿਆਈ ਖੇਡਾਂ 'ਚ ਭਾਗ ਨਾ ਲਿਆ। ਖੇਡਾਂ 4 ਤੋਂ 11 ਮਾਰਚ ਤਕ ਚੱਲੀਆਂ। ਅਥਲੈਟਿਕਸ, ਬਾਸਕਟਬਾਲ, ਫੁੱਟਬਾਲ, ਸਾਈਕਲ ਦੌੜਾਂ, ਭਾਰ ਚੁੱਕਣ ਤੇ ਤੈਰਨ ਦੇ ਮੁਕਾਬਲੇ ਹੋਏ। ਭਾਰਤ ਦੇ ਸਚਿਨ ਨਾਗ ਨੇ ਤੈਰਨ ਵਿਚ ਏਸ਼ਿਆਈ ਖੇਡਾਂ ਦਾ ਪਹਿਲਾ ਸੋਨ ਤਗਮਾ ਜਿੱਤਿਆ। ਭਾਰਤੀ ਟੀਮ ਵਾਟਰ ਪੋਲੋ ਦਾ ਗੋਲਡ ਮੈਡਲ ਵੀ ਜਿੱਤ ਗਈ। ਫੁੱਟਬਾਲ ਦੀ ਖੇਡ 'ਚ ਵੀ ਭਾਰਤ ਨੂੰ ਗੋਲਡ ਮੈਡਲ ਮਿਲਿਆ।

ਅਥਲੈਟਿਕਸ ਵਿਚ ਭਾਰਤ ਲਈ ਵਧੇਰੇ ਮੈਡਲ ਪੰਜਾਬੀ ਅਥਲੀਟਾਂ ਨੇ ਜਿੱਤੇ ਜਿਨ੍ਹਾਂ ਦੇ ਨਾਂ ਹਨ: ਰਣਜੀਤ ਸਿੰਘ, ਨਿੱਕਾ ਸਿੰਘ, ਛੋਟਾ ਸਿੰਘ, ਮਹਾਵੀਰ ਪ੍ਰਸਾਦ, ਬਖਤਾਵਰ ਸਿੰਘ, ਮਦਨ ਲਾਲ, ਮੱਖਣ ਸਿੰਘ, ਏ. ਐਸ. ਬਖਸ਼ੀ, ਬਲਦੇਵ ਸਿੰਘ, ਗੋਵਿੰਦ ਸਿੰਘ, ਕੁਲਵੰਤ ਸਿੰਘ, ਪ੍ਰੀਤਮ ਸਿੰਘ, ਗੁਰਬਚਨ ਸਿੰਘ, ਸੋਮਨਾਥ, ਤੇਜਾ ਸਿੰਘ, ਅਜੀਤ ਸਿੰਘ, ਬਲਵੰਤ ਸਿੰਘ, ਕਰਨ ਸਿੰਘ, ਕੇਸਰ ਸਿੰਘ ਤੇ ਪਰਸਾ ਸਿੰਘ। ਇਨ੍ਹਾਂ 'ਚੋਂ ਵਧੇਰੇ ਖਿਡਾਰੀ ਪਟਿਆਲਾ ਪੁਲੀਸ ਤੇ ਫੌਜ ਦੇ ਸਨ। ਜਪਾਨ 23 ਸੋਨੇ, 20 ਚਾਂਦੀ, 15 ਤਾਂਬੇ ਦੇ ਤਗ਼ਮਿਆਂ ਨਾਲ ਮੀਰੀ ਰਿਹਾ। ਭਾਰਤ ਨੇ 15 ਸੋਨੇ, 16 ਚਾਂਦੀ, 19 ਤਾਂਬੇ ਦੇ ਤਗਮੇ ਜਿੱਤ ਕੇ ਦੂਜਾ ਸਥਾਨ ਹਾਸਲ ਕੀਤਾ। ਇਰਾਨ 8 ਸੋਨੇ, 6 ਚਾਂਦੀ, 2 ਤਾਂਬੇ ਦੇ ਤਗ਼ਮਿਆਂ ਨਾਲ ਤੀਜੇ ਨੰਬਰ 'ਤੇ ਆਇਆ। ਹੁਣ ਤਕ ਦੀਆਂ **ਏਸ਼ਿਆਈ ਖੇਡਾਂ ਦਾ ਲੇਖਾ-ਜੋਖਾ ਕਰੀਏ ਤਾਂ ਪੰਜਾਬੀ ਖਿਡਾਰੀਆਂ ਨੇ ਵਿਅਕਤੀਗਤ ਤੇ ਟੀਮ ਈਵੈਂਟਾਂ ਵਿਚੋਂ ਸੋਨੇ ਦੇ** 60 **ਤਗਮੇ ਜਿੱਤੇ ਹਨ। ਉਨ੍ਹਾਂ ਵਿਚ ਹਾਕੀ ਦੇ 4 ਗੋਲਡ ਮੈਡਲ ਅਤੇ ਅਥਲੈਟਿਕਸ ਦੇ 43 ਗੋਲਡ ਮੈਡਲ ਹਨ। ਪੰਜਾਬੀ ਖਿਡਾਰੀਆਂ ਨੇ ਹੋਰਨਾਂ ਖੇਡਾਂ 'ਚ ਵੀ** 13 **ਸੋਨ ਤਗਮੇ ਜਿੱਤੇ। ਇਹ ਸਿਲਸਿਲਾ ਲਗਾਤਾਰ ਜਾਰੀ ਹੈ।**

ਹਾਂਗਜ਼ੂ ਦੀਆਂ ਏਸ਼ਿਆਈ ਖੇਡਾਂ 'ਚੋਂ ਜਿਨ੍ਹਾਂ ਪੰਜਾਬੀ ਖਿਡਾਰੀਆਂ ਦੇ 20 ਤਗਮੇ ਜਿੱਤੇ ਉਨ੍ਹਾਂ ਦੇ ਨਾਂ ਹਨ: ਸਿਫਤ ਕੌਰ ਸਮਰਾ, ਹਰਮਨਪ੍ਰੀਤ ਕੌਰ, ਕਨਿਕਾ ਅਹੂਜਾ, ਤੇਜਿੰਦਰ ਸਿੰਘ ਤੂਰ, ਅਰਜਨ ਸਿੰਘ ਚੀਮਾ, ਜ਼ੋਰਾਵਰ ਸਿੰਘ ਸੰਧੂ, ਪ੍ਰਨੀਤ ਕੌਰ, ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਮਨਪ੍ਰੀਤ ਸਿੰਘ, ਮਨਦੀਪ ਸਿੰਘ, ਵਰੁਣ ਕੁਮਾਰ, ਗੁਰਜੰਟ ਸਿੰਘ, ਸ਼ਮਸ਼ੇਰ ਸਿੰਘ, ਕ੍ਰਿਸ਼ਨ ਬਹਾਦਰ ਪਾਠਕ, ਸੁਖਜੀਤ ਸਿੰਘ, ਜਰਮਨਜੀਤ ਸਿੰਘ ਬੱਲ, ਅਕਾਸ਼ਦੀਪ ਸਿੰਘ, ਪ੍ਰਭਸਿਮਰਨ ਸਿੰਘ, ਹਰਮਿਲਨ ਬੈਂਸ, ਜਸਵਿੰਦਰ ਸਿੰਘ, ਧਰੁਵ ਕਪਿਲਾ, ਰਾਜੇਸ਼ਵਰੀ ਕੁਮਾਰੀ, ਵਿਜੇਵੀਰ ਸਿੰਘ ਸੰਧੂ, ਸਤਨਾਮ ਸਿੰਘ, ਸੁਖਮੀਤ ਸਿੰਘ, ਚਰਨਜੀਤ ਸਿੰਘ, ਮੰਜੂ ਰਾਣੀ ਤੇ ਸਿਮਰਨਜੀਤ ਸਿੰਘ।

1966 ਦੀਆਂ ਏਸ਼ਿਆਈ ਖੇਡਾਂ 'ਚੋਂ ਭਾਰਤ ਨੇ ਪਹਿਲੀ ਵਾਰ ਹਾਕੀ ਦਾ ਸੋਨ ਤਗਮਾ ਜਿੱਤਿਆ ਤਾਂ ਭਾਰਤੀ ਟੀਮ ਵਿਚ 12 ਖਿਡਾਰੀ ਪੰਜਾਬ ਦੇ ਸਨ। ਉਨ੍ਹਾਂ ਦੇ ਨਾਂ ਹਨ: ਪ੍ਰਿਥੀਪਾਲ ਸਿੰਘ, ਧਰਮ ਸਿੰਘ, ਕਰਨਲ ਬਲਬੀਰ ਸਿੰਘ, ਬਲਬੀਰ ਸਿੰਘ ਪੁਲਿਸ, ਬਲਬੀਰ ਸਿੰਘ ਰੇਲਵੇ, ਹਰਮੀਕ ਸਿੰਘ, ਜਗਜੀਤ ਸਿੰਘ, ਜਗਦੀਪ ਸਿੰਘ, ਹਰੀਪਾਲ ਕੌਸ਼ਿਕ, ਹਰਬਿੰਦਰ ਸਿੰਘ, ਤਰਸੇਮ ਸਿੰਘ ਤੇ ਇੰਦਰ ਸਿੰਘ। ਹੁਣ ਜਿਹੜੀ ਭਾਰਤੀ ਹਾਕੀ ਟੀਮ ਹਾਂਗਜ਼ੂ ਤੋਂ ਗੋਲਡ ਮੈਡਲ ਜਿੱਤੀ, ਉਸ ਟੀਮ ਦਾ ਕਪਤਾਨ ਪੰਜਾਬ ਦਾ ਹਰਮਨਪ੍ਰੀਤ ਸਿੰਘ ਸੀ ਤੇ



ਮੀਤ ਕਪਤਾਨ ਹਾਰਦਿਕ ਸਿੰਘ। ਉਸ ਟੀਮ ਵਿਚ ਦਸ ਪੰਜਾਬੀ ਖਿਡਾਰੀ ਸਨ ਜਿਨ੍ਹਾਂ ਨੇ ਹਾਕੀ ਮੈਚਾਂ ਵਿਚ 43 ਗੋਲ ਕੀਤੇ। ਇਹ ਵਰਣਨਯੋਗ ਹੈ ਕਿ ਹਾਂਗਜ਼ੂ ਦੀਆਂ ਏਸ਼ਿਆਈ ਖੇਡਾਂ ਲਈ ਚੁਣੇ ਪੰਜਾਬ ਦੇ 48 ਖਿਡਾਰੀਆਂ ਨੂੰ 8-8 ਲੱਖ ਰੁਪਏ ਓਲੰਪਿਕ ਖੇਡਾਂ ਦੀ ਤਿਆਰੀ ਲਈ ਅਗਾਊਂ ਦਿੱਤੇ ਗਏ ਸਨ ਜੋ ਮੈਡਲ ਜਿੱਤਣ ਵਿਚ ਰਾਸ ਆਏ। ਹੁਣ ਜੇਤੂ ਖਿਡਾਰੀਆਂ ਨੂੰ ਕਰੋੜਾਂ ਦੇ ਇਨਾਮ ਵੀ ਮਿਲ ਰਹੇ ਹਨ।

ਹਾਕੀ ਦੀ ਖੇਡ ਹੁਣ ਤਕ 24 ਵਾਰ ਓਲੰਪਿਕ ਖੇਡਾਂ 'ਚ ਖੇਡੀ ਗਈ ਹੈ। 8 ਵਾਰ ਇੰਡੀਆ ਜਿੱਤਿਆ, 4 ਵਾਰ ਜਰਮਨੀ, 3 ਵਾਰ



ਪਾਕਿਸਤਾਨ, 3 ਵਾਰ ਗ੍ਰੇਟ ਬ੍ਰਿਟੇਨ, 2 ਵਾਰ ਨੀਦਰਲੈਂਡਜ਼ ਅਤੇ 1-1 ਵਾਰ ਆਸਟ੍ਰੇਲੀਆ, ਬੈਲਜੀਅਮ, ਨਿਊਜ਼ੀਲੈਂਡ ਤੇ ਅਰਜਨਟੀਨਾ। ਹਾਕੀ ਦਾ ਵਰਲਡ ਕੱਪ 4 ਵਾਰ ਪਾਕਿਸਤਾਨ, 3 ਵਾਰ ਨੀਦਰਲੈਂਡਜ਼, 3 ਵਾਰ ਆਸਟ੍ਰੇਲੀਆ, 3 ਵਾਰ ਜਰਮਨੀ, 1 ਵਾਰ ਇੰਡੀਆ ਤੇ 1 ਵਾਰ ਬੈਲਜੀਅਮ ਜਿੱਤੇ ਹਨ। ਏਸ਼ਿਆਈ ਖੇਡਾਂ 'ਚੋਂ ਹਾਕੀ ਦਾ ਗੋਲਡ ਮੈਡਲ 8 ਵਾਰ ਪਾਕਿਸਤਾਨ, 4 ਵਾਰ ਭਾਰਤ, 4 ਵਾਰ ਦੱਖਣੀ ਕੋਰੀਆ ਤੇ 1 ਵਾਰ ਜਪਾਨ ਨੇ ਜਿੱਤਿਆ ਹੈ।

ਅਨੇਕਾਂ ਪੰਜਾਬੀ ਖਿਡਾਰੀ ਹਨ ਜੋ ਭਾਰਤ, ਪਾਕਿਸਤਾਨ, ਕੀਨੀਆ, ਯੁਗਾਂਡਾ, ਤਨਜ਼ਾਨੀਆ, ਮਲੇਸ਼ੀਆ, ਹਾਂਗਕਾਂਗ, ਸਿੰਗਾਪੁਰ, ਇੰਗਲੈਂਡ ਤੇ ਕੈਨੇਡਾ ਦੀਆਂ ਹਾਕੀ ਟੀਮਾਂ ਵਿਚ ਓਲੰਪਿਕ ਖੇਡਾਂ, ਏਸ਼ਿਆਈ ਖੇਡਾਂ ਤੇ ਵਿਸ਼ਵ ਕੱਪਾਂ ਵਿਚ ਖੇਡ ਚੁੱਕੇ ਹਨ। ਹਾਕੀ ਨੂੰ ਭਾਰਤ, ਖ਼ਾਸ ਕਰਕੇ ਪੰਜਾਬੀਆਂ ਦੀ ਕੌਮੀ ਖੇਡ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਇਕ ਵਾਰ ਕੀਨੀਆ ਦੇ 11 ਖਿਡਾਰੀ ਜੂੜਿਆਂ ਵਾਲੇ ਸਰਦਾਰ ਸਨ। 1966 ਵਿਚ ਪਹਿਲੀ ਵਾਰ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਣ ਵਾਲੀ ਭਾਰਤੀ ਟੀਮ ਵਿਚ 11 'ਚੋਂ 10 ਖਿਡਾਰੀਆਂ ਦੇ ਜੂੜਿਆਂ ਉਤੇ ਰੁਮਾਲ ਸਨ। ਮਿਊਨਿਖ ਦੀਆਂ ਓਲੰਪਿਕ ਖੇਡਾਂ 'ਚ ਪਾਕਿਸਤਾਨ, ਭਾਰਤ, ਕੀਨੀਆ, ਯੁਗਾਂਡਾ ਤੇ ਮਲੇਸ਼ੀਆ ਦੀਆਂ ਹਾਕੀ ਟੀਮਾਂ ਵਿਚ 40 ਖਿਡਾਰੀ ਪੰਜਾਬੀ ਮੂਲ ਦੇ ਸਨ। ਮਿਊਨਿਖ ਓਲੰਪਿਕਸ ਵਿਚ 2 ਸਤੰਬਰ 1972 ਨੂੰ ਜੋ ਮੈਚ ਭਾਰਤ ਤੇ ਕੀਨੀਆ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਉਸ ਵਿਚ 15 ਖਿਡਾਰੀਆਂ ਦੇ ਜੂੜਿਆਂ ਉਤੇ ਰੁਮਾਲ ਸੋਂਹਦੇ ਸਨ। ਮਾਸਕੋ ਦੀਆਂ ਓਲੰਪਿਕ ਖੇਡਾਂ ਵਿਚ ਸੋਨ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਸੈਂਟਰ ਫਾਰਵਰਡ ਸੁਰਿੰਦਰ ਸਿੰਘ ਸੋਢੀ ਨੇ ਸਭ ਤੋਂ ਵੱਧ 15 ਗੋਲ ਕੀਤੇ ਸਨ। ਪਰਗਟ ਸਿੰਘ ਦੋ ਵਾਰ ਭਾਰਤੀ ਓਲੰਪਿਕ ਟੀਮਾਂ ਦਾ ਕਪਤਾਨ ਬਣਿਆ। ਹਰਮੀਕ ਸਿੰਘ ਨੇ ਏਸ਼ੀਅਨ ਆਲ ਸਟਾਰਜ਼ ਟੀਮ ਦੀ ਕਪਤਾਨੀ ਕੀਤੀ। ਪੰਜਾਬੀ ਮੂਲ ਦੇ ਹਾਕੀ ਖਿਡਾਰੀ 8 ਮੁਲਕਾਂ ਦੀਆਂ ਟੀਮਾਂ ਵਿਚ ਅੰਤਰਰਾਸ਼ਟਰੀ ਮੈਚ ਖੇਡ ਚੁੱਕੇ ਹਨ।

ਭਾਰਤ 'ਚ ਪੰਜਾਬੀ ਬੇਸ਼ਕ ਦੋ-ਢਾਈ ਫੀਸਦੀ ਹੀ ਹਨ ਪਰ ਭਾਰਤੀ ਹਾਕੀ ਟੀਮਾਂ 'ਚ ਪੰਜਾਬੀ ਖਿਡਾਰੀਆਂ ਦਾ ਮੁੱਢ ਤੋਂ ਬੋਲਬਾਲਾ ਰਿਹਾ ਹੈ। 1928 ਦੀਆਂ ਓਲੰਪਿਕ ਖੇਡਾਂ ਵਿਚ ਇੰਡੀਆ ਦੀ ਜਿਹੜੀ ਟੀਮ ਸੋਨੇ ਦਾ ਤਗਮਾ ਜਿੱਤੀ ਉਸ ਵਿਚ 5 ਖਿਡਾਰੀ ਪੰਜਾਬੀ ਸਨ। 1932 ਵਿਚ ਦੁਬਾਰਾ ਓਲੰਪਿਕ ਚੈਂਪੀਅਨ ਬਣੀ ਤਾਂ ਪੰਜਾਬੀ ਖਿਡਾਰੀਆਂ ਦੀ ਗਿਣਤੀ 7 ਹੋ ਗਈ। ਟੀਮ ਦਾ ਕਪਤਾਨ ਪੰਜਾਬ ਦਾ ਲਾਲ ਸ਼ਾਹ ਬੁਖਾਰੀ ਬਣਿਆ। ਵੀਹ ਤੋਂ ਵੱਧ ਪੰਜਾਬੀ ਖਿਡਾਰੀ ਭਾਰਤੀ ਹਾਕੀ ਟੀਮਾਂ ਦੀਆਂ ਕਪਤਾਨੀਆਂ ਕਰ ਚੁੱਕੇ ਹਨ ਜਿਨ੍ਹਾਂ 'ਚ ਬਲਬੀਰ ਸਿੰਘ ਸੀਨੀਅਰ, ਊਧਮ ਸਿੰਘ, ਗੁਰਦੇਵ ਸਿੰਘ, ਚਰਨਜੀਤ ਸਿੰਘ, ਪ੍ਰਿਥੀਪਾਲ ਸਿੰਘ, ਗੁਰਬਖ਼ਸ਼ ਸਿੰਘ, ਹਰਮੀਕ ਸਿੰਘ, ਹਰਬਿੰਦਰ ਸਿੰਘ, ਅਜੀਤਪਾਲ ਸਿੰਘ, ਸੁਰਿੰਦਰ ਸਿੰਘ ਸੋਢੀ, ਸੁਰਜੀਤ ਸਿੰਘ, ਪਰਗਟ ਸਿੰਘ, ਰਮਨਦੀਪ ਸਿੰਘ, ਗਗਨਅਜੀਤ ਸਿੰਘ, ਰਾਜਪਾਲ ਸਿੰਘ, ਬਲਜੀਤ ਸਿੰਘ, ਸਰਦਾਰਾ ਸਿੰਘ, ਮਨਪ੍ਰੀਤ ਸਿੰਘ ਤੇ ਹਰਮਨਪ੍ਰੀਤ ਸਿੰਘ ਆਦਿ ਗਿਣਾਏ ਜਾ ਸਕਦੇ ਹਨ। ਹਾਕੀ ਦੀ ਖੇਡ ਵਿਚ ਪੰਜਾਬ ਦੇ ਸੌ ਤੋਂ ਵੱਧ ਓਲੰਪੀਅਨ ਹਨ। ਕਈਆਂ ਨੇ ਓਲੰਪਿਕ ਖੇਡਾਂ ਦੇ ਦੋ-ਦੋ ਤਿੰਨ-ਤਿੰਨ ਗੋਲਡ ਮੈਡਲ ਜਿੱਤੇ ਹਨ। ਊਧਮ ਸਿੰਘ ਨੇ ਚਾਰ ਓਲੰਪਿਕਸ ਵਿਚੋਂ ਇਕ ਚਾਂਦੀ ਤੇ ਤਿੰਨ ਸੋਨੇ ਦੇ ਤਗਮੇ ਜਿੱਤੇ ਜੋ ਹੁਣ ਤਕ ਦਾ ਰਿਕਾਰਡ ਹੈ।

1947 ਵਿਚ ਪਾਕਿਸਤਾਨ ਬਣਨ ਨਾਲ ਪੰਜਾਬ ਦੋ ਮੁਲਕਾਂ ਵਿਚਕਾਰ ਵੰਡਿਆ ਗਿਆ। ਫਿਰ ਏਸ਼ਿਆਈ ਖੇਡਾਂ ਤੇ ਓਲੰਪਿਕ ਖੇਡਾਂ ਵਿਚ ਹਾਕੀ ਦੇ ਫਾਈਨਲ ਮੈਚ ਆਮ ਕਰ ਕੇ ਪਾਕਿਸਤਾਨ ਤੇ ਭਾਰਤ ਦੀਆਂ ਟੀਮਾਂ ਵਿਚਕਾਰ ਖੇਡੇ ਜਾਣ ਲੱਗੇ ਜਾਂ ਇੰਜ ਕਹਿ ਲਓ ਕਿ ਚੜ੍ਹਦੇ ਤੇ ਲਹਿੰਦੇ ਪੰਜਾਬੀਆਂ ਵਿਚਕਾਰ ਹੋਣ ਲੱਗੇ। ਮੈਚ ਭਾਵੇਂ ਮੈਲਬੌਰਨ 'ਚ ਖੇਡਿਆ ਜਾਂਦਾ, ਭਾਵੇਂ ਰੋਮ, ਟੋਕੀਓ, ਬੈਂਕਾਕ, ਤਹਿਰਾਨ ਜਾਂ ਕੁਆਲਾਲੰਪੁਰ, ਇਕ ਪਾਸੇ ਏਧਰਲੇ ਪੰਜਾਬੀ ਹੁੰਦੇ ਤੇ ਦੂਜੇ ਪਾਸੇ ਓਧਰਲੇ ਪੰਜਾਬੀ। ਬਾਈਆਂ 'ਚੋਂ ਪੰਦਰਾਂ-ਸੋਲਾਂ ਖਿਡਾਰੀ ਪੰਜਾਬੀ ਹੋਣ ਕਰਕੇ ਖੇਡ ਮੈਦਾਨ ਦੀ ਬੋਲੀ ਪੰਜਾਬੀ ਹੁੰਦੀ ਤੇ ਪਈ 'ਲਈਂ ਨੂਰਿਆ, ਦੇਈਂ ਬੀਰਿਆ' ਹੋਈ ਜਾਂਦੀ!

ਹਾਂਗਜ਼ੂ ਦੀਆਂ 19ਵੀਆਂ ਏਸ਼ਿਆਈ ਖੇਡਾਂ ਵਿਚ ਭਾਰਤ ਦੇ 660 ਖਿਡਾਰੀਆਂ ਨੇ ਭਾਗ ਲਿਆ ਜਿਨ੍ਹਾਂ 'ਚੋਂ 249 ਖਿਡਾਰੀਆਂ ਨੇ 28 ਸੋਨੇ, 28 ਚਾਂਦੀ, 41 ਕਾਂਸੀ, ਕੁਲ 107 ਮੈਡਲ ਜਿੱਤਣ ਵਿਚ ਯੋਗਦਾਨ ਪਾਇਆ। ਇਹ ਪਹਿਲੀ ਵਾਰ ਹੋਇਆ ਕਿ ਭਾਰਤ ਨੇ 100 ਮੈਡਲਾਂ ਦਾ ਅੰਕੜਾ ਪਾਰ ਕੀਤਾ। ਜਕਾਰਤਾ ਦੀਆਂ 18ਵੀਆਂ ਏਸ਼ਿਆਈ ਖੇਡਾਂ 'ਚੋਂ ਭਾਰਤ ਨੇ 16 ਸੋਨੇ, 23 ਚਾਂਦੀ, 31 ਕਾਂਸੀ, ਕੁਲ 70 ਮੈਡਲ ਜਿੱਤੇ ਸਨ। ਚੀਨ ਨੇ ਹਾਂਗਜ਼ੂ ਤੋਂ ਸਭ ਤੋਂ ਵੱਧ ਮੈਡਲ ਜਿੱਤੇ ਜਿਨ੍ਹਾਂ ਦੀ ਕੁਲ ਗਿਣਤੀ 383 ਹੈ। ਉਨ੍ਹਾਂ 'ਚ 201 ਗੋਲਡ, 111 ਸਿਲਵਰ, 71 ਬਰੌਂਜ਼ ਮੈਡਲ ਹਨ। ਦੂਜੇ ਥਾਂ ਜਪਾਨ ਹੈ ਜਿਸ ਦੇ ਮੈਡਲ 52, 67, 69 ਕੁਲ 188 ਹਨ। ਤੀਜੇ ਨੰਬਰ 'ਤੇ ਦੱਖਣੀ ਕੋਰੀਆ ਨੇ 42, 59, 89 ਕੁਲ 190 ਤਗਮੇ ਜਿੱਤੇ ਹਨ। ਚੌਥੇ ਨੰਬਰ 'ਤੇ ਭਾਰਤ ਹੈ ਤੇ ਪੰਜਵੇਂ ਨੰਬਰ 'ਤੇ ਉਜ਼ਬੇਕਸਤਾਨ ਜਿਸ ਨੇ 22, 18, 31 ਕੁਲ 71 ਮੈਡਲ ਜਿੱਤੇ ਹਨ। ਹੈਰਾਨੀ ਦੀ ਗੱਲ ਹੈ ਕਿ ਇੰਡੀਆ ਤੋਂ ਅੱਡ ਹੋਏ ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਤੇ ਬੰਗਲਾਦੇਸ਼ ਸੋਨੇ ਦਾ ਇੱਕ ਵੀ ਤਗਮਾ ਨਹੀਂ ਜਿੱਤ ਸਕੇ! ਚੜ੍ਹਦੇ ਪੰਜਾਬ ਦੇ 32 ਖਿਡਾਰੀਆਂ ਨੇ 20 ਮੈਡਲ ਜਿੱਤੇ ਹਨ ਜਦਕਿ ਲਹਿੰਦੇ ਪੰਜਾਬ ਵਾਲਾ ਪਾਕਿਸਤਾਨ ਕੁਲ 1 ਚਾਂਦੀ ਤੇ 2 ਕਾਂਸੀ ਦੇ ਤਗਮੇ ਹੀ ਜਿੱਤ ਸਕਿਆ ਹੈ।

ਭਾਰਤ ਅਨੇਕਾਂ ਸਭਿਆਚਾਰਾਂ, ਧਰਮਾਂ, ਜਾਤੀਆਂ, ਨਸਲਾਂ, ਭਾਸ਼ਾਵਾਂ, ਪਹਾੜਾਂ, ਰੇਗਸਤਾਨਾਂ, ਜੰਗਲਾਂ, ਉਚੇ ਨੀਵੇਂ ਤੇ ਪੱਧਰੇ ਮੈਦਾਨਾਂ ਵਾਲਾ ਬਹੁਰੰਗਾ ਦੇਸ਼ ਹੈ। ਇਹਦੇ 'ਤੇ ਇੱਕੋ ਰੰਗ ਚੜ੍ਹਾਉਣ ਦੀ ਸਿਆਸਤ ਨਹੀਂ ਕਰਨੀ ਚਾਹੀਦੀ। ਐਵੇਂ ਨਹੀਂ ਕਿਹਾ ਜਾਂਦਾ: ਸੌ ਫੁੱਲ ਖਿੜਣ ਦਿਓ। ਜਿਥੇ ਹਰ ਫੁੱਲ ਨੂੰ ਖਿੜਣ ਤੇ ਮਹਿਕਣ ਦੇ ਮੌਕੇ ਮਿਲਣਗੇ ਉਥੇ ਹੀ ਮੈਡਲ ਜਿੱਤੇ ਜਾ ਸਕਣਗੇ। ਭਾਰਤ ਦੇ ਵੱਖ ਵੱਖ ਰਾਜਾਂ ਦੇ ਖਿਡਾਰੀਆਂ ਵੱਲੋਂ ਏਸ਼ਿਆਈ ਖੇਡਾਂ 'ਚੋਂ ਮੈਡਲ ਜਿੱਤਣ ਵਾਲੇ ਖਿਡਾਰੀਆਂ ਦੀ ਗਿਣਤੀ ਇਸ ਪ੍ਰਕਾਰ ਹੈ:

ਹਰਿਆਣੇ ਦੇ 44 ਖਿਡਾਰੀ, ਪੰਜਾਬ ਦੇ 32, ਮਹਾਰਾਸ਼ਟਰ 31, ਉੱਤਰ ਪ੍ਰਦੇਸ਼ 21, ਤਾਮਿਲਨਾਡੂ 17, ਵੈੱਸਟ ਬੰਗਾਲ 13, ਰਾਜਸਥਾਨ 13, ਕੇਰਲਾ 11, ਮੱਧ ਪ੍ਰਦੇਸ਼ 10, ਮਨੀਪੁਰ 9, ਆਂਧਰਾ 9, ਹਿਮਾਚਲ 7, ਨਵੀਂ ਦਿੱਲੀ 7, ਕਰਨਾਟਕ 6, ਝਾਰਖੰਡ 4, ਉੜੀਸਾ 3, ਅਸਾਮ 2, ਉਤਰਾਖੰਡ 2 ਤੇ ਮੀਜ਼ੋਰਮ ਦਾ ਇੱਕ ਖਿਡਾਰੀ। ਭਾਰਤ ਦੇ ਕੁਲ 660 ਖਿਡਾਰੀਆਂ 'ਚੋਂ 249 ਖਿਡਾਰੀਆਂ ਨੇ 107 ਮੈਡਲ ਜਿੱਤਣ ਵਿਚ ਯੋਗਦਾਨ ਪਾਇਆ। 29 ਮੈਡਲ ਅਥਲੀਟਾਂ ਨੇ ਜਿੱਤੇ, 22 ਸ਼ੂਟਰਾਂ ਨੇ, 9 ਤੀਰਅੰਦਾਜ਼ਾਂ ਨੇ, 6 ਪਹਿਲਵਾਨਾਂ ਨੇ, 5 ਸਕੁਐਸ਼ ਦੇ ਖਿਡਾਰੀਆਂ ਨੇ, 5 ਰੋਇੰਗ ਦੇ, 5 ਵੇਟਲਿਫਟਰਾਂ ਨੇ, 3 ਸੇਲਿੰਗ ਦੇ, 2 ਕ੍ਰਿਕਟ ਟੀਮਾਂ ਦੇ, 2 ਕਬੱਡੀ ਟੀਮਾਂ ਦੇ, 2 ਹਾਕੀ ਟੀਮਾਂ ਦੇ, 3 ਬੈਡਮਿੰਟਨ ਦੇ, 2 ਟੈਨਿਸ ਦੇ, 2 ਘੋੜਸਵਾਰੀ ਦੇ, 2 ਚੈੱਸ ਦੇ, 2 ਰੋਲਿੰਗ ਸਪੋਰਟਸ, 1 ਬ੍ਰਿਜ, 1 ਗੌਲਫ, 1 ਵਸੂ, 1 ਕੋਇੰਗ, 1 ਸੇਪਕ ਟਕਰਾ ਤੇ 1 ਟੇਬਲ ਟੈਨਸ ਦਾ। ਭਾਰਤ ਵਿਚ ਹੁਣ ਐਨੀਆਂ ਖੇਡਾਂ ਦਾ ਢਾਂਚਾ ਖੜ੍ਹਾ ਹੋ ਗਿਐ ਕਿ ਭਵਿੱਖ 'ਚ ਭਾਰਤੀ ਖਿਡਾਰੀਆਂ ਤੋਂ ਹੋਰ ਵੀ ਮੈਡਲ ਜਿੱਤਣ ਦੀ ਉਮੀਦ ਰੱਖੀ ਜਾ ਸਕਦੀ ਹੈ। ਅਗਲੇ ਸਾਲ ਪੈਰਿਸ ਵਿਚ ਓਲੰਪਿਕ ਖੇਡਾਂ ਹੋਣਗੀਆਂ। ਭਾਰਤ ਟੀਚਾ ਭਾਵੇਂ 20 ਮੈਡਲਾਂ ਦਾ ਰੱਖੇ ਪਰ 10 ਦਾ ਅੰਕੜਾ ਤਾਂ ਹਰ ਹਾਲਤ ਵਿਚ ਪਾਰ ਹੋਣਾ ਹੀ ਚਾਹੀਦੈ।

**ਹਾਂਗਜ਼ੂ ਦੀਆਂ ਏਸ਼ਿਆਈ ਖੇਡਾਂ ਦੇ ਉਦਘਾਟਨੀ ਸਮਾਰੋਹ ਸਮੇਂ ਭਾਰਤੀ ਦਲ ਦੀ ਅਗਵਾਈ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਕੀਤੀ ਜਿਸ ਦਾ ਸਾਥ ਮੁੱਕੇਬਾਜ਼ ਲਵਲੀਨਾ ਨੇ ਦਿੱਤਾ। ਸਮਾਪਤੀ ਸਮਾਰੋਹ ਦੀ ਰਸਮ ਓਲੰਪਿਕ ਕਾਊਂਸਲ ਆਫ ਏਸ਼ੀਆ ਦੇ ਕਾਰਜਕਾਰੀ ਪ੍ਰਧਾਨ ਰਾਜਾ ਰਣਧੀਰ ਸਿੰਘ ਨੇ ਨਿਭਾਈ।** 2026 ਦੀਆਂ 20ਵੀਆਂ ਏਸ਼ਿਆਈ ਖੇਡਾਂ ਜਪਾਨ ਦੇ ਸ਼ਹਿਰ ਨਗੋਆ ਵਿਚ, 2030 ਦੀਆਂ 21ਵੀਆਂ ਖੇਡਾਂ ਕਤਰ ਦੀ ਰਾਜਧਾਨੀ ਦੋਹਾ 'ਚ ਤੇ 2034 ਦੀਆਂ 22ਵੀਆਂ ਏਸ਼ਿਆਈ ਖੇਡਾਂ ਅਰਬ ਦੀ ਰਾਜਧਾਨੀ ਰਿਆਧ 'ਚ ਹੋਣਗੀਆਂ। ਦਿੱਲੀ ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਵਿਚ 11 ਮੁਲਕਾਂ ਦੇ 500 ਤੋਂ ਘੱਟ ਖਿਡਾਰੀ ਢੁੱਕੇ ਸਨ ਜਦ ਕਿ ਹਾਂਗਜ਼ੂ ਦੀਆਂ 19ਵੀਆਂ ਏਸ਼ਿਆਈ ਖੇਡਾਂ ਵਿਚ 45 ਮੁਲਕਾਂ ਦੇ 12 ਹਜ਼ਾਰ ਤੋਂ ਵੱਧ ਖਿਡਾਰੀ ਢੁੱਕੇ। ਮੁਕਾਬਲੇ 6 ਸਪੋਰਟਸ ਤੋਂ ਵਧਦੇ ਹੋਏ 46 ਸਪੋਰਟਸ ਤਕ ਤੇ ਈਵੈਂਟ 57 ਤੋਂ 465 ਤਕ ਪਹੁੰਚ ਗਏ। ਚੀਨ ਨੇ ਹੁਣ ਤਕ ਇਕ ਵਾਰ ਓਲੰਪਿਕ ਖੇਡਾਂ ਤੇ ਤਿੰਨ ਵਾਰ ਏਸ਼ਿਆਈ ਖੇਡਾਂ ਕਰਾਈਆਂ ਹਨ। ਹੁਣ ਚੈਲੰਜ ਹੈ ਕਿ ਮਹਾਨ ਭਾਰਤ ਵੀ ਨਾ ਸਿਰਫ਼ ਤੀਜੀ ਵਾਰ ਏਸ਼ਿਆਈ ਖੇਡਾਂ ਹੀ ਕਰਾਵੇ ਬਲਕਿ ਪਹਿਲੀ ਵਾਰ ਓਲੰਪਿਕ ਖੇਡਾਂ ਕਰਾਉਣ ਲਈ ਵੀ ਮੈਦਾਨ ਵਿਚ ਨਿੱਤਰੇ। ਅਜਿਹਾ ਕਰਨ ਨਾਲ ਭਾਰਤ ਨੂੰ ਖੇਡਾਂ 'ਚੋਂ ਹੋਰ ਵੱਧ ਮੈਡਲ ਜਿੱਤਣ ਦਾ ਹੁਲਾਰਾ ਮਿਲੇਗਾ।

# 'ਮਾਸਟਰ ਮੈਂਟਲ ਚੂਹਾ' ਉਰਫ਼ ਰਾਣਾ ਰਣਬੀਰ ਵੱਲੋਂ ਨਾਟਕ ਦੀ ਰਿਹਰਸਲ

ਮੋਗੇ ਦੇ ਪ੍ਰਾਈਮ ਫਾਰਮ 'ਚ ਰਾਣੇ ਵੀਰ ਦੀ ਪਰਫਾਰਮੈਂਸ ਵੇਖਣ ਲਈ 4 ਵਜੇ ਹੀ ਆਪਣੀ ਸੀਟ 'ਤੇ ਜਾ ਬੈਠੇ ਸਾਂ। ਸਿਮਰ, ਮੈਂ ਤੇ ਬੇਟੀ ਤੌਫ਼ੀਕ। ਹੌਲੀ ਹੌਲੀ ਹਾਲ ਭਰਦਾ ਜਾ ਰਿਹਾ ਸੀ।

ਸਾਡੇ ਨਾਲ ਬੈਠੇ ਇਕ ਸਿਆਣੀ ਉਮਰ ਦੇ ਬੰਦੇ ਨੇ ਮੈਨੂੰ ਪੁੱਛਿਆ,

"ਕੀ ਹੈ ਇਸ ਨਾਟਕ 'ਚ ? ਮੈਂ ਤਾਂ ਪਹਿਲੀ ਵਾਰ ਵੇਖ ਰਿਹਾਂ ਕਿ ਲੋਕ ਨਾਟਕ ਵੇਖਣ ਵਾਸਤੇ ਵੀ ਲਾਈਨਾਂ ਬੰਨ੍ਹੀ ਖੜੇ ਐ। ਬਾਹਰ ਗੇਟ 'ਤੇ ਬੜੀ ਭੀੜ ਐ। ਮੈਨੂੰ ਤਾਂ ਸਕੂਟਰੀ ਖੜਾਉਣ ਨੂੰ ਵੀ ਬੜੀ ਮੁਸ਼ਕਲ ਨਾਲ



**ਗੁਰਮੀਤ ਕੜਿਆਲਵੀ**
**ਫੋਨ: +91-98726-40994**

ਥਾਂ ਮਿਲੀ ਐ। ਆਏਂ ਤਾਂ ਕਿਸੇ ਟੈਮ ਸਿਨਮੇ ਦੀਆਂ ਟਿਕਟਾਂ ਲੈਂਦੇ ਹੁੰਦੇ ਸੀ। ਹੁਣ ਆਏਂ ਨਾਟਕ ਕੌਣ ਵੇਖਣ ਜਾਂਦਾ?"

ਉਸ ਬੰਦੇ ਦੀ ਗੱਲ ਸੁਣ ਕੇ ਮੈਂ ਮਾੜਾ ਜਿਹਾ ਮੁਸਕਰਾਇਆ, "ਮੈਂ ਤਾਂ ਰਾਣੇ ਵੀਰ ਦੀ ਪਰਫਾਰਮੈਂਸ ਵੇਖਣ ਆਇਆਂ। ਕਮਾਲ ਦਾ ਐਕਟਰ ਐ। ਕਮਾਲ ਦਾ ਲੇਖਕ ਐ। ਕਮਾਲ ਦਾ ਡਾਇਰੈਕਟਰ ਐ। ਕਮਾਲ ਦਾ...ਕਮਾਲ ਦਾ ਐ। ਕਮਾਲ ਦਾ...ਐ।" ਮੈਂ ਪਤਾ ਨ੍ਹੀਂ ਕੀ ਦੇ ਕੀ ਵਿਸ਼ੇਸ਼ਣ ਲਾਉਂਦਾ ਰਿਹਾ। ਜਿੰਨੇ ਕੁ ਮੈਥੋਂ ਲੱਗ ਸਕਦੇ ਸਨ ਜਾਂ ਜਿੰਨੇ ਕੁ ਮੇਰੇ ਦਿਲ 'ਚੋਂ ਆਪ ਮੁਹਾਰੇ ਨਿਕਲੇ ਸਨ।

"ਨਾਟਕ 'ਚ ਹੈ ਕੀ?" ਉਸਨੇ ਸਵਾਲ ਦੁਹਰਾਇਆ।

"ਮੈਂ ਤਾਂ ਆਪ ਪਹਿਲੀ ਵਾਰ ਵੇਖਣਾ। ਵੇਖ ਕੇ ਈ ਪਤਾ ਲੱਗੂ, ਪਰ ਜਿੰਨਾ ਕੁ ਪਤਾ ਲੱਗਾ— ਇਹ ਆਪਣੇ ਵਰਗਿਆਂ ਦੀਆਂ "ਪੂਛਾਂ " ਉਪਰ ਪੈਰ ਰੱਖਦਾ ਐ।"

"ਕਿਹੜੀਆਂ ਪੂਛਾਂ?"

"ਆਹੀ ਜਿਹੜੀਆਂ ਅਸੀਂ ਆਪਣੇ ਪਿੱਛੇ ਲਾਈ ਫਿਰਦੇ ਹਾਂ। ਜਿਹੜੀਆਂ ਸਾਨੂੰ ਦਿਨ ਰਾਤ ਟਿਕਣ ਨੀ ਦਿੰਦੀਆਂ। ਜਿਹੜੀਆਂ ਸਾਨੂੰ ਇਕ ਦੂਜੇ ਨੂੰ ਬੰਦਾ ਨ੍ਹੀਂ ਸਮਝਣ ਦਿੰਦੀਆਂ। ਜਿਹੜੀਆਂ ਪੂਛਾਂ ਕਰਕੇ ਅਸੀਂ ਹੰਕਾਰ ਦੇ ਭਰੇ ਪਏ ਹਾਂ।"

"ਮਲਬ?"

"ਜਾਤ ਗੋਤ ਦੀਆਂ ਪੂਛਾਂ। ਅਹੁਦਿਆਂ ਦੀਆਂ ਪੂਛਾਂ। ਰੰਗ, ਨਸਲ, ਧਰਮ, ਅਮੀਰੀ, ਕੱਦ ਕਾਠ ਤੇ ਉੱਚੀ ਕੁਲ਼ 'ਚ ਪੈਦਾ ਹੋਣ ਦੀਆਂ ਪੂਛਾਂ।" ਮੈਂ ਗੱਲ ਨਿਬੇੜ ਦਿੱਤੀ।

ਸਟੇਜ 'ਤੇ ਭਾਸ਼ਣ ਵਾਸ਼ਣ ਹੁੰਦੇ ਨੇ। ਸਦਾ ਸਿਆਣੀਆਂ ਗੱਲਾਂ ਕਰਨ ਵਾਲਾ ਕੋਮਲ ਚਿਤ ਸ਼ਾਇਰ ਡੀ ਸੀ ਕੁਲਵੰਤ ਸਿੰਘ ਧੂਰੀ ਅੱਧੇ ਮਿੰਟ 'ਚ ਗੱਲ ਨਿਬੇੜ ਜਾਂਦਾ। ਅਗਲੇ ਵਕਤਾ ਨੂੰ ਸਿਰਫ ਪੱਚੀ ਸਕਿੰਟ ਲਾਉਣੇ ਪੈਂਦੇ ਨੇ।

ਫਿਰ ਰਾਣਾ ਰਣਬੀਰ ਤੇ ਉਹਦਾ ਜੋਟੀਦਾਰ ਅਦਾਕਾਰ ਰਾਜਵੀਰ ਬੋਪਾਰਾਏ ਸਟੇਜ 'ਤੇ ਆ ਜਾਂਦੇ। ਸੱਜੀਆਂ ਫੱਬੀਆਂ ਵਰਦੀਆਂ ਵਾਲੇ ਬੈਅਰੇ ਮੂਹਰਲੀਆਂ ਕੁਰਸੀਆਂ 'ਤੇ ਬੈਠੇ ਕਈ ਕਈ ਵੀਆਂ ਵਾਲੇ ਮਹਿਮਾਨਾਂ ਵੱਲ ਟਰੇਆਂ ਲੈ ਕੇ ਦੌੜਦੇ ਹਨ। ਰਾਣੇ ਅੰਦਰਲੇ ਕਲਾਕਾਰ ਦਾ ਸਵੈਮਾਣ ਦਹਾੜ ਮਾਰ ਕੇ ਵੇਟਰਾਂ ਨੂੰ ਆਖਦਾ ਹੈ, "ਉਏ ਵੀਰੇ...ਬੱਸ। ਨੋ ਵੀ ਆਈ ਪੀ ਕਲਚਰ। ਆਪਾਂ ਇਥੇ ਸਾਰੇ ਵੀ ਆਈ ਪੀ ਹਾਂ। ਮੈਂ ਸਟੇਜ 'ਤੇ ਦੋ ਘੰਟੇ ਪਾਣੀ ਨ੍ਹੀਨ ਪੀਂਦਾ-ਵਾਅਦਾ ਰਿਹਾ। ਜੇ ਥੋਨੂੰ ਕਿਸੇ ਨੇ ਸਸਪੈਂਡ ਕਰ ਦਿੱਤਾ ਤਾਂ ਥੋਡੀ ਦੋ ਮਹੀਨੇ ਦੀ ਤਨਖਾਹ ਮੈਂ ਦੇਊਂ।" ਰਾਣੇ ਦੀ ਗੱਲ 'ਤੇ ਲੋਕ ਤਾੜੀਆਂ ਮਾਰਦੇ ਨੇ। ਮੈਂ ਆਪਣੇ ਤੋਂ ਪੁੱਛਗਿੱਛ ਕਰਨ ਵਾਲੇ ਨੂੰ ਹੌਲੀ ਜਿਹੇ ਆਖਦਾ ਹਾਂ "ਬੱਸ ਮਾਸਟਰ ਜੀ ਨੇ ਆਏਂ ਹੀ ਆਪਣੀਆਂ ਪੂਛਾਂ 'ਤੇ ਪੈਰ ਰੱਖਣਾ ਹੈ।"

ਖੈਰ-! ਰਾਣਾ ਰਣਬੀਰ ਨਾਟਕ ਦੀ ਰਿਹਰਸਲ ਸ਼ੁਰੂ ਕਰਦਾ ਹੈ। ਇਹ ਨਾਟਕ ਉਸਨੇ ਪਤਾ ਨਹੀਂ ਕਿੱਥੇ ਕਰਨਾ ਹੈ।

ਉਹ ਰਾਜਵੀਰ ਨੂੰ ਸਮਝਾਉਂਦਾ ਹੈ ਕਿ ਤੂੰ ਵਿਦਿਆਰਥੀ ਏਂ। ਤੈਨੂੰ ਪੱਚੀ ਸਾਲ ਬਾਅਦ ਮਹਿਸੂਸ ਹੁੰਦਾ ਕਿ ਜਿਸ ਮਾਸਟਰ ਨੂੰ ਤੂੰ "ਮੈਂਟਲ ਚੂਹਾ" ਕਹਿ ਕੇ ਛੇੜਦਾ ਸੀ। ਕੰਧਾਂ 'ਤੇ ਮੈਂਟਲ ਚੂਹਾ...ਮੈਂਟਲ ਚੂਹਾ ਲਿਖਦਾ ਰਿਹਾਂ। ਉਹ ਬੜਾ ਗਲਤ ਕਰਦਾ ਰਿਹਾਂ। ਹੁਣ ਮਾਸਟਰ ਤੋਂ ਜਾ ਕੇ ਮੁਆਫੀ ਮੰਗਣੀ ਹੈ।"

...ਤੇ ਇਉਂ ਰਾਣਾ ਮੈਂਟਲ ਚੂਹਾ ਉਰਫ਼ ਮਾਸਟਰ ਗੁਰਮੁੱਖ ਸਿੰਘ 'ਚ ਬਦਲ ਜਾਂਦਾ ਹੈ। ਦਰਸ਼ਕ ਰਾਣੇ ਨੂੰ ਭੁੱਲ ਜਾਂਦੇ ਨੇ। ਸਟੇਜ 'ਤੇ ਹੁਣ ਮਾਸਟਰ ਗੁਰਮੁੱਖ ਸਿੰਘ ਉਰਫ਼ ਮੈਂਟਲ ਚੂਹਾ ਹੈ। ਜੋ ਘਰਦਿਆਂ ਬਾਹਰਲਿਆਂ ਲਈ ਹਿੱਲਿਆ ਹੋਇਆ ਹੈ। ਰਾਜਵੀਰ ਬੋਪਾਰਾਏ ਹੁਣ ਵਿਦਿਆਰਥੀ ਹੈ...ਮਾਸਟਰ ਗੁਰਮੁੱਖ ਸਿੰਘ ਦਾ ਵਿਦਿਆਰਥੀ। ਹੁਣ ਮਾਸਟਰ ਜੀ ਦੋ ਘੰਟੇ ਦੀ ਕਲਾਸ ਲਾਉਂਦੇ ਨੇ। ਸਮਝ ਲੋ ਲਗਾਤਾਰ ਤਿੰਨ ਪੀਰੀਅਡ। ਸਾਰਾ ਹਾਲ ਹੁਣ ਵਿਦਿਆਰਥੀ ਹੈ। ਮਾਸਟਰ ਕਿਤੇ ਸਿਆਣੀਆਂ ਗੱਲਾਂ ਕਰਦਾ ਤੇ ਕਿਤੇ ਝੱਲ ਵਲੱਲੀਆਂ ਪਰ ਉਹ ਸਮਾਜ ਦੀਆਂ ਕੁਰੀਤੀਆਂ 'ਤੇ ਉਂਗਲ ਧਰਦਾ ਇਨ੍ਹਾਂ ਦੀ ਨਿੰਦਿਆ ਹੀ ਨਹੀਂ ਕਰੀ ਜਾਂਦਾ...ਗੁਰੂਆਂ ਦੀ ਫਿਲਾਸਫੀ 'ਤੇ ਚੱਲਦਿਆਂ ਆਪਣੇ ਅੰਦਰਲੀਆਂ ਇਨ੍ਹਾਂ ਬੁਰਾਈਆਂ ਨੂੰ ਬਾਹਰ ਕੱਢ ਕੇ ਵਗਾਹ ਮਾਰਨ ਦਾ ਹੋਕਾ ਵੀ ਦੇਈ ਜਾਂਦਾ ਹੈ।


"ਮਾਸਟਰ ਜੀ" ਨਾਟਕ ਦੀ ਕੋਈ ਕਹਾਣੀ ਨਹੀਂ ਹੈ ਪਰ ਇਸ 'ਚ ਕਹਾਣੀਆਂ ਹੀ ਕਹਾਣੀਆਂ ਨੇ। ਰਾਣਾ...ਨਹੀਂ ਸੱਚ ਮਾਸਟਰ ਮੈਂਟਲ ਚੂਹਾ ਉਰਫ਼ ਗੁਰਮੁੱਖ ਸਿੰਘ ਇਕ ਕਹਾਣੀ ਦੀ ਤੰਦ ਛੱਡਦਾ ਹੈ, ਦੂਜੀ ਦੀ ਛੋਹ ਲੈਂਦਾ ਹੈ। ਗੱਲ ਉਹ ਆਪਣੇ ਵਿਦਿਆਰਥੀ ਰਾਜਵੀਰ ਦੇ ਕੰਨ 'ਚ ਕਰਦਾ ਹੈ-ਸੰਬੋਧਨ ਪੂਰੇ ਸਮਾਜ ਨੂੰ ਹੁੰਦਾ ਹੈ, "ਪੁੱਤਰ ਜੀ, ਅਸੀਂ ਜੋ ਕੋਲ ਨਹੀਂ ਉਸ ਲਈ ਦੁਖੀ ਹੁੰਦੇ ਹਾਂ। ਜੋ ਕੋਲ ਹੈ ਉਸਦਾ ਧੰਨਵਾਦ ਨਹੀਂ ਕਰਦੇ।"

ਮਾਸਟਰ ਪੈਲੇਸਾਂ 'ਚ ਖਾਣੇ ਦੀ ਕੀਤੀ ਜਾਂਦੀ ਦੁਰਗਤੀ ਦੀ ਗੱਲ ਕਰਦਾ ਹੈ ਕਿ ਅਸੀਂ ਅੰਨ ਬਰਬਾਦ ਕਰਦੇ ਹਾਂ -ਦੂਜੇ ਪਾਸੇ ਕਰੋੜਾਂ ਲੋਕ ਭੁੱਖੇ ਸੌਂਦੇ ਹਨ। ਫਿਰ ਜਿਹੜੇ ਸਫਾਈ ਕਰਦੇ ਨੇ ਉਨ੍ਹਾਂ ਨੂੰ ਕੂੜੇ ਵਾਲੇ ਕਹਿੰਦੇ ਹਾਂ ਜਦੋਂ ਕਿ ਕੂੜੇ ਵਾਲੇ ਤਾਂ ਅਸੀਂ ਹਾਂ...ਉਹ ਤਾਂ ਸਫਾਈ ਵਾਲੇ ਨੇ।

ਮਾਸਟਰ ਦੇ ਕਈ ਸਵਾਲ ਤੇ ਜਵਾਬ ਨੇ ਜਿਹੜੇ ਦਰਸ਼ਕਾਂ ਨੂੰ ਅੰਦਰੋਂ ਹਲੂਣਾ ਦਿੰਦੇ ਹਨ:

* ਸਾਡੇ ਘਰਾਂ 'ਚ ਬੀਅਰ ਬਾਰ ਹੈ। ਕਿਤਾਬਾਂ ਨਹੀਂ।

* ਲੜਾਈ ਬੰਦਿਆਂ ਦੀ ਹੁੰਦੀ ਹੈ-ਵਿਚ ਧੀਆਂ ਭੈਣਾਂ ਘੜੀਸ ਲੈਂਦੇ ਹਾਂ।



* ਕੁੱਖ 'ਚੋਂ ਕੋਈ ਮਹਾਨ ਨਹੀਂ ਜੰਮਦਾ।

* ਸ਼ਬਦ ਤੇ ਬੱਚੇ ਕੋਰੇ ਹੁੰਦੇ ਹਨ, ਇਨ੍ਹਾਂ ਨਾਲ ਛੇੜਖਾਨੀ ਨਹੀਂ ਕਰਨੀ ਚਾਹੀਦੀ।

* ਜੇ ਜ਼ਿੰਦਗੀ 'ਚ ਔਕੜਾਂ ਹਨ ਤਾਂ ਸਮਝੋ ਤੁਸੀਂ ਜਿਉਂਦੇ ਹੋ-ਕਦੇ ਮੁਰਦੇ ਨੂੰ ਔਕੜਾਂ ਆਈਆਂ?



* ਰੁੱਸੇ ਨੂੰ ਮਨਾ ਲੈਣਾ ਚਾਹੀਦਾ ਹੈ, ਕਿਤੇ ਇਹ ਨਾ ਹੋਵੇ ਅਸੀਂ ਇਕ ਦੂਜੇ ਨਾਲ ਰੁੱਸੇ ਹੀ ਤੁਰ ਜਾਈਏ।

ਅਸੀਂ ਆਪਣੇ ਤੁਰ ਗਏ ਸਾਥੀ ਦੇ ਸਸਕਾਰ ਸਮੇਂ ਅੱਥਰੂ ਵਹਾਉਂਦੇ ਹਾਂ ਤੇ ਸ਼ਮਸ਼ਾਨਘਾਟ 'ਚੋਂ ਬਾਹਰ ਨਿਕਲਦਿਆਂ ਹੀ ਭੁੱਲ ਜਾਂਦੇ ਹਾਂ ਕਿ ਅਸੀਂ ਪਾਣੀ ਦੇ ਬੁਲਬੁਲੇ ਹਾਂ।

* ਸਾਡੇ ਸਿਰ ਨਿੱਕੇ ਤੇ ਪੂਛਾਂ ਵੱਡੀਆਂ ਹਨ। ਇਹ ਪੂਛਾਂ ਜਾਤਾਂ, ਗੋਤਾਂ, ਧਰਮਾਂ, ਅਹੁਦਿਆਂ, ਰੰਗ, ਕੱਦ, ਜ਼ਮੀਨਾਂ ਜਾਇਦਾਦਾਂ ਦੀਆਂ ਹਨ।

* ਬੰਦਾ ਕੱਦ ਨਾਲ ਵੱਡਾ ਨਹੀਂ ਹੁੰਦਾ। "ਕੱਦ ਕੰਨਾਂ ਤੋਂ ਉਪਰ ਵਾਲਾ ਚਾਰ ਉਂਗਲਾਂ ਦਾ ਹੁੰਦਾ ਹੈ"

ਮਾਸਟਰ ਜੀ ਵਿਦਿਆਰਥੀ ਨੂੰ ਨਹੀਂ ਪੂਰੇ ਸਮਾਜ ਨੂੰ ਸਵਾਲ ਕਰ ਦਿੰਦਾ ਹੈ- "ਤੂੰ ਉੱਚਾ ਏਂ ਲੰਮਾ ਏਂ...ਸੋਹਣਾ ਏਂ, ਇਸ 'ਚ ਤੇਰਾ ਕੀ ਯੋਗਦਾਨ ਹੈ?"

* ਜਿਉਣ ਲਈ ਬਹਾਨੇ ਲੱਭਣੇ ਪੈਂਦੇ ਨੇ।

ਇਸ ਤਰ੍ਹਾਂ ਮਾਸਟਰ ਜੀ ਸਾਡੇ ਅੰਦਰਲੇ ਪੂਛ ਉਤਾਂਹ ਨੂੰ ਚੱਕੀ ਫਿਰਦੇ ਹੰਕਾਰੀ ਬੰਦੇ ਦੇ ਭਿਉਂ ਭਿਉਂ ਕੇ ਛਿੱਤਰ ਮਾਰਦਾ ਸਾਨੂੰ ਗੁਰੂਆਂ ਦੀ ਉਸ ਫਿਲਾਸਫੀ ਨਾਲ ਜੋੜਨ ਦੀ ਗੱਲ ਕਰਦਾ ਹੈ ਜੋ ਕਿਰਤੀ ਨੂੰ ਸਨਮਾਨ ਦੇਣ ਦੀ ਗੱਲ ਕਰਦੀ ਹੈ। ਜਿਹੜੀ ਫਿਲਾਸਫੀ ਸਾਰਿਆਂ ਨੂੰ ਇਕ ਸਮਾਨ ਸਮਝਣ ਦੀ ਗੱਲ ਕਰਦੀ ਹੈ। ਉਹ ਗੁਰੂਆਂ ਨੂੰ ਹੀ ਨਹੀਂ... ਗੁਰੂਆਂ ਦੀ ਗੱਲ ਮੰਨਣ ਨੂੰ ਆਖਦਾ ਹੈ। ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਦੀ ਗੱਲ ਕਰਦਾ ਉਹ ਉਸਨੂੰ ਬੰਦੂਕਾਂ ਬੰਬਾਂ ਵਾਲਾ ਭਗਤ ਸਿੰਘ ਨਹੀਂ ਕਿਤਾਬਾਂ ਤੇ ਵਿਚਾਰਾਂ ਵਾਲੇ ਚਿੰਤਕ ਵਜੋਂ ਪੇਸ਼ ਕਰਦਾ ਹੈ। ਉਹ ਸਾਡੇ ਵੱਡੇ ਸ਼ਾਇਰ ਜਸਵੰਤ ਜ਼ਫਰ ਦੀਆਂ ਕਵਿਤਾਵਾਂ ਸੁਣਾਉਂਦਾ ਸ਼ਹੀਦ ਭਗਤ ਸਿੰਘ ਨੂੰ ਅੱਤਵਾਦੀ ਕਹਿਣ ਵਾਲਿਆਂ ਨੂੰ ਕਟਹਿਰੇ 'ਚ ਲਿਆ ਖੜਾ ਕਰਦਾ ਹੈ। ਉਹ ਫੇਸਬੁੱਕੀ ਵੀ ਮਾਸਟਰ ਗੁਰਮੁੱਖ ਸਿੰਘ ਦੀ ਮਾਰ ਤੋਂ ਨਹੀਂ ਬਚਦੇ ਜਿਹੜੇ ਤਰਕ ਨਾਲ ਗੱਲ ਜਾਂ ਵਿਚਾਰ ਚਰਚਾ ਕਰਨ ਦੀ ਬਜਾਏ ਗਾਹਲਾਂ 'ਤੇ ਉੱਤਰ ਆਉਂਦੇ ਹਨ।

ਮਾਸਟਰ ਜੀ ਕਦੇ ਹਸਾਉਂਦਾ ਹੈ...ਕਦੇ ਅੱਖਾਂ ਸਿੱਲੀਆਂ ਕਰਾਉਂਦਾ ਹੈ। ਵਾਰ ਵਾਰ ਤਾੜੀਆਂ ਵੱਜਦੀਆਂ ਹਨ। ਮੈਂ ਕਈ ਵਾਰ ਅੱਖਾਂ ਪੂੰਝਦਾ ਹਾਂ ਤੇ ਨਾਲ ਬੈਠੀ ਬੇਟੀ ਨੂੰ ਕਲਾਵੇ ਭਰਦਾ ਹਾਂ। ਕਦੇ ਪਤਨੀ ਨੂੰ ਗਲਵੱਕੜੀ ਪਾ ਆਖਣ ਨੂੰ ਅਹੁਲਦਾ ਹਾਂ, "ਆਏਂ ਨਾ ਰੁੱਸਿਆ ਕਰ। ਗਲਤੀ ਹੋ ਜਾਂਦੀ ਐ ਮੇਰੇ ਤੋਂ।" ਮੈਂ ਵੇਖਦਾ ਹਾਂ, ਮੇਰੇ ਆਸੇ ਪਾਸੇ ਲੋਕ ਹੀ ਲੋਕ ਨੇ। ਮੈਂ ਸਬਰ ਕਰ ਲੈਂਦਾ ਹਾਂ ਤੇ ਸੋਚਦਾ ਹਾਂ ਕਿ ਘਰ ਜਾ ਕੇ ਸਭ ਤੋਂ ਪਹਿਲਾਂ ਉਸਨੂੰ "ਆਈ ਲਵ ਯੂ" ਆਖਾਂਗਾ। ਫੇਰ ਬੱਚੀ ਨੂੰ ਗਲਵੱਕੜੀ 'ਚ ਲੈ ਕੇ ਕਹਾਂਗਾ, "ਤੂੰ ਜਿੰਨੀ ਉਚੀ ਉੱਡ ਸਕਦੀ ਏਂ ਉੱਡ। ਤੇਰਾ ਪਾਪਾ ਤੇਰੇ ਖੰਭ ਬਣ ਜਾਵੇਗਾ।"

ਮੈਂ ਜਦੋਂ ਪੈਲੇਸ 'ਚੋਂ ਇਹ ਨਾਟਕ ਜਾਂ ਨਾਟਕ ਦੀ ਰਿਹਰਸਲ ਵੇਖ ਕੇ ਬਾਹਰ ਨਿਕਲਦਾ ਹਾਂ ਤਾਂ ਅੰਦਰੋਂ ਬਦਲਿਆ ਮਹਿਸੂਸ ਹੀ ਨਹੀਂ ਕੀਤਾ...ਬਦਲ ਚੁੱਕਾ ਸਾਂ।

ਨਾਟਕ ਤੋਂ ਬਾਅਦ ਜਦੋਂ ਬਾਈ ਰਾਣੇ ਨੂੰ ਮਿਲਿਆ ਤਾਂ ਉਦੋਂ ਵੀ ਇਹੀ ਕਿਹਾ, "ਰਾਣੇ ਵੀਰ ਮੈਂ ਬਹੁਤ ਬਦਲ ਰਿਹਾ ਹਾਂ, ਅੱਜ ਤੋਂ ਬਾਅਦ ਤਾਂ ਬਹੁਤ ਬਦਲ ਲਵਾਂਗਾ। ਬੰਦਾ ਬਣਨਾ ਔਖਾ ਹੈ, ਬਣਨ ਦੀ ਕੋਸ਼ਿਸ਼ ਕਰਾਂਗਾ।"

ਉਹ "ਲਵ ਯੂ" ਆਖਦਿਆਂ ਜੱਫੀ 'ਚ ਘੁੱਟਦਾ ਹੈ। ਮੈਂ ਬੜੇ ਜ਼ਬਤ ਨਾਲ ਆਪਣੇ ਅੱਥਰੂ ਰੋਕਦਾ ਹਾਂ।

"ਬੰਦਾ ਆਏਂ ਹੀ ਬਦਲਦਾ ਹੁੰਦਾ। ਮੈਂ ਵੀ ਤਾਂ ਹੌਲੀ ਹੌਲੀ ਆਏਂ ਬਦਲਿਆ ਆਪਣੇ ਆਪ ਨੂੰ।" ਉਸਦੇ ਸ਼ਬਦ ਮੇਰੀ ਤਪਦੀ ਧਰਤੀ 'ਤੇ ਠੰਢੀ ਫੁਹਾਰ ਵਾਂਗ ਪੈਂਦੇ ਨੇ।

ਮੈਂ ਰਾਜਵੀਰ ਬੋਪਾਰਾਏ, ਨਵਦੀਪ ਤੇ ਪਿਆਰੇ ਥੀਏਟਰ ਕਲਾਕਾਰ ਜੀਵੇ ਨੂੰ ਬਗਲਗੀਰ ਹੁੰਦਾ ਤੁਰ ਪੈਂਦਾ ਹਾਂ। ਹੁਣ ਮੇਰੇ ਨਾਲ ਰਾਣਾ ਨਹੀਂ ਮਾਸਟਰ ਗੁਰਮੁੱਖ ਸਿੰਘ ਸੀ।

...ਤੇ ਹਾਂ ! ਰਾਣੇ ਵੀਰ, ਮੈਂ ਵੀ ਇਕ ਵਿਦਿਆਰਥੀ ਵਜੋਂ ਆਪਣੇ ਅਧਿਆਪਕ ਤੋਂ ਤੀਹ ਸਾਲ ਬਾਅਦ ਮੁਆਫੀ ਮੰਗਣ ਜਾਣਾ ਹੈ। ਉਸਤੋਂ ਹੀ ਕਿਉਂ ਹੋਰ ਬਹੁਤ ਸਾਰੇ ਲੋਕਾਂ ਤੋਂ ਵੀ ਮੁਆਫੀ ਮੰਗ ਲਿਆ ਕਰਾਂਗਾ। ਤੂੰ ਬਦਲ ਦਿੱਤਾ ਏ ਮੇਰੇ ਯਾਰ! ਲਵ ਯੂ! ਜ਼ਿੰਦਗੀ ਜ਼ਿੰਦਾਬਾਦ!

ਤੂੰ ਇਉਂ ਹੀ ਪੰਜਾਬ ਦੇ ਕੋਨੇ ਕੋਨੇ ਆਉਂਦਾ ਰਹੀਂ। ਤੈਨੂੰ ਕਿਹੜਾ ਨਾਟਕ ਕਰਨ ਲਈ ਕਿਸੇ ਤਾਮ ਝਾਮ, ਰੰਗ ਬਿਰੰਗੀਆਂ ਲਾਈਟਾਂ, ਮੇਕਅੱਪ, ਮਹਿੰਗੇ ਸੈੱਟ ਜਾਂ ਮਹਿੰਗੇ ਸੰਗੀਤ ਦੀ ਲੋੜ ਪੈਣੀ ਐ। ਤੂੰ ਤਾਂ ਬੱਸ ਖੜੇ ਖੜੋਤੇ ਨੇ ਜਾਂ ਦੋ ਕੁਰਸੀਆਂ ਕੋਲ ਰੱਖ ਕੇ ਹੀ ਨਾਟਕ ਕਰ ਦੇਣਾ ਹੈ। ਤੇਰਾ ਥੀਏਟਰ ਤਾਂ ਲੋਕਾਂ ਦਾ ਥੀਏਟਰ ਹੈ। ਤੂੰ ਔਖੇ ਸਾਹ ਲੈਂਦੇ ਰੰਗਮੰਚ 'ਚ ਭਰਵੀਂ ਜਾਨ ਪਾਈ ਹੈ।

*ਮਾਸਟਰ ਗੁਰਮੁੱਖ ਸਿੰਘ ਉਰਫ਼ ਰਾਣਾ ਰਣਬੀਰ ਵੀਰੇ! ਨਾ ਤੂੰ ਐਕਟਿੰਗ ਕਰਦਾ ਏਂ, ਨਾ ਤੈਨੂੰ ਡਾਇਰੈਕਸ਼ਨ ਦੀ ਲੋੜ ਹੈ, ਲਿਖ ਕੇ ਵੀ ਰੱਖਣ ਦੀ ਲੋੜ ਨਹੀਂ ਪੈਂਦੀ ਹੋਣੀ...ਯਾਰ ਤੂੰ ਕਿਹਾ "ਕੁੱਖ 'ਚੋਂ ਮਹਾਨ ਨੀ ਜੰਮਦੇ ਹੁੰਦੇ। ਪਰ ਹਾਂ...ਮਹਾਨ ਦਾ ਤਾਂ ਦਾ ਪਤਾ ਨਹੀਂ। ਤੂੰ ਮਾਂ ਦੀ ਕੁੱਖ 'ਚੋਂ ਹੀ ਐਕਟਰ ਜੰਮਿਆ ਏਂ। ਕੁੱਖ 'ਚੋਂ ਹੀ ਡਾਇਰੈਕਟਰ, ਲੇਖਕ, ਫਿਲਮਕਾਰ ਤੇ ਪਤਾ ਨਹੀਂ ਕੀ ਕੀ ਜੰਮਿਆਂ ਏਂ।

ਲਵ ਯੂ ਰਾਣੇ ਵੀਰ!

## ਸੰਪਾਦਕ ਦੀ ਡਾਕ

***ਸੰਪਾਦਕ ਜੀ,***

ਰਵਿੰਦਰ ਸਹਿਰਾਅ ਨੇ "ਸੂਰਜ ਦੀ ਭਾਲ ਵਿਚ ਇਕ ਸੂਰਜ ਅਸਤ ਹੋ ਗਿਆ" ਸਿਰਲੇਖ ਹੇਠ ਅਨੂਪ ਵਿਰਕ ਬਾਰੇ ਬੜੇ ਭਾਵੁਕ ਸ਼ਬਦਾਂ ਵਿਚ ਲਿਖਿਆ ਹੈ ਜਿਸ ਨੇ ਕਈ ਕੁੱਝ ਯਾਦ ਕਰਵਾ ਦਿੱਤਾ ਹੈ। ਮੈਂ ਵਾਸ਼ਿੰਗਟਨ ਡੀ.ਸੀ ਤੋਂ ਵਾਪਸ ਆਉਣਾ ਸੀ ਅਤੇ ਏਅਰਪੋਰਟ 'ਤੇ ਫੋਨ 'ਤੇ ਸੁਨੇਹੇ ਦੇਖਣ ਲੱਗ ਪਈ ਤਾਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਅੱਗੜ-ਪਿੱਛੜ ਦੋ ਦੁਖਦਾਈ ਖ਼ਬਰਾਂ 'ਸਮੁੰਦਰੋਂ ਪਾਰ' ਗਰੁੱਪ ਵਿਚ ਪਾਈਆਂ ਹੋਈਆਂ ਸੀ-ਇਕ ਪੰਜਾਬ ਦੇ ਹਮਦਰਦ ਪੁੱਤਰ ਸ. ਮਨੋਹਰ ਸਿੰਘ ਗਿੱਲ ਅਤੇ ਦੂਸਰੀ ਅਨੂਪ ਵਿਰਕ ਦੀ। ਸ. ਮਨੋਹਰ ਸਿੰਘ ਗਿੱਲ ਨੂੰ ਸੁਣਨ ਅਤੇ ਪੜ੍ਹਨ ਦਾ ਮੌਕਾ ਮਿਲਦਾ ਰਿਹਾ। ਪੰਜਾਬ ਪ੍ਰਤੀ ਉਨ੍ਹਾਂ ਦੇ ਮੋਹ ਅਤੇ ਚਿੰਤਾ ਕਾਰਨ ਮੈਂ ਉਨ੍ਹਾਂ ਦੀ ਫੈਨ ਸੀ। ਅਨੂਪ ਵਿਰਕ ਨੂੰ ਨਿੱਜੀ ਤੌਰ 'ਤੇ ਜਾਣਦੀ ਹੋਣ ਕਾਰਨ ਬਹੁਤ ਦੁੱਖ ਲੱਗਿਆ। ਉਹ ਯੂਨੀਵਰਸਿਟੀ ਵਿਚ ਹੋਣ ਵਾਲੇ ਸੈਮੀਨਾਰਾਂ, ਸਮਾਰੋਹਾਂ ਵਿਚ ਤਾਂ ਸ਼ਿਰਕਤ ਕਰਦਾ ਹੀ ਕਰਦਾ ਸੀ, ਪਰ ਸਵਰਗੀ ਪ੍ਰੋ. ਕੁਲਵੰਤ ਸਿੰਘ ਗਰੇਵਾਲ ਕੋਲ ਅਕਸਰ ਚੱਕਰ ਮਾਰਦਾ ਹੁੰਦਾ ਸੀ। ਪ੍ਰੋ. ਕੁਲਵੰਤ ਸਿੰਘ ਗਰੇਵਾਲ ਦਾ ਵਿਭਾਗ ਅਤੇ ਮੇਰਾ ਵਿਭਾਗ ਇੱਕੋ ਬਿਲਡਿੰਗ ਦੀ ਇੱਕੋ ਮੰਜ਼ਿਲ 'ਤੇ ਹੋਣ ਕਾਰਨ ਅਕਸਰ ਲੰਘਦੇ-ਵੜਦੇ ਅਨੂਪ ਵਿਰਕ ਨਾਲ ਵੀ 'ਹੈਲੋ' ਹੋ ਜਾਂਦੀ ਸੀ। 'ਪੰਜਾਬ ਟਾਈਮਜ਼' ਦੇ ਅੱਜ ਦੇ ਅੰਕ ਵਿਚ ਰਵਿੰਦਰ ਸਹਿਰਾਅ ਦੇ ਲੇਖ ਨਾਲ ਇੱਕੋ ਫੋਟੋ ਵਿਚ ਪ੍ਰੋ. ਕੁਲਵੰਤ ਗਰੇਵਾਲ, ਅਨੂਪ ਵਿਰਕ ਅਤੇ ਸ. ਬੀਰਦਵਿੰਦਰ ਸਿੰਘ ਦੀ ਇਕੱਠਿਆਂ ਦੀ ਤਸਵੀਰ ਨੇ ਭਾਵੁਕ ਕਰ ਦਿੱਤਾ ਹੈ। ਕੁਲਵੰਤ ਗਰੇਵਾਲ ਦੀ ਸ. ਬੀਰਦਵਿੰਦਰ ਸਿੰਘ ਨਾਲ ਬਹੁਤ ਨੇੜਤਾ ਸੀ ਅਤੇ ਇਸ ਨੇੜਤਾ ਵਿਚੋਂ ਉਸ ਦੀ ਗੱਲ ਕਰਦਿਆਂ ਹਮੇਸ਼ਾ 'ਬੀਰ ਜੀ' ਕਰਕੇ ਸੰਬੋਧਨ ਕਰਦੇ ਹੁੰਦੇ ਸੀ। ਅਜੀਬ ਸੁਮੇਲ ਹੈ, ਜਿਵੇਂ ਸਹਿਰਾਅ ਨੇ ਕਿਹੈ, ਅਨੂਪ ਵਿਰਕ ਦਾ ਸੁਭਾਅ ਹੱਸਣ-ਹਸਾਉਣ ਦਾ ਸੀ, ਕੁਲਵੰਤ ਗਰੇਵਾਲ 'ਦਰਿਆਵਾਂ ਦਾ ਪੁੱਤਰ' ਬਹੁਤ ਹੀ ਕੋਮਲ ਮਨ, ਭਾਵੁਕ ਸੁਭਾਅ ਦਾ ਬੰਦਾ ਸੀ ਅਤੇ ਉਸ ਦੇ ਬੋਲ 'ਬੂੰਦ ਬੂੰਦ ਤਰਸ ਗਏ ਅਸੀਂ ਪੁੱਤ ਦਰਿਆਵਾਂ ਦੇ' ਹਮੇਸ਼ਾ ਮਨ ਵਿਚ ਇਕ ਵਾਂਗ ਗੂੰਜਦੇ ਹਨ। ਬੀਰਦਵਿੰਦਰ ਸਿੰਘ ਬਹੁਤ ਵਧੀਆ ਬੁਲਾਰਾ ਸੀ। ਮੈਂ ਅੱਜ ਤੱਕ ਕਿਸੇ ਨੂੰ ਬੀਰਦਵਿੰਦਰ ਸਿੰਘ ਵਰਗੀ ਕਲਾ ਵਿਚ ਭਾਸ਼ਨ ਦਿੰਦਿਆਂ ਨਹੀਂ ਸੁਣਿਆ। ਇਨ੍ਹਾਂ ਦੇ ਨਾਲ ਹੀ ਫੋਟੋ ਵਿਚ ਗੁਰਮਤਿ ਸੰਗੀਤ ਚੇਅਰ ਦੇ ਸਾਡੇ ਰਿਟਾਇਰਡ ਚੇਅਰਮੈਨ ਡਾਕਟਰ ਗੁਰਨਾਮ ਸਿੰਘ ਵੀ ਨਜ਼ਰ ਆ ਰਹੇ ਹਨ। ਡਾਕਟਰ ਗੁਰਨਾਮ ਸਿੰਘ ਬੀਰਦਵਿੰਦਰ ਸਿੰਘ ਅਤੇ ਕੁਲਵੰਤ ਗਰੇਵਾਲ ਦੇ ਬਹੁਤ ਨਜ਼ਦੀਕੀਆਂ ਵਿਚ ਥਾਂ ਰੱਖਦੇ ਹਨ। ਡਾਕਟਰ ਗੁਰਨਾਮ ਸਿੰਘ ਨੂੰ ਰੱਬ ਬਹੁਤ ਹੀ ਲੰਬੀਆਂ ਉਮਰਾਂ ਦੇਵੇ ਅਤੇ ਅਸੀਂ ਤੰਤੀ ਸਾਜ਼ਾਂ ਦੇ ਨਾਲ ਉਨ੍ਹਾਂ ਦੀ ਮਿੱਠੀ ਆਵਾਜ਼ ਵਿਚ ਕੀਰਤਨ ਦਾ ਅਨੰਦ ਮਾਣਦੇ ਰਹੀਏ।

***-ਗੁਰਨਾਮ ਕੌਰ***


---

### *ਹੱਥ ਕੰਙਣ ਨੂੰ ਆਰਸੀ ਕੀ !*

ਸੰਪਾਦਕ ਜੀ, ਮੈਂ ਦੋ ਸ਼ਬਦ 'ਪੰਜਾਬ ਟਾਈਮਜ਼' ਲਈ ਇਸ ਆਸ ਨਾਲ ਭੇਜ ਰਿਹਾਂ ਕਿ ਦੂਜੇ ਵੀ ਆਪਣਾ ਬਣਦਾ ਰਿਣ ਚੁਕਾ ਸਕਣ। ਇਹ ਗੱਲ ਕਹਿਣ 'ਚ ਮੈਂ ਮਾਣ ਮਹਿਸੂਸ ਕਰਦਾਂ ਕਿ ਦੇਸ-ਪਰਦੇਸ ਵਿਚ ਬੈਠੇ ਹਰ ਪੰਜਾਬੀ ਲਈ ਇਹ ਹਰਮਨ ਪਿਆਰਾ ਅਖਬਾਰ ਹੈ। ਇਸ 'ਚ ਛਪੀਆਂ ਸਾਰੀਆਂ ਸਾਹਿਤਕ ਕ੍ਰਿਤਾਂ ਜਿਹਾ ਕਿ ਕਹਾਣੀ, ਕਵਿਤਾ, ਲੇਖ ਅਤੇ ਹੋਰ ਅਸਮਾਨ ਨੂੰ ਛੂੰਹਦੇ ਸਪਤਾਹਿਕ ਫੀਚਰ ਪਤਾਲ ਖੋਜ ਕੇ ਲਿਆਂਦੇ ਹੁੰਦੇ ਹਨ। ਖੇਡਾਂ, ਗਿਆਨ-ਵਿਗਿਆਨ ਕੀ ਦੁਨੀਆਂ ਬਾਰੇ ਲੇਖ ਵੀ ਘੋਖ ਕੇ ਲਿਖੇ ਹੁੰਦੇ ਹਨ। ਹੋਰ ਸਾਰਾ ਮੈਟਰ ਵੀ ਦਿਲ ਟੁੰਬਵਾਂ ਹੁੰਦਾ ਹੈ। ਇਸ ਵਿਚ ਨਵੇਂ ਅਤੇ ਪੁਰਾਣੇ ਲੇਖਕਾਂ ਨੂੰ ਬਣਦੀ ਥਾਂ ਦਿੱਤੀ ਹੁੰਦੀ ਹੈ। ਇਸ ਸਭ ਦੇ ਸਿੱਟੇ ਦਾ ਹੀ ਫਲ ਹੈ ਕਿ ਸਟੋਰਾਂ, ਗੁਰੂਘਰਾਂ ਵਿਚ ਰੱਖੇ 'ਪੰਜਾਬ ਟਾਈਮਜ਼' ਨੂੰ ਪਾਠਕ ਇਕ ਦਿਨ ਤੋਂ ਵੀ ਵੱਧ ਸਮਾਂ ਟਿਕਣ ਨਹੀਂ ਦਿੰਦੇ। ਨਿਰਸੰਦੇਹ ਇਹ ਅਮਰੀਕਾ ਦਾ ਸਿਰਕੱਢ ਅਖਬਾਰ ਹੈ।

***-ਕਰਮ ਸਿੰਘ ਮਾਨ***
***ਫੋਨ: 559-261-5024***

# ਯਾਰਾਂ ਦਾ ਯਾਰ ਸੀ ਐੱਸ. ਬਲਵੰਤ




ਹਰ ਵਿਅਕਤੀ ਦੀ ਜ਼ਿੰਦਗੀ ਕਈ ਪੱਖਾਂ ਤੋਂ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਜ਼ਿੰਦਗੀ ਦੇ ਸਫ਼ਰ ਵਿਚ ਹਰ ਮਨੁੱਖ ਨੂੰ ਅਨੇਕਾਂ ਤਜ਼ਰਬੇ ਹੁੰਦੇ, ਕਈ ਘਟਨਾਵਾਂ ਵਾਪਰਦੀਆਂ, ਹਰ ਪੜਾਅ 'ਤੇ ਟਾਕਰੇ ਹੁੰਦੇ ਹਨ ਜਿਨ੍ਹਾਂ ਤੋਂ ਮਨੁੱਖ ਬਹੁਤ ਕੁਝ ਸਿੱਖਦਾ ਹੈ। ਹਸਾਸ ਵਿਅਕਤੀ ਯਾਦਾਂ ਨੂੰ ਸਾਂਭ ਲੈਂਦੇ ਹਨ ਤੇ ਉਸ ਦੀ ਜ਼ਿੰਦਗੀ ਦੇ ਇਹ ਤਜਰਬੇ ਦੂਜਿਆਂ ਲਈ ਸਿੱਖਣ/ਸਿਖਾਉਣ ਦਾ ਸਬੱਬ ਬਣਦੇ ਹਨ। 'ਮਹਿਫ਼ੂਜ਼ ਪਲ' (ਕੀਮਤ: 500 ਰੁਪਏ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ) ਐੱਸ.ਬਲਵੰਤ ਦੀ ਜ਼ਿੰਦਗੀ ਦੇ ਸਫ਼ਰ ਦੀ ਕਹਾਣੀ ਹੈ। ਪੰਜਾਬੀ ਜਗਤ ਲਈ ਉਹ ਜਾਣਿਆ-ਪਛਾਣਿਆ ਨਾਂ ਹੈ।

**ਪਰਮਜੀਤ ਢੀਂਗਰਾ**
**ਫੋਨ: 94173-58120**

ਇਸ ਕਿਤਾਬ ਦੀ ਸਿਰਜਣਾ ਬਾਰੇ ਉਹ ਘੋਸ਼ਣਾ ਇੱਕ ਵਿਚ ਲਿਖਦਾ ਹੈ- "ਮਹਿਫ਼ੂਜ਼ ਪਲ ਦਾ ਜਨਮ: ਇਸ ਕਿਤਾਬ ਦਾ ਜਨਮ ਕਦੇ ਵੀ ਨਾ ਹੁੰਦਾ ਜੇਕਰ ਕੁਝ ਦੋਸਤ ਮੈਨੂੰ ਉਤਸ਼ਾਹਿਤ ਨਾ ਕਰਦੇ। ਕਈ ਵੇਰੀ ਮੇਰੇ ਬਹੁਤ ਸਾਰੇ ਦੋਸਤਾਂ ਨਾਲ ਮੇਰੀ ਆਪਣੇ ਜ਼ਿੰਦਗੀ ਦੇ ਪਿਛੋਕੜ 'ਚੋਂ ਕਈ ਪਹਿਲੂਆਂ ਬਾਰੇ ਗੱਲਾਂ ਹੁੰਦੀਆਂ। ਬਹੁਤ ਸਾਰੇ ਦੋਸਤਾਂ ਦਾ ਉਨ੍ਹਾਂ ਨੂੰ ਸੁਣਦਿਆਂ ਉਤਸ਼ਾਹਿਤ ਹੋ ਜਾਣਾ। ਉਨ੍ਹਾਂ ਵੇਲਿਆਂ ਦੀਆਂ ਕਈ ਹੋਰ ਗੱਲਾਂ ਦੱਸਣ ਲਈ ਜ਼ਿਦ ਕਰਨੀ। ਜਾਂ ਉਨ੍ਹਾਂ ਦੋਸਤਾਂ ਦਾ ਇਹ ਸੋਚਣਾ ਕਿ ਇੱਕ ਪਿੰਡ 'ਚੋਂ ਤੁਰੇ ਇੱਕ ਗ਼ਰੀਬ ਜਾਂ ਮਾਮੂਲੀ ਕਿਸਾਨ ਦੇ ਸਮਾਜਿਕ ਤੇ ਆਰਥਿਕ ਬੁਲੰਦੀਆਂ ਤੀਕ ਪਹੁੰਚਣ ਦੇ ਪਿੱਛੇ ਕੀ ਕਹਾਣੀ ਹੈ? ਜਾਂ ਇਹ ਸਭ ਕੁਝ ਲਿਖਣ ਦੀ ਮੇਰੇ ਖ਼ੁਦ ਵਿਚ ਇਹ ਇੱਛਾ ਪੈਦਾ ਨਾ ਹੁੰਦੀ। ਇਸ ਕਿਤਾਬ ਨੂੰ ਪੂਰੇ ਕਰਨ ਵਿਚ ਇਹੋ ਜਿਹੇ ਕਈ ਹੋਰ ਕਾਰਨ ਵੀ ਹੋ ਸਕਦੇ ਹਨ।"

ਇਸ ਤਰ੍ਹਾਂ ਜ਼ਿੰਦਗੀ ਦੇ ਖੱਟੇ-ਮਿੱਠੇ-ਕੌੜੇ-ਤੁਰਸ਼ ਤਜਰਬਿਆਂ ਨੂੰ ਸਫਲਤਾ ਦੀਆਂ ਪੌੜੀਆਂ 'ਤੇ ਖਲੋ ਕੇ ਅਤੀਤ ਵੱਲ ਦੇਖਣਾ ਦਿਲਚਸਪ ਤਾਂ ਹੈ ਹੀ, ਮਾਅਨੇਖੇਜ਼ ਵੀ ਹੈ। ਇਸ ਕਿਤਾਬ ਨੂੰ ਲੇਖਕ ਨੇ ਮਹਿਫ਼ੂਜ਼ ਪਲ ਦਾ ਜਨਮ ਤੋਂ ਲੈ ਕੇ ਪ੍ਰਸਤਾਵਨਾ, ਪੁਰਖਿਆਂ ਦੀ ਕਰਮਭੂਮੀ, ਦਿੱਲੀ ਤੋਂ ਅੱਗੇ, ਮੇਰਾ ਪੰਜਾਬ ਰਹਿ ਜਾਣਾ, ਚੰਡੀਗੜ੍ਹ, ਬੰਬਈ, ਦਿੱਲੀ ਤੇ ਅਜੰਤਾ ਪ੍ਰਕਾਸ਼ਨ, ਦਾਨਿਸ਼ਵਰ ਤੇ ਸਿਰਜਣਹਾਰਿਆਂ ਸੰਗ ਤੇ ਦਿੱਲੀ 1984 ਆਦਿ ਛੇ ਭਾਗਾਂ ਵਿਚ ਵੰਡਿਆ ਹੈ।

ਆਪਣੇ ਪੁਰਖਿਆਂ ਦੀ ਕਰਮਭੂਮੀ ਬਾਰੇ ਗੱਲ ਕਰਦਿਆਂ ਉਹ ਲਿਖਦਾ ਹੈ- ਇਹ ਗੱਲ ਲਾਇਲਪੁਰ ਜ਼ਿਲ੍ਹੇ 'ਚ ਪੈਂਦੇ ਕੁਝ ਪਿੰਡਾਂ 'ਚੋਂ ਇੱਕ ਪਿੰਡ ਦੀ ਹੈ। ਓਦੋਂ ਇਸ ਨੂੰ ਇਹੀ ਜ਼ਿਲ੍ਹਾ ਕਹਿੰਦੇ ਸਨ। ਫੈਸਲਾਬਾਦ ਤਾਂ ਇਹ ਬਹੁਤ ਬਾਅਦ ਵਿਚ ਹੋਇਆ। ਮੇਰੀ ਇਸ ਗੱਲ ਦਾ ਸੰਨ ਕੋਈ 1935-36 ਹੋਵੇਗਾ। ਓਦੋਂ ਇਸ ਸਮੇਂ ਸਵੇਰ ਦੇ ਵੇਲੇ ਹੀ ਠੰਢ ਉਤਰ ਆਉਂਦੀ ਸੀ। ਧੁੱਪ ਦਾ ਸੇਕ ਕੁਝ ਨਿੱਘ ਦੇਣ ਲੱਗ ਪੈਂਦਾ ਸੀ। ਉਸ ਦਿਨ ਵੀ ਸੂਰਜ ਦੀ ਗਰਮਾਇਸ਼ ਵਧਣੀ ਸ਼ੁਰੂ ਹੋਈ ਤਾਂ ਅਮਰ ਸਿੰਘ ਦੇ ਭਾਈਚਾਰੇ ਦੇ ਮਰਦ ਰਜਾਈਆਂ 'ਚੋਂ ਨਿਕਲ ਓਸੇ ਦੇ ਘਰ ਇਕੱਠੇ ਹੋਣੇ ਸ਼ੁਰੂ ਹੋ ਗਏ। ਆਪੋ-ਆਪਣੇ ਹਥਿਆਰਾਂ ਨਾਲ ਲੈਸ। ਆਪੋ-ਆਪਣੇ ਘੋੜਿਆਂ 'ਤੇ ਸਵਾਰ।"

ਕਿਤਾਬਾਂ ਹਰ ਸਮਾਜ ਵਿਚ ਚਾਨਣ ਦਿੰਦੀਆਂ ਉਹ ਮੋਮਬੱਤੀਆਂ ਹੁੰਦੀਆਂ ਹਨ ਜਿਹੜੀਆਂ ਕਦੇ ਨਹੀਂ ਬੁਝਦੀਆਂ। ਇਸ ਕਿਸੇ ਸਮਾਜ ਦੇ ਬੌਧਿਕ ਰੁਤਬੇ ਦਾ ਮਿਆਰ ਮੰਨੀਆਂ ਜਾਂਦੀਆਂ ਹਨ। ਭਾਵੇਂ ਸਮੇਂ ਦੇ ਬਦਲਣ ਨਾਲ ਹੋਰ ਵਿਕਲਪ ਵੀ ਸਾਹਮਣੇ ਆਏ ਹਨ ਪਰ ਕਿਤਾਬ ਦਾ ਕੋਈ ਵਿਕਲਪ ਸਾਹਮਣੇ ਨਹੀਂ ਆਇਆ। ਅੰਬਰਤੋ ਈਕੋ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਕਿਤਾਬ ਪਹੀਏ ਵਾਂਗ ਇੱਕ ਕਾਢ ਹੈ ਜਿਵੇਂ ਅੱਜ ਤੱਕ ਪਹੀਏ ਦਾ ਕੋਈ ਬਦਲ ਨਹੀਂ ਇਉਂ ਹੀ ਕਿਤਾਬ ਦਾ ਕੋਈ ਬਦਲ ਨਹੀਂ ਹੋ ਸਕਦਾ। ਕਿਤਾਬਾਂ ਦੇ ਪ੍ਰਚਲਣ ਬਾਰੇ ਆਪਣਾ ਤਜਰਬਾ ਸਾਂਝਾ ਕਰਦਿਆਂ ਐੱਸ. ਬਲਵੰਤ ਲਿਖਦਾ ਹੈ- "ਪਰ ਸਮਝਣ ਵਾਲੀ ਗੱਲ ਇਹ ਹੈ ਕਿ ਤਬਦੀਲੀ ਕੀ ਆ ਰਹੀ ਹੈ? ਜਦੋਂ ਅਸੀਂ ਵਿਸ਼ਵ ਪੱਧਰ 'ਤੇ ਸੋਚਦੇ ਹਾਂ ਤਾਂ ਆਮ ਤੌਰ ਉੱਤੇ ਕਿਹਾ ਜਾਂਦਾ ਹੈ ਕਿ ਇਲੈਕਟ੍ਰਾਨਿਕ ਮੀਡੀਆ ਵਿਦੇਸ਼ਾਂ ਵਿਚ ਜ਼ਿਆਦਾ ਹੈ ਫਿਰ ਵੀ ਓਥੇ ਕਿਤਾਬ ਦਾ ਪ੍ਰਿੰਟ-ਰਨ ਲੱਖਾਂ ਦੀ ਗਿਣਤੀ ਵਿਚ ਹੈ ਤੇ ਹਰ ਤੀਸਰਾ ਬੰਦਾ ਓਥੇ ਕਿਤਾਬ ਨੂੰ ਮੋਹ ਕਰਦੈ। ਤੁਸੀਂ ਟ੍ਰੇਨ ਵਿਚ ਬੈਠੇ ਹੋਵੋ ਜਾਂ ਬੱਸ 'ਚ ਜਾਂ ਫਿਰ ਜਹਾਜ਼ ਵਿਚ ਤੁਹਾਨੂੰ ਆਮ ਲੋਕੀਂ ਪੜ੍ਹਦੇ ਨਜ਼ਰ ਆਉਣਗੇ। ਪਰ ਮੇਰਾ ਤਜਰਬਾ ਇਹ ਹੈ ਕਿ ਉਹ ਲੋਕ ਜ਼ਿਆਦਾ ਕਰਕੇ ਟਾਈਮ ਪਾਸ ਵਾਲੀਆਂ ਕਿਤਾਬਾਂ ਪੜ੍ਹਦੇ ਹਨ ਜਿਵੇਂ ਪਹਿਲਾਂ ਭਾਰਤੀ ਔਰਤਾਂ ਟਾਈਮ ਪਾਸ ਕਰਨ ਲਈ ਪਲਪ ਲਿਟਰੇਚਰ ਪੜ੍ਹ ਕੇ ਗੁਜ਼ਾਰਾ ਕਰ ਲੈਂਦੀਆਂ ਸਨ।"

ਅਸਲ ਵਿਚ ਗੰਭੀਰ ਸਾਹਿਤ ਦੇ ਪਾਠਕ ਹਰ ਸਮਾਜ ਵਿਚ ਸੀਮਿਤ ਹੁੰਦੇ ਹਨ ਜਦੋਂਕਿ ਪਾਪੂਲਰ ਸਾਹਿਤ ਲੱਖਾਂ ਵਿਚ ਵਿਕਦਾ ਹੈ। ਸੁਰਿੰਦਰ ਮੋਹਨ ਪਾਠਕ ਵਰਗਾ ਲੇਖਕ ਹਰ ਦੋ-ਤਿੰਨ ਮਹੀਨਿਆਂ ਬਾਅਦ ਕਿਤਾਬ ਪ੍ਰਕਾਸ਼ਕ ਨੂੰ ਦਿੰਦਾ ਹੈ ਤੇ ਉਹਦੇ ਦੱਸਣ ਅਨੁਸਾਰ ਉਹ ਆਪਣਾ ਖਰੜਾ ਕਦੇ ਉਸ ਪ੍ਰਕਾਸ਼ਕ ਨੂੰ ਨਹੀਂ ਦਿੰਦਾ ਜਿਹੜਾ ਉਹਦੀ ਕਿਤਾਬ ਪਹਿਲੀ ਵਾਰੀ ਹੀ ਤਿੰਨ ਲੱਖ ਕਾਪੀਆਂ ਤੋਂ ਘੱਟ ਪ੍ਰਕਾਸ਼ਿਤ ਕਰੇ।


ਕਈ ਤਰ੍ਹਾਂ ਦੇ ਪਾਪੜ ਵੇਲਣ ਤੋਂ ਬਾਅਦ ਲੇਖਕ ਪ੍ਰਕਾਸ਼ਨਾ ਦੇ ਖੇਤਰ ਵਿਚ ਆਉਂਦਾ ਹੈ। ਇਹ ਖੇਤਰ ਕਾਫ਼ੀ ਉਲਝਿਆ ਹੋਇਆ ਹੈ। ਇਸ ਵਿਚ ਕਾਮਯਾਬ ਹੋਣ ਲਈ ਬੜਾ ਸੰਘਰਸ਼ ਵੀ ਕਰਨਾ ਪੈਂਦਾ ਹੈ। ਆਪਣੇ ਪ੍ਰਕਾਸ਼ਨਘਰ ਬਾਰੇ ਲੇਖਕ ਦਾ ਤਜਰਬਾ ਬੜਾ ਦਿਲਚਸਪ ਹੈ। ਇਸ ਬਾਰੇ ਉਹ ਲਿਖਦਾ ਹੈ- "ਅਜੰਤਾ ਪਬਲੀਕੇਸ਼ਨਜ਼ ਦੀ ਸ਼ੁਰੂਆਤ ਵੀ ਇੱਕ ਕ੍ਰਿਸ਼ਮਾ ਸੀ। ਪ੍ਰਕਾਸ਼ਨਘਰ ਸ਼ੁਰੂ ਕਰਨ ਦਾ ਸੋਚ ਤਾਂ ਲਿਆ ਪਰ ਜੇਬ ਵਿਚ ਸਿਰਫ਼ ਛੇ ਸੌ ਰੁਪਏ ਹੀ ਸਨ। ਪ੍ਰਕਾਸ਼ਨ ਸ਼ੁਰੂ ਕਰਨ ਲਈ ਬਹੁਤ ਵੱਡੇ ਸਰਮਾਏ ਦੀ ਲੋੜ ਹੁੰਦੀ ਹੈ ਕਿਉਂਕਿ ਇਸ ਵਿਚ ਬਹੁਤ ਸਾਰਾ ਪੈਸਾ ਪਹਿਲਾਂ ਖਰਚ ਕਰਨਾ ਪੈਂਦਾ ਹੈ। ਦਫ਼ਤਰ, ਖਰੜਿਆਂ ਦੀ ਤਲਾਸ਼, ਐਡੀਟਿੰਗ, ਪ੍ਰੋਡਕਸ਼ਨ, ਮਾਰਕੀਟਿੰਗ... ਸਭ ਪੈਸਾ ਮੰਗਦੇ ਹਨ। ਮਗਰੋਂ ਬਜ਼ਾਰ ਵਿਚ ਕਿਤਾਬਾਂ ਨੂੰ ਉਧਾਰ ਵਜੋਂ ਸੁੱਟਣਾ ਪੈਂਦਾ ਸੀ। ਤੇ ਬੁੱਕ ਸੈਲਰਾਂ ਤੋਂ ਉਗਰਾਹੀ ਵੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ ਹੁੰਦਾ।"

1984 ਵਿਚ ਹੋਏ ਸਿੱਖਾਂ ਦੇ ਕਤਲੇਆਮ ਨੂੰ ਹੋਲੋਕਾਸਟ ਦਾ ਨਾਂ ਦਿੱਤਾ ਜਾ ਸਕਦਾ ਹੈ। ਜਿੰਨੇ ਜ਼ਾਲਮ ਤੇ ਵਹਿਸ਼ੀਆਨਾ ਤਰੀਕੇ ਨਾਲ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ ਉਹਦੀ ਹੋਰ ਕਿਤੇ ਮਿਸਾਲ ਨਹੀਂ ਮਿਲਦੀ। ਇਸ ਬਾਰੇ ਆਪਣੇ ਨਿੱਜੀ ਤਜਰਬੇ ਨੂੰ ਲੇਖਕ ਨੇ ਬੜੀ ਵੇਦਨਾਮਈ ਸੁਰ ਵਿਚ ਬਿਆਨਦਿਆਂ ਲਿਖਿਆ ਹੈ- "ਕਿਹਾ ਜਾਂਦਾ ਹੈ ਕਿ ਦਿੱਲੀ ਬਹੁਤ ਵਾਰ ਉੱਜੜੀ ਹੈ। ਪਰ ਸੁਣਨ ਤੇ ਅਹਿਸਾਸ ਕਰਨ 'ਚ ਫ਼ਰਕ 1984 'ਚ ਅੱਖੀਂ ਦੇਖ ਕੇ ਹੋਇਆ ਕਿ ਸਾਹਮਣੇ ਖੜ੍ਹੀ ਮੌਤ ਦਾ ਖੌਫ਼ ਕੀ ਹੁੰਦਾ ਹੈ? ਮੌਤ ਦੇ ਤਾਂਡਵ-ਨਾਚ ਬਾਰੇ ਕਿਤਾਬਾਂ 'ਚ ਹੀ ਪੜ੍ਹਿਆ ਸੀ, ਪਰ ਇਸ ਨੂੰ ਅੱਖੀਂ ਦੇਖ ਤੇ ਮਹਿਸੂਸ ਕਰਕੇ ਇਸ ਦਰਦ ਦਾ ਪਤਾ ਲੱਗਾ। ਮੌਤ ਬਾਰੇ ਬਹੁਤ ਲੋਕ ਗੱਲਾਂ ਕਰਦੇ ਸੁਣੇ, ਪਰ ਮੌਤ ਨੂੰ ਚੱਖ ਕੇ ਕਿਸੇ ਨਹੀਂ ਦੱਸਿਆ। ਮੌਤ ਦੇ ਮੂੰਹੋਂ ਬਚ ਕੇ ਮੈਂ ਜ਼ਰੂਰ ਦੱਸ ਸਕਦਾਂ ਕਿ ਇਹ ਕਿੰਨੀ ਭਿਆਨਕ ਤੇ ਦਰਦਨਾਕ ਹੁੰਦੀ ਹੋਵੇਗੀ। ਅਚਾਨਕ ਸਾਹ ਜਦੋਂ ਸਰੀਰ ਤੋਂ ਵਿਛੜਣ 'ਤੇ ਆਉਂਦਾ ਹੈ ਤਾਂ ਇਹ ਸਰੀਰ ਲਈ ਕਿੰਨਾ ਤਕਲੀਫ਼ਦੇਹ ਹੁੰਦਾ ਹੈ? ਤੇ ਇਹ ਸਾਰੇ ਦਰਦਾਂ ਤੋਂ ਵੀ ਡੂੰਘਾ ਉਹ ਦਰਦ ਹੁੰਦਾ ਜਦੋਂ ਕੋਈ ਕਿਸੇ ਦੇ ਭਰੋਸੇ 'ਤੇ ਹੋਵੇ ਤੇ ਭਰੋਸਾ ਦੇਣ ਵਾਲਾ ਹੀ ਹਰ ਹੱਦ ਪਾਰ ਕਰਕੇ ਉਸ ਦੀ ਮੌਤ ਲਈ ਵਾੜ ਬਣ ਜਾਏ।"

ਇਸ ਕਿਤਾਬ ਦੇ ਅਨੇਕਾਂ ਪੱਖ ਹਨ। ਇਸ ਵਿਚ ਗਲਪੀ ਸ਼ੈਲੀ ਦਾ ਸੁਆਦ ਵੀ ਹੈ ਤੇ ਨਿੱਕੇ ਨਿੱਕੇ ਟੋਟਕੇ ਇਸ ਨੂੰ ਕਹਾਣੀ ਕਲਾ ਦੇ ਨੇੜੇ ਲੈ ਜਾਂਦੇ ਹਨ। ਸਮਕਾਲੀ ਯਥਾਰਥ ਦੇ ਭਰਵੇਂ ਚਿਤਰਣ ਨੇ ਇਹਨੂੰ ਮੌਖਿਕ ਇਤਿਹਾਸ ਦੇ ਨੇੜੇ ਕਰ ਦਿੱਤਾ ਹੈ। ਅਨੇਕਾਂ ਸ਼ਖ਼ਸੀਅਤਾਂ ਦੀ ਨਕਸ਼ਨਿਗਾਰੀ ਨੇ ਇਸ ਨੂੰ ਰੇਖਾ ਚਿੱਤਰ ਦੀ ਵਿਧਾ ਵਿਚ ਪਰੋ ਦਿੱਤਾ ਹੈ। ਇਸ ਤਰ੍ਹਾਂ ਇਹ ਵਾਰਤਕ ਵਿਚ ਗੁਲਬੀਨ ਵਜੋਂ ਪੇਸ਼ ਕਰਕੇ ਲੇਖਕ ਨੇ ਯਾਦਾਂ ਤੇ ਸਵੈ-ਜੀਵਨੀ ਦਾ ਗਲਪੀਕਰਨ ਕਰ ਦਿੱਤਾ ਹੈ।

# ਮੇਰੇ ਹਿੱਸੇ ਦਾ ਅਦਬੀ ਸੱਚ: ਮਰਦ ਲੇਖਕ ਬਨਾਮ ਔਰਤ ਲੇਖਿਕਾਵਾਂ

ਆਪਣਾ ਲੜੀਵਾਰ ਕਾਲਮ 'ਮੇਰੇ ਹਿੱਸੇ ਦਾ ਅਦਬੀ ਸੱਚ' ਲਿਖਦਿਆਂ ਕਈ ਵਾਰ ਮਨ ਵਿਚ ਆਇਆ ਕਿ 'ਮਰਦ ਲੇਖਕ ਬਨਾਮ ਔਰਤ ਲੇਖਿਕਾਵਾਂ' ਵਿਸ਼ੇ ਨੂੰ ਵੀ ਕਾਲਮ ਵਿਚ ਥਾਂ ਦਿੱਤੀ ਜਾਵੇ ਤੇ ਇਸ ਗੱਲ 'ਤੇ ਚਰਚਾ ਛੇੜੀ ਜਾਵੇ ਕਿ ਮਰਦ ਲੇਖਕ ਔਰਤ ਲੇਖਿਕਾਵਾਂ ਬਾਰੇ ਕੀ ਤੇ ਕਿਵੇਂ ਸੋਚਦੇ ਹਨ। ਹਰ ਵਾਰ ਇਹ ਸੋਚ ਕੇ ਟਾਲਾ ਵੱਟ ਜਾਂਦਾ ਕਿ ਕਾਹਨੂੰ ਸੁੱਤੀਆਂ ਕਲਾਂ ਜਗਾਉਣੀਆਂ ਨੇ ਤੇ ਘਰ ਬੈਠਿਆਂ ਉਲਾਂਭੇ ਲੈਣੇ ਨੇ। ਕੁਝ ਦਿਨ ਪਹਿਲਾਂ ਇਸ ਵਿਸ਼ੇ 'ਤੇ ਕਾਲਮ ਲਿਖਣ ਦਾ ਪੱਕਾ ਮਨ ਉਦੋਂ



**ਨਿਰੰਜਣ ਬੋਹਾ**
**ਫੋਨ: 89682-82700**

ਬਣਿਆ, ਜਦੋਂ ਮੈਂ ਆਪਣੇ ਦੋਸਤ ਦੀ ਬੇਟੀ ਤੇ ਇੱਕ ਉਭਰਦੀ ਲੇਖਿਕਾ ਨੂੰ ਸੁਝਾਅ ਦਿੱਤਾ ਕਿ ਉਹ ਨੇੜਲੀ ਸਾਹਿਤ ਸਭਾ ਦੀਆਂ ਮੀਟਿੰਗਾਂ ਵਿਚ ਜਾ ਕੇ ਆਪਣੀਆਂ ਰਚਨਾਵਾਂ ਜ਼ਰੂਰ ਪੜ੍ਹਿਆ ਕਰੇ, ਤਾਂ ਕਿ ਉਸ ਦੀਆਂ ਰਚਨਾਵਾਂ ਵਿਚ ਹੋਰ ਨਿਖਾਰ ਆ ਸਕੇ। ਮੇਰੇ ਸੁਝਾਅ ਦੇ ਜਵਾਬ ਵਿਚ ਉਸ ਜਿਹੜਾ ਜਵਾਬ ਦਿੱਤਾ ਉਹ ਮੈਨੂੰ ਬਹੁਤ ਕੁਝ ਸੋਚਣ ਲਈ ਮਜਬੂਰ ਕਰਨ ਵਾਲਾ ਸੀ।

'ਅੰਕਲ ਜੀ! ਸ਼ਾਇਦ ਮੇਰੇ ਡੈਡੀ ਮੇਰਾ ਸਾਹਿਤ ਸਭਾ ਵਿਚ ਜਾਣਾ ਪਸੰਦ ਨਹੀਂ ਕਰਦੇ।' ਉਸਦਾ ਜਵਾਬ ਭਾਵੇਂ ਬਹੁਤ ਸੰਖੇਪ ਸੀ ਪਰ ਮੈਨੂੰ ਗੰਭੀਰ ਕਰਨ ਵਾਲਾ ਸੀ। ਮੈਂ ਸੋਚ ਰਿਹਾ ਸਾਂ ਕਿ ਆਖਿਰ ਇਕ ਪੜ੍ਹਿਆ ਲਿਖਿਆ ਬਾਪ ਸਾਹਿਤ ਸਿਰਜਣਾ ਦੇ ਪਵਿੱਤਰ ਰਾਹ ਤੋਰਨ ਵਾਲੀ ਕਿਸੇ ਸਭਾ ਵਿਚ ਆਪਣੀ ਬੇਟੀ ਨੂੰ ਕਿਉਂ ਨਹੀਂ ਜਾਣ ਦੇਂਦਾ? ਕੀ ਉਹ ਲੇਖਕਾਂ ਦੀ ਸਭਾ ਵਿਚ ਆਪਣੀ ਬੇਟੀ ਦੀ ਸੁਰੱਖਿਆ ਨੂੰ ਕੋਈ ਖ਼ਤਰਾ ਮਹਿਸੂਸ ਕਰਦਾ ਹੈ। ਮੈਂ ਇਹ ਵੀ ਸੋਚਣ ਲਈ ਮਜਬੂਰ ਸਾਂ ਕਿ ਲੇਖਕ ਬਣਨ ਲਈ ਸੰਵੇਦਨਸ਼ੀਲ ਹੋਣਾ ਜ਼ਰੂਰੀ ਹੈ ਤੇ ਔਰਤ ਨੂੰ ਮਰਦ ਦੇ ਮੁਕਾਬਲੇ ਵੱਧ ਸੰਵੇਦਨਸ਼ੀਲ ਸਮਝਿਆ ਜਾਂਦਾ ਹੈ, ਫਿਰ ਮਰਦ ਲੇਖਕਾਂ ਦੇ ਮੁਕਾਬਲੇ ਔਰਤ ਲੇਖਿਕਾਵਾਂ ਦੀ ਗਿਣਤੀ ਏਨੀ ਘੱਟ ਕਿਉਂ ਹੈ? ਉਹ ਕਿਉਂ ਨਹੀ ਮਰਦ ਲੇਖਕਾਂ ਵਾਂਗ ਖੁੱਲ੍ਹ ਕੇ ਸਾਹਿਤਕ ਖੇਤਰ ਵਿਚ ਵਿਚਰ ਸਕਦੀ। ਕੋਈ ਜ਼ੁਅਰਤ ਵਾਲੀ ਲੇਖਕ ਕੁੜੀ ਹੀ ਮਰਦ ਲੇਖਕਾਂ ਵਾਂਗ ਸਾਹਿਤਕ ਸਮਾਗਮਾਂ 'ਤੇ ਜਾ ਸਕਦੀ ਹੈ। ਵਧੇਰੇ ਲੇਖਕ ਕੁੜੀਆਂ ਦੀ ਅੰਦਰਲੀ ਸਾਹਿਤਕ ਪ੍ਰਤਿਭਾ ਅੰਦਰ ਹੀ ਅੰਦਰ ਦਮ ਤੋੜ ਜਾਂਦੀ ਹੈ। ਵਿਆਹੇ ਜਾਣ ਤੋਂ ਬਾਅਦ ਤਾਂ ਉਸ ਲਈ ਸਾਹਿਤਕ ਖੇਤਰ ਵਿਚ ਵਿਚਰਨ ਦੇ ਮੌਕੇ ਹੋਰ ਵੀ ਸੀਮਤ ਹੋ ਜਾਂਦੇ ਹਨ। ਮੇਰੀ ਧੀਆਂ ਵਰਗੀ ਇਕ ਜਾਣਕਾਰ ਲੇਖਿਕਾ ਹਰ ਸਮਾਗਮ 'ਤੇ ਆਪਣੇ ਨਾਲ ਆਪਣੇ ਛੋਟੇ ਭਰਾ ਨੂੰ ਲੈ ਕੇ ਆਉਂਦੀ ਹੈ। ਦੋਸਤ ਦੀ ਬੇਟੀ ਦੇ ਇਸ ਜਵਾਬ ਤੋਂ ਬਾਅਦ ਹੀ ਮੈਂ ਮਨ ਬਣਾਇਆ ਕਿ ਬਿਨਾਂ ਕਿਸੇ ਝਿਜਕ ਦੇ ਇਸ ਵਿਸ਼ੇ 'ਤੇ ਵੀ ਆਪਣੇ ਹਿੱਸੇ ਦਾ ਸੱਚ ਬੋਲ ਹੀ ਦਿੱਤਾ ਜਾਵੇ। ਇਹ ਸੱਚ ਕਿੰਨਾ ਕੌੜਾ ਹੈ, ਇਸ ਦਾ ਅਨੁਮਾਨ ਲਾਉਣ ਲਈ ਮੈਂ ਇਹ ਪੋਸਟ ਆਪਣੀ ਫੇਸਬੁੱਕ 'ਤੇ ਪਾ ਦਿੱਤੀ।


ਬਹੁਤ ਦਿਨਾਂ ਤੋਂ ਇਕ ਸੁਆਲ ਮੇਰੇ ਜ਼ਿਹਨ ਵਿਚ ਹੈ ਕਿ ਕੀ ਸਾਡੇ ਬਹੁਤ ਸਾਰੇ ਪੁਰਸ਼ ਲੇਖਕ ਔਰਤ ਲੇਖਕਾਂ ਪ੍ਰਤੀ ਧੀ ਭੈਣ ਦੀ ਭਾਵਨਾ ਰੱਖਣ ਦੀ ਬਜਾਇ ਕੇਵਲ ਉਨ੍ਹਾਂ ਨਾਲ ਦੋਸਤੀ ਦਾ ਰਿਸ਼ਤਾ ਹੀ ਕਿਉਂ ਰੱਖਣਾ ਚਾਹੁੰਦੇ ਹਨ? ਕੁਝ ਨਾਮਵਰ ਤੇ ਬਜ਼ੁਰਗ ਲੇਖਕ ਵੀ ਆਪਣੀ ਧੀ ਦੀ ਉਮਰ ਦੀ ਨਵੀਂ ਲੇਖਕਾਂ ਨੂੰ ਯਾਰ ਕਹਿਣ ਵਿਚ ਮਾਨਸਿਕ ਸੰਤੁਸ਼ਟੀ ਕਿਉਂ ਹਾਸਿਲ ਕਰਦੇ ਹਨ। ਕੀ ਉਨ੍ਹਾਂ ਦੀ ਭਾਵਨਾ ਵਿਚ ਅਜੇ ਵੀ ਔਰਤ ਕੇਵਲ ਵਸਤੂ ਹੀ ਹੈ?


ਮੇਰੀ ਇਸ ਪੋਸਟ 'ਤੇ ਜੋ ਪ੍ਰਤੀਕਰਮ ਆਏ ਉਨ੍ਹਾਂ ਨੇ ਮੈਨੂੰ ਤਰੁੰਤ ਇਸ ਵਿਸ਼ੇ 'ਤੇ ਲਿਖਣ ਲਈ ਪ੍ਰੇਰਿਆ। ਇਸ ਬਹਿਸ ਵਿਚ ਮੁੱਖ ਤੌਰ 'ਤੇ ਤਿੰਨ ਤਰ੍ਹਾਂ ਦੇ ਵਿਚਾਰ ਉਭਰ ਕੇ ਸਾਹਮਣੇ ਆਏ ਤੇ ਹੈਰਾਨੀ ਦੀ ਗੱਲ ਇਹ ਵੀ ਸੀ ਕਿ ਇਸ ਪੋਸਟ 'ਤੇ ਚੱਲੀ ਲੰਮੀ ਬਹਿਸ ਵਿਚ ਪੁਰਸ਼ ਨਾਲੋਂ ਔਰਤ ਲੇਖਕਾਂ ਨੇ ਵੱਧ ਭਾਗ ਲਿਆ। ਕੁਝ ਔਰਤ ਲੇਖਕਾਂ ਨੇ ਫੇਸਬੁੱਕ 'ਤੇ ਮੇਰੇ ਮੈਸੇਜ ਬੌਕਸ ਵਿਚ ਤੇ ਕੁਝ ਨੇ ਫੋਨ ਕਰ ਕੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਕਈ ਬੀਬੀ ਦਾੜ੍ਹੀ ਵਾਲੇ ਲੇਖਕਾਂ ਵੱਲੋਂ ਵੀ ਅਜਿਹੇ ਵਿਹਾਰ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਦੀ ਕਿਸੇ ਸਭਿਅਕ ਮਨੁੱਖ ਤੋਂ ਆਸ ਨਹੀਂ ਕੀਤੀ ਜਾ ਸਕਦੀ। ਔਰਤ ਲੇਖਿਕਾਵਾਂ ਨੇ ਖਾਸ ਤੌਰ 'ਤੇ ਮੇਰੀ ਇਸ ਪੋਸਟ ਦੀ ਤਾਰੀਫ਼ ਕੀਤੀ ਤੇ ਕਿਹਾ ਕਿ ਮੈਂ ਉਨ੍ਹਾਂ ਦੇ ਮਨ ਦੀ ਗੱਲ ਕੀਤੀ ਹੈ। ਇਕ ਲੇਖਿਕਾ ਨੇ ਤਾਂ ਉਸ ਵੱਲੋਂ ਇਕ ਠਰਕੀ ਲੇਖਕ ਨੂੰ ਝਾੜ -ਝੰਭ ਕਰਨ ਤੇ ਭੁਗਤ ਸੁਆਰਣ ਦੀ ਗੱਲ ਵੀ ਕਹੀ। ਕੁਝ ਅਤਿ ਆਧੁਨਿਕ ਹੋਣ ਦਾ ਦਮ ਭਰਦੇ ਮਰਦ ਲੇਖਕਾਂ ਨੇ ਮੈਨੂੰ ਉਲਾਂਭਾ ਦਿੱਤਾ ਕਿ ਦੁਨੀਆਂ ਚੰਦਰਮਾ 'ਤੇ ਪਹੁੰਚ ਗਈ ਹੈ ਤੇ ਮੈਂ ਅਜੇ ਵੀ ਔਰਤ-ਮਰਦ ਦੇ ਸਬੰਧਾਂ ਵਰਗੇ ਪੁਰਾਣੇ ਤੇ ਬੋਦੇ ਜਿਹੇ ਵਿਸ਼ੇ 'ਤੇ ਫੇਸਬੁੱਕ 'ਤੇ ਚਰਚਾ ਤੋਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਲੇਖਕ ਨੂੰ ਇਨ੍ਹਾਂ ਬੋਦੇ ਵਿਚਾਰਾਂ ਤੋਂ ਉਪਰ ਉੱਠਣਾ ਚਾਹੀਦਾ ਹੈ।

ਕੁਝ ਮਰਦ ਤੇ ਔਰਤ ਲੇਖਕਾਂ ਨੇ ਕਿਹਾ ਕਿ ਤਾੜੀ ਦੋਹਾਂ ਹੱਥਾਂ ਨਾਲ ਵਜਦੀ ਹੈ ਤੇ ਮੇਰਾ ਦ੍ਰਿਸ਼ਟੀਕੋਣ ਇਕ ਪਾਸੜ ਹੈ। ਉਨ੍ਹਾਂ ਇਹ ਤਾਂ ਮੰਨਿਆ ਕਿ ਮਰਦ ਲੇਖਕ ਔਰਤ ਲੇਖਕਾਂ ਨਾਲ ਕੇਵਲ ਇਕੋ ਹੀ ਰਿਸ਼ਤਾ ਰੱਖਣਾ ਚਾਹੁੰਦੇ ਹਨ, ਪਰ ਉਨ੍ਹਾਂ ਔਰਤ ਲੇਖਿਕਾਵਾਂ 'ਤੇ ਵੀ ਬਰਾਬਰ ਦਾ ਦੋਸ਼ ਲਾ ਦਿੱਤਾ ਕਿ ਕਈ ਵਾਰ ਔਰਤ ਲੇਖਿਕਾਵਾਂ ਵੀ ਸ਼ਿਸ਼ਟਾਚਾਰ ਦੀਆਂ ਸੀਮਾਵਾਂ ਭੁੱਲ ਕੇ ਮਰਦਾਂ ਨਾਲੋਂ ਵੀ ਦੋ ਕਦਮ ਅੱਗੇ ਲੰਘ ਜਾਂਦੀਆਂ ਹਨ। ਉਨ੍ਹਾਂ ਦੋਸਤੀ ਨੂੰ ਇਕ ਪਵਿੱਤਰ ਭਾਵਨਾ ਠਹਿਰਾਉਂਦਿਆਂ ਮੇਰੇ 'ਤੇ ਇਹ ਸੁਆਲ ਵੀ ਉਠਾਇਆ ਕਿ ਮੈਂ ਇੱਕੀਵੀਂ ਸਦੀ ਵਿਚ ਪਹੁੰਚ ਕੇ ਵੀ ਔਰਤ ਤੇ ਮਰਦ ਲੇਖਿਕਾਵਾਂ ਵਿਚਲੀ ਦੋਸਤੀ ਦਾ ਵਿਰੋਧ ਕਿਉਂ ਕਰ ਰਿਹਾ ਹਾਂ। ਮੇਰਾ ਉਨ੍ਹਾਂ ਨੂੰ ਜਵਾਬ ਸੀ ਕਿ ਮੈਂ ਵੀ ਦੋਸਤੀ ਦੀ ਭਾਵਨਾ ਦਾ ਪੂਰਾ ਕਦਰਦਾਨ ਹਾਂ ਤੇ ਇਹ ਵੀ ਸਮਝਦਾ ਹਾਂ ਕਿ ਮਰਦ ਤੇ ਔਰਤ ਲੇਖਿਕਾਵਾਂ ਦੋਸਤਾਨਾ ਮਾਹੌਲ ਵਿਚ ਹੀ ਸਾਹਿਤ ਬਾਰੇ ਸਿੱਟੇ ਦੇਣ ਵਾਲਾ ਵਿਚਾਰ-ਵਟਾਂਦਰਾ ਕਰ ਸਕਦੇ ਹਨ। ਮੇਰੇ ਆਪਣੇ ਵੀ ਕਈ ਔਰਤ ਲੇਖਿਕਾਵਾਂ ਨਾਲ ਦੋਸਤਾਨਾਂ ਸਬੰਧ ਹਨ। ਪਰ ਦੋਸਤੀ ਦੇ ਅਰਥਾਂ ਨੂੰ ਮਨ ਵਿਚਲੀ ਅਸ਼ਲੀਲਤਾ ਨਾਲ ਕਲੰਕਿਤ ਕਰਨ ਦਾ ਮੈਂ ਹਾਮੀ ਨਹੀਂ ਹਾਂ। ਦੋਸਤੀ ਵਿਚਾਰਾਂ ਦਾ ਮੇਲ ਹੈ ਪਰ ਇਸ ਦੀ ਆੜ ਵਿਚ ਕਿਸੇ ਹੋਰ ਸਵਾਰਥ ਸਿੱਧੀ ਲਈ ਇਸ ਦਾ ਦੁਰ-ਉਪਯੋਗ ਨਹੀਂ ਕੀਤਾ ਜਾਣਾ ਚਾਹੀਦਾ। ਜੇ ਅਸੀਂ ਪੰਜਾਬੀ ਗਾਇਕਾਂ ਵੱਲੋਂ ਫੈਲਾਈ ਜਾ ਰਹੀ ਅਸ਼ਲੀਲਤਾ ਬਾਰੇ ਦਿਨ ਰਾਤ ਢਿੰਢੋਰਾ ਪਿੱਟਦੇ ਹਾਂ ਤਾਂ ਸਾਨੂੰ ਆਪਣੇ ਮਨ ਅੰਦਰਲੀ ਅਸ਼ਲੀਲਤਾ ਨਾਲ ਵੀ ਲੜਾਈ ਜ਼ਰੂਰ ਲੜਨੀ ਚਾਹੀਦੀ ਹੈ।

ਮੈਨੂੰ ਮੱਤਾਂ ਦੇਣ ਵਾਲੇ ਲੇਖਕਾਂ ਦੇ ਮੁਕਾਬਲੇ ਉਨ੍ਹਾਂ ਲੇਖਕਾਂ ਦੀ ਗਿਣਤੀ ਬਹੁਤ ਵੱਧ ਸੀ ਜਿਨ੍ਹਾਂ ਮੈਨੂੰ ਇਸ ਸੰਵੇਦਨਸ਼ੀਲ ਵਿਸ਼ੇ 'ਤੇ ਬਹਿਸ ਛੇੜਨ ਲਈ ਸ਼ਾਬਾਸ਼ ਤੇ ਹੱਲਾਸ਼ੇਰੀ ਦਿੱਤੀ। ਇਕ ਔਰਤ ਲੇਖਿਕਾ ਦੇ ਪਤੀ ਨੇ ਵੀ ਠਰਕੀ ਕਿਸਮ ਦੇ ਲੇਖਕਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਦੱਸਿਆ ਕਿ ਇਕ ਬਜ਼ੁਰਗ ਠਰਕੀ ਲੇਖਕ ਨੇ ਉਸਦੀ ਪਤਨੀ ਨੂੰ ਸੋਸ਼ਲ ਮੀਡੀਆ ਰਾਹੀਂ ਅਜਿਹੇ ਸੰਦੇਸ਼ ਭੇਜੇ ਕਿ ਉਸਨੂੰ ਖੁਦ ਉਸ ਦੀ ਭੁਗਤ ਸਵਾਰਨੀ ਪਈ। ਉਸਦਾ ਵਿਚਾਰ ਸੀ ਕਿ ਸਮਾਜ ਲੇਖਕ ਨੂੰ ਇਕ ਆਦਰਸ਼ ਵਜੋਂ ਵੇਖਦਾ ਹੈ ਤਾਂ ਲੇਖਕਾਂ ਨੂੰ ਆਪਣੇ ਮਨ 'ਤੇ ਕਾਬੂ ਰੱਖਣਾ ਚਾਹੀਦਾ ਹੈ। ਮੈਂ ਵੀ ਇਸ ਕਾਲਮ ਰਾਹੀਂ ਆਪਣੇ ਸਮਕਾਲੀ ਲੇਖਕ ਵਰਗ ਨੂੰ ਇਹ ਕਹਿਣ ਦੀ ਗੁਸਤਾਖੀ ਜ਼ਰੂਰ ਕਰਾਂਗਾ ਕਿ ਸਾਡੇ ਦੁਆਰਾ ਰਚਿਆ ਸਾਹਿਤ ਸਹੀ ਅਰਥਾਂ ਵਿਚ ਤਾਂ ਹੀ ਸਤਿਅਮ ਸ਼ਿਵਮ ਸੁੰਦਰਮ ਦੇ ਅਰਥਾਂ ਦਾ ਧਾਰਨੀ ਹੋ ਸਕੇਗਾ, ਜੇ ਸਾਡੀ ਸੋਚ ਵੀ ਸਤਿਅਮ ਸ਼ਿਵਮ ਤੇ ਸੁੰਦਰਮ ਹੋਵੇਗੀ। ਸਾਨੂੰ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਕਰਨ ਵਾਲੀਆਂ ਕੁੜੀਆਂ ਤੇ ਉਨ੍ਹਾਂ ਦੇ ਮਾਪਿਆਂ ਦੇ ਦਿਲਾਂ ਵਿਚੋਂ ਇਹ ਡਰ ਕੱਢਣਾ ਪਵੇਗਾ ਕਿ ਸਾਹਿਤ ਸਭਾਵਾਂ ਵਿਚਲੇ ਲੇਖਕਾਂ ਦਾ ਔਰਤ ਪ੍ਰਤੀ ਨਜ਼ਰੀਆ ਵੀ ਆਮ ਲੋਕਾਂ ਵਰਗਾ ਹੀ ਹੈ ਤੇ ਕਈ ਵਾਰ ਉਹ ਆਮ ਲੋਕਾਂ ਤੋਂ ਵੀ ਹੇਠਾਂ ਚਲੇ ਜਾਂਦੇ ਹਨ।

# ਫਿਲਮ 'ਸਰਾਭਾ': ਇਤਿਹਾਸ ਦੀ ਪਰਿਕਰਮਾ




*ਫਿਲਮ 'ਸਰਾਭਾ' ਦਾ ਪੋਸਟਰ, ਫਿਲਮ ਵਿਚ ਕਰਤਾਰ ਸਿੰਘ ਸਰਾਭਾ ਦਾ ਕਿਰਦਾਰ ਨਿਭਾਉਣ ਵਾਲਾ ਅਦਾਕਾਰ ਜਪਤੇਜ ਸਿੰਘ, ਫਿਲਮ ਦਾ ਨਿਰਦੇਸ਼ਕ ਕਵੀ ਰਾਜ਼ ਅਤੇ ਫਿਲਮ ਦੀ ਤਿਆਰੀ ਦੀ ਇੱਕ ਝਲਕ।*

ਕੁਦਰਤ ਕੌਰ

ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਗਦਰੀ ਨੌਜਵਾਨ ਕਰਤਾਰ ਸਿੰਘ ਸਰਾਭਾ ਦੇ ਜੀਵਨ 'ਤੇ ਆਧਾਰਿਤ ਫਿਲਮ 'ਸਰਾਭਾ' ਤਿੰਨ ਨਵੰਬਰ 2023 ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਹ ਫਿਲਮ ਉਘੇ ਫਿਲਮਸਾਜ਼ ਕਵੀ ਰਾਜ਼ ਦੀ ਨਿਰਦੇਸ਼ਨਾ ਹੇਠ ਤਿਆਰ ਕੀਤੀ ਗਈ ਹੈ ਜੋ ਇਸ ਤੋਂ ਪਹਿਲਾਂ 'ਦਿ ਬਲੈਕ ਪ੍ਰਿੰਸ' ਬਣਾ ਕੇ ਦੁਨੀਆ ਭਰ ਵਿਚ ਨਾਮਣਾ ਖੱਟ ਚੁੱਕੇ ਹਨ। 'ਦਿ ਬਲੈਕ ਪ੍ਰਿੰਸ' ਫਿਲਮ ਹੌਲੀਵੁੱਡ ਵਿਚ ਵੀ ਰਿਲੀਜ਼ ਕੀਤੀ ਗਈ ਸੀ ਅਤੇ ਇਸ ਫਿਲਮ ਨੇ ਕੌਮਾਂਤਰੀ ਪੱਧਰ 'ਤੇ 50 ਤੋਂ ਵਧੇਰੇ ਇਨਾਮ ਹਾਸਲ ਕੀਤੇ ਸਨ। ਫਿਲਮ 'ਸਰਾਭਾ' ਵੀ ਇਸੇ ਤਰਜ਼ 'ਤੇ ਤਿਆਰ ਕੀਤੀ ਗਈ ਹੈ ਅਤੇ ਇਸੇ ਪੱਧਰ 'ਤੇ ਇਹ ਪੇਸ਼ ਕੀਤੀ ਜਾ ਰਹੀ ਹੈ। ਇਸ ਫਿਲਮ ਵਿਚ ਕਰਤਾਰ ਸਿੰਘ ਸਰਾਭਾ ਵਾਲਾ ਕਿਰਦਾਰ ਨੌਜਵਾਨ ਅਦਾਕਾਰ ਜਪਤੇਜ ਸਿੰਘ ਨੇ ਨਿਭਾਇਆ ਹੈ। ਇਹ ਉਹੀ ਜਪਤੇਜ ਸਿੰਘ ਹੈ ਜਿਸ ਨੇ ਸਾਲ 2013 ਵਿਚ ਉਘੇ ਦੌੜਾਕ ਮਿਲਖਾ ਸਿੰਘ ਬਾਰੇ ਬਣੀ ਫਿਲਮ 'ਭਾਗ ਮਿਲਖਾ ਭਾਗ' ਵਿਚ ਬਾਲਕ ਮਿਲਖਾ ਸਿੰਘ ਵਾਲਾ ਕਿਰਦਾਰ ਨਿਭਾਅ ਕੇ ਸਭ ਦਾ ਮਨ ਮੋਹ ਲਿਆ ਸੀ।

ਫਿਲਮਸਾਜ਼ ਕਵੀ ਰਾਜ਼ ਦਾ ਫਿਲਮ 'ਸਰਾਭਾ' ਬਾਰੇ ਕਹਿਣਾ ਹੈ ਕਿ ਇਹ ਫਿਲਮ ਉਸ ਦੇ ਜੀਵਨ ਦਾ ਸੁਪਨਾ ਸੀ। ਉਸ ਨੇ ਕਿਹਾ, "ਜੇ ਤੁਸੀਂ ਸੁਪਨੇ ਲੈਂਦੇ ਹੋ ਤਾਂ ਹਰ ਤਰ੍ਹਾਂ ਦੀ ਕੁਰਬਾਨੀ ਲਈ ਵੀ ਤਿਆਰ ਰਹੋ। 'ਸਰਾਭਾ' ਫਿਲਮ ਬਣਾਉਣੀ ਮੇਰਾ ਸੁਪਨਾ ਸੀ ਜਿਸ ਤਰ੍ਹਾਂ ਕਰਤਾਰ ਸਿੰਘ ਸਰਾਭਾ ਦਾ ਸੁਪਨਾ ਆਜ਼ਾਦੀ ਸੀ। ਇਹ ਫਿਲਮ ਸਾਡੀ ਆਜ਼ਾਦੀ ਦੀ ਗੱਲ ਕਰੇਗੀ।"

ਇਸ ਫਿਲਮ ਵਿਚ ਜਪਤੇਜ ਸਿੰਘ ਤੋਂ ਇਲਾਵਾ ਖੁਦ ਕਵੀ ਰਾਜ਼, ਮੁਕੁਲ ਦੇਵ, ਮਲਕੀਤ ਰੌਣੀ, ਮਹਾਬੀਰ ਭੁੱਲਰ, ਜਸਪਿੰਦਰ ਚੀਮਾ, ਕੰਵਰ ਗਰੇਵਾਲ, ਜਸਬੀਰ ਜੱਸੀ, ਅੰਕੁਰ ਰਾਠੀ ਅਤੇ ਮਲਕੀਤ ਮੀਤ ਵੀ ਅਹਿਮ ਕਿਰਦਾਰ ਨਿਭਾਅ ਰਹੇ ਹਨ। 137 ਮਿੰਟਾਂ ਦੀ ਇਹ ਫਿਲਮ ਮੂਲ ਰੂਪ ਵਿਚ ਪੰਜਾਬੀ ਵਿਚ ਬਣਾਈ ਗਈ ਹੈ ਅਤੇ ਨਾਲ ਦੀ ਨਾਲ ਹੋਰ ਭਾਸ਼ਵਾਂ ਵਿਚ ਵੀ ਡਬ ਕੀਤੀ ਗਈ ਹੈ। ਫਿਲਮ ਵਿਚ ਨਿੰਜਾ, ਕੰਵਰ ਗਰੇਵਾਲ, ਹੰਸ ਰਾਜ ਹੰਸ, ਰੰਮੀ ਤੇ ਪ੍ਰਿੰਸ ਰੰਧਾਵਾ, ਜਾਵੇਦ ਅਲੀ, ਸ਼ਾਹਿਦ ਮਲਾਇਆ ਨੇ ਗਾਏ ਹਨ।

ਯਾਦ ਰਹੇ ਕਿ ਨੌਜਵਾਨ ਕਰਤਾਰ ਸਿੰਘ ਸਰਾਭਾ ਅਮਰੀਕਾ ਦੀ ਬਰਕਲੇ ਯੂਨੀਵਰਸਿਟੀ ਪੜ੍ਹਨ ਗਿਆ ਸੀ। ਉਥੇ ਉਸ ਦਾ ਮਿਲਾਪ ਅਜਿਹੇ ਨੌਜਵਾਨਾਂ ਨਾਲ ਹੋ ਗਿਆ ਜੋ ਭਾਰਤ ਵਿਚ ਅੰਗਰੇਜ਼ਾਂ ਦੇ ਰਾਜ ਬਾਰੇ ਗਹਿਰ-ਗੰਭੀਰ ਹੋ ਕੇ ਸੋਚ ਰਹੇ ਸਨ ਅਤੇ ਅੰਗਰੇਜ਼ਾਂ ਖਿਲਾਫ ਬਗਾਵਤ ਦਾ ਝੰਡਾ ਬੁਲੰਦ ਕਰਨ ਦੀਆਂ ਤਰਕੀਬਾਂ ਘੜ ਰਹੇ ਸਨ। ਇਉਂ ਕਰਤਾਰ ਸਿੰਘ ਨੇ ਛੋਟੀ ਉਮਰ ਵਿਚ ਹੀ ਆਪਣੀ ਜਿੰਦੜੀ ਮੁਲਕ ਦੀ ਆਜ਼ਾਦੀ ਦੇ ਲੇਖੇ ਲਾ ਦਿੱਤੀ ਅਤੇ ਉਹ ਤੇ ਉਸ ਦੇ ਸਾਥੀ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਬਣ ਗਏ। ਸ਼ਹੀਦ ਭਗਤ ਸਿੰਘ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਨਾਇਕ ਤਸੱਵੁਰ ਕਰਦਾ ਸੀ। ਗ੍ਰਿਫਤਾਰੀ ਵੇਲੇ ਵੀ ਉਸ ਦੀ ਜੇਬ ਵਿਚੋਂ ਕਰਤਾਰ ਸਿੰਘ ਸਰਾਭਾ ਦੀ ਤਸਵੀਰ ਮਿਲੀ ਸੀ।

ਚੇਤੇ ਰਹੇ ਕਿ ਪਹਿਲੇ ਸੰਸਾਰ ਯੁੱਧ ਦੌਰਾਨ ਅਮਰੀਕਾ/ਕੈਨਡਾ ਵਿਚੋਂ ਉਠੀ ਗਦਰ ਲਹਿਰ ਨੇ ਅੰਗਰੇਜ਼ਾਂ ਨੂੰ ਇਕ ਵਾਰ ਤਾਂ ਹਿਲਾ ਕੇ ਰੱਖ ਦਿੱਤਾ ਸੀ। ਇਤਿਹਾਸ ਗਵਾਹ ਹੈ ਕਿ ਅਮਰੀਕਾ ਵਿਚ ਵੱਸਦੇ ਗਦਰੀ ਅਜੇ ਆਪਣੀ ਲੜਾਈ ਦੀ ਤਿਆਰੀ ਕਰ ਹੀ ਰਹੇ ਸਨ ਕਿ ਪਹਿਲਾ ਸੰਸਾਰ ਯੁੱਧ ਛਿੜ ਗਿਆ। ਗਦਰੀਆਂ ਨੇ ਝੱਟ ਮਤਾ ਪਕਾਇਆ ਕਿ ਅੰਗਰੇਜ਼ ਹੁਣ ਯੁੱਧ ਵਿਚ ਉਲਝ ਗਿਆ ਹੈ, ਇਸ ਲਈ ਇਨ੍ਹਾਂ ਖਿਲਾਫ ਬਗਾਵਤ ਦਾ ਬਿਗਲ ਵਜਾ ਦਿੱਤਾ ਜਾਵੇ। ਇਉਂ ਤਕਰੀਬ 8000 ਗਦਰੀ ਵੱਖ-ਵੱਖ ਰੂਟਾਂ ਰਾਹੀਂ ਭਾਰਤ ਅੱਪੜ ਗਏ ਅਤੇ ਫੌਜੀ ਛਾਉਣੀਆਂ ਤੇ ਹੋਰ ਥਾਈਂ ਆਪਣਾ ਕੰਮ ਸ਼ੁਰੂ ਕਰ ਦਿੱਤਾ। ਕਿਰਪਾਲ ਸਿੰਘ ਦੀ ਗੱਦਾਰੀ ਅਤੇ ਕੁਝ ਹੋਰ ਕਾਰਨਾਂ ਕਰ ਕੇ ਇਹ ਗਦਰੀ ਨੌਜਵਾਨ ਭਾਵੇਂ ਆਪਣੇ ਮਿਸ਼ਨ ਵਿਚ ਸਫਲ ਨਹੀਂ ਹੋ ਸਕੇ ਪਰ ਇਹ ਅੱਜ ਵੀ ਜੂਝਣ ਵਾਲੇ ਜਿਊੜਿਆਂ ਲਈ ਪ੍ਰੇਰਨਾ ਦਾ ਸਰੋਤ ਬਣੇ ਹੋਏ ਹਨ। ਫਾਂਸੀ ਦਾ ਰੱਸਾ ਚੁੰਣ ਵੇਲੇ ਕਰਤਾਰ ਸਿੰਘ ਸਰਾਭਾ ਦੀ ਉਪਰ ਸਿਰਫ 19 ਵਰ੍ਹੇ ਸੀ, ਉਹ ਰੱਤੀ ਭਰ ਵੀ ਡੋਲਿਆ ਨਹੀਂ ਅਤੇ ਆਪਣੇ ਅਕੀਦੇ ਲਈ ਹੱਸ ਕੇ ਫਾਂਸੀ ਚੜ੍ਹ ਗਿਆ।

ਫਿਲਮ 'ਸਰਾਭਾ' ਤੋਂ ਪਹਿਲਾਂ ਕਰਤਾਰ ਸਿੰਘ ਸਰਾਭਾ ਦੇ ਜੀਵਨ ਬਾਰੇ 1977 ਵਿਚ ਹੀ ਫਿਲਮ 'ਸ਼ਹੀਦ ਕਰਤਾਰ ਸਿੰਘ ਸਰਾਭਾ' ਬਣੀ ਸੀ।

# ਸਾਨੀਆ ਮਲਹੋਤਰਾ ਦੀ ਅਦਾਕਾਰੀ

ਗੁਰਜੰਟ ਸਿੰਘ

ਫਿਲਮ ਅਦਾਕਾਰਾ ਸਾਨੀਆ ਮਲਹੋਤਰਾ ਹੁਣ ਇਕ ਵਾਰ ਫਿਲਮ ਚਰਚਾ ਵਿਚ ਹੈ। ਉਸ ਦੀ ਨਵੀ ਫਿਲਮ 'ਸੈਮ ਬਹਾਦੁਰ' ਪਹਿਲੀ ਦਸੰਬਰ ਨੂੰ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਵਿਚ ਵਿੱਕੀ ਕੌਸ਼ਲ ਅਤੇ ਫਾਤਿਮਾ ਸਨਾ ਸ਼ੇਖ ਵੀ ਅਹਿਮ ਕਿਰਦਾਰ ਨਿਭਾਅ ਰਹੇ ਹਨ। ਉਸ ਦੀ ਇਕ ਹੋਰ ਫਿਲਮ ਤਿਆਰ ਹੋ ਰਹੀ ਹੈ ਜਿਸ ਦਾ ਨਾਂ ਅਜੇ ਰੱਖਿਆ ਨਹੀਂ ਗਿਆ ਪਰ ਇਹ ਫਿਲਮ ਫਿਲਮਸਾਜ਼ 'ਜਿਓ ਬੇਬੀ' ਦੀ 2021 ਵਿਚ ਰਿਲੀਜ਼ ਹੋਈ ਫਿਲਮ 'ਦਿ ਗ੍ਰੇਟ ਇੰਡੀਅਨ ਕਿਚਨ' 'ਤੇ ਆਧਾਰਿਤ ਹੈ। ਫਿਲਮ 'ਦਿ ਗ੍ਰੇਟ ਇੰਡੀਅਨ ਕਿਚਨ' ਇਸੇ ਸਾਲ ਇਸੇ ਨਾਂ ਹੇਠ ਤਮਿਲ ਵਿਚ ਵੀ ਬਣ ਚੁੱਕੀ ਹੈ ਅਤੇ ਇਸ ਦੇ ਹਿੰਦੀ ਰੂਪਾਂਤਰ ਵਿਚ ਸਾਨੀਆ ਨਾਲ ਅੰਗਦ ਬੇਦੀ ਦੇ ਮੁੱਖ ਰੋਲ ਹਨ। 'ਸੈਮ ਬਹਾਦੁਰ' ਅਤੇ 'ਦਿ ਗ੍ਰੇਟ ਇੰਡੀਅਨ ਕਿਚਨ' ਤੋਂ ਸਾਨੀਆ ਨੂੰ ਬਹੁਤ ਆਸਾਂ ਹਨ।

ਸਾਨੀਆ ਮਲਹੋਤਰਾ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2016 ਵਿਚ ਫਿਲਮ 'ਦੰਗਲ' ਨਾਲ ਕੀਤੀ ਸੀ। ਮਸ਼ਹੂਰ ਅਦਾਕਾਰ ਆਮਿਰ ਖਾਨ ਦੀ ਇਸ ਫਿਲਮ ਨਾਲ ਸਾਨੀਆ ਦੀ ਚੰਗੀ ਸ਼ੁਰੂਆਤ ਹੋਈ ਸੀ। ਅਗਲੇ ਹੀ ਸਾਲ 2017 ਵਿਚ ਆਮਿਰ ਖਾਨ ਦੀ ਇਕ ਹੋਰ ਫਿਲਮ 'ਸੀਕ੍ਰਿਟ ਸੁਪਰਸਟਾਰ' ਵਿਚ ਸਾਨੀਆ ਮਲਹੋਤਰਾ ਫਿਰ ਨਜ਼ਰ ਆਈ। ਸਾਲ 2018 ਵਿਚ ਉਸ ਦੀਆਂ ਦੋ ਫਿਲਮਾਂ 'ਬਧਾਈ ਹੋ' ਅਤੇ 'ਫੋਟੋਗ੍ਰਾਫ' ਰਿਲੀਜ਼ ਹੋਈਆਂ। ਫਿਲਮ 'ਫੋਟੋਗ੍ਰਾਫ' ਲਈ ਤਾਂ ਉਸ ਨੂੰ ਫਿਲਮਫੇਅਰ ਦੇ ਸਰਵੋਤਮ ਅਦਾਕਾਰਾ ਵਾਲੇ ਇਨਾਮ ਲਈ ਨਾਮਜ਼ਦਗੀ ਵੀ ਮਿਲੀ ਸੀ।

ਇਸ ਤੋਂ ਬਾਅਦ ਸਾਨੀਆ ਮਲਹੋਤਰਾ ਨੇ 'ਸ਼ਕੁੰਲਤਾ', 'ਲੂਡੋ', 'ਲਵ ਹੌਸਟਲ' ਵਰਗੀਆਂ ਫਿਲਮਾਂ ਰਾਹੀਂ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ। ਇਨ੍ਹਾਂ ਫਿਲਮਾਂ ਨੇ ਕਮਾਈ ਵੀ ਬਥੇਰੀ ਕੀਤੀ। ਇਸੇ ਸਾਲ ਰਿਲੀਜ਼ ਹੋਈ ਫਿਲਮ 'ਜਵਾਨ' ਵਿਚ ਵੀ ਉਸ ਦੀ ਅਦਾਕਾਰੀ ਦੀ ਖੂਬ ਸ਼ਲਾਘਾ ਹੋਈ ਸੀ। ਸ਼ਾਹਰੁਖ ਖਾਨ ਦੀ ਇਸ ਫਿਲਮ ਨੇ ਬਾਕਸ ਆਫਿਸ ਉਤੇ 1144 ਕਰੋੜ ਰੁਪਏ ਕਮਾਏ ਹਨ ਅਤੇ ਇਸ ਫਿਲਮ ਦਾ ਬਜਟ 300 ਕਰੋੜ ਰੁਪਏ ਦਾ ਸੀ।



# ਦੱਖਣ ਦਾ ਜਾਦੂ ਚੱਲਿਆ: ਬਹੁ-ਕਰੋੜੀ ਫਿਲਮ 'ਲਿਓ'

ਫਿਲਮ ਡਾਇਰੈਕਟਰ ਲੋਕੇਸ਼ ਕਨਗਰਾਜ ਦੀ ਤਮਿਲ ਫਿਲਮ 'ਲਿਓ' ਬਾਕਸ ਆਫਿਸ 'ਤੇ ਨਵੇਂ ਤੋਂ ਨਵਾਂ ਰਿਕਾਰਡ ਕਾਇਮ ਕਰ ਰਹੀ ਹੈ। ਪਹਿਲੇ ਪੰਜ ਦਿਨਾਂ ਵਿਚ ਫਿਲਮ ਨੇ 400 ਕਰੋੜ ਰੁਪਏ ਤੋਂ ਉਪਰ ਕਮਾ ਲਏ ਹਨ। ਇਸ ਵਿਚੋਂ 210 ਕਰੋੜ ਰੁਪਏ ਇਕੱਲੇ ਭਾਰਤ ਵਿਚਲੀ ਕਮਾਈ ਹੈ। ਯਾਦ ਰਹੇ ਕਿ ਇਸ ਫਿਲਮ ਨੇ ਪਹਿਲੇ ਹੀ ਦਿਨ ਸੰਸਾਰ ਭਰ ਵਿਚ 146 ਕਰੋੜ ਕਮਾ ਕੇ ਰਿਕਾਰਡ ਕਾਇਮ ਕਰ ਦਿੱਤਾ ਸੀ ਅਤੇ ਪੈਂਦੀ ਸੱਟੇ ਹੀ ਸਭ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ। ਇਸ ਤੋਂ ਪਹਿਲਾਂ ਰਜਨੀ ਕਾਂਤ ਦੀ ਫਿਲਮ 'ਜੇਲ੍ਹਰ' ਨੇ ਬਾਕਸਆਫਿਸ 'ਤੇ ਤਰਥੱਲੀ ਮਚਾਈ ਸੀ।



ਫਿਲਹਾਲ ਇਹ ਫਿਲਮ ਸਾਲ 2023 ਵਿਚ ਰਿਲੀਜ਼ ਹੋਈਆਂ ਫਿਲਮਾਂ ਵਿਚੋਂ ਪੰਜਵੀਂ ਸਭ ਤੋਂ ਵੱਧ ਪੈਸੇ ਕਮਾਉਣ ਵਾਲੀ ਫਿਲਮ ਬਣ ਗਈ ਹੈ। ਪਹਿਲੀਆਂ ਚਾਰ ਫਿਲਮਾਂ ਹਨ: 'ਜੇਲ੍ਹਰ', 'ਗਦਰ-2', 'ਪਠਾਨ' ਅਤੇ 'ਜਵਾਨ'। ਇਨ੍ਹਾਂ ਵਿਚੋਂ ਦੋ ਫਿਲਮਾਂ 'ਪਠਾਨ' ਅਤੇ 'ਜਵਾਨ' ਤਾਂ ਸ਼ਾਹਰੁਖ ਖਾਨ ਦੀਆਂ ਹਨ। 'ਗਦਰ-2' ਸਨੀ ਦਿਓਲ ਦੀ ਫਿਲਮ ਹੈ। ਹੁਣ ਦੇਖਣਾ ਇਹ ਹੈ ਕਿ ਫਿਲਮ 'ਲਿਓ' ਲੰਮੀ ਦੌੜ ਵਿਚ ਇਨ੍ਹਾਂ ਫਿਲਮਾਂ ਤੋਂ ਕਿੰਨਾ ਅਗਾਂਹ ਜਾਂਦੀ ਹੈ ਜਾਂ ਇਸ ਦਾ ਦਮ ਵਿਚਕਾਰ ਹੀ ਟੁੱਟ ਜਾਂਦਾ ਹੈ। ਇਸ ਫਿਲਮ ਦਾ ਹੀਰੋ ਵਿਜੈ ਹੈ ਅਤੇ ਇਹ ਉਸ ਦੀ ਪਹਿਲੀ ਅਜਿਹੀ ਫਿਲਮ ਬਣ ਗਈ ਹੈ ਜਿਸ ਨੇ ਫਿਲਮ ਰਿਲੀਜ਼ ਹੋਣ ਦੇ ਸ਼ੁਰੂਆਤੀ ਸਮੇਂ ਦੌਰਾਨ ਹੀ ਇੰਨੀ ਜ਼ਿਆਦਾ ਕਮਾਈ ਕੀਤੀ ਹੈ। ਉਸ ਤੋਂ ਇਲਾਵਾ ਫਿਲਮ ਵਿਚ ਸੰਜੇ ਦੱਤ, ਅਰਜੁਨ ਅਤੇ ਤ੍ਰਿਸ਼ਾ ਦੀਆਂ ਅਹਿਮ ਭੂਮਿਕਾਵਾਂ ਹਨ। ਸੰਜੇ ਦੱਤ ਇਸ ਫਿਲਮ ਵਿਚ ਵਿਲੇਨ ਦੇ ਕਿਰਦਾਰ ਵਿਚ ਹੈ। ਸੰਜੇ ਦੱਤ ਅੱਜ ਕੱਲ੍ਹ ਦੱਖਣ ਦੀਆ ਫਿਲਮਾਂ ਵਿਚ ਵਧੇਰੇ ਦਿਲਚਸਪੀ ਲੈ ਰਿਹਾ ਹੈ ਅਤੇ ਉਸ ਦੀ ਮਾਰਕੀਟ ਖੂਬ ਜੰਮ ਰਹੀ ਹੈ। ਇਹ ਫਿਲਮ 'ਦਿ ਹਿਸਟਰੀ ਆਫ ਵਾਇਲੈਂਸ' ਤੋਂ ਪ੍ਰਭਾਵਿਤ ਹੈ ਜੋ ਇਸੇ ਨਾਂ ਦੇ ਨਾਵਲ ਦੇ ਆਧਾਰ 'ਤੇ ਸਾਲ 2005 ਵਿਚ ਬਣੀ ਸੀ। ਇਹ ਨਾਵਲ ਜੌਹਨ ਵੈਗਨਰ ਅਤੇ ਵਿੰਸ ਲੌਕ ਦਾ ਲਿਖਿਆ ਹੋਇਆ ਹੈ। ***-ਆਮਨਾ ਕੌਰ***

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

# 17th Mahan Nagar Kirtan

## On Sat. November 04th, 2023 at 11:30 am

# Gurdwara Sant Sagar

242-25 Braddock Ave., Bellerose NY 11426. Ph. 718-343-1030

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ ।

# 17ਵਾਂ ਮਹਾਨ ਨਗਰ ਕੀਰਤਨ




ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 27 ਨਵੰਬਰ ਦਿਨ ਸੋਮਵਾਰ ਨੂੰ ਆ ਰਿਹਾ ਹੈ। ਜਿਸ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 4 ਨਵੰਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿੱਚ 11:30 ਵਜੇ ਸਵੇਰ ਨੂੰ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਗੁਰਦੁਆਰਾ ਸੰਤ ਸਾਗਰ ਵਿਖੇ ਸ਼ਾਮ ਦੇ 3:30 ਵਜੇ ਸਮਾਪਤ ਹੋਵੇਗਾ ।

**ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਬੈੱਲਰੋਜ਼ ਵੱਲੋਂ ਹੋਵੇਗੀ।**

**Saturday November 4, 2023, 17th Mahan Nagar Kirtan will start from GURDWARA SANT SAGAR, Bellerose, NY at 11:30am towards Hillside Ave., to 263rd street. Nagar Kirtan will move toward 82nd Ave. Which will take us back to GURDWARA SAHIB at 3:30pm.**

ਨੋਟ : ਅਕਤੂਬਰ 30 ਦਿਨ ਸੋਮਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ ਉਸ ਦਿਨ ਸ਼ਾਮ 5:30 ਤੋਂ ਰਾਤ 10:30 ਵਜੇ ਤੱਕ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

**ਇਸ ਨਗਰ ਕੀਰਤਨ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ ਅਤੇ ਢਾਡੀ ਜਥੇ ਗੁਰਬਾਣੀ ਕੀਰਤਨ ਤੇ ਢਾਡੀ ਵਾਰਾਂ ਨਾਲ ਸੰਗਤ ਨੂੰ ਗੁਰੂ ਚਰਣਾਂ ਨਾਲ ਜੋੜਨਗੇ।**

| | |
|---|---|
| ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ) | Bhai Sajjan Singh Ji (Ex. Hazoori Ragi Darbar Sahib) |
| ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ) | Bhai Rai Singh Ji (Hazoori Ragi Darbar Sahib) |
| ਭਾਈ ਸੁਖਜਿੰਦਰ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ) | Bhai Sukhjinder Singh Ji (Hazoori Ragi Darbar Sahib) |
| ਭਾਈ ਗੁਰਚਰਨ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ) | Bhai Gurcharan Singh (Hazoori Ragi Darbar Sahib) |
| ਭਾਈ ਗੁਰਪ੍ਰੀਤ ਸਿੰਘ ਜੀ ਬੱਲ੍ਹਡਵਾਲ, | Bhai Gurpreet Singh Ji Ballhadwal |
| ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ | Bhai Amrik Singh Ji Gurdaspuri |
| ਢਾਡੀ ਭਾਈ ਕਰਨੈਲ ਸਿੰਘ ਜੀ ਮਾਛੀਵਾੜੇ ਵਾਲੇ | Dhadi Bhai Karnail Singh Ji Machiwade wale |
| ਢਾਡੀ ਭਾਈ ਮੋਹਨ ਸਿੰਘ ਜੀ ਬਡਾਨਾ | Dhadi Bhai Mohan Singh Ji Badana |

ਗੁਰਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 27 ਅਗਸਤ ਤੋ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 26 ਨਵੰਬਰ ਨੂੰ ਸਮਾਪਤ ਹੋਣਗੀਆਂ ।



ਗੱਤਕਾ ਟੀਮ ਆਪਣੇ ਜੋਹਰ ਦਿਖਾਏਗੀ

ਸਮੂਹ ਸੰਗਤਾਂ ਦਾ ਇਸ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ ਬਹੁਤ ਧਨੰਵਾਦ।

ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾ, ਦਸਤਾਰਾਂ ਤੇ ਦੁਪੱਟੇ ਸਜਾਕੇ ਆਓ ਜੀ।

ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੈਲਰੋਜ਼, ਨਿਊਯਾਰਕ
Phone # 718.343.1030



**LIVE**

ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ ਫੇਸਬੁਕ ਅਤੇ ਯੂਟਿਊਬ ਤੇ ਦੇਖ ਸਕਦੇ ਹੋ ।
Watch live Nagar Kirtan on Facebook & YouTube

YouTube facebook

Print by : PrintLinkers.com # 347-475-5555 ( Dilpreet Singh )